**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Thirteenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 13, Issue 49, December 8th, 2012
20451 N Plum Grove Rd. Palatine, IL 60074
Ph:847-359-0746, Fax:847-705-9388

## ਕਬੱਡੀ ਕੱਪ ਨਾਲ ਸਿਆਸੀ ਮਾਹੌਲ ਭਖਿਆ

### ਸਿਆਸੀ ਲਾਲਸਾ ਨੇ ਪੈਰ ਪਸਾਰੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਤੀਜੇ ਵਿਸ਼ਵ ਕਬੱਡੀ ਕੱਪ ਦੇ ਆਗਾਜ਼ ਨਾਲ ਪੰਜਾਬ ਦਾ ਸਿਆਸੀ ਮਾਹੌਲ ਵੀ ਭਖ ਗਿਆ ਹੈ। ਹੁਣ ਤਾਂ ਵਿਰੋਧੀ ਧਿਰਾਂ ਦੇ ਨਾਲ-ਨਾਲ ਖੇਡਾਂ ਦੇ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਵੀ ਕਹਿਣ ਲੱਗੀਆਂ ਹਨ ਕਿ ਵਿਸ਼ਵ ਕਬੱਡੀ ਕੱਪ ਵਿਚ ਖੇਡ ਭਾਵਨਾ ਨਾਲੋਂ ਸਿਆਸੀ ਲਾਲਸਾ ਵਧੇਰੇ ਨਜ਼ਰ ਆਉਂਦੀ ਹੈ ਤੇ ਇਸ ਵਿਸ਼ਵ ਪੱਧਰੀ ਈਵੈਂਟ ਨਾਲ ਮਾਂ ਖੇਡ ਕਬੱਡੀ ਨੂੰ ਘੱਟ ਤੇ ਉਪ ਮੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੱਧ ਪ੍ਰਚਾਰਿਆ ਜਾ ਰਿਹਾ ਹੈ।

ਯਾਦ ਰਹੇ ਕਿ ਖਿਡਾਰੀਆਂ ਲਈ ਇਨਾਮਾਂ ਦੀ ਰਾਸ਼ੀ ਤਾਂ ਸਾਢੇ ਛੇ ਕਰੋੜ ਰੁਪਏ ਰੱਖੀ ਗਈ ਪਰ ਲੋਕਾਂ ਦਾ ਇਕੱਠ ਕਰਨ ਲਈ ਮੁੰਬਈ ਤੋਂ ਕੁਝ ਘੰਟਿਆਂ ਲਈ ਸੱਦੇ ਬਾਲੀਵੁੱਡ ਦੇ ਸਿਤਾਰਿਆਂ 'ਤੇ ਚਾਰ ਕਰੋੜ ਰੁਪਏ ਉਡਾ ਦਿੱਤੇ ਗਏ। ਉਦਘਾਟਨੀ ਸਮਾਰੋਹਾਂ ਵਿਚ ਅਕਸ਼ੈ ਕੁਮਾਰ ਨੂੰ 12 ਮਿੰਟ ਦੇ ਪ੍ਰੋਗਰਾਮ ਲਈ ਸਵਾ ਕਰੋੜ ਰੁਪਏ ਦਿੱਤੇ ਗਏ ਜਿਸ ਦਾ ਕਬੱਡੀ ਨਾਲ ਕੋਈ ਲੈਣ-ਦੇਣ ਨਹੀਂ ਸੀ। ਉਂਜ, ਉਦਘਾਟਨੀ ਤੇ ਸਮਾਪਤੀ ਸਮਾਰੋਹਾਂ 'ਤੇ ਸਵਾ ਛੇ ਕਰੋੜ ਰੁਪਏ ਖਰਚੇ ਜਾ ਰਹੇ ਹਨ।

ਬਠਿੰਡਾ ਵਿਚ ਵਿਸ਼ਵ ਕਬੱਡੀ ਕੱਪ ਦੇ ਉਦਘਾਟਨੀ ਸਮਾਰੋਹ ਮੌਕੇ ਉਲੰਪਿਕ ਚਾਰਟ ਅਤੇ ਰਵਾਇਤਾਂ ਦੀ ਕੀਤੀ ਅਣਦੇਖੀ ਕਾਰਨ ਵੀ ਖੇਡਾਂ ਦੇ ਗੰਭੀਰ ਚਿੰਤਕ ਹੱਕੇ-ਬੱਕੇ ਰਹਿ ਗਏ। ਇਸ ਮੌਕੇ ਸਹੁੰ ਚੁੱਕਣ ਲਈ ਕਿਸੇ ਵਿਸ਼ੇਸ਼ ਪ੍ਰਾਪਤੀਆਂ ਵਾਲੇ ਖਿਡਾਰੀ ਨੂੰ ਅੱਗੇ ਕਰਨ ਦੀ ਥਾਂ ਟੀ.ਵੀ. ਕੁਮੈਂਟੇਟਰ ਨੇ ਹੀ ਇਹ ਰਸਮ ਨਿਭਾਅ ਦਿੱਤੀ। ਇਸ ਮੌਕੇ ਸ਼ਾਮਲ ਖਿਡਾਰੀਆਂ ਤੇ ਦੇਸ਼ਾਂ ਦੇ ਕੌਮੀ ਝੰਡੇ ਕਿਤੇ ਨਜ਼ਰ ਨਾ ਆਏ। ਇਸ ਸਮਾਰੋਹ ਵਿਚ ਕਬੱਡੀ ਨਾਲੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵਧੇਰੇ ਉਭਾਰਿਆ ਗਿਆ। ਬੇਸ਼ੱਕ ਇਹ ਕਬੱਡੀ ਕੱਪ ਪੰਜਾਬ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ ਹੈ ਪਰ ਮੀਡੀਆ ਵਿਚ ਇਸ ਨੂੰ ਸੁਖਬੀਰ ਬਾਦਲ ਦੇ ਨਿੱਜੀ ਉਪਰਾਲੇ ਵਜੋਂ ਪ੍ਰਚਾਰਿਆ ਗਿਆ। ਅਖਬਾਰਾਂ ਨੂੰ ਦਿੱਤੇ ਇਸ਼ਤਿਹਾਰਾਂ ਵਿਚ ਵੀ ਸੁਖਬੀਰ ਬਾਦਲ ਦੀ ਫੋਟੋ ਉਨ੍ਹਾਂ ਦੇ ਪਿਤਾ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਿਰ 'ਤੇ ਹੀ ਛਾਪੀ ਗਈ ਹੈ।



ਇਸ ਤੋਂ ਵੀ ਵੱਡੀ ਹੈਰਾਨੀ ਇਸ ਗੱਲ ਦੀ ਹੈ ਕਿ ਸੁਖਬੀਰ ਬਾਦਲ ਵੱਲੋਂ ਕਬੱਡੀ ਨੂੰ ਉਲੰਪਿਕ ਵਿਚ ਸ਼ਾਮਲ ਕਰਵਾਏ ਜਾਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਪਿਛਲੇ ਛੇ ਸਾਲਾਂ ਦੌਰਾਨ ਪੰਜਾਬ ਵਿਚ ਕਬੱਡੀ ਨੂੰ ਉਤਸ਼ਾਹਤ ਕਰਨ ਦਾ ਇਕ ਵੀ ਉਪਰਾਲਾ ਨਹੀਂ ਕੀਤਾ ਗਿਆ। ਵਿਸ਼ਵ ਕਬੱਡੀ ਕੱਪ ਖਤਮ ਹੁੰਦਿਆਂ ਹੀ ਇਸ ਮਾਮਲੇ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਜਾਂਦਾ ਹੈ। ਹੋਰ ਤਾਂ ਹੋਰ ਵਿਸ਼ਵ ਕਬੱਡੀ ਕੱਪ ਦੇ ਮੈਚ ਕਰਵਾਉਣ ਲਈ ਸਟੇਡੀਅਮਾਂ ਦੀ ਮੁਰੰਮਤ ਵੀ ਐਨ ਮੌਕੇ 'ਤੇ ਹੀ ਕਰਵਾਈ ਜਾਂਦੀ ਹੈ। ਜਿਹੜੇ ਨਵੇਂ ਸਟੇਡੀਅਮ ਬਣਵਾਏ ਗਏ ਹਨ, ਉਨ੍ਹਾਂ ਲਈ ਵੀ ਅਜੇ ਤੱਕ ਰਾਸ਼ੀ ਜਾਰੀ ਨਹੀਂ ਕੀਤੀ ਤੇ ਠੇਕੇਦਾਰ ਸਰਕਾਰ ਦੀ ਜਾਨ ਨੂੰ ਰੋ ਰਹੇ ਹਨ।


ਇਸ ਬਾਰੇ ਅਕਾਲੀ ਦਲ 1920 ਦੇ ਪ੍ਰਧਾਨ ਤੇ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ ਰਵੀਇੰਦਰ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਦੇ ਖਜ਼ਾਨੇ ਦੀ ਹਾਲਤ ਨਾਜ਼ੁਕ ਹੋ ਚੁੱਕੀ ਹੈ। ਤਕਰੀਬਨ ਚਾਰ ਹਜ਼ਾਰ ਕਰੋੜ ਰੁਪਏ ਦੇ ਬਿੱਲ ਭੁਗਤਾਨ ਲਈ ਬਕਾਇਆ ਪਏ ਹਨ ਤੇ ਪੰਜਾਬ ਦੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਲੋਕਾਂ ਦਾ ਧਿਆਨ ਅਸਲ ਆਰਥਿਕ ਮੁੱਦਿਆਂ ਤੋਂ ਹਟਾਉਣ ਲਈ ਕਬੱਡੀ ਕੱਪ ਵਰਗੇ ਡਰਾਮੇ ਕਰ ਰਹੀ ਹੈ। ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਕਹਿਣਾ ਹੈ ਕਿ ਕਾਂਗਰਸ ਖੇਡਾਂ ਦੇ ਖਿਲਾਫ ਨਹੀਂ ਪਰ ਅਕਾਲੀਆਂ ਵੱਲੋਂ ਫ਼ਿਲਮੀ ਸਿਤਾਰਿਆਂ ਨੂੰ ਨਚਾਉਣਾ ਜਾਇਜ਼ ਨਹੀਂ। ਉਨ੍ਹਾਂ ਕਿਹਾ ਕਿ ਕਬੱਡੀ ਕੱਪ ਹੁਣ ਸਿਆਸੀ ਰੋਟੀਆਂ ਸੇਕਣ ਦਾ ਜਰੀਆ ਬਣ ਗਿਆ ਹੈ।

ਇਹ ਤੱਥ ਵੀ ਸਾਹਮਣੇ ਆਏ ਹਨ ਕਿ ਸਰਕਾਰ ਕਬੱਡੀ ਕੱਪ ਲਈ ਪੱਲਿਓਂ ਬਾਹਲਾ ਕੁਝ ਖਰਚ ਨਹੀਂ ਕਰਦੀ ਸਗੋਂ ਵਗਾਰਾਂ ਨਾਲ ਹੀ ਕੰਮ ਸਾਰ ਲੈਂਦੀ ਹੈ। ਐਤਕੀਂ ਵਿਸ਼ਵ ਕਬੱਡੀ ਕੱਪ ਦਾ ਬਜਟ 20 ਕਰੋੜ ਰੁਪਏ ਰੱਖਿਆ ਗਿਆ ਪਰ ਸਰਕਾਰ ਵੱਲੋਂ ਪੰਜ ਕਰੋੜ ਰੁਪਏ ਜਾਰੀ ਕੀਤੇ ਗਏ ਹਨ ਤੇ ਬਾਕੀ 15 ਕਰੋੜ ਰੁਪਏ ਸਪਾਂਸਰਾਂ ਤੋਂ ਇਕੱਠੇ ਕੀਤੇ ਗਏ ਹਨ। ਰੀਅਲ

(ਬਾਕੀ ਸਫਾ 6 'ਤੇ)

## ਪੰਜਾਬੀਅਤ ਦੇ ਮੁੱਦਈ ਸਾਬਕਾ ਪ੍ਰਧਾਨ ਮੰਤਰੀ ਗੁਜਰਾਲ ਚੱਲ ਵਸੇ

**ਚੰਡੀਗੜ੍ਹ:** ਉੱਘੇ ਸਿਆਸਤਦਾਨ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦਾ 30 ਨਵੰਬਰ ਨੂੰ ਦਿੱਲੀ ਵਿਖੇ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ। 1990ਵਿਆਂ ਦੇ ਅਖੀਰ ਵਿਚ ਡਾਵਾਂਡੋਲ ਹਾਲਤ ਵਾਲੀ ਗੱਠਜੋੜ ਸਰਕਾਰ ਵੇਲੇ ਪ੍ਰਧਾਨ ਮੰਤਰੀ ਬਣੇ 92 ਸਾਲਾ ਆਗੂ ਨੂੰ ਫੇਫੜਿਆਂ ਵਿਚ ਨੁਕਸ ਪੈਣ ਅਤੇ ਸਾਹ ਲੈਣ ਵਿਚ ਤਕਲੀਫ ਹੋਣ ਕਾਰਨ 19 ਨਵੰਬਰ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ।



ਸ੍ਰੀ ਗੁਜਰਾਲ ਦੀ ਸਿਹਤ ਪਿਛਲੇ ਸਮੇਂ ਤੋਂ ਖਰਾਬ ਸੀ ਅਤੇ ਇਕ ਸਾਲ ਤੋਂ ਉਹ ਡਾਇਲਸਿਸ ਉਤੇ ਸਨ। ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਛਾਤੀ ਦੀ ਇਨਫੈਕਸ਼ਨ ਹੋ ਗਈ ਸੀ। ਉਨ੍ਹਾਂ ਦੇ ਪਰਿਵਾਰ ਵਿਚ ਦੋ ਪੁੱਤਰ ਹਨ। ਇਨ੍ਹਾਂ ਵਿਚੋਂ ਇਕ ਨਰੇਸ਼ ਗੁਜਰਾਲ ਰਾਜ ਸਭਾ ਦੇ ਮੈਂਬਰ ਤੇ ਅਕਾਲੀ ਦਲ ਦੇ ਆਗੂ ਹਨ। ਉਨ੍ਹਾਂ ਦੇ ਭਰਾ ਸਤੀਸ਼ ਗੁਜਰਾਲ ਉੱਘੇ ਚਿੱਤਰਕਾਰ ਤੇ ਆਰਕੀਟੈਕਟ ਹਨ। ਉਨ੍ਹਾਂ ਦੀ ਪਤਨੀ ਸ਼ੀਲਾ ਜੋ ਕਵਿੱਤਰੀ ਸੀ, ਦਾ 2011 ਵਿਚ ਦੇਹਾਂਤ ਹੋ ਗਿਆ ਸੀ।


ਦੇਸ਼ ਵੰਡ ਪਿੱਛੋਂ ਪਾਕਿਸਤਾਨ ਛੱਡ ਕੇ ਆਏ ਸ੍ਰੀ ਗੁਜਰਾਲ 1990ਵਿਆਂ ਦੇ ਅਖੀਰ ਵਿਚ ਸਾਂਝਾ ਮੋਰਚਾ ਦੀ ਅਗਵਾਈ ਹੇਠ ਬਣੀ ਗਠਜੋੜ ਸਰਕਾਰ ਵੇਲੇ ਪ੍ਰਧਾਨ ਮੰਤਰੀ ਬਣੇ।

(ਬਾਕੀ ਸਫਾ 6 'ਤੇ)

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੋਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com
605 Standiford Ave, Ste D • Modesto, CA 95350



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਡਿਜ਼ਨੀਲੈਂਡ ਕਲਾਕਾਰ ਕਰਨ ਬਰਾੜ ਦੀ ਬੇਏਰੀਆ ਫੇਰੀ 8 ਨੂੰ

**ਫਰੀਮਾਂਟ (ਬਿਊਰੋ):** ਡਿਜ਼ਨੀਲੈਂਡ ਮੂਵੀ 'ਜੈਸੀ' ਸਮੇਤ ਹੋਰ ਕਈ ਡਾਕੂਮੈਂਟਰੀ ਫਿਲਮਾਂ ਵਿਚ ਆਪਣੀ ਕਲਾ ਦਾ ਜੌਹਰ ਦਿਖਾ ਚੁਕਾ ਪੰਜਾਬੀ ਮੂਲ ਦਾ ਬਾਲ ਕਲਾਕਾਰ ਕਰਨ ਬਰਾੜ ਆਉਂਦੀ 8 ਦਸੰਬਰ ਸਨਿਚਰਵਾਰ ਨੂੰ ਇੰਡੀਆ ਕਮਿਊਨਿਟੀ ਸੈਂਟਰ, ਮਿਲਪੀਟਸ (525 ਲਾਸ ਕੋਚਜ਼ ਸਟਰੀਟ) ਵਿਖੇ ਦਿਨੇ 11 ਵਜੇ ਤੋਂ 2 ਵਜੇ ਤਕ ਆਪਣੇ ਪ੍ਰਸ਼ੰਸਕਾਂ ਦੇ ਰੂ-ਬ-ਰੂ ਹੋ ਰਿਹਾ ਹੈ। ਇਸ ਪ੍ਰੋਗਰਾਮ ਦੌਰਾਨ ਕਰਨ ਬਰਾੜ ਆਪਣੇ ਪ੍ਰਸ਼ੰਸਕਾਂ ਨਾਲ ਤਸਵੀਰਾਂ ਖਿਚਾਵੇਗਾ ਅਤੇ ਉਨ੍ਹਾਂ ਨੂੰ ਆਟੋਗ੍ਰਾਫ ਵੀ ਦੇਵੇਗਾ। ਪ੍ਰਸ਼ੰਸਕ ਉਸ ਤੋਂ ਆਪਣੇ ਸਵਾਲ ਵੀ ਪੁੱਛ ਸਕਣਗੇ। ਕਰਨ ਬਰਾੜ ਡਿਜ਼ਨੀ ਚੈਨਲ ਕਾਮੇਡੀ ਸੀਰੀਜ਼ 'ਜੈਸੀ' ਵਿਚ ਰਵੀ ਰੌਸ ਵਜੋਂ ਅਤੇ 'ਡੇਅਰੀ ਵਿੰਪੀ ਕਿਡ' ਫਿਲਮ ਵਿਚ ਚਿਰਾਗ ਗੁਪਤਾ ਵਜੋਂ ਭੂਮਿਕਾ ਨਿਭਾਉਣ ਤੋਂ ਇਲਾਵਾ ਕਈ ਹੋਰ ਫਿਲਮਾਂ ਵਿਚ ਦਿਲਚਸਪ ਰੋਲ ਨਿਭਾਉਣ ਕਰਕੇ ਪ੍ਰਸਿਧ ਹੋਇਆ।



ਪੰਨੂ ਡੈਂਟਲ ਗਰੁੱਪ ਦੇ ਡਾਕਟਰ ਦਲਵੀਰ ਪੰਨੂ ਦੇ ਉਦਮ ਨਾਲ ਕਰਵਾਏ ਜਾ ਰਹੇ ਇਸ ਵਿਸ਼ੇਸ਼ 'ਮੀਟ ਐਂਡ ਗਰੀਟ ਕਰਨ ਬਰਾੜ' ਪ੍ਰੋਗਰਾਮ ਲਈ ਪਹਿਲਾਂ ਰਜਿਸਟਰੇਸ਼ਨ ਕਰਵਾਉਣੀ ਜਰੂਰੀ ਹੈ। ਪੰਨੂ ਡੈਂਟਲ ਗਰੁਪ ਵਲੋਂ ਇਹ ਪ੍ਰੋਗਰਾਮ ਇਨਵਿਜ਼ੀਲਾਈਨ ਦਿਨ ਮਨਾਉਣ ਲਈ ਕਰਵਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕਰਨ ਬਰਾੜ ਨੇ ਆਪਣੇ ਦੰਦਾਂ ਲਈ ਇਨਵਿਜ਼ੀਲਾਈਨ ਡਾ. ਪੰਨੂ ਦੇ ਕਲੀਨਿਕ ਤੋਂ ਲਵਾਇਆ ਸੀ। ਡਾ. ਪੰਨੂ ਦਾ ਕਹਿਣਾ ਹੈ ਕਿ ਕਰਨ ਨਾਲ ਇਹ ਮੁਲਾਕਾਤ ਕਰਵਾ ਕੇ ਉਨ੍ਹਾਂ ਨੂੰ ਬੇਹਦ ਖੁਸ਼ੀ ਮਹਿਸੂਸ ਹੋ ਰਹੀ ਹੈ। ਕਰਨ ਦੀ ਮੁਸਕਰਾਹਟ ਇਨਵਿਜ਼ੀਲਾਈਨ ਦੀ ਸ਼ਕਤੀ ਦਾ ਸਹੀ ਪ੍ਰਗਟਾਵਾ ਹੈ। ਸਾਨੂੰ ਖੁਸ਼ੀ ਹੈ ਕਿ ਕਰਨ ਸਾਡੇ ਇਸ ਪ੍ਰੋਗਰਾਮ ਵਿਚ ਸ਼ਰੀਕ ਹੋ ਰਿਹਾ ਹੈ। ਉਧਰ ਕਰਨ ਦਾ ਕਹਿਣਾ ਹੈ ਕਿ ਇਨਵਿਜ਼ੀਲਾਈਨ ਨੇ ਮੇਰੀ ਮੁਸਕਰਾਹਟ ਦੀ ਸ਼ਾਨ ਹੀ ਬਦਲ ਦਿੱਤੀ ਹੈ ਤੇ ਮੈਨੂੰ ਇਹ ਨਵੀਂ ਮੁਸਕਰਾਹਟ ਬੇਹਦ ਪਿਆਰੀ ਹੈ। ਡਾ. ਪੰਨੂ ਅਤੇ ਉਨ੍ਹਾਂ ਦੇ ਸਟਾਫ ਨੇ ਮੇਰੀ ਬਹੁਤ ਵਧੀਆ ਸਾਂਭ-ਸੰਭਾਲ ਕੀਤੀ।

ਕਰਨ ਬਰਾੜ ਨੂੰ ਵੇਖਣ-ਮਿਲਣ ਲਈ ਬੱਚਿਆਂ ਵਿਚ ਭਾਰੀ ਸ਼ੌਕ ਤੇ ਉਤਸ਼ਾਹ ਹੈ। ਹੋਰ ਜਾਣਕਾਰੀ ਲਈ ਫੋਨ 800-360-9250 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡਿਪਟੀ ਸ਼ੈਰਿਫ ਦੀ ਭਰਤੀ ਸਿੱਖ ਨੌਜਵਾਨਾਂ ਲਈ ਸੁਨਹਿਰੀ ਮੌਕਾ

**ਫਰੀਮਾਂਟ (ਬਿਊਰੋ):** ਐਲਾਮੀਡਾ ਕਾਉਂਟੀ ਦੇ ਸ਼ੈਰਿਫ ਵਿਭਾਗ ਵਿਚ ਡਿਪਟੀ ਸ਼ੈਰਿਫ ਦੀ ਭਰਤੀ ਖੁਲ ਰਹੀ ਹੈ ਜੋ ਨੌਜਵਾਨ ਸਿੱਖ ਮੁੰਡੇ-ਕੁੜੀਆਂ ਲਈ ਭਰਤੀ ਹੋਣ ਦਾ ਬਹੁਤ ਅੱਛਾ ਮੌਕਾ ਹੈ। ਮੁਢਲੀ ਤਨਖਾਹ 30 ਡਾਲਰ ਪ੍ਰਤੀ ਘੰਟਾ ਦੇ ਕਰੀਬ ਹੋਵੇਗੀ ਅਤੇ ਸੱਤ ਮਹੀਨੇ ਦੀ ਟਰੇਨਿੰਗ ਤੋਂ ਬਾਦ ਤਨਖਾਹ ਵਿਚ ਵਾਧਾ ਹੋਵੇਗਾ। ਪੰਜ ਸਾਲਾਂ ਬਾਅਦ ਤਨਖਾਹ ਲਗ ਭਗ 90,000 ਡਾਲਰ ਦੇ ਕਰੀਬ ਹੋਵੇਗੀ।

ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸਾਬਕਾ ਮੈਂਬਰ ਭਾਈ ਰਾਮ ਸਿੰਘ ਨੇ ਇਹ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਖਾਤਰ ਘਟੋ ਘਟ ਯੋਗਤਾ ਹਾਈ ਸਕੂਲ ਹੈ ਅਤੇ ਇਸ ਲਈ ਲਿਖਤੀ ਇਮਤਿਹਾਨ ਪਾਸ ਕਰਨਾ ਪਵੇਗਾ। ਉਮਰ ਘੱਟੋ ਘੱਟ 21 ਸਾਲ ਅਤੇ ਉਮੀਦਵਾਰ ਅਮਰੀਕੀ ਸ਼ਹਿਰੀ ਹੋਵੇ ਜਾਂ ਉਸ ਨੇ ਸਿਟੀਜ਼ਨਸ਼ਿਪ ਲਈ ਅਪਲਾਈ ਕੀਤਾ ਹੋਵੇ।

ਅਪਲਾਈ ਕਰਨ ਦੀ ਵਿਧੀ ਬਾਰੇ ਗੁਰਦੁਆਰਾ ਫਰੀਮਾਂਟ ਵਿਚ 8 ਦਸੰਬਰ ਨੂੰ ਸ਼ਾਮ 5 ਤੋਂ 7 ਵਜੇ ਤੱਕ ਕਲਾਸ ਲਗਾਈ ਜਾਵੇਗੀ। ਹੋਰ ਜਾਣਕਾਰੀ ਲਈ ਹੇਠ ਭਾਈ ਰਾਮ ਸਿੰਘ ਫੋਨ 408-667-3116 ਜਾਂ ਅਮਰਦੀਪ ਸਿੰਘ ਫੋਨ 510-828-8352 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



*ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਬਕਾ ਡਿਪਟੀ ਲਾਇਬਰੇਰੀਅਨ ਅਤੇ ਲਾਇਬਰੇਰੀ ਸਾਇੰਸ ਦੀ ਤਰੱਕੀ ਲਈ ਕਾਇਮ ਕੀਤੇ ਗਏ ਸਤਿੰਦਰ ਕੌਰ ਮੈਮੋਰੀਅਲ ਟਰਸਟ ਦੇ ਮੁੱਖ ਸਰਪ੍ਰਸਤ ਪ੍ਰੋ. ਜਗਿੰਦਰ ਸਿੰਘ ਰਮਦੇਵ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਲਾਇਬਰੇਰੀ ਅਤੇ ਸੂਚਨਾ ਵਿਗਿਆਨ ਦੇ ਵਿਦਿਆਰਥੀਆਂ ਲਈ ਕਾਇਮ ਕੀਤੇ ਜਾ ਰਹੇ 'ਪ੍ਰੋ. ਜਗਿੰਦਰ ਸਿੰਘ ਰਮਦੇਵ ਸਕਾਲਰਸ਼ਿਪ' ਲਈ ਇਕ ਲੱਖ ਰੁਪਏ ਦਾ ਚੈਕ ਲੰਘੀ 30 ਨਵੰਬਰ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੂੰ ਭੇਟ ਕਰਦੇ ਹੋਏ।*

# ਪ੍ਰੇਮਿਕਾ ਨੂੰ ਕੈਨੇਡਾ ਛੱਡਣ ਗਿਆ ਗ੍ਰਿਫ਼ਤਾਰ

**ਟੋਰਾਂਟੋ:** ਮੁੰਬਈ ਤੋਂ ਚੱਲ ਕੇ ਕਾਹਿਰਾ (ਮਿਸਰ) ਰਸਤੇ ਟੋਰਾਂਟੋ ਕੌਮਾਂਤਰੀ ਪੀਅਰਸਨ ਹਵਾਈ ਅੱਡੇ 'ਤੇ ਪੁੱਜੇ 35 ਸਾਲਾ ਭਾਰਤੀ ਨੌਜਵਾਨ ਨੂੰ ਸਥਾਨਕ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਜੋ ਵਿਆਹਿਆ ਤਾਂ ਕਿਸੇ ਹੋਰ ਔਰਤ ਨਾਲ ਹੈ ਪਰ ਇਸ ਦੇ ਬਾਵਜੂਦ ਆਪਣੀ ਪ੍ਰੇਮਿਕਾ ਨੂੰ ਕੈਨੇਡਾ ਛੱਡਣ ਪਹੁੰਚਿਆ ਸੀ। ਬੀਤੀ 24 ਨਵੰਬਰ ਨੂੰ ਉਹ ਦੋਵੇਂ ਟੋਰਾਂਟੋ ਵਿਖੇ ਜਹਾਜ਼ 'ਚੋਂ ਉਤਰਦੇ ਸਾਰ ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਕਾਬੂ ਆ ਗਏ।

27 ਸਾਲਾ ਕੁੜੀ ਨੇ ਤਾਂ ਕੋਈ ਚਾਰਾ ਨਾ ਚੱਲਦਾ ਦੇਖ ਕੇ ਕੈਨੇਡਾ ਵਿਚ ਸ਼ਰਨ ਦੀ ਅਰਜ਼ੀ ਦੇ ਦਿੱਤੀ ਜਿਸ ਦੇ ਫੈਸਲੇ ਦੀ ਉਡੀਕ ਉਹ ਜੇਲ੍ਹ 'ਚ ਬੈਠ ਕੇ ਕਰ ਰਹੀ ਹੈ ਪਰ ਉਸ ਨੂੰ ਕਾਗਜ਼ਾਂ 'ਚ ਪਤਨੀ ਬਣਾ ਕੇ ਬਿਜ਼ਨਸ ਵੀਜ਼ਾ ਰਾਹੀਂ ਕੈਨੇਡਾ ਪੁੱਜੇ ਪ੍ਰੇਮੀ ਨੂੰ ਵੱਖ-ਵੱਖ ਧਾਰਾਵਾਂ ਤਹਿਤ ਪੁਲਿਸ ਵੱਲੋਂ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਲੈ ਲਿਆ ਗਿਆ ਹੈ। ਸਾਰੇ ਕਿੱਸੇ ਦੀ ਜਾਂਚ ਕਰ ਰਹੇ ਅਧਿਕਾਰੀਆਂ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੇ ਆਪਣੀ ਪਤਨੀ ਦੇ ਅਸਲੀ ਨਾਂ 'ਤੇ ਮੁੰਬਈ ਤੋਂ ਪਾਸਪੋਰਟ ਬਣਵਾਇਆ ਪਰ ਉਸ ਪਾਸਪੋਰਟ 'ਚ ਫੋਟੋ ਆਪਣੀ ਪ੍ਰੇਮਿਕਾ ਦੀ ਲਵਾਈ।

ਫਿਰ, ਕੈਨੇਡਾ ਵਿਚ ਸਕਰੈਪ ਤੇ ਪੁਰਾਣੀਆਂ ਧਾਤਾਂ ਦੀ ਫੈਕਟਰੀ ਦੇ ਪ੍ਰਬੰਧਕਾਂ ਨਾਲ ਮੀਟਿੰਗ ਕਰਨ ਬਹਾਨੇ ਮੁੰਬਈ ਸਥਿਤ ਕੈਨੇਡਾ ਦੇ ਕੌਂਸਲਖਾਨੇ ਤੋਂ ਚੁਸਤੀ ਨਾਲ ਬਿਜ਼ਨਸ ਵੀਜ਼ਾ ਲੈਣ 'ਚ ਕਾਮਯਾਬ ਹੋ ਗਿਆ ਤੇ ਨਾਲ ਹੀ ਉਸ ਨੇ ਆਪਣੀ ਪ੍ਰੇਮਿਕਾ ਨੂੰ ਪਤਨੀ ਵਜੋਂ ਪੇਸ਼ ਕਰਕੇ ਉਸ ਦੇ ਪਾਸਪੋਰਟ 'ਤੇ ਵੀ ਵੀਜ਼ਾ ਲਵਾ ਲਿਆ।

28 ਨਵੰਬਰ ਨੂੰ ਜੇਲ੍ਹ ਵਿਚ ਹੋਈ ਸਖ਼ਤ ਪੁੱਛਗਿੱਛ ਦੌਰਾਨ ਆਪਣੀ ਕਾਰਸਤਾਨੀ 'ਤੇ ਪਛਤਾਵਾ ਕਰਦਿਆਂ ਉਸ ਨੇ ਆਪਣਾ ਦੋਸ਼ ਸਵੀਕਾਰ ਕੀਤਾ ਪਰ ਪਤਨੀ ਦੇ ਨਾਂ 'ਤੇ ਭਾਰਤੀ ਪਾਸਪੋਰਟ ਬਣਵਾਉਣ ਦਾ ਸਾਰਾ ਠੀਕਰਾ ਆਪਣੀ ਪ੍ਰੇਮਿਕਾ ਤੇ ਉਸ ਦੇ ਮੁੰਬਈ ਵਾਸੀ ਭਰਾ ਦੇ ਸਿਰ ਭੰਨ੍ਹਿਆ। ਸਰਕਾਰੀ ਵਕੀਲ ਵੱਲੋਂ ਉਸ ਵਿਰੁੱਧ ਮਨੁੱਖੀ ਸਮਗਲਿੰਗ ਦੀਆਂ ਸਖ਼ਤ ਧਾਰਾਵਾਂ ਤਹਿਤ ਕੇਸ ਤਿਆਰ ਕੀਤਾ ਜਾ ਰਿਹਾ ਹੈ ਜਿਸ ਦੀ ਸਜ਼ਾ ਭੁਗਤਣ ਮਗਰੋਂ ਭਾਰਤ ਮੋੜਿਆ ਜਾਵੇਗਾ।

Pacific Coast Law Firm P.C.
A Professional Corporation
2351 W. March Lane, Ste A, Stockton, CA 95207
704 I Street, Ste B, Modesto, CA 95253
(209) 475-6001

DIVORCE/FAMILY LAW (ਡਿਵੋਰਸ ਅਤੇ ਫੈਮਿਲੀ ਲਾਅ)
* Child Custody/Visitation
* Child Support
* Spousal Support/Alimony
* Property Division
* Restraining Orders
* Guardianships

IMMIGRATION LAW (ਇਮੀਗਰੇਸ਼ਨ ਲਾਅ)
* Family/Fiancee Visa
* Citizenship
* Removal/Deportation Defense
* Asylum
* Adjustment of Status
* Waivers (UP/Criminal)
* International Visas
* Passport Applications
* Power of Attorney
* Religious Visa/Adjustment
* EB-5/Investor Visas
* VAWA
* U/T Visas
* Green Card
* DACA
* OCI
* Passport/Identity Card

BANKRUPTCY (ਬੈਂਕਰਪਸੀ)
* Chapter 7
* Credit Card Bills
* Medical Bills
* Wage Garnishments



Harleen Wahid-Dail
Attorney at Law

WILLS, TRUSTS & ESTATES (ਵਿਰਾਸਤ, ਟਰਸਟ ਅਤੇ ਐਸਟੇਟਸ)
· Document Creation
· Inter Vivos Trusts
· Direction for Res Funding
· Notary on Site
· Durable Power of Attorney
· Power of Attorney

TAX LAW (ਟੈਕਸ ਲਾਅ)
* Offers In Compromise * Payment Plans

SOCIAL SECURITY & VETERAN DISABILITY (ਸੋਸ਼ਲ ਸਿਕਿਉਰਿਟੀ ਅਤੇ ਵੈਟਰਨ ਡਿਸਏਬਲਿਟੀ)
* Initial Applications
* SSDI / SSI
* Hearings / Appeals
* Survivor & Disabled
* Widower Benefit
* EDD Claims / Appeals



*Kiran Sihota*
*Attorney at Law*

# ਪੰਜਾਬ ਦੇ ਦਰਦੀ ਇੰਦਰ ਕੁਮਾਰ ਗੁਜਰਾਲ




**ਡਾ. ਜਸਪਾਲ ਸਿੰਘ**

ਜਦੋਂ ਇੰਦਰ ਕੁਮਾਰ ਗੁਜਰਾਲ ਨੇ ਦੇਸ਼ ਦੇ 12ਵੇਂ ਪ੍ਰਧਾਨ ਮੰਤਰੀ ਦੇ ਰੂਪ ਵਿਚ ਸਹੁੰ ਚੁੱਕੀ ਤਾਂ ਸਾਰੇ ਦੇਸ਼ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਸੀ। ਵੱਡੀ ਖ਼ੁਸ਼ੀ ਇਸ ਗੱਲ ਦੀ ਸੀ ਕਿ ਉੱਚ ਕੋਟੀ ਦੇ ਬੁੱਧੀਜੀਵੀ ਅਤੇ ਨੀਤੀਵਾਨ ਦੇ ਹੱਥ ਦੇਸ਼ ਦੀ ਵਾਗਡੋਰ ਆ ਗਈ ਸੀ। ਪੰਜਾਬੀਆਂ ਦੀ ਖ਼ੁਸ਼ੀ ਹੋਰਾਂ ਨਾਲੋਂ ਵੱਧ ਸੀ ਕਿਉਂਕਿ ਉਹ ਪੰਜਾਬੀ ਸਨ, ਪੰਜਾਬ ਅਤੇ ਪੰਜਾਬੀਆਂ ਨਾਲ ਉਨ੍ਹਾਂ ਦੀ ਡੂੰਘੀ ਭਾਵਨਾਤਮਕ ਸਾਂਝ ਸੀ। ਗੁਆਂਢੀ ਮੁਲਕਾਂ ਵਿਚ ਇੱਕ ਖ਼ਾਸ ਕਿਸਮ ਦਾ ਖ਼ੁਸ਼ੀ ਭਰਿਆ ਅਹਿਸਾਸ ਪੈਦਾ ਹੋ ਗਿਆ ਸੀ। ਦੁਨੀਆਂ ਦੇ ਇਸ ਖਿੱਤੇ ਵਿਚ ਸਾਂਝ ਅਤੇ ਸੁਹਿਰਦਤਾ ਅਤੇ ਚੰਗੇ ਭਵਿੱਖ ਦੀ ਆਸ ਬੱਝ ਗਈ ਸੀ। ਬਿਨਾਂ ਸ਼ੱਕ ਗੁਜਰਾਲ ਸਾਹਿਬ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਅਤੇ ਰਹਿੰਦੀ ਦੁਨੀਆਂ ਤਕ ਲੋਕ ਉਨ੍ਹਾਂ ਦੀ ਵਿਲੱਖਣ ਭੂਮਿਕਾ ਦੀ ਪ੍ਰਸ਼ੰਸਾ ਕਰਦੇ ਰਹਿਣਗੇ।

ਇਸ ਵਿਚ ਕੋਈ ਦੋ-ਰਾਇ ਨਹੀਂ ਕਿ ਕੌਮਾਂਤਰੀ ਸਬੰਧਾਂ ਅਤੇ ਵਿਦੇਸ਼ ਨੀਤੀ ਦੇ ਖੇਤਰ ਵਿਚ ਗੁਜਰਾਲ ਸਾਹਿਬ ਦੀ ਮੁਹਾਰਤ ਦੇ ਸਾਰੇ ਕਾਇਲ ਸਨ। ਉਨ੍ਹਾਂ ਦਾ ਕੂਟਨੀਤੀ ਦੀ ਦੁਨੀਆਂ ਵਿਚ ਆਪਣਾ ਖ਼ਾਸ ਮੁਕਾਮ ਸੀ। ਗੁਜਰਾਲ ਸਾਹਿਬ ਭਾਵੇਂ ਚਲੇ ਗਏ ਹਨ ਪਰ ਗੁਆਂਢੀ ਮੁਲਕਾਂ ਨਾਲ ਰਿਸ਼ਤਿਆਂ ਦੇ ਪ੍ਰਸੰਗ ਵਿਚ ਹੋਂਦ ਵਿਚ ਆਇਆ 'ਗੁਜਰਾਲ ਡਾਕਟਰੀਨ' ਹਮੇਸ਼ਾ ਜ਼ਿੰਦਾ ਅਤੇ ਪ੍ਰਸੰਗਿਕ ਰਹੇਗਾ। ਦਰਅਸਲ, ਗੁਜਰਾਲ ਸਾਹਿਬ ਦੇ ਇਸ 'ਡਾਕਟਰੀਨ' ਰਾਹੀਂ ਪਾਕਿਸਤਾਨ, ਬੰਗਲਾਦੇਸ਼ ਅਤੇ ਹੋਰ ਗੁਆਂਢੀ ਮੁਲਕਾਂ ਨਾਲ ਸੁਖਾਵੇਂ ਸਬੰਧਾਂ ਦਾ ਨਵਾਂ ਦੌਰ ਸ਼ੁਰੂ ਹੋਇਆ ਸੀ। ਕਿਹਾ ਜਾ ਸਕਦਾ ਹੈ, ਗੁਜਰਾਲ ਸਾਹਿਬ ਪਾਸੋਂ ਵਿਰਾਸਤ ਵਿਚ ਮਿਲੀ ਇਹ ਨੀਤੀ ਆਉਣ ਵਾਲੇ ਸਮੇਂ ਵਿਚ ਹਮੇਸ਼ਾ ਸਾਡਾ ਮਾਰਗਦਰਸ਼ਨ ਕਰਦੀ ਰਹੇਗੀ। ਇੱਥੇ ਇੱਕ ਹੋਰ ਹਕੀਕਤ ਦਾ ਜ਼ਿਕਰ ਕਰਨਾ ਬਣਦਾ ਹੈ। ਗੁਆਂਢੀ ਮੁਲਕਾਂ ਪ੍ਰਤੀ ਭਾਰਤੀ ਨੀਤੀ ਵਿਚ ਆਏ ਇਸ ਨਵੇਂ ਰੁਝਾਨ ਕਾਰਨ ਅਮਰੀਕੀ ਰੁਖ਼ ਵਿਚ ਵੀ ਵੱਡੀ ਤਬਦੀਲੀ ਆਈ ਸੀ। ਭਾਰਤ ਵੱਲ ਅਮਰੀਕਾ ਦਾ ਨਜ਼ਰੀਆ ਸਾਕਾਰਾਤਮਕ ਹੋ ਗਿਆ ਨਜ਼ਰ ਆਉਂਦਾ ਸੀ। ਅਮਰੀਕਾ ਨੇ ਸਾਫ਼ ਸ਼ਬਦਾਂ ਵਿਚ ਐਲਾਨ ਕਰ ਦਿੱਤਾ ਸੀ ਕਿ ਉਹ ਕਸ਼ਮੀਰ ਦੇ ਮਸਲੇ ਵਿਚ ਕੋਈ ਵਿਚੋਲਗੀ ਜਾਂ ਦਖ਼ਲ ਨਹੀਂ ਦੇਣਾ ਚਾਹੁੰਦਾ। ਇਹ ਭਾਰਤੀ ਵਿਦੇਸ਼ ਨੀਤੀ ਦੀ ਇੱਕ ਹੋਰ ਵੱਡੀ ਜਿੱਤ ਸੀ ਜਿਸਦਾ ਸਿਹਰਾ ਗੁਜਰਾਲ ਸਾਹਿਬ ਨੂੰ ਜਾਂਦਾ ਹੈ।

ਇੱਕ ਹੋਰ ਨੁਕਤਾ ਵੱਡੇ ਮਹੱਤਵ ਵਾਲਾ ਹੈ। ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਵਿਆਪਕ ਪਰਮਾਣੂ ਅਪ੍ਰਸਾਰ ਸਮਝੌਤੇ (ਸੀ.ਟੀ.ਬੀ.ਟੀ.) ਉਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ ਸੀ। ਪਾਰਲੀਮੈਂਟ ਵਿਚ ਗੁਜਰਾਲ ਸਾਹਿਬ ਨੇ ਕਿਹਾ ਸੀ ਕਿ ਭਾਰਤ, ਕੌਮਾਂਤਰੀ ਖੇਤਰ ਵਿਚ ਆਪਣੀਆਂ ਸ਼ਰਤਾਂ 'ਤੇ ਵਿਚਰੇਗਾ। ਕੌਮੀ ਹਿੱਤ ਦੇ ਮਾਮਲੇ ਵਿਚ ਕਿਸੇ ਦਬਾਅ ਹੇਠਾਂ ਨਹੀਂ ਆਵੇਗਾ, ਕੋਈ ਸਮਝੌਤਾ ਨਹੀਂ ਕਰੇਗਾ। ਬਹੁਤ ਸਪਸ਼ਟ ਹੈ ਕਿ ਜੇ ਉਦੋਂ ਭਾਰਤ ਸੀ.ਟੀ.ਬੀ.ਟੀ. ਉਤੇ ਦਸਤਖਤ ਕਰ ਦਿੰਦਾ ਤਾਂ ਉਸ ਦੇ ਪਰਮਾਣੂ ਬਦਲ ਦੇ ਸਾਰੇ ਅਖ਼ਤਿਆਰ ਖ਼ਤਮ ਹੋ ਜਾਣੇ ਸਨ। ਗੁਜਰਾਲ ਸਾਹਿਬ ਦੀ ਇਸ ਦਲੇਰੀ ਅਤੇ ਸਿਆਣਪ ਦਾ ਹੀ ਨਤੀਜਾ ਸੀ ਕਿ ਆਉਣ ਵਾਲੇ ਸਮੇਂ ਵਿਚ ਭਾਰਤ ਬਿਨਾਂ ਕਿਸੇ ਰੋਕ-ਟੋਕ 'ਪੋਖਰਨ ਟੈਸਟ' ਕਰਨ ਵਿਚ ਕਾਮਯਾਬ ਹੋਇਆ ਸੀ।



*ਇੰਦਰ ਕੁਮਾਰ ਗੁਜਰਾਲ*

ਅੱਜ ਦੇ ਉਚੇਚੇ ਪ੍ਰਸੰਗ ਵਿਚ ਆਜ਼ਾਦੀ ਦੀ 50ਵੀਂ ਵਰ੍ਹੇਗੰਢ 'ਤੇ ਗੁਜਰਾਲ ਸਾਹਿਬ ਵੱਲੋਂ ਦੇਸ਼ ਦੇ ਨਾਂ ਦਿੱਤੇ ਸੰਦੇਸ਼ ਨੂੰ ਵੀ ਮੈਂ ਯਾਦ ਕਰਨਾ ਚਾਹੁੰਦਾ ਹਾਂ। ਲਾਲ ਕਿਲੇ ਤੋਂ ਦੇਸ਼ ਦੇ ਰਾਜਸੀ ਜੀਵਨ ਦੀ ਦੁਖਦੀ ਰਗ 'ਤੇ ਹੱਥ ਰੱਖ ਕੇ ਪ੍ਰਧਾਨ ਮੰਤਰੀ ਨੇ ਵੱਡੇ ਹੌਸਲੇ ਵਾਲਾ ਕੰਮ ਕੀਤਾ ਸੀ। ਉਨ੍ਹਾਂ ਕਿਹਾ ਸੀ, "ਭ੍ਰਿਸ਼ਟਾਚਾਰ ਅਤੇ ਆਰਥਿਕ ਵਿਕਾਸ ਇਕੱਠੇ ਨਹੀਂ ਚੱਲ ਸਕਦੇ ਅਤੇ ਆਰਥਿਕ ਵਿਕਾਸ ਬਗ਼ੈਰ ਲੋਕਤੰਤਰ ਪ੍ਰਫੁੱਲਤ ਨਹੀਂ ਹੋ ਸਕਦਾ।" ਉਨ੍ਹਾਂ ਨੇ ਬੇਬਾਕੀ ਨਾਲ ਦੇਸ਼ ਦੇ ਰਾਜਸੀ ਅਤੇ ਸਮਾਜਕ ਜੀਵਨ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦਾ ਸੱਦਾ ਦਿੱਤਾ ਸੀ। ਦਰਅਸਲ ਗੁਜਰਾਲ ਸਾਹਿਬ ਨੇ ਸਿਰਫ਼ ਰਸਮੀ ਜ਼ਿਕਰ ਨਹੀਂ ਸੀ ਕੀਤਾ ਸਗੋਂ ਦੇਸ਼ ਦੇ ਤਾਣੇ-ਪੇਟੇ ਵਿਚ ਧੁਰ ਅੰਦਰ ਤਕ ਪਸਰੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਬਾਤਫ਼ਸੀਲ ਪ੍ਰੋਗਰਾਮ ਜਨਤਾ ਸਾਹਮਣੇ ਪੇਸ਼ ਕੀਤਾ ਸੀ। ਉਨ੍ਹਾਂ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਇਤਿਹਾਸਕ ਆਜ਼ਾਦੀ ਦੀ ਲੜਾਈ ਨਾਲ ਜੋੜ ਕੇ ਭ੍ਰਿਸ਼ਟ ਸਰਕਾਰੀ ਅਹੁਦੇਦਾਰਾਂ ਵਿਰੁੱਧ 'ਅਸਹਿਯੋਗ ਅੰਦੋਲਨ' ਛੇੜਨ ਦੀ ਗੱਲ ਆਖੀ ਸੀ, ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਰਿਸ਼ਵਤ ਨਾ ਦੇਣ ਦਾ ਪ੍ਰਣ ਕਰਨ, ਭਾਵੇਂ ਇਸ ਲਈ ਉਨ੍ਹਾਂ ਨੂੰ ਕੋਈ ਵੀ ਕੀਮਤ ਅਦਾ ਕਰਨੀ ਪਵੇ। ਅੱਜ ਜਦੋਂ ਭ੍ਰਿਸ਼ਟਾਚਾਰ ਮੁੱਖ ਮੁੱਦਾ ਬਣਿਆ ਹੋਇਆ ਹੈ, ਲਾਲ ਕਿਲੇ ਤੋਂ ਉਨ੍ਹਾਂ ਦੇ ਭਾਸ਼ਣ ਨੂੰ ਇੱਕ ਵੱਡੀ ਇਤਿਹਾਸਕ ਅਤੇ ਸਾਹਸੀ ਪਹਿਲਕਦਮੀ ਮੰਨਿਆ ਜਾ ਸਕਦਾ ਹੈ।

ਪੰਜਾਬ ਦੇ ਹਵਾਲੇ ਨਾਲ ਗੁਜਰਾਲ ਸਾਹਿਬ ਦੀ ਭੂਮਿਕਾ ਚੇਤੇ ਕਰ ਕੇ ਆਪਣੀ ਗੱਲ ਸਮਾਪਤ ਕਰਨਾ ਚਾਹਵਾਂਗਾ। ਉਹ ਸਮਾਂ ਕਿਸੇ ਤੋਂ ਨਹੀਂ ਭੁੱਲਿਆ ਜਦੋਂ ਪੰਜਾਬ ਅਤੇ ਖ਼ਾਸ ਤੌਰ 'ਤੇ ਪੰਜਾਬ ਵਿਚ ਵਸਦਾ ਸਿੱਖ ਭਾਈਚਾਰਾ ਸੰਕਟ ਵਿਚ ਘਿਰ ਗਿਆ ਸੀ; ਜਦੋਂ ਕੇਂਦਰ ਵਿਚ 'ਕਾਨੂੰਨ ਅਤੇ ਵਿਵਸਥਾ' ਤੋਂ ਵੱਧ ਪੰਜਾਬ ਦਾ ਕੋਈ ਸਰੋਕਾਰ ਨਹੀਂ ਸੀ; ਜਦੋਂ ਸਾਰਾ ਪੰਜਾਬ, ਦੇਸ਼ ਦੀ ਮੁੱਖ ਧਾਰਾ ਤੋਂ ਅਲੱਗ-ਥਲੱਗ ਕਰ ਦਿੱਤਾ ਗਿਆ ਸੀ; ਉਦੋਂ ਗੁਜਰਾਲ ਸਾਹਿਬ, ਪੰਜਾਬ ਦੀ ਪੈਰਵੀ ਲਈ ਨਿੱਤਰ ਕੇ ਸਾਹਮਣੇ ਆਏ ਸਨ। ਪੰਜਾਬ ਨੂੰ ਮੁੜ ਪ੍ਰਗਤੀਸ਼ਾਲੀ ਰਾਜ ਦੇ ਰੂਪ ਵਿਚ ਕੇਂਦਰ ਦੇ ਏਜੰਡੇ 'ਤੇ ਲਿਆਉਣ ਦਾ ਕੰਮ ਗੁਜਰਾਲ ਸਾਹਿਬ ਨੇ ਕੀਤਾ ਸੀ। ਪੰਜਾਬੀਅਤ ਨੂੰ ਦੇਸ਼ ਦੇ ਵੱਡੇ ਕੈਨਵਸ ਉੱਪਰ ਉਜਾਗਰ ਕਰਨ ਵਿਚ ਉਨ੍ਹਾਂ ਨੇ ਵੱਡੀ ਭੂਮਿਕਾ ਨਿਭਾਈ ਸੀ। ਇੱਕ ਇਤਿਹਾਸਕ ਫ਼ੈਸਲਾ ਲੈ ਕੇ ਉਨ੍ਹਾਂ ਨੇ ਪੰਜਾਬ ਦੇ ਸਿਰ ਚੜ੍ਹੇ ਕਰਜ਼ੇ ਨੂੰ ਮੁਆਫ਼ ਕੀਤਾ ਸੀ। ਦਰਅਸਲ ਉਨ੍ਹਾਂ ਦੇ ਸੀਨੇ ਵਿਚ 'ਪੰਜਾਬੀਅਤ' ਸੀ। ਉਹ ਪੰਜਾਬ ਦਾ ਦੁੱਖ-ਦਰਦ ਸਮਝਦੇ ਸਨ। ਪੰਜਾਬ ਪ੍ਰਤੀ ਆਪਣੇ ਫ਼ਰਜ਼ ਦੀ ਪਛਾਣ ਕਰ ਕੇ ਉਹ ਪੰਜਾਬ ਦੀ ਧਰਤੀ ਦਾ ਕਰਜ਼ ਅਦਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਯਕੀਨ ਨਾਲ ਕਿਹਾ ਜਾ ਸਕਦਾ ਹੈ, ਗੁਜਰਾਲ ਸਾਹਿਬ ਨੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਪ੍ਰਧਾਨ ਮੰਤਰੀ ਦੇ ਰੂਪ ਵਿਚ ਵਿਲੱਖਣ ਭੂਮਿਕਾ ਨਿਭਾਈ ਹੈ ਅਤੇ ਪੰਜਾਬੀਆਂ ਦਾ ਸਿਰ ਫ਼ਖ਼ਰ ਨਾਲ ਉੱਚਾ ਕੀਤਾ ਹੈ। ਇਤਿਹਾਸ ਦੇ ਪੰਨਿਆਂ ਵਿਚ ਉਨ੍ਹਾਂ ਦਾ ਨਾਂ ਹਮੇਸ਼ਾ ਸੁਨਹਿਰੀ ਅੱਖਰਾਂ ਵਿਚ ਉਕਰਿਆ ਰਹੇਗਾ।

# ਭਾਰਤੀ ਹਾਕੀ ਦੀ ਦਸ਼ਾ ਤੇ ਦਿਸ਼ਾ ਸੁਧਾਰਨ ਲਈ ਚੰਗੇ ਕੋਚ ਦੀ ਲੋੜ: ਸੋਢੀ

**ਯੂਨੀਅਨ ਸਿਟੀ (ਐਸ. ਅਸ਼ੋਕ ਭੌਰਾ):** 'ਭਾਰਤ ਦੀ ਕੌਮੀ ਖੇਡ ਹਾਕੀ ਦੇ ਚੰਗੇ ਪ੍ਰਦਰਸ਼ਨ ਵੱਲ ਨਜ਼ਰਾਂ ਟਿਕਾਈ ਬੈਠੇ ਕਰੋੜਾਂ ਹਾਕੀ ਪ੍ਰੇਮੀਆਂ ਦੇ ਪੱਲੇ ਜੇ ਨਿਰਾਸ਼ਾ ਲੱਗ ਰਹੀ ਹੈ ਤਾਂ ਉਨ੍ਹਾਂ ਕਾਰਨਾਂ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ ਜੋ ਹਾਕੀ ਨੂੰ ਨਿਘਾਰ ਵੱਲ ਖਿੱਚ ਰਹੇ ਹਨ। ਜਿਸ ਧਰਤੀ 'ਤੇ ਧਿਆਨ ਚੰਦ ਵਰਗਾ ਹਾਕੀ ਦਾ ਜਾਦੂਗਰ ਖਿਡਾਰੀ ਪੈਦਾ ਹੋਇਆ ਹੋਵੇ, ਉਸ ਧਰਤੀ 'ਤੇ ਇਹ ਸਭ ਕੁਝ ਅੱਖੀਂ ਦੇਖਣਾ ਅਤਿ ਨਿਰਾਸ਼ਾ ਵਾਲੀ ਗੱਲ ਹੈ। ਇਸ ਵੇਲੇ ਹਾਕੀ ਲਈ ਨਵੇਂ ਕੋਚ ਦੀ ਜ਼ਰੂਰਤ ਹੈ ਕਿਉਂਕਿ ਮੌਜੂਦਾ ਕੋਚ ਮਾਈਕਲ ਨੋਬਸ ਉਸ ਵਕਤ ਉਹ ਪ੍ਰਦਰਸ਼ਨ ਨਹੀਂ ਦੇ ਸਕਿਆ, ਜਦੋਂ ਵੰਗਾਰ ਵਾਲੀ ਸਥਿਤੀ ਸੀ। ਤਜਰਬੇਕਾਰ ਖਿਡਾਰੀਆਂ ਦੀ ਥਾਂ ਬਿਲਕੁਲ ਨਵੇਂ ਖਿਡਾਰੀਆਂ ਨੂੰ ਥਾਂ ਦੇਣੀ ਹਰਗਿਜ਼ ਜਾਇਜ਼ ਨਹੀਂ ਸੀ।' ਇਹ ਵਿਚਾਰ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਤੇ ਪੰਜਾਬ ਪੁਲਿਸ ਦੇ ਡੀ.ਆਈ.ਜੀ. ਸੁਰਿੰਦਰ ਸਿੰਘ ਸੋਢੀ ਨੇ ਸਥਾਨਕ ਰਾਜਾ ਸਵੀਟਸ ਵਿਖੇ ਯੂਨਾਈਟਡ ਸਪੋਰਟਸ ਕਲੱਬ ਵੱਲੋਂ ਉਨ੍ਹਾਂ ਦੇ ਸਨਮਾਨ ਹਿੱਤ ਦਿੱਤੇ ਗਏ ਰਾਤਰੀ ਭੋਜਨ ਮੌਕੇ ਪ੍ਰਗਟਾਏ।

ਸ. ਸੋਢੀ ਨੇ ਕਿਹਾ ਕਿ ਮਰਹੂਮ ਸੁਰਜੀਤ ਸਿੰਘ ਤੋਂ ਬਾਅਦ ਹਾਕੀ ਵਿਚ ਪੈਨਲਟੀ ਕਾਰਨਰ ਦੇ ਲਾਭ ਤੋਂ ਵਾਂਝੀ ਹੋ ਰਹੀ ਟੀਮ ਨੂੰ ਇਸ ਗੁਰ ਬਾਰੇ ਗੂੜ੍ਹੇ ਗਿਆਨ ਦੀ ਲੋੜ ਹੈ, ਕਿਉਂਕਿ ਜਰਮਨੀ, ਸਪੇਨ ਤੇ ਹਾਲੈਂਡ ਵਰਗੀਆਂ ਟੀਮਾਂ ਪੈਨਲਟੀ ਕਾਰਨਰ ਵਿਚ ਲਗਾਤਾਰ ਮੁਹਾਰਤ ਹਾਸਲ ਕਰ ਰਹੀਆਂ ਹਨ। ਹਾਰ ਮਗਰੋਂ ਹਾਰ ਦੇ ਕਾਰਨਾਂ ਦੀ ਸਮੀਖਿਆ ਨਾ ਹੋਣਾ ਲਗਾਤਾਰ ਪਿਛਾਂਹ ਵੱਲ ਜਾਣ ਦਾ ਸੂਚਕ ਹੈ ਤੇ ਜਦੋਂ ਹਾਕੀ ਦਾ ਪ੍ਰਬੰਧ, ਹਾਕੀ ਨਾਲ ਦੂਰ ਤੋਂ ਵੀ ਵਾਸਤਾ ਨਾ ਰੱਖਣ ਵਾਲੇ ਲੋਕਾਂ ਦੇ ਹੱਥ ਵਿਚ ਚਲਾ ਜਾਵੇ ਤਾਂ ਕਿਵੇਂ ਆਸ ਰੱਖ ਸਕਦੇ ਹੋ ਕਿ ਨਤੀਜੇ ਚੰਗੇ ਨਿਕਲਣਗੇ? ਉਨ੍ਹਾਂ ਦਾਅਵੇ ਨਾਲ ਕਿਹਾ ਕਿ ਕੇ.ਪੀ.ਐਸ. ਗਿੱਲ ਦੇ ਭਾਰਤੀ ਹਾਕੀ ਫੈਡਰੇਸ਼ਨ ਦੇ ਮੁਖੀ ਬਣਨ ਨਾਲ ਇਸ ਖੇਡ ਵਿਚ ਚੋਖਾ ਸੁਧਾਰ ਹੋਇਆ ਸੀ।

ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਜੇ ਹਾਕੀ ਦੇ ਸੱਚਮੁੱਚ ਦੇ ਸੁਧਾਰ ਲਈ ਗਭੀਰ ਹੋ, ਜੇ ਪਹਿਲਾਂ ਵਾਲੇ ਸੁਨਿਹਰੀ ਦਿਨਾਂ ਦੀ ਆਸ ਕਰਦੇ ਹੋ, ਤੇ ਜੇ ਕਰੋੜਾਂ ਭਾਰਤੀ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਹੈ ਤਾਂ ਫਿਰ ਫੈਡਰੇਸ਼ਨ ਨੂੰ ਹਾਕੀ ਵਿਚੋਂ

## ਐਤਕੀਂ ਕਬੱਡੀ ਕੱਪ ਨਾਲ ਹਾਕੀ ਕੱਪ ਵੀ ਕਰਵਾਵਾਂਗੇ: ਗਾਖਲ

ਗੰਦ ਕੱਢਣ ਲਈ ਉਪਰਾਲੇ ਕਰਨੇ ਹੀ ਪੈਣਗੇ; ਨਹੀਂ ਤਾਂ ਲਿਪਾ-ਪੋਚੀ ਨਾਲ ਕੁਝ ਨਹੀਂ ਹੋਣਾ। ਉਨ੍ਹਾਂ ਪੰਜਾਬ ਸਰਕਾਰ ਦੇ ਹਾਕੀ ਪ੍ਰਤੀ ਹੰਭਲੇ ਦੀ ਸ਼ਲਾਘਾ ਕਰਦਿਆਂ ਆਸ ਪ੍ਰਗਟਾਈ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕਬੱਡੀ ਤੋਂ ਵਿਹਲੇ ਹੋ ਕੇ ਹਾਕੀ ਬਾਰੇ ਦਿੱਤੇ ਬਿਆਨਾਂ ਨੂੰ ਅਮਲ ਵਿਚ ਲਿਆਉਣਗੇ, ਕਿਉਂਕਿ ਹਾਲੇ ਤੀਕਰ ਕਿਸੇ ਹਾਕੀ ਖਿਡਾਰੀ 'ਤੇ ਡੋਪ ਟੈਸਟ ਜਾਂ ਨਸ਼ੇ ਦਾ ਦਾਗ਼ ਨਹੀਂ ਪਿਆ ਤੇ ਨਾ ਹੀ ਹਾਕੀ ਖਿਡਾਰੀ ਅਜਿਹਾ ਕਰਦੇ ਹਨ।

ਇਸ ਮੌਕੇ ਯੁਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਜਿਥੇ ਉਨ੍ਹਾਂ ਦੇ ਕਲੱਬ ਵੱਲੋਂ ਕਬੱਡੀ ਨੂੰ ਕੌਮਾਂਤਰੀ ਪੱਧਰ 'ਤੇ ਹੋਰ ਉੱਚਾ ਚੁੱਕਣ ਦੇ ਉਪਰਾਲੇ ਕੀਤੇ ਜਾ ਰਹੇ ਹਨ, ਉਥੇ ਅਸੀਂ ਡੋਪ-ਫ੍ਰੀ ਕਬੱਡੀ ਅਤੇ ਕਬੱਡੀ ਖਿਡਾਰੀ ਅੱਗੇ ਲੈ ਕੇ ਆਉਣ ਦੇ ਯਤਨਾਂ 'ਚ ਲੱਗੇ ਹੋਏ ਹਾਂ ਅਤੇ ਇਸ ਵਾਰ ਫਿਰ ਯੁਨਾਈਟਡ ਸਪੋਰਟਸ ਕਲੱਬ ਵਲੋਂ ਡੋਪ-ਫ੍ਰੀ ਵਰਲਡ ਕਬੱਡੀ ਕੱਪ ਮਈ ਮਹੀਨੇ ਅਮਰੀਕਾ ਵਿਚ ਕਰਵਾ ਕੇ ਸਾਰੇ ਧੋਣੇ ਧੋਣ ਵਿਚ ਸਫ਼ਲ ਹੋਵਾਂਗੇ। ਉਨ੍ਹਾਂ ਐਲਾਨ ਕੀਤਾ ਕਿ ਇਸ ਵਾਰ ਵਰਲਡ ਕਬੱਡੀ ਕੱਪ ਤੋਂ ਇਕ ਦਿਨ ਪਹਿਲਾਂ ਹਾਕੀ ਕੱਪ ਕਰਵਾ ਕੇ ਸੁਰਿੰਦਰ ਸਿੰਘ ਸੋਢੀ ਦੀ ਅਗਵਾਈ ਹੇਠ ਅਸੀਂ ਹਾਕੀ ਦਾ ਮਾਣ ਸਤਿਕਾਰ ਕਾਇਮ ਰੱਖਣ ਵਿਚ ਹੰਭਲਾ ਮਾਰਾਂਗੇ।

ਸ. ਗਾਖਲ ਨੇ ਹਾਕੀ ਦੀ ਵਡਿਆਈ ਕਰਦਿਆਂ ਕਿਹਾ ਕਿ ਪਹਿਲੇ ਸਾਲ ਹੀ ਹਾਕੀ ਦਾ ਕੈਲੀਫੋਰਨੀਆ 'ਚ ਵਰਲਡ ਕੱਪ ਕਰਵਾ ਕੇ ਪਹਿਲੇ ਤੇ ਦੂਜੇ ਸਥਾਨ ਉਤੇ ਆਉਣ ਵਾਲੀਆਂ ਟੀਮਾਂ ਨੂੰ ਇਕਵੰਜਾ ਤੇ ਇਕੱਤੀ ਸੌ ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਆਪਣੀਆਂ ਸੱਜੀਆਂ ਖੱਬੀਆਂ ਬਾਹਾਂ ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਸਹੋਤਾ ਭਰਾਵਾਂ ਦੀ ਹਰ ਮੁਹਾਜ਼ 'ਤੇ ਮੱਦਦ ਕਰਨ ਦੀ ਵਡਿਆਈ ਕਰਦਿਆਂ ਸ. ਗਾਖਲ ਨੇ ਕਲੱਬ ਦੇ ਪ੍ਰਧਾਨ ਬਲਵੀਰ ਸਿੰਘ ਭਾਟੀਆ ਮੂੰਹੋਂ ਸਾਰਿਆਂ ਦਾ ਧੰਨਵਾਦ ਕਰਵਾਉਂਦਿਆਂ ਕਲੱਬ ਦੇ ਜਨਰਲ ਸਕੱਤਰ ਗੁਰਦਾਵਰ ਸਿੰਘ ਮਹੇੜੂ ਨੂੰ ਵਰਲਡ ਕੱਪ ਦੀ ਸਫ਼ਲਤਾ ਲਈ ਰੀੜ੍ਹ ਦੀ ਹੱਡੀ ਦੱਸਿਆ। ਹਾਕੀ ਕੱਪ ਵਿਚ ਭਿੰਦਾ ਗਾਖਲ ਨੇ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਅਦਾ ਕੀਤਾ।

ਉਲੰਪੀਅਨ ਸੁਰਿੰਦਰ ਸਿੰਘ ਸੋਢੀ ਦੇ ਸਨਮਾਨ ਹਿੱਤ ਰਾਜਾ ਸਵੀਟਸ ਵਿਖੇ ਯੂਨਾਈਟਡ ਸਪੋਰਟਸ ਕਲੱਬ ਵੱਲੋਂ ਕਰਵਾਏ ਗਏ ਇਸ ਯਾਦਗਾਰੀ ਸਮਾਗਮ ਵਿਚ ਮੱਖਣ ਸਿੰਘ ਬੈਂਸ, ਮੇਜਰ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਗੁਰਚਰਨ ਸਿੰਘ ਮਾਨ, ਯੁਗਰਾਜ ਸਿੰਘ ਸਹੋਤਾ, ਪਿੰਕੀ ਅਟਵਾਲ, ਬਲਵੀਰ ਭਾਟੀਆ, ਗੁਰਦਾਵਰ ਸਿੰਘ ਮਹੇੜੂ, ਭਿੰਦਾ ਗਾਖਲ, ਦਲਵਿੰਦਰ ਸਿੰਘ ਪੱਡਾ, ਬਖ਼ਤਾਵਰ ਸਿੰਘ ਗਾਖਲ, ਕਸ਼ਮੀਰ ਸਿੰਘ ਧੁੱਗਾ, ਕੁਲਦੀਪ ਸਿੰਘ ਮਾਨ, ਪਹਿਲਵਾਨ ਧੰਨਾ, ਬਲਵੀਰ ਧਾਲੀਵਾਲ, ਗੱਜਣ ਸਿੰਘ, ਕੰਮਾ ਸਿੰਘ ਹੋਠੀ, ਚਾਰਲੀ ਭਲਵਾਨ, ਯੁਨਾਈਟਡ ਸਪੋਰਟਸ ਕਲੱਬ ਦੇ ਖਿਡਾਰੀ ਮੈਂਬਰ ਤੇ ਅਹੁਦੇਦਾਰ ਹਾਜ਼ਰ ਸਨ।





## ਸੂਰਾਪੁਰੀ ਪੰਜਾਬੀ ਸਾਹਿਤ ਸਭਾ ਦੇ ਸੀਨੀਅਰ ਮੀਤ ਪ੍ਰਧਾਨ

**ਸੈਕਰਾਮੈਂਟੋ (ਬਿਊਰੋ):** ਉਘੇ ਲੇਖਕ ਸ. ਰਾਠੇਸ਼ਵਰ ਸਿੰਘ ਸੂਰਾਪੁਰੀ ਪੰਜਾਬੀ ਸਾਹਿਤ ਸਭਾ, ਸੈਕਰਾਮੈਂਟੋ-ਯੂਬਾ ਸਿਟੀ ਇਕਾਈ ਦੇ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ ਹਨ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਪਿਛਲੇ ਹਫਤੇ ਦੇ ਅਖਬਾਰਾਂ ਨੂੰ ਜਾਰੀ ਕੀਤੇ ਗਏ ਬਿਆਨ ਵਿਚ ਉਨ੍ਹਾਂ ਦਾ ਨਾਂ ਗਲਤੀ ਨਾਲ ਸ਼ਾਮਲ ਹੋਣੋ ਰਹਿ ਗਿਆ ਸੀ। ਸਭਾ ਦੇ ਸਕੱਤਰ ਜਸਵੰਤ ਜੱਸੀ ਸ਼ੀਮਾਰ ਨੇ ਕਿਹਾ ਹੈ ਕਿ ਸਭਾ ਇਸ ਗਲਤੀ ਲਈ ਪਾਠਕਾਂ ਤੇ ਸਾਹਿਤਕਾਰਾਂ ਤੋਂ ਖਿਮਾ ਦੀ ਜਾਚਕ ਹੈ।

# ਦਿਲਦਾਰ ਗਰੁੱਪ ਵਲੋਂ ਸਾਫ ਸੁਥਰੀ ਗਾਇਕੀ ਦੇਣ ਦਾ ਅਹਿਦ

**ਫਰਿਜ਼ਨੋ (ਬਿਊਰੋ):** ਦਿਲਦਾਰ ਮਿਊਜ਼ੀਕਲ ਗਰੁੱਪ, ਫਰਿਜ਼ਨੋ ਨੇ ਪੰਜਾਬੀ ਗਾਇਕੀ ਵਿਚ ਲੱਚਰਪੁਣੇ ਦੇ ਆ ਰਹੇ ਰੁਝਾਨ ਵਿਰੁਧ ਬੀੜਾ ਚੁੱਕਣ ਦਾ ਅਹਿਦ ਲਿਆ ਹੈ ਅਤੇ ਪੰਜਾਬੀਆਂ ਨੂੰ ਸਾਫ ਸੁਥਰੀ ਗਾਇਕੀ ਦੇਣ ਦਾ ਵਾਅਦਾ ਕੀਤਾ ਹੈ। ਚੇਤੇ ਰਹੇ ਇਹ ਗਰੁਪ ਕੋਈ ਦੋ-ਤਿੰਨ ਦਹਾਕੇ ਪਹਿਲਾਂ ਕਾਇਮ ਹੋਇਆ ਸੀ ਜਿਸ ਦਾ ਮਕਸਦ ਸਾਫ ਸੁਥਰੀ ਧਾਰਮਿਕ ਅਤੇ ਸੱਭਿਆਚਾਰਕ ਗਾਇਕੀ ਨੂੰ ਪ੍ਰਫੁੱਲਤ ਕਰਨਾ ਸੀ। ਇਸ ਗਰੁੱਪ ਦੀ ਇਥੇ ਹੋਈ ਇਕ ਇਕੱਤਰਤਾ ਦੇ ਪਹਿਲੇ ਦੌਰ ਵਿਚ ਮੁੱਖ ਮਹਿਮਾਨ ਵਜੋਂ ਕੈਨੇਡਾ ਤੋਂ ਸ. ਜੋਗਿੰਦਰ ਸਿੰਘ ਗਿੱਲ ਨੇ ਹਾਜ਼ਰੀ ਭਰੀ। ਇਸ ਸਮੇਂ ਪੰਜਾਬੀ ਗਾਇਕੀ ਦੇ ਜਿਆਦਾ ਕਮਰਸ਼ੀਅਲ ਹੋਣ ਕਾਰਨ ਗਾਇਕਾਂ ਵਲੋਂ ਆਪਣੀ ਕਾਮਯਾਬੀ ਲਈ ਐਲਬਮਾਂ ਰਾਹੀਂ ਵੀਡੀਓ ਦੇ ਰੂਪ ਵਿਚ ਪਰੋਸੀ ਜਾ ਰਹੀ ਲੱਚਰਤਾ ਅਤੇ ਨੰਗੇਜ਼ 'ਤੇ ਚਿੰਤਾ ਪ੍ਰਗਟ ਕੀਤੀ ਗਈ।

ਇਸ ਇਕੱਤਰਤਾ ਦੇ ਦੂਜੇ ਦੌਰ ਵਿਚ ਗਾਇਕੀ ਦਾ ਖੁੱਲਾ ਅਖਾੜਾ ਲੱਗਾ ਜਿਸ ਦਾ ਆਗਾਜ਼ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ 'ਸਤਿਗੁਰ ਨਾਨਕ ਆ ਜਾ' ਗੀਤ ਨਾਲ ਕੀਤਾ। ਉਪਰੰਤ ਰਾਣੀ ਗਿੱਲ, ਅਵਤਾਰ ਗਰੇਵਾਲ, ਕੁਲਵੰਤ ਸਹੋਤਾ, ਪੱਪੂ ਬਰਾੜ, ਓਅੰਕਾਰ ਗਿੱਲ, ਬਲਰਾਜ ਬੈਂਸ (ਬੱਲ੍ਹਾ) ਆਦਿ ਗਾਇਕਾਂ ਤੋਂ ਇਲਾਵਾ ਮੁੱਖ ਮਹਿਮਾਨ ਸ. ਜੋਗਿੰਦਰ ਸਿੰਘ ਗਿੱਲ ਨੇ ਵੀ ਖੁੱਸ ਗਏ ਸਿੱਖ ਰਾਜ ਦੀ ਦਰਦ ਭਰੀ ਦਾਸਤਾਨ ਗਾ ਕੇ ਸੁਣਾਈ। ਇਸ ਸਮੇਂ ਹਾਜ਼ਰ ਮੁੱਖ ਸ਼ਖਸੀਅਤਾਂ ਵਿਚ ਰਵਿੰਦਰ ਸਿੰਘ ਬੋਇਲ, ਨੀਟਾ ਤੂਰ, ਅਮਰਜੀਤ ਗਿੱਲ, ਅਮਨਦੀਪ ਗਿੱਲ, ਸੋਨੂੰ ਗਿੱਲ, ਸੋਹਣ ਸਮਰਾ, ਸੁੱਖਾ ਸਮਰਾ, ਜੋਗਿੰਦਰ ਸਿੰਘ ਬਾਠ, ਬਲਿਹਾਰ ਸਿੰਘ ਪੂਨੀ, ਰਣਮੇਘ ਢੇਸੀ, ਸੁਖਵੀਰ ਮਾਨ ਅਤੇ ਪਾਲ ਤੂੱਟ ਦੇ ਨਾਂ ਜ਼ਿਕਰਯੋਗ ਹਨ।



*To Advertise with Punjab Times*
**Call: 847-359-0746**
*punjabtimesusa.com*

# ਕੀਤੂ ਕਤਲ ਕੇਸ ਦੇ ਮੁਲਜ਼ਮ ਵੱਲੋਂ ਚੰਡੀਗੜ੍ਹ 'ਚ ਫਾਇਰਿੰਗ

**ਚੰਡੀਗੜ੍ਹ:** ਬਰਨਾਲਾ ਹਲਕੇ ਦੇ ਸਾਬਕਾ ਵਿਧਾਇਕ ਮਲਕੀਤ ਸਿੰਘ ਕੀਤੂ ਦੇ ਕਤਲ ਕਾਂਡ ਵਿਚ ਲੋੜੀਂਦੇ ਮੁਲਜ਼ਮ ਜਸਪ੍ਰੀਤ ਸਿੰਘ ਉਰਫ ਜੱਸੇ ਨੇ ਹੀ ਲੰਘੀ ਰਾਤ ਸੈਕਟਰ 22 ਤੇ 23 ਲਾਈਟ ਪੁਆਂਇਟ 'ਤੇ ਸ਼ਰ੍ਹੇਆਮ ਗੋਲੀਆਂ ਚਲਾ ਕੇ ਚੰਡੀਗੜ੍ਹ ਪੁਲੀਸ ਦੀ ਨੀਂਦ ਉਡਾਈ ਸੀ। ਪੁਲੀਸ ਅੱਜ ਵੀ ਇਸ ਮੁਲਜ਼ਮ ਨੂੰ ਫੜਨ ਵਿਚ ਕਾਮਯਾਬ ਨਹੀਂ ਹੋਈ।

ਪ੍ਰਾਪਤ ਜਾਣਕਾਰੀ ਅਨੁਸਾਰ ਸੋਮਵਾਰ ਰਾਤ 11 ਵਜੇ ਇੱਥੇ ਸੈਕਟਰ 22 ਵਿਚ ਦੋ ਧੜਿਆਂ ਵਿਚਕਾਰ ਚੱਲੀਆਂ ਗੋਲੀਆਂ ਦਾ ਸਬੰਧ ਵੀ ਮਰਹੂਮ ਵਿਧਾਇਕ ਕੀਤੂ ਦੇ ਕਤਲ ਨਾਲ ਹੀ ਜੁੜਿਆ ਹੈ। ਪੁਲੀਸ ਅੱਜ ਸਾਰਾ ਦਿਨ ਉਸ ਸਕਾਰਪੀਓ ਗੱਡੀ ਦੀ ਭਾਲ ਕਰਦੀ ਰਹੀ ਜਿਸ ਰਾਹੀਂ ਜੱਸਾ ਗੋਲੀਆਂ ਚਲਾ ਕੇ ਫਰਾਰ ਹੋਇਆ ਸੀ ਪਰ ਪੁਲੀਸ ਦੇ ਪੱਲੇ ਕੁਝ ਨਹੀਂ ਪਿਆ। ਪੁਲੀਸ ਅਨੁਸਾਰ ਜੱਸੇ ਨੇ ਲੰਘੀ ਰਾਤ ਜਿਨ੍ਹਾਂ 5 ਮੁੰਡਿਆਂ ਉਪਰ ਗੋਲੀਆਂ ਚਲਾਈਆਂ ਸਨ, ਉਹ ਮਰਹੂਮ ਕੀਤੂ ਦੇ ਹੀ ਰਿਸ਼ਤੇਦਾਰ ਹਨ।

ਸੈਕਟਰ 17 ਥਾਣੇ ਦੇ ਐਸ.ਐਚ.ਓ. ਰਾਮ ਗੋਪਾਲ ਨੇ ਦੱਸਿਆ ਕਿ ਲੰਘੀ ਰਾਤ ਘਟਨਾ ਮੌਕੇ ਮੁਹਾਲੀ ਦਾ ਚਰਨਜੀਤ ਸਿੰਘ ਆਪਣੀ ਕਾਰ ਰਾਹੀਂ ਘਰ ਜਾ ਰਿਹਾ ਸੀ। ਇਸੇ ਦੌਰਾਨ ਸੈਕਟਰ 22 ਤੇ 23 ਦੇ ਲਾਈਟ ਪੁਆਂਇਟ 'ਤੇ ਲਾਲ ਬੱਤੀ ਹੋਣ ਕਾਰਨ ਚਰਨਜੀਤ ਨੇ ਆਪਣੀ ਕਾਰ ਰੋਕ ਲਈ। ਇਸੇ ਦੌਰਾਨ ਪਿੱਛੋਂ ਆ ਰਹੀ ਇਕ ਲੋਗਾਨ ਕਾਰ ਨੇ ਉਸ ਦੀ ਗੱਡੀ ਨੂੰ ਟੱਕਰ ਮਾਰੀ। ਇਸੇ ਦੌਰਾਨ ਇਕ ਸਕਾਰਪੀਓ ਗੱਡੀ ਵੀ ਆ ਕੇ ਰੁਕ ਗਈ ਤੇ ਅਚਨਚੇਤ ਗੋਲੀਆਂ ਚਲ ਗਈਆਂ। ਉਹ ਘਬਰਾ ਕੇ ਕੁਝ ਦੂਰ ਗਿਆ ਤੇ ਪੁਲੀਸ ਕੰਟਰੋਲ ਰੂਮ ਨੂੰ ਸੂਚਿਤ ਕੀਤਾ। ਪੁਲੀਸ ਅਨੁਸਾਰ ਲੋਗਨ ਕਾਰ ਮਨਦੀਪ ਸਿੰਘ ਚਲਾ ਰਿਹਾ ਸੀ ਅਤੇ ਉਸ ਦੇ ਨਾਲ ਸੁਖਵੰਤ ਸਿੰਘ ਸੋਹੀ, ਤਰਨਜੀਤ ਸਿੰਘ, ਰਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਬੈਠੇ ਸਨ। ਗੋਲੀਬਾਰੀ ਦੌਰਾਨ ਸਕਾਰਪੀਓ ਗੱਡੀ ਵਾਲੇ ਪਾਸਿਓਂ ਚੱਲੀ ਇਕ ਗੋਲੀ ਮਨਦੀਪ ਦੇ ਕੰਨ ਨੂੰ ਛੂੰਹਦੀ ਹੋਈ ਨਿਕਲ ਗਈ ਅਤੇ ਉਹ ਜ਼ਖ਼ਮੀ ਹੋ ਗਿਆ। ਇਨ੍ਹਾਂ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪੁਲੀਸ ਅਨੁਸਾਰ ਸਕਾਰਪੀਓ ਵਿਚ ਜੱਸਾ ਸਵਾਰ ਸੀ ਅਤੇ ਉਹ ਗੋਲੀਆਂ ਚਲਾਉਣ ਤੋਂ ਬਾਅਦ ਆਪਣੇ ਸਾਥੀਆਂ ਸਮੇਤ ਫਰਾਰ ਹੋ ਗਿਆ। ਐਸ.ਐਚ.ਓ. ਅਨੁਸਾਰ ਜੱਸਾ ਸੈਕਟਰ 22 ਸਥਿਤ ਟਹਿਲ ਸਿੰਘ ਢਾਬੇ ਤੋਂ ਮਨਦੀਪ ਦੀ ਕਾਰ ਦਾ ਪਿੱਛਾ ਕਰਦਾ ਆ ਰਿਹਾ ਸੀ, ਜਿਸ ਕਾਰਨ ਮਨਦੀਪ ਆਪਣੀ ਕਾਰ ਤੇਜ਼ ਚਲਾ ਰਿਹਾ ਸੀ। ਉਹ ਸੈਕਟਰ 22 ਤੇ 23 ਦੀ ਟਰੈਫਿਕ ਲਾਈਟ ਪੁਆਂਇਟ 'ਤੇ ਪੁੱਜਾ ਤਾਂ ਉਥੇ ਲਾਲ ਬੱਤੀ ਹੋਣ ਕਾਰਨ ਚਰਨਜੀਤ ਦੀ ਕਾਰ ਖੜ੍ਹੀ ਸੀ। ਇਸੇ ਦੌਰਾਨ ਮਨਦੀਪ ਦੀ ਕਾਰ ਘਬਰਾਹਟ ਵਿਚ ਚਰਨਜੀਤ ਦੀ ਕਾਰ ਦੇ ਪਿੱਛੇ ਵੱਜ ਗਈ ਅਤੇ ਪਿੱਛੋਂ ਜੱਸੇ ਦੀ ਆਉਂਦੀ ਸਕਾਰਪੀਓ ਵੀ ਮੌਕੇ 'ਤੇ ਪੁੱਜਣ ਤੋਂ ਬਾਅਦ ਗੋਲੀਬਾਰੀ ਸ਼ੁਰੂ ਹੋ ਗਈ। ਐਸ.ਐਚ.ਓ. ਅਨੁਸਾਰ ਜਦੋਂ ਪੁਲੀਸ ਮੌਕੇ 'ਤੇ ਪੁੱਜੀ ਤਾਂ ਮਨਦੀਪ ਜ਼ਖ਼ਮੀ ਹਾਲਤ ਵਿਚ ਸੀ ਅਤੇ ਉਸ ਨੂੰ ਸੈਕਟਰ 16 ਦੇ ਹਸਪਤਾਲ ਦਾਖਲ ਕਰਵਾਇਆ ਗਿਆ।

## ਚੰਦ 'ਤੇ ਸਬਜ਼ੀਆਂ ਉਗਾਉਣਗੇ ਚੀਨ ਦੇ ਪੁਲਾੜ ਯਾਤਰੀ

**ਪੇਇਚਿੰਗ:** ਚੀਨ ਦੇ ਪੁਲਾੜ ਯਾਤਰੀ ਭਵਿੱਖ ਵਿਚ ਚੰਦ ਜਾਂ ਮੰਗਲ ਗ੍ਰਹਿ 'ਤੇ ਸਬਜ਼ੀਆਂ ਉਗਾ ਸਕਦੇ ਹਨ ਜਿਸ ਨਾਲ ਉਹ ਆਕਸੀਜਨ ਤੇ ਭੋਜਨ ਸਬੰਧੀ ਆਪਣੀਆਂ ਲੋੜਾਂ ਪੂਰੀਆਂ ਕਰ ਸਕਣਗੇ।

ਵਿਗਿਆਨੀਆਂ ਨੇ ਲੈਬਾਰਟਰੀ ਵਿਚ ਇਸ ਦਾ ਸਫ਼ਲ ਤਜਰਬਾ ਕੀਤਾ ਹੈ। ਇੱਥੇ ਸਥਿਤ ਐਸਟਰਨੈਟ ਰਿਸਰਚ ਐਂਡ ਟਰੇਨਿੰਗ ਸੈਂਟਰ ਦੇ ਡਿਪਟੀ ਡਾਇਰੈਕਟਰ ਡੇਂਗ ਯਿਬਿੰਗ ਨੇ ਦੱਸਿਆ ਕਿ ਹਾਲ ਹੀ ਵਿਚ ਇਸ ਸਬੰਧੀ ਤਜਰਬੇ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਪੌਦਿਆਂ ਅਤੇ ਮਨੁੱਖਾਂ ਦੀਆਂ ਕੁਝ ਸਾਂਝੀਆਂ ਲੋੜਾਂ ਬਾਰੇ ਕੁਝ ਤਜਰਬੇ ਕੀਤੇ ਗਏ ਹਨ। ਮਨੁੱਖਾਂ ਅਤੇ ਪੌਦਿਆਂ 'ਚ ਪਾਣੀ, ਆਕਸੀਜਨ ਤੇ ਕਾਰਬਨ ਡਾਇਆਕਸਾਈਡ ਦਾ ਇਕ ਸਾਂਝਾ ਚੱਕਰ ਹੈ। ਇਸ ਤਜਰਬੇ ਵਾਸਤੇ ਤਿੰਨ ਸੌ ਕਿਊਸਿਕ ਮੀਟਰ ਦਾ ਇਕ ਵਿਸ਼ੇਸ਼ ਕੇਬਿਨ ਬਣਾਇਆ ਗਿਆ।

## ਬੜਾ ਵੱਖਰਾ ਸੀ ਆਈਨਸਟਾਈਨ ਦਾ ਦਿਮਾਗ

**ਲੰਡਨ:** ਵਿਗਿਆਨੀਆਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਭੌਤਿਕ ਵਿਗਿਆਨੀ ਅਲਬਰਟ ਆਈਨਸਟਾਈਨ ਦਾ ਦਿਮਾਗ ਭਾਵੇਂ ਔਸਤ ਆਕਾਰ ਦਾ ਸੀ ਪਰ ਇਸ ਵਿਚ ਵੱਡੀ ਗਿਣਤੀ ਤਹਿਆਂ ਦੀ ਸੀ ਜਿਸ ਸਦਕਾ ਉਹ ਅਲੋਕਾਰ ਢੰਗ ਨਾਲ ਸੋਚ ਸਕਦਾ ਹੋ ਸਕਦਾ ਹੈ। 1955 ਵਿਚ ਮੌਤ ਹੋਣ ਮਗਰੋਂ ਇਸ ਨੋਬੇਲ ਪੁਰਸਕਾਰ ਜੇਤੂ ਵਿਗਿਆਨੀ ਦਾ ਦਿਮਾਗ 240 ਬਲਾਕਾਂ ਵਿਚ ਵੰਡ ਕੇ ਖੋਜਕਾਰਾਂ ਨੂੰ ਸੌਂਪਿਆ ਗਿਆ ਸੀ। ਇਸ ਦੇ ਬਹੁਤੇ ਨਮੂਨੇ ਗੁਆਚ ਚੁੱਕੇ ਹਨ ਤੇ ਇਸ ਦੀ ਬਣਤਰ ਬਾਰੇ ਬੜਾ ਘੱਟ ਕੁਝ ਲਿਖਿਆ ਗਿਆ ਹੈ।

'ਦਿ ਟੈਲੀਗ੍ਰਾਫ' 'ਚ ਛਪੀ ਰਿਪੋਰਟ ਅਨੁਸਾਰ ਹੁਣ ਵਿਗਿਆਨੀਆਂ ਨੇ ਆਈਨਸਟਾਈਨ ਦੇ ਅਣਵੰਡੇ ਦਿਮਾਗ ਦੀਆਂ ਤਸਵੀਰਾਂ ਦੀ ਵਰਤੋਂ ਕਰਦਿਆਂ ਇਕ ਖਾਕਾ ਤਿਆਰ ਕੀਤਾ ਹੈ ਜੋ 240 ਸੈਕਸ਼ਨਾਂ ਨੂੰ ਜੋੜਦਾ ਹੈ। ਰੋਗ ਵਿਗਿਆਨੀ ਥਾਮਸ ਹਾਰਵੇ ਦੇ ਨਿੱਜੀ ਸੰਗ੍ਰਹਿ ਵਿਚੋਂ ਕਈ ਤਸਵੀਰਾਂ ਤੋਂ ਆਈਨਸਟਾਈਨ ਦੇ ਦਿਮਾਗ ਦੀਆਂ ਕਈ ਵਿਲੱਖਣ ਗੱਲਾਂ ਸਾਹਮਣੇ ਆਉਂਦੀਆਂ ਹਨ ਜਿਸ ਮੁਤਾਬਕ ਭਾਵੇਂ ਉਸ ਦਾ ਦਿਮਾਗ ਔਸਤ ਆਕਾਰ ਦਾ ਸੀ ਤੇ ਇਸ ਦਾ ਭਾਰ 1230 ਗ੍ਰਾਮ ਸੀ ਪਰ ਇਸ ਦੇ ਕੁਝ ਹਿੱਸਿਆਂ 'ਚ ਆਮ ਨਾਲੋਂ ਵਿਲੱਖਣ ਗਿਣਤੀ 'ਚ ਤਹਿਆਂ ਤੇ ਵਟ ਸਨ। ਉਸ ਦੇ ਦਿਮਾਗ ਦੀ ਬਣਤਰ ਨੂੰ ਹੋਰ 85 ਦਿਮਾਗਾਂ ਨਾਲ ਮੁਕਾਬਲੇ 'ਚ ਰੱਖ ਕੇ ਦੇਖਿਆ ਗਿਆ ਸੀ।

ਮਾਨਵ ਵਿਗਿਆਨੀ ਡੀਨ ਫਾਕ (ਫਲੋਰੀਡਾ ਸਟੇਟ ਯੂਨੀਵਰਸਿਟੀ) ਮੁਤਾਬਕ ਆਈਨਸਟਾਈਨ ਦਾ ਦਿਮਾਗ ਵਿਲੱਖਣ ਢੰਗ ਨਾਲ ਗੁੰਝਲਦਾਰ ਸੀ।

ਇਸ ਸਿੱਟੇ ਨਾਲ ਪਹਿਲੇ ਦੋ ਅਧਿਐਨਾਂ ਦੀ ਪੁਸ਼ਟੀ ਹੁੰਦੀ ਹੈ ਕਿ ਉਸ ਦੇ ਦਿਮਾਗ ਦੀ ਅਲੋਕਾਰ ਬਣਤਰ ਕਾਰਨ ਹੀ ਉਹ ਭੌਤਿਕ ਵਿਗਿਆਨ ਦੀਆਂ ਗੁੰਝਲਾਂ ਹੱਲ ਕਰਨ ਦੇ ਸਮਰੱਥ ਸੀ।

ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ ਗੁਰਬਾਣੀ ਰੇਡੀਓ ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
Studio Telephone : (408) 272-5200

ਪੰਜਾਬੀ ਰੇਡੀਓ ਦੇ ਪ੍ਰੋਗਰਾਮ

☞ **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
☞ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
☞ ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
☞ ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
☞ ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
☞ ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
☞ 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
☞ **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
☞ ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
☞ ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
☞ ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

ਤਾਜ਼ੀਆਂ ਖ਼ਬਰਾਂ ਰੇਡੀਓ 'ਤੇ
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ
605.475.6868 Ext. 1 ਜਾਂ
832.551.5029 Ext. 1

ਨਵੇਂ ਪ੍ਰੋਗਰਾਮ
☞ **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
☞ **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
☞ **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
☞ **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ
*ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ*
605.475.6868 • 832.551.5029
ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

# ਅਦਾਲਤ ਵਲੋਂ ਸੈਨ ਹੋਜ਼ੇ ਗੁਰਦੁਆਰਾ ਸੁਧਾਰ ਕਮੇਟੀ ਨੂੰ ਕੁਝ ਰਾਹਤ

**ਸੈਨ ਹੋਜ਼ੇ (ਬਿਊਰੋ):** ਸੁਪੀਰੀਅਰ ਕੋਰਟ ਸੈਂਟਾ ਕਲਾਰਾ ਨੇ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕੀ ਝਗੜੇ ਨੂੰ ਲੈ ਕੇ ਬਣੀ ਗੁਰਦੁਆਰਾ ਸੁਧਾਰ ਕਮੇਟੀ ਨੂੰ ਕੁਝ ਰਾਹਤ ਦਿੰਦਿਆਂ ਫੈਸਲਾ



*ਭੁਪਿੰਦਰ ਸਿੰਘ ਢਿੱਲੋਂ*

ਦਿੱਤਾ ਹੈ ਕਿ ਉਨ੍ਹਾਂ ਵਲੋਂ ਗੁਰਦੁਆਰਾ ਮੈਂਬਰਾਂ ਨੂੰ ਭੇਜੇ ਜਾਣ ਵਾਲੇ ਲਿਖਤੀ ਪੱਤਰ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੂੰ ਭੇਜਣੇ ਪੈਣਗੇ ਪਰ ਇਸ ਦਾ ਖਰਚਾ ਗੁਰਦੁਆਰਾ ਸੁਧਾਰ ਕਮੇਟੀ ਨੂੰ ਦੇਣਾ ਪਵੇਗਾ। ਪ੍ਰੰਤੂ ਅਦਾਲਤ ਨੇ ਮੁੱਦਈ ਗੁਰਦੁਆਰਾ ਸੁਧਾਰ ਕਮੇਟੀ ਦੀ ਸੈਨ ਹੋਜ਼ੇ ਗੁਰੂ ਘਰ ਦੇ ਵਿੱਤੀ ਰਿਕਾਰਡ ਨਿਰਖਣ-ਪਰਖਣ ਅਤੇ ਇਸ ਦੀ ਕਾਪੀ ਲੈਣ ਸਬੰਧੀ ਮੰਗ ਰੱਦ ਕਰ ਦਿੱਤੀ। ਅਦਾਲਤ ਨੇ ਸੁਧਾਰ ਕਮੇਟੀ ਦੀ ਇਹ ਮੰਗ ਵੀ ਰੱਦ ਕਰ ਦਿੱਤੀ ਕਿ ਵਿਵਾਦ ਵਾਲੇ ਬਾਈਲਾਅਜ਼ ਗੁਰਦੁਆਰਾ ਸਾਹਿਬ ਦੀ ਵੈਬ ਸਾਈਟ ਤੋਂ ਹਟਾਏ ਜਾਣ।

ਗੁਰਦੁਆਰਾ ਸੁਧਾਰ ਕਮੇਟੀ ਨੇ ਜੱਜ ਵੁਡਰਿਜ ਵਲੋਂ ਦਿੱਤੇ ਗਏ ਇਸ ਫੈਸਲੇ ਨੂੰ ਆਪਣੀ ਵੱਡੀ ਜਿੱਤ ਕਰਾਰ ਦਿੱਤਾ ਹੈ ਜਦੋਂਕਿ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਭੁਪਿੰਦਰ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਅਸੀਂ ਤਾਂ ਪਹਿਲਾਂ ਹੀ ਸੁਧਾਰ ਕਮੇਟੀ ਨੂੰ ਉਨ੍ਹਾਂ ਦੇ ਲਿਖਤੀ ਪੱਤਰ ਇਸ ਤਰੀਕੇ ਭੇਜਣ ਦੀ ਪੇਸ਼ਕਸ਼ ਕੀਤੀ ਹੋਈ ਸੀ। ਪ੍ਰੰਤੂ ਉਨ੍ਹਾਂ ਵਲੋਂ ਇਹ ਲਗਾਤਾਰ ਮੰਗ ਕੀਤੀ ਜਾ ਰਹੀ ਸੀ ਕਿ ਉਨ੍ਹਾਂ ਨੂੰ ਮੈਂਬਰਸ਼ਿਪ ਸੂਚੀ ਦਿੱਤੀ ਜਾਵੇ ਜਿਸ ਵਿਚ ਮੈਂਬਰਾਂ ਬਾਰੇ ਪੂਰੀ ਸੂਚਨਾ ਹੋਵੇ। ਇਸ ਤੋਂ ਇਲਾਵਾ ਇਹ ਸਭ ਉਦੋਂ ਸ਼ੁਰੂ ਹੋਵੇਗਾ ਜਦੋਂ ਪ੍ਰਬੰਧਕ ਕਮੇਟੀ ਦੀ ਚੋਣ ਦਾ ਐਲਾਨ ਹੋਵੇਗਾ ਅਤੇ ਯੋਗ ਉਮੀਦਵਾਰ ਚੋਣ ਮੈਦਾਨ ਵਿਚ ਹੋਣਗੇ। ਸ. ਢਿੱਲੋਂ ਨੇ ਆਖਿਆ ਕਿ ਇਸ ਤੋਂ ਇਲਾਵਾ ਜੱਜ ਨੇ ਡੈਪੋਜੀਸ਼ਨਾਂ ਲਈ ਵੀ ਰਾਹ ਖੋਲ੍ਹ ਦਿੱਤਾ ਹੈ ਜੋ ਕਿ ਦੋਧਾਰੀ ਤਲਵਾਰ ਹੈ ਅਤੇ ਇਸ ਨਾਲ ਸਿਰਫ ਖਰਚਾ ਹੀ ਵਧੇਗਾ।

ਗੁਰਦੁਆਰਾ ਸੁਧਾਰ ਕਮੇਟੀ ਦੇ ਬੁਲਾਰੇ ਡਾ. ਤਰਲੋਚਨ ਸਿੰਘ ਨਾਹਲ ਨੇ ਇਕ ਬਿਆਨ ਵਿਚ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਅਦਾਲਤ ਦੇ ਇਸ ਫੈਸਲੇ ਨਾਲ ਚਾਰ ਨੁਕਤਿਆਂ 'ਤੇ ਜਿੱਤ ਹਾਸਲ ਹੋਈ ਹੈ। ਉਨ੍ਹਾਂ ਕਿਹਾ ਕਿ ਅਦਾਲਤ ਨੇ ਇਸ ਕੇਸ ਵਿਚ ਇਕ ਕਲਾਸ ਐਕਸ਼ਨ ਰਾਹੀਂ ਦਖਲ ਦੇਣ ਵਾਲੀ ਧਿਰ ਦੀ ਇਹ ਮੰਗ ਰੱਦ ਕਰ ਦਿੱਤੀ ਕਿ ਗੁਰਦੁਆਰਾ ਕਮੇਟੀ ਦੇ ਜਿਨ੍ਹਾਂ ਮੈਂਬਰਾਂ ਨੂੰ ਕਾਨੂੰਨੀ ਨੋਟਿਸ ਨਹੀਂ ਭੇਜਿਆ ਗਿਆ ਉਨ੍ਹਾਂ ਦੇ ਖਿਲਾਫ ਕੇਸ ਖਤਮ ਕੀਤਾ ਜਾਵੇ। ਦਖਲ ਦੇਣ ਵਾਲੀ ਧਿਰ ਦੀ ਉਹ ਮੋਸ਼ਨ ਵੀ ਮੰਨਣ ਤੋਂ ਅਦਾਲਤ ਨੇ ਇਨਕਾਰ ਕਰ ਦਿੱਤਾ ਜਿਸ ਵਿਚ ਉਨ੍ਹਾਂ ਨੇ ਮੁੱਦਈ (ਗੁਰਦੁਆਰਾ ਸੁਧਾਰ ਕਮੇਟੀ) 'ਤੇ ਕੁਝ ਦੋਸ਼ ਲਾਉਂਦਿਆ ਮੰਗ ਕੀਤੀ ਸੀ ਕਿ ਉਨ੍ਹਾਂ ਦੇ ਜੁਆਬ ਵੀ ਨਾ ਦਰਜ ਕੀਤੇ ਜਾਣ ਅਤੇ ਉਨ੍ਹਾਂ ਦੇ ਖਿਲਾਫ ਫੈਸਲਾ ਕਰ ਦਿਤਾ ਜਾਏ।

ਡਾ. ਨਾਹਲ ਨੇ ਕਿਹਾ ਕਿ ਮੁੱਦਈ ਧਿਰ ਦੀ ਮੈਂਬਰਾਂ ਨਾਲ ਸੰਪਰਕ ਕਾਇਮ ਕਰਨ ਸਬੰਧੀ ਮੰਗ ਅਦਾਲਤ ਨੇ ਪ੍ਰਵਾਨ ਕਰ ਕੇ ਉਨ੍ਹਾਂ ਨੂੰ ਵੱਡੀ ਰਾਹਤ ਦਿੱਤੀ ਹੈ। ਇਸ ਤਰ੍ਹਾਂ ਗੁਰਦੁਆਰਾ ਸਾਹਿਬ ਦੇ ਮੈਂਬਰਾਂ ਦੀ ਲਿਸਟ ਦੇਣ ਤੋਂ ਬਿਨਾ ਹੀ ਪ੍ਰਤੀਵਾਦੀ ਧਿਰ ਭਾਵ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸੁਧਾਰ ਕਮੇਟੀ ਦੇ ਲਿਖਤੀ ਸੁਨੇਹੇ ਨੂੰ ਆਪ ਭੇਜੇਗੀ, ਖਰਚਾ ਸਿਰਫ ਮੁੱਦਈ ਧਿਰ ਵਲੋਂ ਦਿੱਤਾ ਜਾਏਗਾ।

ਡਾ. ਨਾਹਲ ਨੇ ਕਿਹਾ ਕਿ ਪਿਛਲੇ ਸਾਲ ਜੁਲਾਈ ਵਿਚ ਜਦੋਂ ਗੁਰਦੁਆਰਾ ਸੁਧਾਰ ਕਮੇਟੀ ਨੇ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਕਮੇਟੀ ਦੇ ਖਿਲਾਫ ਕੇਸ ਜਿਤ ਲਿਆ ਸੀ ਅਤੇ ਅਦਾਲਤ ਨੇ ਵੋਟਰ ਲਿਸਟ ਦੀ ਕਾਪੀ ਗੁਰਦੁਆਰਾ ਸੁਧਾਰ ਕਮੇਟੀ ਨੂੰ ਦੇਣ ਦਾ ਹੁਕਮ ਕਰ ਦਿੱਤਾ ਸੀ ਤਾਂ ਇਕ ਅਖੌਤੀ ਤੀਜੀ ਧਿਰ-ਲਖਵਿੰਦਰ ਸਿੰਘ ਸ਼ਾਹੀ, ਰਣਜੀਤ ਸਿੰਘ ਰਾਏ, ਗੁਰਦੇਵ ਸਿੰਘ ਤੀਰ ਅਤੇ ਗੁਰਪ੍ਰੀਤ ਕੌਰ ਨੇ ਸਿੱਖ ਗੁਰਦੁਆਰਾ ਸੈਨ ਹੋਜ਼ੇ



*ਡਾ. ਤਰਲੋਚਨ ਸਿੰਘ ਨਾਹਲ*

ਉਪਰ 'ਪ੍ਰਾਈਵੇਸੀ' ਦਾ ਮਸਲਾ ਉਠਾ ਕੇ ਸਮੂਹਕ ਮੁਕੱਦਮਾ ਕਰ ਦਿਤਾ ਸੀ ਕਿ ਵੋਟਰ ਲਿਸਟ ਗੁਰਦੁਆਰਾ ਸੁਧਾਰ ਕਮੇਟੀ ਜਾਂ ਗੁਰਦੁਆਰਾ ਸਾਹਿਬ ਦੀ ਚੋਣ ਲੜਨ ਦੇ ਕਿਸੇ ਵੀ ਚਾਹਵਾਨ ਕੋਲ ਨਾ ਚਲੀ ਜਾਏ।

ਉਨ੍ਹਾਂ ਦੋਸ਼ ਲਾਇਆ ਕਿ ਮੁਕੱਦਮਾ ਕਰਨ ਵਾਲੀ ਇਸ ਧਿਰ ਦਾ ਇਕ ਵੀ ਮੈਂਬਰ ਪਿਛਲੇ ਡੇਢ ਸਾਲ ਵਿਚ ਇਕ ਵਾਰੀ ਵੀ ਅਦਾਲਤ ਵਿਚ ਪੇਸ਼ ਨਹੀਂ ਹੋਇਆ। ਉਥੇ ਉਨ੍ਹਾਂ ਦਾ ਵਕੀਲ ਜਾਂ ਗੁਰਦੁਆਰਾ ਸੈਨ ਹੋਜ਼ੇ ਦੀ ਕਮੇਟੀ ਦੇ ਮੈਂਬਰ ਜਾਂ ਉਨ੍ਹਾਂ ਦੇ ਵਕੀਲ ਹੀ ਹਾਜ਼ਰ ਹੁੰਦੇ ਰਹੇ ਹਨ। ਸੰਗਤਾਂ ਨੂੰ ਸ਼ੁਰੂ ਤੋਂ ਹੀ ਇਸ ਮਸਲੇ ਸਬੰਧੀ ਦਾਲ ਵਿਚ ਕੁਝ ਕਾਲਾ ਦਿਸ ਰਿਹਾ ਸੀ। ਆਮ ਸੰਗਤ ਵਲੋਂ ਇਸ ਦਖਲ ਦੇਣ ਵਾਲੀ ਧਿਰ ਅਤੇ ਗੁਰਦੁਆਰਾ ਸੈਨ ਹੋਜ਼ੇ ਦੀ ਕਮੇਟੀ ਦੇ ਆਪਸ ਵਿਚ ਘਿਉ-ਖਿਚੜੀ ਹੋਣ ਬਾਰੇ ਸ਼ੰਕੇ ਪਹਿਲੇ ਦਿਨ ਤੋਂ ਹੀ ਉਤਪੰਨ ਹੁੰਦੇ ਰਹੇ ਹਨ। ਸੰਗਤਾਂ ਇਹ ਭਲੀ ਪ੍ਰਕਾਰ ਜਾਣਦੀਆਂ ਹਨ ਕਿ ਇਸ ਕੇਸ ਦਾ ਅਸਲੀ ਮੰਤਵ ਕਿਸੇ ਦੀ ਪ੍ਰਾਈਵੇਸੀ ਦਾ ਮਸਲਾ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਤਾਂ ਕਿਸੇ ਨਾ ਕਿਸੇ ਬਹਾਨੇ ਚੋਣਾਂ ਵਿਚ ਬਿਨਾ ਵਜ੍ਹਾ ਅੜਿੱਕਾ ਡਾਹੁਣ ਲਈ ਸੀ ਤਾਂ ਕਿ ਮੌਜੂਦਾ ਕਮੇਟੀ ਵਧ ਤੋਂ ਵਧ ਸਮਾਂ ਕੁਰਸੀ ਨਾਲ ਚਿੰਬੜੀ ਰਹਿ ਸਕੇ।

## ਵਾਈਟ ਹਾਊਸ ਵਿਖੇ ਗੁਰਪੁਰਬ ਸਮਾਗਮ 7 ਨੂੰ

**ਸੈਨ ਹੋਜ਼ੇ (ਬਿਊਰੋ):** ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਮੁੱਖ ਰੱਖਦਿਆਂ ਡਾ. ਰਾਜਵੰਤ ਸਿੰਘ ਦੀ ਅਗਵਾਈ ਹੇਠ ਰਾਸ਼ਟਰਪਤੀ ਬਰਾਕ ਓਬਾਮਾ ਵਲੋਂ ਵਾਈਟ ਹਾਊਸ ਵਿਚ 7 ਦਸੰਬਰ ਸ਼ੁੱਕਰਵਾਰ ਨੂੰ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਵਾਈਟ ਹਾਊਸ ਵਲੋਂ ਆਏ ਸੱਦੇ ਪੱਤਰ 'ਤੇ ਗੁਰਦੁਆਰਾ ਸੈਨ ਹੋਜ਼ੇ ਦੀ ਸੰਗਤ ਵਲੋਂ ਭਾਈ ਸਰਬਜੀਤ ਸਿੰਘ ਸੰਧੂ ਅਤੇ ਬੀਬੀ ਮਨਰੂਪ ਕੌਰ ਇਸ ਕੀਰਤਨ ਦਰਬਾਰ ਵਿਚ ਹਿੱਸਾ ਲੈਣਗੇ।

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਬੰਧੀ ਸਮਾਗਮ 21 ਤੋਂ

**ਸੈਨ ਹੋਜ਼ੇ (ਬਿਊਰੋ):** ਇਲਾਕਾ ਫਤਿਹਗੜ੍ਹ ਸਾਹਿਬ ਦੀਆਂ ਸੰਗਤਾਂ ਵਲੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਸਮਾਗਮ 21 ਤੋਂ 23 ਦਸੰਬਰ ਤੱਕ ਗੁਰਦੁਆਰਾ ਸੈਨ ਹੋਜ਼ੇ ਵਿਖੇ ਕਰਵਾਏ ਜਾ ਰਹੇ ਹਨ। ਇਸ ਸਬੰਧੀ ਇਲਾਕਾ ਨਿਵਾਸੀਆਂ ਦੀ ਇਕ ਮੀਟਿੰਗ ਇਥੇ ਹੋਈ ਜਿਸ ਵਿਚ ਸਿੱਖ ਕੌਮ ਦੀ ਪਨੀਰੀ ਨੂੰ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਉਣ ਲਈ ਮਹਾਨ ਕੀਰਤਨੀ ਜਥੇ, ਕਥਾਵਾਚਕ ਤੇ ਪੰਥਕ ਬੁਲਾਰੇ ਬੁਲਾਉਣ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਬੰਧੀ ਲਿਟਰੇਚਰ ਵੰਡਣ ਸਬੰਧੀ ਵਿਚਾਰਾਂ ਹੋਈਆਂ।

ਇਨ੍ਹਾਂ ਸਮਾਗਮਾਂ ਦੇ ਪ੍ਰਬੰਧਕ ਸ. ਸੁਖਵਿੰਦਰ ਸਿੰਘ ਗੋਗੀ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਮਾਗਮ ਸਬੰਧੀ ਅਖੰਡ ਪਾਠ ਦਾ ਅਰੰਭ 21 ਦਸੰਬਰ ਨੂੰ ਹੋਵੇਗਾ, 22 ਦਸੰਬਰ ਸਨਿਚਰਵਾਰ ਸ਼ਾਮ ਨੂੰ 7 ਵਜੇ ਵਿਸ਼ੇਸ਼ ਰੋਸ਼ਨੀ ਤੇ ਆਵਾਜ਼ ਪ੍ਰੋਗਰਾਮ 'ਨਿੱਕੀਆਂ ਜਿੰਦਾਂ, ਵੱਡਾ ਸਾਕਾ' ਦਿਖਾਇਆ ਜਾਵੇਗਾ। ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ ਹੈ। ਹੋਰ ਜਾਣਕਾਰੀ ਲੈਣ ਲਈ ਸ. ਸੁਖਵਿੰਦਰ ਸਿੰਘ ਗੋਗੀ ਫੋਨ 408-648-6774 ਜਾਂ ਸ. ਬਲਵਿੰਦਰ ਸਿੰਘ ਫੋਨ 408-628-9001 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਸਿੱਖ ਨਸਲਕੁਸ਼ੀ ਦੌਰਾਨ 90 ਸਿੱਖਾਂ ਨੂੰ ਜਿਊਂਦੇ ਸਾੜਨ ਦਾ ਖੁਲਾਸਾ

**ਚੰਡੀਗੜ੍ਹ:** 1984 ਸਿੱਖ ਕਤਲੇਆਮ ਦੌਰਾਨ ਦਿੱਲੀ ਦੇ ਨਾਲ-ਨਾਲ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਵਸੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਜਿਉਂਦਿਆਂ ਸਾੜਿਆ ਗਿਆ ਸੀ। ਇਲਾਹਾਬਾਦ, ਬੋਕਾਰੋ ਤੇ ਮਿਰਜ਼ਾਪੁਰ ਵਿਚ 1984 ਦੀ ਨਸਲਕੁਸ਼ੀ ਵੇਲੇ 90 ਸਿੱਖਾਂ ਨੂੰ ਜਿਊਂਦਿਆਂ ਸਾੜ ਸਾੜਨ ਦਾ ਸੱਚ ਸਾਹਮਣੇ ਆਇਆ ਹੈ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਿਖਸ ਫਾਰ ਜਸਟਿਸ ਨੇ ਸਬੰਧਤ ਦਸਤਾਵੇਜ਼ ਤੇ ਤਸਵੀਰਾਂ ਸਾਹਮਣੇ ਲਿਆਂਦੀਆਂ ਹਨ।

ਪ੍ਰੈੱਸ ਕਾਨਫਰੰਸ ਦੌਰਾਨ ਮਾਰੇ ਗਏ 90 ਸਿੱਖਾਂ ਦੀ ਸੂਚੀ ਜਾਰੀ ਕਰਦਿਆਂ ਖੁਲਾਸਾ ਕੀਤਾ ਕਿ ਉਸ ਮੌਕੇ ਹਮਲਾਵਰਾਂ ਦੀ ਅਗਵਾਈ ਕਾਂਗਰਸੀ ਨੇਤਾ ਤੇ ਵਿਧਾਇਕ ਅਜ਼ੀਜ ਅਮਾਮ ਤੇ ਕਾਂਗਰਸੀ ਨੇਤਾ ਜੇ.ਐਨ. ਤ੍ਰਿਪਾਠੀ ਕਰ ਰਹੇ ਸਨ। ਇਸ ਹਜੂਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਵੀ ਅੱਗ ਦੇ ਹਵਾਲੇ ਕਰ ਦਿੱਤਾ ਤੇ ਰੋਕਣ 'ਤੇ ਨਿਰਮਲੇ ਸੰਤ ਸਵਾਮੀ ਕਰਮ ਸਿੰਘ ਨੂੰ ਜਿਊਂਦਿਆਂ ਸਾੜ ਦਿੱਤਾ। ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਤੇ ਸਿਖਸ ਫਾਰ ਜਸਟਿਸ ਨੇ ਪੀਪਲਜ਼ ਮੂਵਮੈਂਟ ਫਾਰ ਹਿਊਮਨ ਰਾਈਟਸ ਦੇ ਸਹਿਯੋਗ ਨਾਲ ਸੱਚ ਨੂੰ ਸਾਹਮਣੇ ਲਿਆਂਦਾ ਗਿਆ ਹੈ ਕਿ ਨਵੰਬਰ 1984 ਦੇ ਪਹਿਲੇ ਹਫਤੇ ਸਿੱਖ ਭਾਈਚਾਰੇ ਖ਼ਿਲਾਫ਼ ਸਿਆਸੀ ਅੱਗ ਨੇ ਇਲਾਹਾਬਾਦ, ਮਿਰਜ਼ਾਪੁਰ ਤੇ ਬੋਕਾਰੋ (ਝਾਰਖੰਡ) ਰਹਿੰਦੇ ਸਿੱਖ ਪਰਿਵਾਰਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਸੀ। ਸੰਸਥਾ ਨੇ ਦੱਸਿਆ ਕਿ ਬਾਕੀ ਥਾਂਵਾਂ ਵਾਂਗ ਇਥੇ ਵੀ ਹਮਲਾਵਰਾਂ ਖ਼ਿਲਾਫ਼ ਐਫ ਆਈ ਆਰ ਦਰਜ ਹੋਈ। ਗਵਾਹ ਤੇ ਸਬੂਤ ਵੀ ਮੌਜੂਦ ਹਨ ਪਰ ਫਿਰ ਵੀ 28 ਸਾਲ ਤੋਂ ਕਿਸੇ ਨੂੰ ਸਜ਼ਾ ਨਹੀਂ ਦਿਤੀ।

ਸੰਸਥਾ ਨੇ ਇਨਸਾਫ ਦੀ ਆਸ ਨਾਲ ਸਿੱਖ ਨਸਲਕੁਸ਼ੀ ਦਸਤਖ਼ਤ ਪਟੀਸ਼ਨ ਬਰਾਕ ਓਬਾਮਾ ਤਕ ਪਹੁੰਚਾਉਣ ਦਾ ਫੈਸਲਾ ਵੀ ਕੀਤਾ ਹੈ। ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਕਾਂਗਰਸੀ ਆਗੂ ਅਜ਼ੀਜ਼ ਅਮਾਮ ਤੇ ਤ੍ਰਿਪਾਠੀ ਨੇ ਆਪਣੇ ਪੈਟਰੋਲ ਪੰਪ ਤੋਂ ਤੇਲ ਤੇ ਕੈਮੀਕਲ ਭੇਜਿਆ ਜੋ ਜਿਊਂਦੇ ਸਿੱਖਾਂ ਨੂੰ ਸਾੜਨ ਲਈ ਵਰਤਿਆ ਗਿਆ। ਉਨ੍ਹਾਂ ਐਲਾਨ ਕੀਤਾ ਕਿ 10 ਦਸੰਬਰ ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਤੇ ਜਮਸ਼ੇਦਪੁਰ ਵਿਖੇ ਵਿਸ਼ਵ ਮਨੁੱਖੀ ਅਧਿਕਾਰ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਕੈਂਡਲ ਮਾਰਚ ਕੱਢੇ ਜਾਣਗੇ। ਉਨ੍ਹਾਂ ਨੇ ਦੱਸਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ 25 ਹਜ਼ਾਰ ਲੋਕਾਂ ਦੇ ਦਸਤਖ਼ਤਾਂ ਵਾਲੀ ਸਿੱਖ ਨਸਲਕੁਸ਼ੀ ਪਟੀਸ਼ਨ 15 ਦਸੰਬਰ ਨੂੰ ਸੌਂਪੀ ਜਾਵੇਗੀ।


## ਗੁਰਦੁਆਰਾ ਨਾਨਕਸਰ 'ਚ ਗੁਰਪੁਰਬ 'ਤੇ ਵਿਸ਼ੇਸ਼ ਸਮਾਗਮ

**ਫਰਿਜ਼ਨੋ (ਬਿਊਰੋ):** ਇਥੇ ਗੁਰਦੁਆਰਾ ਨਾਨਕਸਰ, ਚੈਰੀ ਰੋਡ ਵਿਖੇ ਗੁਰੂ ਨਾਨਕ ਪਾਤਸਾਹ ਦੇ ਆਗਮਨ ਪੁਰਬ ਸਬੰਧੀ ਬੁੱਧਵਾਰ ਨੂੰ ਰਾਤਰੀ ਦੇ ਵਿਸ਼ੇਸ਼ ਦੀਵਾਨ ਸਜਾਏ ਗਏ। ਇਸ ਸਮਾਗਮ ਵਿਚ ਸੰਗਤਾਂ ਨੇ ਭਾਰੀ ਗਿਣਤੀ ਵਿਚ ਹਾਜਰੀ ਭਰੀ। ਸੰਗਤ ਦੇ ਠਾਠਾਂ ਮਾਰਦੇ ਇਕੱਠ ਕਰਕੇ ਮੱਥਾ ਟੇਕਣ ਵਾਸਤੇ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਸਨ।

ਅਖੰਡ ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਿਆ ਜਿਸ ਵਿਚ ਭਾਈ ਇਕਬਾਲ ਸਿੰਘ, ਹਰਵਿੰਦਰ ਸਿੰਘ ਅਤੇ ਸਖਵਿੰਦਰ ਸਿੰਘ (ਝੋਰੜਾਂ) ਵਾਲਿਆਂ ਦੇ ਜਥੇ ਨੇ ਰੱਬੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਕਰਨੈਲ ਸਿੰਘ ਨੇ ਕਥਾ ਵਿਆਖਿਆ ਦੁਆਰਾ ਸੰਗਤਾਂ ਨਾਲ ਗੁਰ ਸ਼ਬਦ ਦੀ ਸਾਂਝ ਪਾਈ। ਭਾਈ ਅਮਰਜੀਤ ਸਿੰਘ ਅਤੇ ਭਾਈ ਗੁਰਵਿੰਦਰ ਸਿੰਘ ਨੇ ਵੀ ਗੁਰੂ ਸਾਹਿਬ ਦੇ ਆਗਮਨ ਪੁਰਬ ਦੀ ਸੰਗਤ ਨੂੰ ਵਧਾਈ ਦਿੱਤੀ। ਗੁਰੂ ਘਰ ਦੇ ਸੇਵਾਦਾਰ ਭਾਈ ਹਰਭਜਨ ਸਿੰਘ ਅਤੇ ਦਾਰਾ ਸਿੰਘ ਦੇ ਜਥੇ ਨੇ ਵੀ ਅਨੰਦਮਈ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਉਪਦੇਸ ਤੋਂ ਜਾਣੂੰ ਕਰਵਾਇਆ। ਗੁਰੂ ਘਰ ਦੇ ਮੁਖ ਸੇਵਾਦਾਰ ਬਾਬਾ ਕਰਤਾਰ ਸਿੰਘ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਜਲੇਬੀਆਂ, ਦੁਧ, ਚਾਹ ਪਕੌੜਿਆਂ ਦੇ ਸੰਗਤ ਵਲੋਂ ਲੰਗਰ ਭਰਪੂਰ ਚੱਲ ਰਹੇ ਸਨ।

**Hiring Owner Operators & Drivers**
Green Freightlines Inc. is now Hiring Owner Operator and Drivers.
ਗਰੀਨ ਫਰੇਟਲਾਈਨਜ਼ ਇੰਕ ਨੂੰ ਓਨਰ ਆਪਰੇਟਰ ਅਤੇ ਡਰਾਈਵਰ ਚਾਹੀਦੇ ਹਨ। ਸੰਪਰਕ ਕਰੋ
**Call @ 866-245-7353**

**Buy or Sell** *House, Liquor Store, Gas Station etc.*
**In Bay Area & Central Valley**
* For Quick Short Sale
* Refinance @ Zero Cost
* Home Loans & SBA Loans
* Free Loan Approval Letter



**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690
SMS or Call @
**510-452-7370**
www.singhraj.bayeastweb.com
Fax: 510-490-9703
MISSION PEAK BROKERS, INC. PEAK OF EXCELLENCE
REALTOR MLS
46560 Fremont Blvd., Suite#111, Fremont, CA 94538

**Are You Tired Of All Treatments?**
**Try Homeopathic Natural Medicines (HNM)**
**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply



*Gurdip Singh Sandhu*
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member:
*The California Homeopathic Society*
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖਾਲਿਸਤਾਨੀਆਂ ਖਿਲਾਫ ਨਵੀਂ ਰਣਨੀਤੀ?

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਖੁਫੀਆ ਏਜੰਸੀਆਂ ਵੱਲੋਂ ਵਾਰ-ਵਾਰ ਚੌਕਸ ਕਰਨ 'ਤੇ ਭਾਰਤ ਸਰਕਾਰ ਨੇ ਵਿਦੇਸ਼ਾਂ ਵਿਚ ਖਾਲਿਸਤਾਨ ਪੱਖੀ ਸਰਗਰਮੀਆਂ 'ਤੇ ਸ਼ਿਕੰਜਾ ਕੱਸਣ ਦੀ ਰਣਨੀਤੀ ਉਲੀਕੀ ਹੈ। ਇਸ ਨੀਤੀ ਤਹਿਤ ਭਾਰਤ ਵੱਲੋਂ ਜਿੱਥੇ ਕੂਟਨੀਤਕ ਸਬੰਧਾਂ ਦੇ ਜ਼ਰੀਏ ਵਿਦੇਸ਼ੀ ਸਰਕਾਰ 'ਤੇ ਗਰਮ ਖਿਆਲੀ ਕਾਰਕੁਨਾਂ ਨੂੰ ਜ਼ਿਆਦਾ ਤਵੱਜੋ ਨਾ ਦੇਣ ਦੀ ਸਲਾਹ ਦਿੱਤੀ ਜਾ ਰਹੀ ਹੈ, ਉਥੇ ਭਾਰਤ ਵਿਚ ਮਕੱਦਮਿਆਂ ਦਾ ਸਾਹਮਣਾ ਕਰ ਰਹੇ ਖਾੜਕੂਆਂ ਨੂੰ ਵਾਪਸ ਲਿਆਉਣ ਲਈ ਚਾਰਾਜੋਈ ਕੀਤੀ ਜਾ ਰਹੀ ਹੈ। ਭਾਰਤ ਸਰਕਾਰ ਅਮਰੀਕਾ ਤੇ ਕੈਨੇਡਾ ਸਣੇ ਹੋਰ ਕਈ ਮੁਲਕਾਂ ਨਾਲ ਇਸ ਬਾਰੇ ਗੱਲ ਕਰ ਚੁੱਕੀ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਭਾਰਤ ਨੇ ਹੁਣ ਅਮਰੀਕਾ ਕੋਲ ਬੱਬਰ ਖਾਲਸਾ ਦੇ ਤਿੰਨ ਖਾੜਕੂ ਸੌਂਪਣ ਦਾ ਮੁੱਦਾ ਉਠਾਇਆ ਹੈ। ਖੁਫੀਆ ਏਜੰਸੀਆਂ ਦਾ ਦਾਅਵਾ ਹੈ ਕਿ ਇਹ ਤਿੰਨੇ ਖਾੜਕੂ ਜਲੰਧਰ ਬੱਸ ਅੱਡੇ 'ਤੇ ਹੋਏ ਦੋ ਬੰਬ ਧਮਾਕਿਆਂ ਵਿਚ ਸ਼ਾਮਲ ਸਨ। ਸਰਕਾਰ ਨੇ ਕੈਲੀਫੋਰਨੀਆ ਵਿਚ ਰਹਿ ਰਹੇ ਗੁਰਨਾਮ ਸਿੰਘ, ਬਲਵਿੰਦਰ ਸਿੰਘ ਤੇ ਗੁਰਸ਼ਰਨ ਸਿੰਘ ਚੀਮਾ ਨੂੰ ਭਾਰਤ ਦੇ ਹਵਾਲੇ ਕਰਨ ਦਾ ਮਾਮਲਾ ਉਠਾਇਆ ਹੈ। ਪੁਲਿਸ ਅਨੁਸਾਰ ਇਨ੍ਹਾਂ ਤਿੰਨਾਂ ਖਾੜਕੂਆਂ ਦੀ ਭਾਰਤੀ ਖੁਫੀਆ ਏਜੰਸੀਆਂ ਨੂੰ ਕਾਫੀ ਸਮੇਂ ਤੋਂ ਤਲਾਸ਼ ਹੈ ਜੋ ਪਿਛਲੇ ਕਈ ਸਾਲਾਂ ਤੋਂ ਅਮਰੀਕਾ ਵਿਚ ਵਸੇ ਹੋਏ ਹਨ।

ਇਨ੍ਹਾਂ ਵਿਚੋਂ ਗੁਰਨਾਮ ਸਿੰਘ ਤੇ ਗੁਰਸ਼ਰਨ ਸਿੰਘ ਜਲੰਧਰ ਜ਼ਿਲ੍ਹੇ ਨਾਲ ਸੰਬਧ ਰੱਖਦੇ ਹਨ ਜਦਕਿ ਤੀਜਾ ਖਾੜਕੂ ਬਲਵਿੰਦਰ ਸਿੰਘ 'ਖਾਲਿਸਤਾਨ ਜ਼ਿੰਦਾਬਾਦ ਫੋਰਸ' ਦੇ ਮੁਖੀ ਰਣਜੀਤ ਸਿੰਘ ਨੀਟਾ ਦਾ ਕਰੀਬੀ ਮੰਨਿਆ ਜਾ ਰਿਹਾ ਹੈ। ਉਸ 'ਤੇ ਵਿਸਫੋਟਕ ਪਦਾਰਥ ਭਾਰਤ ਵਿਚ ਲਿਆਉਣ ਦੇ ਦੋਸ਼ ਹਨ। ਬਲਵਿੰਦਰ ਸਿੰਘ ਅਮਰੀਕਾ ਵਿਚ ਪਿਛਲੇ ਇਕ ਦਹਾਕੇ ਤੋਂ ਰਹਿ ਰਿਹਾ ਹੈ। ਵਿਦੇਸ਼ ਮੰਤਰਾਲਾ ਦੇ ਸੂਤਰਾਂ ਅਨੁਸਾਰ ਕੈਲੀਫੋਰਨੀਆ ਦੀ ਸੰਬਧਤ ਅਦਾਲਤ ਵਿਚ ਜਲਦੀ ਹੀ ਇਨ੍ਹਾਂ ਖਾੜਕੂਆਂ ਨੂੰ ਵਾਪਸ ਲਿਆਉਣ ਬਾਰੇ ਪੇਪਰ ਪੇਸ਼ ਕੀਤੇ ਜਾ ਰਹੇ ਹਨ।

ਅਮਰੀਕੀ ਅਧਿਕਾਰੀਆਂ ਨੇ ਕੇਂਦਰੀ ਗ੍ਰਹਿ ਮੰਤਰਾਲਾ ਨੂੰ ਭਰੋਸਾ ਦਿੱਤਾ ਹੈ ਕਿ ਉਹ ਇਨ੍ਹਾਂ ਤਿੰਨ ਖਾੜਕੂਆਂ ਨੂੰ ਭਾਰਤ ਦੇ ਹਵਾਲੇ ਕਰ ਦੇਣਗੇ। ਭਾਰਤ-ਅਮਰੀਕਾ ਵਿਚਾਲੇ ਖਾੜਕੂ ਦੇ ਮੁੱਦੇ 'ਤੇ ਹੋਈ ਚਰਚਾ ਵਿਚ ਵੀ ਭਾਰਤ ਨੇ ਇਨ੍ਹਾਂ ਤਿੰਨਾਂ ਖਾੜਕੂਆਂ ਦਾ ਮਾਮਲਾ ਉਠਾਇਆ ਸੀ। ਜ਼ਿਕਰਯੋਗ ਹੈ ਕਿ ਜਲੰਧਰ ਵਿਚ 24 ਅਪਰੈਲ, 2006 ਨੂੰ ਪੰਜਾਬ ਰੋਡਵੇਜ਼ ਦੀ ਬੱਸ ਵਿਚ ਧਮਾਕਾ ਹੋਇਆ ਸੀ ਜਿਸ ਵਿਚ ਤਿੰਨ ਬੰਦੇ ਮਾਰੇ ਗਏ ਸਨ ਜਦਕਿ ਇਕ ਹੋਰ ਬੰਬ ਧਮਾਕਾ 28 ਅਪਰੈਲ, 2006 ਨੂੰ ਅੰਤਰਰਾਜੀ ਬੱਸ ਅੱਡੇ 'ਤੇ ਹੋਇਆ ਸੀ। ਇਨ੍ਹਾਂ ਪਿੱਛੇ ਇਨ੍ਹਾਂ ਤਿੰਨਾਂ ਖਾੜਕੂਆਂ ਦਾ ਹੱਥ ਮੰਨਿਆ ਜਾ ਰਿਹਾ ਹੈ।

ਪੰਜਾਬ ਵਿਚ ਇਸ ਵੇਲੇ ਬੇਸ਼ੱਕ ਮਾਹੌਲ ਪੂਰੀ ਤਰ੍ਹਾਂ ਸ਼ਾਂਤ ਹੈ ਤੇ ਪੁਲਿਸ ਦੀ ਸਖ਼ਤੀ ਕਾਰਨ ਗਰਮ ਖਿਆਲੀਆਂ ਦੀਆਂ ਸਰਗਰਮੀਆਂ ਪੂਰੀ ਤਰ੍ਹਾਂ ਠੱਪ ਹਨ ਪਰ ਫਿਰ ਵੀ ਭਾਰਤ ਸਰਕਾਰ ਨੂੰ ਇਸ ਸੂਬੇ ਵਿਚ ਕੋਈ 'ਵੱਡੀ ਤੂਫਾਨ' ਆਉਣ ਦਾ ਡਰ ਸਤਾ ਰਿਹਾ ਹੈ। ਇਸੇ ਕਰ ਕੇ ਭਾਰਤੀ ਖੁਫੀਆ ਏਜੰਸੀਆਂ ਵਾਰ-ਵਾਰ ਸਰਕਾਰ ਨੂੰ ਚੌਕਸ ਕਰ ਰਹੀਆਂ ਹਨ। ਇਸ ਬਾਰੇ ਕੇਂਦਰੀ ਗ੍ਰਹਿ ਰਾਜ ਮੰਤਰੀ ਆਰ.ਪੀ.ਐਨ. ਸਿੰਘ ਨੇ ਲੋਕ ਸਭਾ ਵਿਚ ਕਿਹਾ ਸੀ ਕਿ ਸਿੱਖ ਜਥੇਬੰਦੀਆਂ ਖਾਸ ਕਰ ਕੇ ਵਿਦੇਸ਼ਾਂ ਵਿਚ ਸਰਗਰਮ ਜਥੇਬੰਦੀਆਂ ਪੰਜਾਬ ਵਿਚ ਅਤਿਵਾਦ ਨੂੰ ਸੁਰਜੀਤ ਕਰਨ ਲਈ ਯਤਨ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਤਿਵਾਦ ਨੂੰ ਮੁੜ ਹਵਾ ਦੇਣ ਦੀ ਕੋਸ਼ਿਸ਼ ਵਿਚ ਲੱਗੀਆਂ ਇਨ੍ਹਾਂ ਜਥੇਬੰਦੀਆਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਖਾਲਿਸਤਾਨ ਪੱਖੀ ਜਥੇਬੰਦੀਆਂ ਬੱਬਰ ਖਾਲਸਾ ਇੰਟਰਨੈਸ਼ਨਲ, ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ, ਖਾਲਿਸਤਾਨ ਕਮਾਂਡੋ ਫੋਰਸ ਤੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਨੂੰ ਗੈਰਕਾਨੂੰਨੀ ਸਰਗਰਮੀਆਂ ਰੋਕ ਸੋਧ ਕਾਨੂੰਨ 2004 ਤਹਿਤ ਖਾੜਕੂ ਜਥੇਬੰਦੀਆਂ ਦੀ ਸੂਚੀ ਵਿਚ ਹੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਮਹੀਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਭਾਰਤ ਫੇਰੀ ਦੌਰਾਨ ਖਾੜਕੂਵਾਦ ਦਾ ਮੁੱਦਾ ਵਿਚਾਰਿਆ ਗਿਆ ਤੇ ਉਨ੍ਹਾਂ ਭਾਰਤ ਸਰਕਾਰ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਵਾਇਆ।

# ਕਬੱਡੀ ਕੱਪ ਨਾਲ ਸਿਆਸੀ ਮਾਹੌਲ ਭਖਿਆ

*(ਸਫਾ ਇਕ ਦੀ ਬਾਕੀ)*

ਅਸਟੇਟ ਦੇ ਕਾਰੋਬਾਰੀ ਵੀ ਇਨ੍ਹਾਂ ਸਪਾਂਸਰਾਂ ਵਿਚ ਸ਼ਾਮਲ ਹਨ। ਇਸ ਤਰ੍ਹਾਂ ਸਰਕਾਰ ਬਿਨ੍ਹਾਂ ਧੇਲੀ ਖਰਚਿਆਂ ਹੀ ਆਪਣੀ ਬੱਲੇ-ਬੱਲੇ ਕਰਵਾ ਰਹੀ ਹੈ।

ਇਥੇ ਇਕ ਹੋਰ ਵੀ ਧਿਆਨ ਦੇਣ ਵਾਲੀ ਹੈ ਕਿ ਦੂਜੇ ਵਿਸ਼ਵ ਕੱਪ ਦਾ ਬਜਟ 17 ਕਰੋੜ ਰੁਪਏ ਸੀ ਤੇ ਪਹਿਲਾ ਵਿਸ਼ਵ ਕੱਪ ਸਿਰਫ਼ 5 ਕਰੋੜ, 66 ਲੱਖ ਰੁਪਏ ਵਿਚ ਹੀ ਹੋ ਗਿਆ ਸੀ। ਪੰਜਾਬ ਸਰਕਾਰ ਨੇ ਪਹਿਲੇ ਵਿਸ਼ਵ ਕਬੱਡੀ ਕੱਪ 'ਤੇ ਸਰਕਾਰੀ ਖ਼ਜ਼ਾਨੇ ਵਿਚੋਂ 2 ਕਰੋੜ, 33 ਲੱਖ ਰੁਪਏ ਖਰਚੇ ਸਨ ਜਦੋਂਕਿ 3 ਕਰੋੜ, 32 ਲੱਖ ਰੁਪਏ ਸਪਾਂਸਰਾਂ ਨੇ ਖਰਚੇ ਸਨ। ਦੂਜੇ ਵਿਸ਼ਵ ਕਬੱਡੀ ਕੱਪ ਦੌਰਾਨ ਸਰਕਾਰੀ ਖ਼ਜ਼ਾਨੇ ਵਿਚੋਂ ਸਵਾ ਪੰਜ ਕਰੋੜ ਰੁਪਏ ਖਰਚੇ ਗਏ ਤੇ ਬਾਕੀ ਰਾਸ਼ੀ ਸਪਾਂਸਰਾਂ ਨੇ ਖਰਚੀ ਸੀ।

ਉਧਰ, ਵਿਸ਼ਵ ਕਬੱਡੀ ਕੱਪ ਨੂੰ ਡੋਪਿੰਗ ਮੁਕਤ ਕਰਵਾਏ ਜਾਣ ਬਾਰੇ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਗਏ ਦਾਅਵੇ ਵੀ ਕਾਫ਼ੂਰ ਹੁੰਦੇ ਨਜ਼ਰ ਆਏ ਕਿਉਂਕਿ ਨਾਡਾ (ਨੈਸ਼ਨਲ ਐਂਟੀ ਡੋਪਿੰਗ ਏਜੰਸੀ) ਦੀ ਕੋਈ ਵੀ ਟੀਮ ਕਿਤੇ ਵੀ ਖਿਡਾਰੀਆਂ ਦੇ ਸੈਂਪਲ ਲੈਣ ਨਹੀਂ ਪੁੱਜੀ। ਸੂਤਰਾਂ ਅਨੁਸਾਰ ਵਿਸ਼ਵ ਕਬੱਡੀ ਕੱਪ ਦੀ ਸ਼ੁਰੂਆਤ ਤੋਂ ਬਿਲਕੁਲ ਪਹਿਲਾਂ ਭਾਰਤੀ ਖਿਡਾਰੀਆਂ ਦੇ ਟੈਸਟ ਲਈ ਨਾਡਾ ਦੀ ਟੀਮ ਨੂੰ ਸੁਨੇਹਾ ਦਿੱਤਾ ਗਿਆ। ਉਧਰ, ਡੋਪ ਦੇ ਡੰਗ ਤੋਂ ਡਰਦਿਆਂ ਭਾਰਤੀ ਕਬੱਡੀ ਟੀਮ ਵਿਚ ਕੁਝ ਵਾਧੂ ਖਿਡਾਰੀ ਸ਼ਾਮਲ ਕੀਤੇ ਗਏ ਹਨ।

ਵਿਸ਼ਵ ਕਬੱਡੀ ਕੱਪ ਦੇ ਪ੍ਰਬੰਧਕਾਂ ਨੂੰ ਇਹ ਲੋੜ ਤੋਂ ਵੱਧ ਭਰੋਸਾ ਸੀ ਕਿ ਨਾਡਾ ਦੀਆਂ ਟੀਮਾਂ ਸੁਨੇਹਾ ਮਿਲਦਿਆਂ ਸਾਰ ਤੁਰੰਤ ਹੀ ਆ ਜਾਣਗੀਆਂ। ਇਹ ਸਮਝਿਆ ਜਾ ਰਿਹਾ ਹੈ ਕਿ ਨਾਡਾ ਦੇ ਚੇਅਰਮੈਨ ਵਿਸ਼ਵ ਕੱਪ ਦੇ ਪ੍ਰਬੰਧਕਾਂ ਨੂੰ ਪੱਤਰ ਲਿਖ ਕੇ ਸਪਸ਼ਟੀਕਰਨ ਮੰਗ ਸਕਦੇ ਹਨ। ਹੁਣ ਡੋਪਿੰਗ ਟੈਸਟ ਨਾਕਆਊਟ ਗੇੜ ਜਾਂ ਸੈਮੀ ਫਾਈਨਲ ਤੱਕ ਹੀ ਹੋ ਸਕਣਗੇ ਤੇ ਇਸ ਤਰ੍ਹਾਂ ਨਤੀਜੇ ਵੀ ਦੇਰ ਨਾਲ ਨਿਕਲਣਗੇ।

ਜ਼ਿਕਰਯੋਗ ਹੈ ਕਿ ਪਿਛਲੇ ਵਿਸ਼ਵ ਕਬੱਡੀ ਕੱਪ ਵਿਚ ਡੋਪਿੰਗ ਦੇ ਟੈਸਟ ਵੱਡੀ ਗਿਣਤੀ ਵਿਚ ਫੇਲ੍ਹ ਹੋ ਗਏ ਸਨ ਤੇ ਵਿਸ਼ਵ ਕਬੱਡੀ ਕੱਪ ਸ਼ੁਹਰਤ ਦੀ ਥਾਂ ਖੁਨਾਮੀ ਵਧੇਰੇ ਖੱਟ ਗਿਆ ਸੀ। ਇਸ ਤੋਂ ਇਲਾਵਾ ਵਿਸ਼ਵ ਕੱਪ ਦੇ ਪ੍ਰਬੰਧਕਾਂ ਕੋਲ ਅਜਿਹਾ ਕੋਈ ਪ੍ਰਬੰਧ ਨਹੀਂ ਹੈ ਕਿ ਉਹ ਡੋਪ ਟੈਸਟ ਵਿਚੋਂ ਫੇਲ੍ਹ ਹੋਏ ਕਬੱਡੀ ਖਿਡਾਰੀਆਂ ਉਤੇ ਦੋ ਜਾਂ ਤਿੰਨ ਸਾਲ ਲਈ ਖੇਡਣ 'ਤੇ ਰੋਕ ਲਾਉਣ।

ਸੁਖਬੀਰ ਬਾਦਲ ਦੇ ਕਬੱਡੀ ਨੂੰ ਉਲੰਪਿਕ ਖੇਡਾਂ ਵਿਚ ਸ਼ਾਮਲ ਕਰਵਾਉਣ ਦੇ ਦਾਅਵੇ ਦੀ ਖੋਖਲੇ ਹਨ ਕਿਉਂਕਿ ਇਸ ਬਾਰੇ ਅਜੇ ਪਹਿਲਾ ਕਦਮ ਵੀ ਨਹੀਂ ਪੁੱਟਿਆ ਗਿਆ। ਇਸ ਬਾਰੇ ਲੋਕਾਂ ਨੂੰ ਸਿਰਫ ਗੁਮਰਾਹ ਹੀ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਉਲੰਪਿਕ ਪ੍ਰੋਗਰਾਮ ਵਿਚ ਸਪੋਰਟਸ 28 ਤੋਂ ਵੱਧ ਨਹੀਂ ਹੋ ਸਕਦੀਆਂ ਪਰ ਕਿਸੇ ਖੇਡ ਦੇ 'ਡਿਸਿਪਲਿਨ' ਤੇ 'ਈਵੈਂਟ' ਵੱਧ-ਘੱਟ ਹੋ ਸਕਦੇ ਹਨ। ਕਬੱਡੀ ਨੂੰ ਸਪੋਰਟਸ ਦੇ ਤੌਰ 'ਤੇ ਲਿਆ ਜਾਵੇ ਤਾਂ ਇਸ ਦੇ ਤਿੰਨ ਡਿਸਿਪਲਿਨ ਹਨ। ਪਹਿਲਾ ਕਬੱਡੀ ਨੈਸ਼ਨਲ ਸਟਾਈਲ, ਦੂਜਾ ਕਬੱਡੀ ਸਰਕਲ ਸਟਾਈਲ ਤੇ ਤੀਜਾ ਬੀਚ ਕਬੱਡੀ। ਹਾਲੇ ਤੱਕ ਕਬੱਡੀ ਦਾ ਇਕੋ ਡਿਸਿਪਲਿਨ ਕਬੱਡੀ ਨੈਸ਼ਨਲ ਸਟਾਈਲ ਹੀ ਏਸ਼ੀਆਈ ਖੇਡਾਂ ਵਿਚ ਸ਼ਾਮਲ ਹੋਇਆ ਹੈ। ਅਜੇ ਤੱਕ ਇਹ ਵੀ ਕਾਮਨਵੈਲਥ ਖੇਡਾਂ ਵਿਚ ਸ਼ਾਮਲ ਨਹੀਂ ਕੀਤਾ ਗਿਆ। ਉਲੰਪਿਕ ਖੇਡਾਂ ਤਾਂ ਕਾਫੀ ਦੂਰ ਦੀ ਗੱਲ ਹੈ।

# ਭਾਰਤੀ ਓਲੰਪਿਕ ਸੰਘ ਦੀ ਮਾਨਤਾ ਰੱਦ

**ਨਵੀਂ ਦਿੱਲੀ:** ਕੌਮਾਂਤਰੀ ਓਲੰਪਿਕ ਕਮੇਟੀ (ਆਈ.ਓ.ਸੀ.) ਨੇ ਓਲੰਪਿਕ ਚਾਰਟਰ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਭਾਰਤੀ ਓਲੰਪਿਕ ਸੰਘ (ਆਈ.ਓ.ਏ) ਦੀ ਮਾਨਤਾ ਰੱਦ ਕਰ ਦਿੱਤੀ ਹੈ। ਆਈ.ਓ.ਸੀ. ਦੇ ਇਸ ਕਦਮ ਦਾ ਆਈ.ਓ.ਏ. ਦੇ ਪ੍ਰਧਾਨ ਅਭੈ ਚੌਟਾਲਾ ਨੇ ਵਿਰੋਧ ਕੀਤਾ ਹੈ। ਆਈ.ਓ.ਸੀ. ਦੇ ਕਾਰਜਕਾਰੀ ਬੋਰਡ ਦੀ ਸਵਿਟਜ਼ਰਲੈਂਡ ਦੇ ਲੁਸਾਨੇ ਵਿਚ ਹੋਈ ਬੈਠਕ ਵਿਚ ਆਈ.ਓ.ਏ. ਨੂੰ ਮੁਅੱਤਲ ਕਰਨ ਦਾ ਫੈਸਲਾ ਕੀਤਾ ਗਿਆ। ਆਈ.ਓ.ਸੀ. ਨੇ ਆਈ.ਓ.ਏ. ਦੀ ਚੋਣ ਖੇਡ ਜ਼ਾਬਤੇ ਤਹਿਤ ਕਰਾਉਣ 'ਤੇ ਪਹਿਲਾਂ ਹੀ ਨਾਰਾਜ਼ਗੀ ਜਤਾਉਂਦੇ ਹੋਏ ਸਾਫ ਕਰ ਦਿੱਤਾ ਸੀ ਕਿ ਉਹ ਕਾਰਜਕਾਰੀ ਬੋਰਡ ਦੀ ਬੈਠਕ ਵਿਚ ਭਾਰਤ ਨੂੰ ਮੁਅੱਤਲ ਕਰਨ ਦਾ ਪ੍ਰਸਤਾਵ ਪੇਸ਼ ਕਰੇਗਾ। ਆਈ.ਓ.ਏ. ਨੂੰ ਮੁਅੱਤਲ ਕਰਨ ਦੇ ਫੈਸਲੇ ਦਾ ਮਤਲਬ ਹੈ ਕਿ ਭਾਰਤ ਦੀ ਸਭ ਤੋਂ ਵੱਡੀ ਖੇਡ ਸੰਸਥਾ ਨੂੰ ਆਈ.ਓ.ਸੀ. ਤੋਂ ਕਿਸੇ ਤਰ੍ਹਾਂ ਦੀ ਕੋਈ ਮਦਦ ਨਹੀਂ ਮਿਲੇਗੀ ਤੇ ਉਸ ਦੇ ਅਧਿਕਾਰੀ ਓਲੰਪਿਕ ਬੈਠਕਾਂ ਵਿਚ ਹਿੱਸਾ ਨਹੀਂ ਲੈ ਸਕਣਗੇ ਤੇ ਦੇਸ਼ ਦੇ ਖਿਡਾਰੀ ਵੀ ਓਲੰਪਿਕ ਮੁਕਾਬਲਿਆਂ ਵਿਚ ਹਿੱਸਾ ਨਹੀਂ ਲੈ ਸਕਣਗੇ।

ਭਾਰਤੀ ਐਥਲੀਟ ਆਪਣੇ ਝੰਡੇ ਤਹਿਤ ਓਲੰਪਿਕ ਮੁਕਾਬਲਿਆਂ ਵਿਚ ਹਿੱਸਾ ਨਹੀਂ ਲੈ ਸਕਣਗੇ। ਹਾਲਾਂਕਿ ਆਈ.ਓ.ਸੀ. ਉਨ੍ਹਾਂ ਨੂੰ ਓਲੰਪਿਕ ਝੰਡੇ ਤਹਿਤ ਹਿੱਸਾ ਲੈਣ ਦੀ ਇਜਾਜ਼ਤ ਦੇ ਸਕਦਾ ਹੈ।

# ਬੱਚੇ ਦੀ ਕੁੱਟਣ ਦੇ ਦੋਸ਼ 'ਚ ਭਾਰਤੀ ਜੋੜੇ ਨੂੰ ਕੈਦ

**ਓਸਲੋ:** ਆਪਣੇ ਬੱਚੇ ਦੀ ਕੁੱਟਮਾਰ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਰਤੀ ਜੋੜੇ ਨੂੰ ਨਾਰਵੇ ਦੀ ਜ਼ਿਲ੍ਹਾ ਅਦਾਲਤ ਨੇ ਬੱਚੇ ਦੇ ਪਿਤਾ ਨੂੰ 18 ਮਹੀਨੇ ਤੇ ਮਾਂ ਨੂੰ 15 ਮਹੀਨੇ ਜੇਲ੍ਹ ਕੱਟਣੀ ਪਵੇਗੀ।

ਆਂਧਰਾ ਪ੍ਰਦੇਸ਼ ਨਾਲ ਸਬੰਧਤ ਸਾਫਟਵੇਅਰ ਇੰਜੀਨੀਅਰ ਚੰਦਰਸ਼ੇਖਰ ਵੱਲਭਨੇਨੀ ਤੇ ਉਸ ਦੀ ਪਤਨੀ ਅਨੁਪਮਾ ਨੂੰ ਪੁਲਿਸ ਨੇ ਪਿਛਲੇ ਮਹੀਨੇ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ 'ਤੇ ਆਪਣੇ ਬੱਚੇ ਨਾਲ ਲਗਾਤਾਰ ਦੁਰਵਿਹਾਰ ਤੇ ਕੁੱਟਮਾਰ ਕਰਨ ਦੇ ਦੋਸ਼ ਸਨ। ਸਰਕਾਰੀ ਵਕੀਲ ਨੇ ਦਲੀਲਾਂ ਦਿੱਤੀਆਂ ਸਨ ਕਿ ਬੱਚੇ ਦੇ ਪਿਤਾ ਨੂੰ 18 ਮਹੀਨੇ ਤੇ ਮਾਂ ਨੂੰ 15 ਮਹੀਨੇ ਕੈਦ ਦੀ ਸਜ਼ਾ ਸੁਣਾਈ ਜਾਵੇ।

# ਸਾਬਕਾ ਪ੍ਰਧਾਨ ਮੰਤਰੀ ਗੁਜਰਾਲ ਚੱਲ ਵਸੇ

*(ਸਫਾ ਇਕ ਦੀ ਬਾਕੀ)*

ਇਸ ਤੋਂ ਪਹਿਲਾਂ ਉਹ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਵੇਲੇ ਕੇਂਦਰੀ ਮੰਤਰੀ ਅਤੇ ਫਿਰ ਸੋਵੀਅਤ ਸੰਘ ਵਿਚ ਭਾਰਤ ਦੇ ਰਾਜਦੂਤ ਰਹੇ। 1980ਵਿਆਂ ਦੇ ਅਖੀਰ ਵਿਚ ਉਨ੍ਹਾਂ ਕਾਂਗਰਸ ਨਾਲੋਂ ਨਾਤਾ ਤੋੜ ਲਿਆ ਤੇ ਜਨਤਾ ਦਲ ਵਿਚ ਸ਼ਾਮਲ ਹੋ ਗਏ। 1989 ਵਿਚ ਉਸ ਵੀ.ਪੀ. ਸਿੰਘ ਦੀ ਅਗਵਾਈ ਵਾਲੀ ਨੈਸ਼ਨਲ ਫਰੰਟ ਦੀ ਸਰਕਾਰ ਵਿਚ ਵਿਦੇਸ਼ ਮੰਤਰੀ ਬਣੇ ਤੇ ਕੁਵੈਤ ਸੰਕਟ ਦਾ ਹੱਲ ਕੀਤਾ। ਉਦੋਂ ਇਰਾਕੀ ਹਮਲੇ ਕਾਰਨ ਹਜ਼ਾਰਾਂ ਭਾਰਤੀ ਸੰਕਟ ਵਿਚ ਘਿਰੇ ਹੋਏ ਸਨ। ਸ੍ਰੀ ਗੁਜਰਾਲ, ਪ੍ਰਧਾਨ ਮੰਤਰੀ ਐਚ.ਡੀ. ਦੇਵਗੌੜਾ ਦੀ ਸਰਕਾਰ ਵੇਲੇ ਵਿਦੇਸ਼ ਮੰਤਰੀ ਬਣੇ ਅਤੇ 1997 ਦੀਆਂ ਗਰਮੀਆਂ ਵਿਚ ਕਾਂਗਰਸ ਵੱਲੋਂ ਹਮਾਇਤ ਵਾਪਸ ਲਏ ਜਾਣ ਪਿੱਛੋਂ ਸ੍ਰੀ ਦੇਵਗੌੜਾ ਭਰੋਸੇ ਦਾ ਵੋਟ ਹਾਰ ਗਏ। ਇਸ ਪਿੱਛੋਂ ਸ੍ਰੀ ਗੁਜਰਾਲ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ। ਉਦੋਂ ਸਾਂਝੇ ਮੋਰਚੇ ਦੇ ਆਗੂਆਂ ਲਾਲੂ ਪ੍ਰਸਾਦ ਯਾਦਵ, ਮੁਲਾਇਮ ਸਿੰਘ ਤੇ ਹੋਰਾਂ ਵਿਚ ਇਸ ਗੱਲ 'ਤੇ ਤਿੱਖੇ ਮਤਭੇਦ ਸਨ ਕਿ ਪ੍ਰਧਾਨ ਮੰਤਰੀ ਕਿਸ ਨੂੰ ਬਣਾਇਆ ਜਾਵੇ ਪਰ ਅਖੀਰ ਸ੍ਰੀ ਗੁਜਰਾਲ ਦੇ ਨਾਂ 'ਤੇ ਸਰਬਸੰਮਤੀ ਬਣ ਗਈ। ਹਾਲਾਂਕਿ ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਕੁਝ ਮਹੀਨੇ ਹੀ ਚੱਲ ਸਕੀ ਕਿਉਂਕਿ ਰਾਜੀਵ ਗਾਂਧੀ ਹੱਤਿਆ ਕਾਂਡ 'ਤੇ ਜੈਨ ਕਮਿਸ਼ਨ ਦੀ ਰਿਪੋਰਟ ਪਿੱਛੋਂ ਕਾਂਗਰਸ ਮੁੜ ਅੜ ਗਈ ਤੇ ਉਸ ਨੇ ਸਰਕਾਰ ਡੇਗ ਦਿੱਤੀ।

ਸ੍ਰੀ ਗੁਜਰਾਲ ਦਾ ਜਨਮ 4 ਦਸੰਬਰ, 1919 ਨੂੰ ਜੇਹਲਮ (ਹੁਣ ਪਾਕਿਸਤਾਨ ਵਿਚ) ਵਿਖੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰ ਵਿਚ ਹੋਇਆ ਤੇ ਉਹ ਆਪ ਵੀ ਚੜ੍ਹਦੀ ਉਮਰ ਵਿਚ ਆਜ਼ਾਦੀ ਦੇ ਸੰਘਰਸ਼ ਵਿਚ ਸ਼ਾਮਲ ਹੋਏ। 'ਭਾਰਤ ਛੱਡੋ' ਅੰਦੋਲਨ ਵੇਲੇ 1942 ਵਿਚ ਉਨ੍ਹਾਂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਡੀ.ਏ.ਵੀ. ਕਾਲਜ, ਹੇਲੀ ਕਾਲਜ ਆਫ ਕਾਮਰਸ ਐਂਡ ਫੋਰਸੇਨ, ਕ੍ਰਿਸਚੀਅਨ ਕਾਲਜ ਲਾਹੌਰ ਵਿਖੇ ਪੜ੍ਹਦਿਆਂ ਉਹ ਵਿਦਿਆਰਥੀਆਂ ਦੀ ਸਿਆਸਤ ਵਿਚ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ। 1964 ਵਿਚ ਉਹ ਰਾਜ ਸਭਾ ਦੇ ਮੈਂਬਰ ਬਣੇ। 25 ਜੂਨ 1975 ਨੂੰ ਜਦੋਂ ਐਮਰਜੈਂਸੀ ਲਗਾਈ ਗਈ ਤਾਂ ਉਹ ਸੂਚਨਾ ਤੇ ਪ੍ਰਸਾਰਨ ਮੰਤਰੀ ਸਨ। 1964 ਤੋਂ 1976 ਦਰਮਿਆਨ ਉਹ ਦੋ ਵਾਰ ਰਾਜ ਸਭਾ ਮੈਂਬਰ ਅਤੇ 1989 ਤੋਂ 1991 ਤਕ ਲੋਕ ਸਭਾ ਮੈਂਬਰ ਰਹੇ। 1992 ਵਿਚ ਉਹ ਰਾਜ ਸਭਾ ਮੈਂਬਰ ਬਣੇ। 1998 ਵਿਚ ਉਹ ਜਲੰਧਰ ਤੋਂ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਮੈਂਬਰ ਚੁਣੇ ਗਏ ਜਿਸ ਵਿਚ ਅਕਾਲੀ ਦਲ ਨੇ ਉਨ੍ਹਾਂ ਨੂੰ ਸਹਿਯੋਗ ਦਿੱਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ

ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# Short Sale Specialist

## Selling HUD homes anywhere in California



**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

*Call: Sohanpreet 'Sam' Chahal*
**@916-612-5773**
visit: www.hudhomestore.com
Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

# Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**



# Yarra, Kharazi & Associates

**Phone: (888) 97YARRA (92772)**

## Bankruptcy & Criminal Law

Offices in Bakersfield, Fresno and Merced
Bring this ad in and receive a free consultation

**ਬੈਂਕਰਪਸੀ ਅਤੇ ਫੌਜਦਾਰੀ ਕਾਨੂੰਨ**



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

**ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ 'ਤੇ ਤੁਸੀਂ ਯਕੀਨ ਕਰ ਸਕਦੇ ਹੋ**

**ਯੱਰਾ, ਖਰਾਜ਼ੀ ਐਂਡ ਐਸੋਸੀਏਟਸ**

**ਫੋਨ: 1-888-979-2772**

Email: Info@rwyarra.com





# ਰਾਜਾ ਮਾਲਵਿੰਦਰ ਦੀ ਅਕਾਲੀਆਂ 'ਚ ਦਾਲ ਨਾ ਗਲੀ





**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਟਿਕਟ ਨਾ ਮਿਲਣ ਕਾਰਨ ਕਾਂਗਰਸ ਨੂੰ ਛੱਡ ਕੇ ਅਕਾਲੀ ਦਲ ਵਿਚ ਆਏ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਭਰਾ ਰਾਜਾ ਮਾਲਵਿੰਦਰ ਸਿੰਘ ਅੱਜਕਲ੍ਹ ਕਾਫੀ ਦੁਖੀ ਹਨ। ਅਕਾਲੀ ਦਲ ਵਿਚ ਸ਼ਾਮਲ ਕਰਨ ਵੇਲੇ ਬਾਦਲਾਂ ਨੇ ਉਨ੍ਹਾਂ ਨੂੰ ਕਈ ਲਾਰੇ ਲਾਏ ਸਨ ਪਰ ਹੁਣ ਉਨ੍ਹਾਂ ਦੀ ਕੋਈ ਪੁੱਛ-ਪਰਤੀਤ ਨਹੀਂ। ਰਾਜਾ ਮਾਲਵਿੰਦਰ ਸਿੰਘ ਨੇ ਸਪੱਸ਼ਟ ਕਿਹਾ ਹੈ ਕਿ ਜੇ ਉਨ੍ਹਾਂ ਨੂੰ ਹੋਰ ਜ਼ਲੀਲ ਕੀਤਾ ਗਿਆ ਤਾਂ ਉਹ ਅਕਾਲੀ ਦਲ ਛੱਡ ਦੇਣਗੇ।

ਉਂਜ ਉਹ ਅਜੇ ਤੱਕ ਅਕਾਲੀ ਦਲ ਦਾ ਪੱਲਾ ਛੱਡਣ ਦੇ ਰੌਅ ਵਿਚ ਨਜ਼ਰ ਨਹੀਂ ਆ ਰਹੇ। ਮਾਲਵਿੰਦਰ ਸਿੰਘ ਜਦੋਂ ਇਹ ਧਮਕੀ ਦੇ ਰਹੇ ਸਨ ਤਾਂ ਉਸ ਵੇਲੇ ਉਨ੍ਹਾਂ ਦੇ ਵੱਡੇ ਭਰਾ ਕੈਪਟਨ ਅਮਰਿੰਦਰ ਸਿਘ ਤੇ ਭਤੀਜਾ ਰਣਇੰਦਰ ਸਿੰਘ ਕਰੀਬ ਸੱਤ ਅੱਠ ਫੁੱਟ ਹੀ ਦੂਰ ਖੜ੍ਹੇ ਸਨ। ਉਹ ਸਾਰੇ ਇਕ ਸਮਾਗਮ ਵਿਟ ਪੁੱਜੇ ਹੋਏ ਸਨ। ਰਾਜਾ ਮਾਲਵਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਨ੍ਹਾਂ ਬਾਰੇ ਕੀਤੀ ਗਈ ਟਿੱਪਣੀ ਕਿ ਰਾਜਨੀਤੀ ਵਿਚ ਅੱਗੇ ਵਧਣ ਲਈ ਖ਼ੁਦ ਹੀ ਯਤਨ ਜੁਟਾਉਣੇ ਪੈਂਦੇ ਹਨ, ਘਰ ਬੈਠਿਆਂ ਨੂੰ ਕੋਈ ਨਹੀਂ ਅੱਗੇ ਆਉਣ ਦਿੰਦਾ, ਬਾਰੇ ਕਿਹਾ ਕਿ ਮੁੱਖ ਮੰਤਰੀ ਬਾਦਲ ਨੇ ਹੀ ਉਨ੍ਹਾਂ ਨੂੰ ਫਿਲਹਾਲ ਸਰਗਰਮ ਰਾਜਨੀਤੀ ਕਰਨ ਤੋਂ ਰੋਕਿਆ ਹੋਇਆ ਸੀ।

ਉਨ੍ਹਾਂ ਦੱਸਿਆ ਕਿ ਤਕਰੀਬਨ ਤਿੰਨ ਚਾਰ ਮਹੀਨੇ ਪਹਿਲਾਂ ਮੁੱਖ ਮੰਤਰੀ ਬਾਦਲ ਨੇ ਉਨ੍ਹਾਂ ਨੂੰ ਆਪਣੇ ਘਰ ਚੰਡੀਗੜ੍ਹ ਸੱਦਿਆ ਸੀ। ਇਸ ਦੌਰਾਨ ਸ. ਬਾਦਲ ਨੇ ਬਕਾਇਦਾ ਸੁਖਬੀਰ ਸਿੰਘ ਬਾਦਲ ਨਾਲ ਵੀ ਸਲਾਹ ਮਸ਼ਵਰਾ ਕੀਤਾ ਸੀ। ਇਸ ਪਿੱਛੋਂ ਉਨ੍ਹਾਂ ਨੂੰ ਆਦੇਸ਼ ਦਿੱਤਾ ਗਿਆ ਸੀ ਕਿ ਉਹ ਅਜੇ ਰਾਜਨੀਤੀ ਸਰਗਰਮੀਆਂ ਤੋਂ ਲਾਂਭੇ ਹੀ ਰਹਿਣ। ਸਿਰਫ ਸਮਾਜ ਸੇਵੀ ਕੰਮ ਕਰਨ ਦੀ ਹੀ ਇਜਾਜ਼ਤ ਦਿੱਤੀ ਸੀ। ਇਹੀ ਕਾਰਨ ਸੀ ਕਿ ਉਹ ਕਦੇ ਵੀ ਖੁੱਲ੍ਹ ਕੇ ਅਕਾਲੀ ਦਲ ਦੀ ਸਰਗਰਮੀ ਵਿਚ ਨਹੀਂ ਕੁੱਦੇ ਸਨ।

ਉਂਜ ਮਾਲਵਿੰਦਰ ਸਿੰਘ ਨੇ ਕਿਹਾ ਕਿ ਉਹ ਅਕਾਲੀ ਦਲ ਵਿਚ ਹੀ ਹਨ ਪਰ ਉਹ ਜ਼ਲਾਲਤ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ। ਜੇ ਉਨ੍ਹਾਂ ਨੂੰ ਹੋਰ ਜ਼ਲੀਲ ਕੀਤਾ ਗਿਆ ਤਾਂ ਉਹ ਅਕਾਲੀ ਦਲ ਛੱਡ ਦੇਣਗੇ। ਉਨ੍ਹਾਂ ਇਹ ਵੀ ਭੇਤ ਖੋਲ੍ਹਿਆ ਕਿ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਵੀ ਕੁਝ ਚਿਰ ਪਹਿਲਾਂ ਉਨ੍ਹਾਂ ਨਾਲ ਕਾਂਗਰਸ ਵਿਚ ਪਰਤਣ ਬਾਰੇ ਗੱਲ ਕੀਤੀ ਸੀ ਪਰ ਉਨ੍ਹਾਂ ਇਸ ਪੇਸ਼ਕਸ਼ ਦੀ ਪ੍ਰਵਾਹ ਨਹੀ ਕੀਤੀ।

ਜ਼ਿਕਰਯੋਗ ਹੈ ਕਿ ਵਿਧਾਨ ਸਭਾ ਚੋਣ ਦੌਰਾਨ ਰਾਜਾ ਮਾਲਵਿੰਦਰ ਦੀ ਟਿਕਟ ਕੱਟ ਕੇ ਉਨ੍ਹਾਂ ਦੇ ਭਤੀਜੇ ਤੇ ਕੈਪਟਨ ਅਮਰਿੰਦਰ ਸਿੰਘ ਦੇ ਬੇਟੇ ਰਣਇੰਦਰ ਸਿੰਘ ਨੂੰ ਦੇ ਦਿੱਤੀ ਸੀ ਜਿਸ ਤੋਂ ਖ਼ਫ਼ਾ ਹੋ ਕੇ ਰਾਜਾ ਮਾਲਵਿੰਦਰ ਸਿੰਘ ਅਦਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਉਸ ਵੇਲੇ ਅਕਾਲੀ ਦਲ ਨੂੰ ਚੋਣਾਂ ਵਿਚ ਇਸ ਗੱਲ ਦਾ ਲਾਹਾ ਵੀ ਮਿਲਿਆ ਸੀ ਤੇ ਉਨ੍ਹਾਂ ਨੇ ਸ਼ਾਹੀ ਪਰਿਵਾਰ ਦੇ ਮੈਂਬਰ ਨੂੰ ਬਣਦਾ ਮਾਣ ਸਤਿਕਾਰ ਦੇਣ ਦਾ ਵਾਅਦਾ ਕੀਤਾ ਸੀ ਪਰ ਅੱਜ ਸਰਕਾਰ ਬਣਨ 'ਤੇ ਉਨ੍ਹਾਂ ਦੀ ਕੋਈ ਪੁੱਛ-ਪਰਤੀਤ ਨਹੀਂ ਹੈ।

# ਹਾਈ ਕੋਰਟ ਵੱਲੋਂ ਪੰਜਾਬ ਵਿਚ ਭਰਤੀ 'ਤੇ ਰੋਕ



**ਚੰਡੀਗੜ੍ਹ:** ਸਰਕਾਰੀ ਨੌਕਰੀਆਂ ਵਿਚ ਦਿਹਾਤੀ ਖੇਤਰ ਦੇ ਉਮੀਦਵਾਰਾਂ ਨੂੰ ਬੋਨਸ ਵਜੋਂ ਪੰਜ ਅੰਕ ਵੱਧ ਦੇਣ ਬਾਰੇ ਹੱਕ ਤੇ ਵਿਰੋਧ ਵਿਚ ਦਲੀਲਾਂ ਸੁਣਨ ਤੋਂ ਬਾਅਦ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਰਕਾਰੀ ਨੌਕਰੀਆਂ ਲਈ ਭਰਤੀ ਪ੍ਰਕਿਰਿਆ 'ਤੇ ਰੋਕ ਲਾ ਦਿੱਤੀ ਹੈ। ਲਖਵੀਰ ਸਿੰਘ ਤੇ ਹੋਰਾਂ ਵੱਲੋਂ ਪੰਜਾਬ ਸਰਕਾਰ ਤੇ ਹੋਰਾਂ ਵਿਰੁੱਧ ਦਾਇਰ ਪਟੀਸ਼ਨ ਉੱਤੇ ਇਹ ਆਦੇਸ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜਾਰੀ ਕੀਤੇ।

ਪਟੀਸ਼ਨ ਦੀ ਸੁਣਵਾਈ ਕਰਦਿਆਂ ਹਾਈ ਕੋਰਟ ਦੇ ਜੱਜਾਂ ਨੇ ਕਿਹਾ ਕਿ ਜਿਵੇਂ ਕਿ ਦੱਸਿਆ ਜਾ ਰਿਹਾ ਹੈ ਕਿ ਚੋਣ ਪ੍ਰਕਿਰਿਆ ਚੱਲ ਰਹੀ ਹੈ, ਇਸ ਲਈ ਉਹ ਇਸ 'ਤੇ ਉਦੋਂ ਤਕ ਰੋਕ ਲਾਉਣ ਦਾ ਨਿਰਣਾ ਕਰਦੇ ਹਨ ਜਦੋਂ ਤਕ ਪੂਰੇ ਬੈਂਚ ਦਾ ਆਦੇਸ਼ ਨਹੀਂ ਆ ਜਾਂਦਾ। ਇਸ ਸਬੰਧੀ ਬਹਿਸ ਪੂਰੀ ਹੋ ਗਈ ਹੈ। ਜਸਟਿਸ ਹੇਮੰਤ ਗੁਪਤਾ, ਜਸਟਿਸ ਅਜੇ ਤਿਵਾੜੀ ਅਤੇ ਜਸਟਿਸ ਰਾਜੀਵ ਨਰਾਇਣ ਰੈਨਾ 'ਤੇ ਆਧਾਰਤ ਪੂਰਾ ਬੈਂਚ ਇਸ ਮਾਮਲੇ ਵਿਚ ਰਾਜ ਸਰਕਾਰ ਵਿਰੁੱਧ ਅਭਿਸ਼ੇਕ ਰਿਸ਼ੀ ਦੀ ਪਟੀਸ਼ਨ ਸਮੇਤ ਪਹਿਲਾਂ ਹੀ ਦਸ ਤੋਂ ਵੱਧ ਪਟੀਸ਼ਨਾਂ ਸੁਣ ਚੁੱਕਾ ਹੈ।

ਇਸ ਮਾਮਲੇ ਵਿਚ ਅਦਾਲਤ ਨੇ ਵਕੀਲ ਡੀ ਐਸ ਪਤਵਾਲੀਆ ਅਤੇ ਸਲੀਲ ਸਬਲੋਕ ਨੂੰ ਅਦਾਲਤੀ ਮਦਦ ਲਈ ਨਿਯੁਕਤ ਕੀਤਾ ਹੈ। ਇਸ ਤੋਂ ਪਹਿਲੀ ਤਰੀਕ ਨੂੰ ਪੂਰੇ ਬੈਂਚ ਨੇ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ ਕਿਹਾ ਸੀ ਕਿ ਉਹ ਪੇਂਡੂ ਸਕੂਲਾਂ ਨੂੰ ਬਜਟ ਮੁਹੱਈਆ ਕਰਵਾਏ। ਅਦਾਲਤ ਨੇ ਪੰਜਾਬ ਸਰਕਾਰ ਦੇ ਐਡੀਸ਼ਨਲ ਐਡਵੋਕੇਟ ਜਨਰਲ ਗੁਰਿੰਦਰਪਾਲ ਸਿੰਘ ਨੂੰ ਹਦਾਇਤ ਦਿੱਤੀ ਸੀ ਕਿ ਉਹ ਪੇਂਡੂ ਸਕੂਲਾਂ, ਸ਼ਹਿਰੀ ਸਕੂਲਾਂ ਨੂੰ ਜਾਰੀ ਬਜਟ ਦੇ ਨਾਲ-ਨਾਲ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸਮਿਤੀਆਂ ਤੇ ਪੰਚਾਇਤਾਂ ਨੂੰ ਸਕੂਲ ਬਣਾਉਣ ਤੇ ਚਲਾਉਣ ਲਈ ਜਾਰੀ ਕੀਤੇ ਫੰਡਾਂ ਦਾ ਵੇਰਵਾ ਦੇਣ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਕ ਡਿਵੀਜ਼ਨ ਬੈਂਚ ਦਿਹਾਤੀ ਖੇਤਰ ਦੇ ਵਿਦਿਆਰਥੀਆਂ ਨੂੰ ਬੋਨਸ ਵਜੋਂ ਅੰਕ ਦੇਣ ਦੇ ਵਿਰੋਧ ਵਿਚ ਫੈਸਲਾ ਦੇ ਚੁੱਕਾ ਹੈ। ਇਹ ਫੈਸਲਾ ਸੁਦੇਸ਼ ਰਾਣੀ ਤੇ ਹੋਰਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਦਾਇਰ ਪਟੀਸ਼ਨ 'ਤੇ ਮੁੱਖ ਜੱਜ ਮੁਕੂਲ ਮੁਦਗਲ ਤੇ ਜਸਟਿਸ ਜਸਵੀਰ ਸਿੰਘ ਵੱਲੋਂ ਦਿੱਤਾ ਗਿਆ ਸੀ।

# ਭੱਠਲ ਨੂੰ ਸਰਕਾਰੀ ਘਰ 'ਚੋਂ ਜਬਰੀ ਕੱਢਿਆ ਜਾਵੇਗਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੀਨੀਅਰ ਕਾਂਗਰਸੀ ਆਗੂ ਤੇ ਸੂਬੇ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਤੋਂ ਚੰਡੀਗੜ੍ਹ ਦੇ ਸੈਕਟਰ-ਦੋ ਵਿਚਲੇ ਸਰਕਾਰੀ ਬੰਗਲੇ ਤੋਂ ਕਬਜ਼ਾ ਛੁਡਾਉਣ ਲਈ ਕਾਨੂੰਨੀ ਕਾਰਵਾਈ ਅਰੰਭਣ ਦਾ ਫੈਸਲਾ ਕਰ ਲਿਆ ਹੈ। ਸੂਤਰਾਂ ਮੁਤਾਬਕ ਆਮ ਪ੍ਰਸ਼ਾਸਨ ਵਿਭਾਗ ਨੇ ਪੀ.ਪੀ. ਐਕਟ (ਪਬਲਿਕ ਪ੍ਰੀਮਿਸਿਜ਼ ਐਕਟ) ਅਧੀਨ ਕਾਰਵਾਈ ਕਰਨ ਲਈ ਫਾਈਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭੇਜ ਦਿੱਤੀ ਹੈ।

ਕਾਨੂੰਨੀ ਮਾਹਿਰਾਂ ਮੁਤਾਬਕ ਕੋਈ ਵਿਅਕਤੀ ਵਿਸ਼ੇਸ਼ ਜੋ ਸਰਕਾਰੀ ਜਾਇਦਾਦ ਉੱਪਰ ਨਾਜਾਇਜ਼ ਕਬਜ਼ਾ ਕਰੀ ਬੈਠਾ ਹੋਵੇ, ਤੋਂ ਕਬਜ਼ਾ ਛੁਡਾਉਣ ਲਈ ਪੀ.ਪੀ. ਐਕਟ ਅਧੀਨ ਕਾਰਵਾਈ ਨਾਲ ਕਾਨੂੰਨੀ ਅਮਲ ਜਲਦੀ ਸਿਰੇ ਚੜ੍ਹਦਾ ਹੈ। ਇਹ ਕੇਸ ਸਰਕਾਰ ਵੱਲੋਂ ਨਾਮਜ਼ਦ ਕੁਲੈਕਟਰ ਦੀ ਅਦਾਲਤ ਵਿਚ ਚਲੇਗਾ। ਚੰਡੀਗੜ੍ਹ ਵਿਚਲੀਆਂ ਰਾਜ ਸਰਕਾਰ ਦੀਆਂ ਜਾਇਦਾਦਾਂ ਤੋਂ ਕਬਜ਼ਾ ਖਾਲੀ ਕਰਾਉਣ ਲਈ ਸਰਕਾਰ ਵੱਲੋਂ ਸਕੱਤਰੇਤ ਵਿਚਲੇ ਹੀ ਕਿਸੇ ਆਈ.ਏ.ਐਸ. ਜਾਂ ਪੀ.ਸੀ.ਐਸ. ਅਫਸਰ ਨੂੰ ਕੁਲੈਕਟਰ ਨਾਮਜ਼ਦ ਕੀਤਾ ਜਾਂਦਾ ਹੈ।

ਬੀਬੀ ਭੱਠਲ ਜਿਸ ਸਰਕਾਰੀ ਬੰਗਲੇ 'ਤੇ ਕਾਬਜ਼ ਹਨ, ਦਾ ਕਿਰਾਇਆ ਵੀ ਸਰਕਾਰ ਨੇ 8 ਲੱਖ 26 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਿਥਿਆ ਹੈ। ਲੋਕ ਨਿਰਮਾਣ ਵਿਭਾਗ ਦੇ ਅਨੁਮਾਨ ਮੁਤਾਬਕ ਸੈਕਟਰ-ਦੋ ਵਿਚਲੀ ਕੋਠੀ ਨੰਬਰ 43 ਦਾ ਸਾਧਾਰਨ ਕਿਰਾਇਆ 4 ਲੱਖ 26 ਹਜ਼ਾਰ ਰੁਪਏ ਹੈ। ਬੀਬੀ ਭੱਠਲ ਕੋਲ ਕਿਉਂਕਿ ਕੋਈ ਵਿਧਾਨਿਕ ਅਹੁਦਾ ਨਹੀਂ ਹੈ, ਇਸ ਲਈ ਉਨ੍ਹਾਂ ਨੇ 21 ਮਾਰਚ ਨੂੰ ਇਹ ਸਰਕਾਰੀ ਰਿਹਾਇਸ਼ ਖਾਲੀ ਕਰਨੀ ਸੀ। ਨਿਯਮਾਂ ਮੁਤਾਬਕ 21 ਮਾਰਚ ਤੋਂ ਬਾਅਦ ਸਰਕਾਰ ਸਾਧਾਰਨ ਕਿਰਾਏ ਦਾ ਦੁੱਗਣਾ ਕਿਰਾਇਆ ਵਸੂਲ ਸਕਦੀ ਹੈ।



ਇਸੇ ਲਈ ਅੱਠ ਲੱਖ 26 ਹਜ਼ਾਰ ਰੁਪਏ ਕਿਰਾਇਆ ਮਿਥਿਆ ਹੈ। ਬੀਬੀ ਭੱਠਲ ਵਿਰੁੱਧ ਹੁਣ ਤੱਕ 66 ਲੱਖ 64 ਹਜ਼ਾਰ 839 ਹਜ਼ਾਰ ਰੁਪਏ ਕਿਰਾਏ ਵਜੋਂ ਵਸੂਲੀਯੋਗ ਬਣਦੇ ਹਨ। ਸਰਕਾਰ ਇਹ ਕਿਰਾਇਆ ਵਸੂਲਣ ਲਈ ਵੀ ਕਾਂਗਰਸੀ ਆਗੂ ਵਿਰੁੱਧ ਕਾਰਵਾਈ ਅਮਲ ਵਿਚ ਲਿਆ ਸਕਦੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਿਵੇਂ ਹੀ ਪੀ.ਪੀ. ਐਕਟ ਤਹਿਤ ਕਾਰਵਾਈ ਲਈ ਹਰੀ ਝੰਡੀ ਮਿਲਦੀ ਹੈ, ਬੀਬੀ ਭੱਠਲ ਤੋਂ ਕੋਠੀ ਖਾਲੀ ਕਰਾਉਣ ਲਈ ਕਾਰਵਾਈ ਸ਼ੁਰੂ ਹੋ ਜਾਵੇਗੀ। ਅਧਿਕਾਰੀਆਂ ਮੁਤਾਬਕ ਦੋ ਕੁ ਮਹੀਨਿਆਂ ਵਿਚ ਕੋਠੀ ਖਾਲੀ ਹੋ ਸਕਦੀ ਹੈ।

ਪੰਜਾਬ ਸਰਕਾਰ ਵੱਲੋਂ ਇਹ ਕੋਠੀ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੂੰ ਅਲਾਟ ਕੀਤੀ ਗਈ ਸੀ ਪਰ ਬੀਬੀ ਭੱਠਲ ਨੇ ਅਜੇ ਤੱਕ ਇਸ ਕੋਠੀ ਤੋਂ ਕਬਜ਼ਾ ਨਹੀਂ ਛੱਡਿਆ ਜਿਸ ਕਾਰਨ ਸ੍ਰੀ ਜਾਖੜ ਨੂੰ ਵੀ ਸਰਕਾਰੀ ਰਿਹਾਇਸ਼ ਨਹੀਂ ਮਿਲੀ। ਬੀਬੀ ਭੱਠਲ ਨੇ ਐਲਾਨ ਕੀਤਾ ਹੈ ਕਿ ਉਹ ਇਸ ਕੋਠੀ ਤੋਂ ਕਬਜ਼ਾ ਨਹੀਂ ਛੱਡਣਗੇ। ਇਸ ਮਾਮਲੇ 'ਤੇ ਬੀਬੀ ਭੱਠਲ ਵੱਲੋਂ ਸੂਬੇ ਦੇ ਰਾਜਪਾਲ ਸ਼ਿਵਰਾਜ ਪਾਟਿਲ ਨਾਲ ਵੀ ਮੁਲਾਕਾਤ ਕੀਤੇ ਜਾਣ ਦੀ ਚਰਚਾ ਹੈ। ਉਹ ਕਿਵੇਂ ਨਾ ਕਿਵੇਂ ਇਸ ਸਰਕਾਰੀ ਕੋਠੀ 'ਤੇ ਕਬਜ਼ਾ ਬਣਾਈ ਰੱਖਣਾ ਚਾਹੁੰਦੇ ਹਨ।

ਸੂਬੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਆਖ ਚੁੱਕੇ ਹਨ ਕਿ ਕਾਂਗਰਸੀ ਆਗੂ ਨੇ ਸਰਕਾਰੀ ਕੋਠੀ ਉੱਪਰ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਬੀਬੀ ਭੱਠਲ ਪਿਛਲੇ ਦੋ ਦਹਾਕਿਆਂ ਤੋਂ ਇਸ ਸਰਕਾਰੀ ਕੋਠੀ ਵਿੱਚ ਰਹਿ ਰਹੇ ਹਨ। ਬੇਅੰਤ ਸਿੰਘ ਦੀ ਸਰਕਾਰ ਸਮੇਂ ਉਨ੍ਹਾਂ ਨੂੰ ਮੰਤਰੀ ਵਜੋਂ ਕੋਠੀ ਅਲਾਟ ਹੋਈ ਤੇ ਉਦੋਂ ਤੋਂ ਇੱਥੇ ਹੀ ਰਹਿ ਰਹੇ ਹਨ। ਇਹ ਵੀ ਮਹੱਤਵਪੂਰਨ ਤੱਥ ਹੈ ਕਿ ਪਿਛਲੇ ਸਮੇਂ ਦੌਰਾਨ ਕਾਂਗਰਸ ਦੀ ਇਹ ਮਹਿਲਾ ਆਗੂ ਕਿਸੇ ਨਾ ਕਿਸੇ ਵਿਧਾਨਕ ਅਹੁਦੇ 'ਤੇ ਕਾਇਮ ਰਹੀ ਪਰ ਹੁਣ ਸਿਰਫ਼ ਵਿਧਾਇਕਾ ਹੀ ਹੈ। ਓਧਰ ਬੀਬੀ ਦਾ ਇਹ ਵੀ ਕਹਿਣਾ ਹੈ ਕਿ ਸੁਰੱਖਿਆ ਦੇ ਪੱਖ ਤੋਂ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੇ ਮਰਹੂਮ ਬੇਅੰਤ ਸਿੰਘ ਦੇ ਪਰਿਵਾਰ ਨੂੰ ਦਿੱਤੀ ਸਰਕਾਰੀ ਰਿਹਾਇਸ਼ ਦੇ ਆਧਾਰ 'ਤੇ ਕੋਠੀ ਅਲਾਟ ਕੀਤੀ ਜਾਵੇ। ਫਿਲਹਾਲ ਤਾਂ ਪੰਜਾਬ ਸਰਕਾਰ ਨੇ ਬੀਬੀ ਭੱਠਲ ਦਾ ਇਹ ਤਰਕ ਵੀ ਰੱਦ ਕਰ ਦਿੱਤਾ ਹੈ।

# ਕਤਲ ਕੇਸ 'ਚ 26 ਦੋਸ਼ੀਆਂ ਨੂੰ ਉਮਰ ਕੈਦ

**ਅੰਮ੍ਰਿਤਸਰ:** ਦੋਹਰੇ ਕਤਲ ਕੇਸ ਵਿਚ ਜ਼ਿਲ੍ਹਾ ਸੈਸ਼ਨ ਅਦਾਲਤ ਵੱਲੋਂ 26 ਦੋਸ਼ੀਆਂ ਨੂੰ ਉਮਰ ਕੈਦ ਤੇ ਇਕ ਦੋਸ਼ੀ ਨੂੰ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਘਟਨਾ 2007 ਵਿਚ ਥਾਣਾ ਲੋਪੋਕੇ ਹੇਠ ਆਉਂਦੇ ਪਿੰਡ ਧਾਰੀਵਾਲ ਛੀਨਾ ਵਿਚ ਵਾਪਰੀ ਸੀ। ਜ਼ਮੀਨ ਦੇ ਝਗੜੇ ਵਿਚ ਗੋਲੀ ਚੱਲਣ ਕਾਰਨ ਦੋ ਭਰਾ ਕੇਵਲ ਸਿੰਘ ਤੇ ਸਰੂਪ ਸਿੰਘ ਦੀ ਮੌਤ ਹੋ ਗਈ ਤੇ ਛੇ ਵਿਅਕਤੀ ਜ਼ਖ਼ਮੀ ਹੋਏ ਸਨ।

ਇਸ ਮਾਮਲੇ ਵਿੱਚ ਪੁਲੀਸ ਨੇ ਧਾਰਾ 302 ਤੇ 325 ਹੇਠ ਕੇਸ ਦਰਜ ਕੀਤਾ ਸੀ। ਅਡੀਸ਼ਨਲ ਸੈਸ਼ਨ ਜੱਜ ਪੀ.ਪੀ. ਸਿੰਘ ਦੀ ਅਦਾਲਤ ਵਿਚ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ ਜਿਸ ਵਿਚ 12 ਵਿਅਕਤੀਆਂ ਨੂੰ ਕੇਸ ਵਿਚੋਂ ਬਰੀ ਕਰ ਦਿੱਤਾ ਗਿਆ। ਇਹ ਸਾਰੇ ਵਿਅਕਤੀ ਧਾਰਾ 325 ਹੇਠ ਨਾਮਜ਼ਦ ਕੀਤੇ ਗਏ ਸਨ ਜਦੋਂਕਿ ਧਾਰਾ 302 ਹੇਠ ਨਾਮਜ਼ਦ 26 ਵਿਅਕਤੀਆਂ ਨੂੰ ਉਮਰ ਕੈਦ ਤੇ ਇਕ ਵਿਅਕਤੀ ਨੂੰ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ।

# ਪੰਜਾਬ ਦੀ ਬਿਜਲੀ ਸਪਲਾਈ ਦਾ 'ਮੇਨ ਸਵਿੱਚ' ਝਾਰਖੰਡ ਕੋਲ

**ਚੰਡੀਗੜ੍ਹ:** ਪੰਜਾਬ ਦੀ ਬਿਜਲੀ ਸਪਲਾਈ ਦਾ 'ਮੇਨ ਸਵਿੱਚ' ਝਾਰਖੰਡ ਕੋਲ ਹੈ ਕਿਉਂਕਿ ਸੂਬੇ ਵਿਚ ਕਿਸੇ ਵੀ ਕਾਰਨ ਜੇਕਰ ਕੋਲੇ ਦੀ ਸਪਲਾਈ ਪ੍ਰਭਾਵਿਤ ਹੁੰਦੀ ਹੈ ਤਾਂ ਪੰਜਾਬ ਹਨ੍ਹੇਰੇ ਵਿਚ ਡੁੱਬ ਸਕਦਾ ਹੈ। ਬਿਜਲੀ ਲਈ ਪੰਜਾਬ ਦੀ ਜ਼ਿਆਦਾਤਰ ਕੋਲੇ 'ਤੇ ਟੇਕ ਹੈ ਜਦੋਂਕਿ ਸੂਬੇ ਕੋਲ ਕੁਦਰਤੀ ਸਾਧਨ ਵਜੋਂ ਪਾਣੀਆਂ ਦਾ ਖਜ਼ਾਨਾ ਹੈ ਜਿਸ ਤੋਂ ਸਸਤੀ ਬਿਜਲੀ ਤਿਆਰ ਕੀਤੀ ਜਾ ਸਕਦੀ ਹੈ ਪਰ ਇਸ ਵੱਲ ਕਿਸੇ ਵੀ ਸਰਕਾਰ ਨੇ ਬਾਹਲਾ ਧਿਆਨ ਨਹੀਂ ਦਿੱਤਾ। ਦੂਜੇ ਪਾਸੇ ਪੰਜਾਬ ਨੂੰ ਸਾਰਾ ਕੋਲਾ ਬਾਹਰੋਂ ਮੰਗਵਾਉਣਾ ਪੈਂਦਾ ਹੈ ਪਰ ਫਿਰ ਵੀ ਅਕਾਲੀ-ਭਾਜਪਾ ਸਰਕਾਰ ਥਰਮਲ ਪਲਾਂਟ ਲਾ ਕੇ ਹੀ ਬਿਜਲੀ ਦੀ ਘਾਟ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜੋ ਭਵਿੱਖ ਵਿਚ ਪੰਜਾਬੀਆਂ ਲਈ ਮੁਸੀਬਤ ਬਣ ਸਕਦੀ ਹੈ।

ਅੱਜ ਤੋਂ ਤਕਰੀਬਨ ਛੇ ਸਾਲ ਪਹਿਲਾਂ ਅਕਾਲੀਆਂ ਨੇ ਪੰਜਾਬੀਆਂ ਨਾਲ ਵਾਅਦਾ ਕੀਤਾ ਸੀ ਕਿ ਅਗਲੇ ਪੰਜ ਸਾਲਾਂ ਵਿਚ ਪੰਜਾਬ ਵਾਧੂ ਬਿਜਲੀ ਵਾਲਾ ਸੂਬਾ ਹੋਵੇਗਾ ਪਰ ਦੂਜੀ ਵਾਰ ਸੱਤਾ ਸੰਭਾਲਣ ਤੋਂ ਬਾਅਦ ਵੀ ਗਰਮੀਆਂ ਨੂੰ ਤਾਂ ਛੱਡੋ ਸਿਆਲ ਵਿਚ ਵੀ ਬਿਜਲੀ ਨਸੀਬ ਨਹੀਂ ਹੋ ਰਹੀ। ਪਿਛਲੇ ਸਮੇਂ ਵਿਚ ਝਾਰਖੰਡ ਤੋਂ ਕੋਲੇ ਦੀ ਸਪਲਾਈ ਘਟਣ ਕਰਕੇ ਬਿਜਲੀ ਦੇ ਬਲਬ ਝਮੱਕੇ ਮਾਰਨ ਲੱਗ ਪਏ ਜਿਸ ਨੂੰ ਗੰਭੀਰਤਾ ਨਾਲ ਲੈਂਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਝਾਰਖੰਡ ਤੋਂ ਕੋਲੇ ਦੀ ਸਪਲਾਈ ਰੁਕਣ ਨਾਲ ਗੰਭੀਰ ਬਿਜਲੀ ਸੰਕਟ ਪੈਦਾ ਹੋਣ ਦਾ ਖਦਸ਼ਾ ਜ਼ਾਹਰ ਕਰਦਿਆਂ ਝਾਰਖੰਡ ਦੇ ਮੁੱਖ ਮੰਤਰੀ ਅਰਜੁਨ ਮੁੰਡਾ ਦੇ ਨਿੱਜੀ ਦਖ਼ਲ ਦੀ ਮੰਗ ਕਰਦਿਆਂ ਆਖਿਆ ਕਿ ਉਨ੍ਹਾਂ ਦੇ ਸੂਬੇ ਵਿਚ ਚੱਲ ਰਹੇ ਸਿਆਸੀ ਸੰਘਰਸ਼ ਕਾਰਨ ਬਣੀ ਰੁਕਾਵਟ ਨੂੰ ਛੇਤੀ ਤੋਂ ਛੇਤੀ ਹੱਲ ਕਰਵਾ ਕੇ ਕੋਲੇ ਦੀ ਸਪਲਾਈ ਫੌਰੀ ਬਹਾਲ ਕੀਤੀ ਜਾਵੇ ਤਾਂ ਕਿ ਸੂਬੇ ਦੇ ਥਰਮਲ ਪਲਾਂਟਾਂ ਦੇ ਬੰਦ ਹੋਣ ਨੂੰ ਟਾਲਿਆ ਜਾ ਸਕੇ।

ਝਾਰਖੰਡ ਦੇ ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿਚ ਸ. ਬਾਦਲ ਨੇ ਆਖਿਆ ਕਿ ਉਹ ਆਪਣੇ ਪ੍ਰਭਾਵ ਰਾਹੀਂ ਇਸ ਮਸਲੇ ਨੂੰ ਜਲਦੀ ਸੁਲਝਾਉਣ ਤਾਂ ਕਿ ਪੰਜਾਬ ਨੂੰ ਕੋਲੇ ਦੀ ਨਿਰਵਿਘਨ ਸਪਲਾਈ ਬਣੀ ਰਹੇ ਜੋ ਇਸ ਵੇਲੇ ਚੱਲ ਰਹੇ ਸਿਆਸੀ ਸੰਘਰਸ਼ ਕਾਰਨ ਪ੍ਰਭਾਵਿਤ ਹੋਈ ਹੈ। ਉਨ੍ਹਾਂ ਕਿਹਾ ਕਿ ਝਾਰਖੰਡ ਦੇ ਕੋਲ ਬਲਾਕ ਨਾਲ ਪੰਜਾਬ ਦੇ ਥਰਮਲ ਪਲਾਂਟਾਂ ਲਈ ਕੋਲੇ ਦੀ ਵੱਡੀ ਲੋੜ ਪੂਰੀ ਹੁੰਦੀ ਹੈ। ਪੰਜਾਬ ਰਾਜ ਬਿਜਲੀ ਨਿਗਮ ਦੇ ਥਰਮਲ ਪਲਾਂਟ ਰੋਜ਼ਾਨਾ ਪੰਜ ਤੋਂ ਛੇ ਰੈਕ ਹਾਸਲ ਕਰਦੇ ਹਨ ਪਰ ਹਾਲ ਹੀ ਵਿਚ ਸਥਾਨਕ ਪੱਧਰ 'ਤੇ ਸੰਘਰਸ਼ ਚੱਲਣ ਕਾਰਨ ਸਪਲਾਈ ਵਿਚ ਵਿਘਨ ਪਿਆ ਹੈ।

## ਅਕਾਲੀਆਂ ਦੇ ਦਾਅਵਿਆਂ ਦੀ ਨਿਕਲੀ ਫੂਕ



ਉਨ੍ਹਾਂ ਕਿਹਾ ਕਿ ਪੇਨਮ ਕੋਲ ਮਾਈਨਜ਼ ਲਿਮਟਿਡ ਨੇ 16 ਨਵੰਬਰ ਨੂੰ ਜਾਣਕਾਰੀ ਦਿੱਤੀ ਹੈ ਕਿ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਬਾਬੂ ਲਾਲ ਮਰਾਂਡੀ ਵੱਲੋਂ ਸਾਬਕਾ ਉਪ ਮੁੱਖ ਮੰਤਰੀ ਸਟੀਫਨ ਮਰਾਂਡੀ ਤੇ ਆਪਣੇ ਸਮਰਥਕਾਂ ਨਾਲ ਕੋਲ ਖਾਣ ਬਲਾਕ ਨੂੰ ਜਾਂਦੇ ਰਸਤੇ 'ਤੇ ਧਰਨਾ ਸ਼ੁਰੂ ਕੀਤਾ ਗਿਆ ਹੈ ਜਿਸ ਨਾਲ ਖਾਣ ਵਾਲੇ ਸਥਾਨ ਤੋਂ ਪਾਕੁਰ ਦੇ ਰੇਲਵੇ ਸਟੇਸ਼ਨ ਨੂੰ ਕੋਲੇ ਲਿਜਾਣ ਵਿਚ ਰੁਕਵਾਟ ਬਣੀ ਹੋਈ ਹੈ। ਸੰਘਰਸ਼ਕਾਰੀਆਂ ਨੇ 20 ਨਵੰਬਰ ਦੀ ਰਾਤ ਤੋਂ ਪਾਕੁਰ ਰੇਲਵੇ ਸਟੇਸ਼ਨ ਵਾਲੇ ਪਾਸੇ ਵੀ ਧਰਨਾ ਲਾ ਦਿੱਤਾ ਜਿਸ ਨਾਲ ਰੇਲਵੇ ਰਾਹੀਂ ਕੋਲੇ ਦੀ ਸਪਲਾਈ ਵੀ ਰੁਕ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੋਲੇ ਦੀ ਖਾਣ ਵਾਲੇ ਜਾਂਦੇ ਰਾਹ ਰੁਕ ਜਾਣ ਕਾਰਨ ਖਣਨ ਲਈ ਆਵਾਜਾਈ ਵਾਸਤੇ ਡੀਜ਼ਲ ਨਹੀਂ ਮਿਲ ਸਕਿਆ ਜਿਸ ਕਾਰਨ ਕੰਮ ਵਿਚ ਰੁਕਾਵਟ ਆ ਗਈ ਹੈ। ਪੇਨਮ ਕੰਪਨੀ ਮੁਤਾਬਕ ਕੰਪਨੀ ਵੱਲੋਂ ਮੁੜ ਵਸੇਬਾ ਪੈਕੇਜ ਦੇਣ ਨਾਲ ਪ੍ਰਾਜੈਕਟ ਤੋਂ ਪ੍ਰਭਾਵਿਤ ਲੋਕ ਤੇ ਸਥਾਨਕ ਵਾਸੀ ਬੇਹੱਦ ਖੁਸ਼ ਤੇ ਸੰਤੁਸ਼ਟ ਹਨ।

ਸ. ਬਾਦਲ ਨੇ ਕਿਹਾ ਕਿ ਇੰਜ ਜਾਪਦਾ ਹੈ ਕਿ ਸ੍ਰੀ ਮਰਾਂਡੀ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ ਕਿਉਂਕਿ ਕੰਪਨੀ ਨੇ ਭਾਰਤ ਸਰਕਾਰ ਦੀ ਖਣਨਾਂ ਦੇ ਕੰਮਕਾਜ ਦਾ ਨਿਰੀਖਣ ਕਰਨ ਵਾਲੀ ਕਮੇਟੀ ਵੱਲੋਂ ਨਿਰੀਖਣ ਤੋਂ ਬਾਅਦ ਹੀ ਸੂਬਾ ਤੇ ਕੇਂਦਰ ਸਰਕਾਰਾਂ ਵੱਲੋਂ ਪ੍ਰਵਾਨਗੀ ਦੇਣ 'ਤੇ ਪੁਨਰਵਾਸ ਪੈਕੇਜ ਦਿੱਤਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਪੇਨਮ ਕੰਪਨੀ ਤੇ ਸਥਾਨਕ ਪ੍ਰਸ਼ਾਸਨ ਵੱਲੋਂ ਬਾਬੂ ਲਾਲ ਮਰਾਂਡੀ ਦੇ ਸਾਰੇ ਭਰਮ-ਭੁਲੇਖੇ ਦੂਰ ਕਰਨ ਦੇ ਯਤਨ ਕੀਤੇ ਗਏ ਜਿਸ ਵਿਚ ਅਜੇ ਤੱਕ ਸਫਲਤਾ ਨਹੀਂ ਮਿਲੀ।

# Matrimonials

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਬਿੰਦ ਇੰਡੀਆ ਰਹਿੰਦੇ ਅੰਮ੍ਰਿਤਧਾਰੀ, 23 ਸਾਲ, ਕੱਦ 5'-9", ਰਜਿਸਟਰਡ ਨਰਸ ਸੁਨੱਖੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੂਆ ਤੇ ਵੱਡੀ ਭੈਣ ਅਮਰੀਕਾ 'ਚ ਵੈਲ ਸੈਟਲਡ ਹਨ ਤੇ ਲੜਕੇ ਦਾ ਪਰਿਵਾਰ ਜਲਦੀ ਅਮਰੀਕਾ ਪਹੁੰਚ ਰਿਹਾ ਹੈ। ਸੰਪਰਕ ਕਰੋ: ਫੋਨ 530-713-7098, 91-97818-37605 ਜਾਂ ਈਮੇਲ: bains45@gmail.com

---

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5'-11", ਚੰਗਾ ਖਾਨਦਾਨ, ਚੰਗੀ ਪੇਂਡੂ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600
E-Mail Tigerjatt@gmail.com

---

Sikh Saini parents seek match for US educated son, PhD, BTech Computer Science; 30/5'-9". Employed with a reputed company in Louisville, KY. Caste no bar Email: photo/Bio at harpreetdaurka@gmail.com.

### ਵਰ ਦੀ ਲੋੜ ਹੈ

ਲੁਧਿਆਣਾ ਨਿਵਾਸੀ ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੀ ਐਮ.ਐਸ.ਸੀ. ਨਰਸਿੰਗ ਖੂਬਸੂਰਤ ਲੜਕੀ 29 ਸਾਲ, ਕੱਦ 5'-1'' ਲਈ ਅਮਰੀਕਾ ਜਾਂ ਕੈਨੇਡਾ ਵਿਚ ਸਥਾਈ ਰਹਿਣ ਵਾਲੇ ਲੜਕੇ ਦੀ ਤਲਾਸ਼ ਹੈ। ਲੜਕੀ ਦੇ ਪਿਤਾ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿੰਦੇ ਹਨ। ਵਧੇਰੇ ਜਾਣਕਾਰੀ ਲਈ 650-273-2999 'ਤੇ ਬਾਅਦ ਦੁਪਹਿਰ 1:00 ਤੋਂ ਰਾਤ 11:30 ਤੱਕ ਫ਼ੋਨ ਕਰੋ।

---

ਜੱਟ ਸਿੱਖ ਕੈਲੀਫੋਰਨੀਆ ਵਸਦੀ ਗਰੀਨ ਕਾਰਡ ਹੋਲਡਰ, ਉਮਰ 33 ਸਾਲ, ਕੱਦ 5'-5" ਐਮ ਏ ਪਾਸ ਲੜਕੀ ਲਈ ਨਸ਼ਿਆਂ ਤੋਂ ਰਹਿਤ ਅਮਰੀਕਾ ਵਿਚ ਕੱਚੇ-ਪੱਕੇ ਤੌਰ 'ਤੇ ਰਹਿ ਰਹੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 347-653-5790,
e-mail: prince.kular@yahoo.com

---

Well settled Saini Sikh parents seek stricktly Gursikh match for US Citizen innocently divorced daughter, 28, 5'-6", M Ed., school teacher. Email biodata @ bsinghmdus@yahoo.com

## ਰੇਲ ਗੱਡੀ ਹੇਠਾਂ ਆਉਣ ਨਾਲ ਮੌਤ

**ਬਠਿੰਡਾ:** ਬਠਿੰਡਾ-ਕੋਟਕਪੂਰਾ ਰੇਲਵੇ ਲਾਈਨ 'ਤੇ ਪਿੰਡ ਨਈਆਂਵਾਲਾ ਨਜ਼ਦੀਕ ਗੱਡੀ ਹੇਠਾਂ ਆਉਣ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ।

ਇਸ ਦੀ ਸੂਚਨਾ ਮਿਲਣ 'ਤੇ ਸਹਾਰਾ ਜਨਸੇਵਾ ਬਠਿੰਡਾ ਦੇ ਸੇਵਕ ਸੰਦੀਪ ਕੁਮਾਰ ਅਤੇ ਹਰਬੰਸ ਸਿੰਘ ਮੌਕੇ 'ਤੇ ਪਹੁੰਚੇ ਅਤੇ ਦੂਸਰੀ ਤਰਫ ਪੁਲੀਸ ਚੌਕੀ ਜੀਆਰਪੀ ਗੋਨਿਆਣਾ ਦੇ ਹੌਲਦਾਰ ਗੁਰਪਾਲ ਸਿੰਘ ਵੀ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਘਟਨਾ ਸਥਾਨ ਦਾ ਜਾਇਜ਼ਾ ਲਿਆ।

## ਬਾਲ ਸਾਹਿਤ ਕਲਾ ਮੰਚ ਦੀ ਪਹਿਲੀ ਪੇਸ਼ਕਾਰੀ ਸੈਨ ਹੋਜ਼ੇ 'ਚ

**ਫਰੀਮਾਂਟ (ਬਿਊਰੋ):** ਬੱਚਿਆਂ ਨੂੰ ਪੰਜਾਬੀ ਸਾਹਿਤ, ਸਭਿਆਚਾਰ, ਵਿਰਸੇ ਅਤੇ ਕਲਾ-ਮੰਚ ਨਾਲ ਜੋੜਨ ਦੇ ਮਨੋਰਥ ਨਾਲ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਬਾਲ ਸਾਹਿਤ ਕਲਾ ਮੰਚ ਦੀ ਸਥਾਪਨਾ ਕੀਤੀ ਗਈ ਹੈ ਜਿਸ ਦੀ ਪਹਿਲੀ ਪੇਸ਼ਕਾਰੀ ਸੈਨ ਹੋਜ਼ੇ ਵਿਚ ਹੋਵੇਗੀ।

ਇਹ ਜਾਣਕਾਰੀ ਦਿੰਦਿਆਂ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਬੇ-ਏਰੀਆ) ਦੇ ਪ੍ਰਧਾਨ ਸ. ਕੁਲਦੀਪ ਸਿੰਘ ਢੀਂਡਸਾ ਨੇ ਦੱਸਿਆ ਕਿ 18 ਸਾਲ ਦੀ ਉਮਰ ਤੋਂ ਘੱਟ ਕੋਈ ਵੀ ਬੱਚਾ ਇਸ ਮੰਚ ਦਾ ਮੈਂਬਰ ਬਣ ਸਕਦਾ ਹੈ ਅਤੇ ਇਸ ਖਾਤਰ ਸਭਾ ਦੀ ਕਾਰਜਕਾਰਨੀ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਫ਼ਾਰਮ ਈ-ਮੇਲ ਰਾਹੀਂ ਵੀ ਭਰ ਕੇ ਭੇਜੇ ਜਾ ਸਕਦੇ ਹਨ।

ਸਭਾ ਵਲੋਂ ਹਰ ਸਨਿਚਰ ਅਤੇ ਐਤਵਾਰ ਨੂੰ ਸ਼ਾਮ 4 ਵਜੇ ਤੋਂ 6 ਵਜੇ ਤੱਕ ਗੁਰਦੁਆਰਾ ਸੈਨ ਹੋਜ਼ੇ ਦੇ ਲਾਇਬਰੇਰੀ ਹਾਲ ਵਿਚ ਵਰਕਸ਼ਾਪ ਲਾਈ ਜਾ ਰਹੀ ਹੈ ਜਿਸ ਵਿਚ ਬੱਚਿਆਂ ਨੂੰ ਰੂਪਕ ਤੋਂ ਇਲਾਵਾ ਇਕਾਂਗੀ, ਕਹਾਣੀ, ਕਵਿਤਾ, ਗੀਤ ਅਤੇ ਸਾਹਿਤ ਦੀਆਂ ਹੋਰ ਵੰਨਗੀਆਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਉਥੇ ਰੰਗ ਕਰਮੀ ਸ. ਚਰਨ ਸਿੰਘ ਸਿੱਧਰਾ ਬੱਚਿਆਂ ਨੂੰ ਨਾਟ ਮੰਚ ਦੀ ਸਿਖਲਾਈ ਦੇਣਗੇ।

ਹੋਰ ਜਾਣਕਾਰੀ ਲਈ ਕੁਲਦੀਪ ਸਿੰਘ ਢੀਂਡਸਾ (510-676-4440), ਪ੍ਰਮਿੰਦਰ ਸਿੰਘ ਪ੍ਰਵਾਨਾ (510-415-9377) ਜਾਂ ਡਾ. ਗੁਰਮੀਤ ਸਿੰਘ ਬਰਸਾਲ (408-209-7072) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਚੌਕੀਦਾਰ ਦੇ ਕਤਲ ਸਬੰਧੀ ਦੋ ਨੂੰ ਉਮਰ ਕੈਦ

**ਹੁਸ਼ਿਆਰਪੁਰ:** ਜੂਨ 2011 ਵਿਚ ਪਿੰਡ ਬਸੀ ਕਿੱਕਰਾਂ ਵਿਖੇ ਛੋਟੂ ਨਾਂ ਦੇ ਇੱਕ ਚੌਕੀਦਾਰ ਦੇ ਹੋਏ ਕਤਲ ਦੇ ਦੋਸ਼ ਵਿਚ ਅਦਾਲਤ ਨੇ ਅੱਜ ਦੋ ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਛੋਟੂ ਦੀ ਲਾਸ਼ ਮੱਕੀ ਦੇ ਖੇਤਾਂ ਵਿਚ ਪਈ ਮਿਲੀ ਸੀ। ਉਸ ਦੇ ਸਰੀਰ 'ਤੇ ਤੇਜ਼ਧਾਰ ਹਥਿਆਰਾਂ ਦੇ ਨਿਸ਼ਾਨ ਸਨ। ਜਿਸ ਭੱਠੇ 'ਤੇ ਉਹ ਕੰਮ ਕਰਦਾ ਸੀ, ਉਸ ਭੱਠੇ ਦੇ ਮਾਲਕ ਦੇ ਬਿਆਨਾਂ 'ਤੇ ਸਦਰ ਪੁਲੀਸ ਨੇ ਕਤਲ ਦਾ ਮਾਮਲਾ ਦਰਜ ਕੀਤਾ ਸੀ।

ਜਾਂਚ ਦੌਰਾਨ ਸ਼ੱਕ ਦੀ ਸੂਈ ਛੋਟੂ ਦੇ ਵਾਕਫ਼ਾਂ ਲੱਡਾ ਮਸੀਹ ਵਾਸੀ ਕਲਾਨੌਰ ਅਤੇ ਸੋਨੀ ਮਸੀਹ ਵਾਸੀ ਅੱਕਰਪੁਰ, ਬਟਾਲਾ 'ਤੇ ਗਈ। ਇਨ੍ਹਾਂ ਦੋਹਾਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਜਾਂਚ ਦੌਰਾਨ ਸਾਹਮਣੇ ਆਇਆ ਕਿ ਦੋਸ਼ੀ ਸੋਨੀ ਦੀ ਪਤਨੀ ਕਾਰਨ ਉਨ੍ਹਾਂ ਦਰਮਿਆਨ ਕੋਈ ਝਗੜਾ ਸੀ। ਵਧੀਕ ਸੈਸ਼ਨ ਜੱਜ ਜੇ.ਐਸ ਭਿੰਡਰ ਦੀ ਅਦਾਲਤ ਨੇ ਦੋਹਾਂ ਦੋਸ਼ੀਆਂ ਨੂੰ ਦਫ਼ਾ 302 ਅਤੇ 34 ਆਈ.ਪੀ.ਸੀ ਤਹਿਤ ਉਮਰ ਕੈਦ ਦੀ ਸਜ਼ਾ ਅਤੇ 20-20 ਹਜ਼ਾਰ ਰੁਪਏ ਜੁਰਮਾਨੇ ਦੇ ਹੁਕਮ ਸੁਣਾਏ। ਜੁਰਮਾਨਾ ਨਾ ਦੇਣ ਦੀ ਸੂਰਤ ਵਿਚ ਦੋ-ਦੋ ਸਾਲ ਹੋਰ ਕੈਦ ਕੱਟਣੀ ਪਵੇਗੀ।

## ਸੜਕ ਹਾਦਸੇ ਦੇ ਸ਼ਿਕਾਰ ਪਰਿਵਾਰ ਦੀ ਮਦਦ ਲਈ ਅਪੀਲ

**ਫਰਿਜ਼ਨੋ (ਬਿਊਰੋ):** ਯੂਬਾ ਸਿਟੀ ਦੇ ਸਾਲਾਨਾ ਨਗਰ ਕੀਰਤਨ ਵਿਚ ਸ਼ਾਮਲ ਹੋਣ ਉਪਰੰਤ ਪਰਤਦਿਆਂ ਸੈਕਰਾਮੈਂਟੋ ਦੇ ਨਜ਼ਦੀਕ ਹਾਦਸੇ ਦਾ ਸ਼ਿਕਾਰ ਹੋ ਗਏ ਸ. ਤੇਜਿੰਦਰ ਸਿੰਘ ਦੇ ਪਰਿਵਾਰ ਦੀ ਮਦਦ ਲਈ ਉਨ੍ਹਾਂ ਦੇ ਮਿੱਤਰਾਂ-ਦੋਸਤਾਂ ਤੇ ਸਨੇਹੀਆਂ ਵਲੋਂ ਗੁਰੂ ਘਰਾਂ ਅਤੇ ਸਿੱਖ ਸੰਸਥਾਵਾਂ ਨੂੰ ਅਪੀਲ ਕੀਤੀ ਗਈ ਹੈ।


ਤੇਜਿੰਦਰ ਸਿੰਘ

ਜ਼ਿਕਰਯੋਗ ਹੈ ਕਿ ਇਸ ਹਾਦਸੇ ਵਿਚ ਸ. ਤੇਜਿੰਦਰ ਸਿੰਘ (47 ਸਾਲ) ਅਤੇ ਉਨ੍ਹਾਂ ਦੀ ਸੱਸ ਸ੍ਰੀਮਤੀ ਪਿਆਰ ਕੌਰ (80 ਸਾਲ) ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਜਦੋਂਕਿ ਤੇਜਿੰਦਰ ਸਿੰਘ ਦੀ ਪਤਨੀ, ਦੋ ਪੁੱਤਰਾਂ ਅਤੇ ਗੱਡੀ ਵਿਚ ਸਵਾਰ ਕੁਝ ਹੋਰ ਸਵਾਰੀਆਂ ਨੂੰ ਗੰਭੀਰ ਸੱਟਾਂ ਲੱਗੀਆਂ ਸਨ। ਸ. ਤੇਜਿੰਦਰ ਸਿੰਘ ਦੀ ਪਤਨੀ ਮਨਜਿੰਦਰ ਕੌਰ ਅਜੇ ਵੀ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਹੈ। ਇਹ ਸਮੁੱਚਾ ਪਰਿਵਾਰ ਗੁਰਮੁੱਖ ਪਰਿਵਾਰ ਹੈ।

ਪਰਿਵਾਰ ਦੀ ਮਦਦ ਲਈ ਵੈਬਸਾਈਟ 2012nagarkirtanaccident.wordpress.com ਜਾਂ ਪਰਿਵਾਰ ਦੇ ਨਜ਼ਦੀਕੀ ਦੋਸਤ ਸ. ਸਵਰਨ ਸਿੰਘ ਨਾਲ ਫੋਨ ਨੰਬਰ (510) 299-5710 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)

Cell: (510)-677-9942
Shop: (510)-505-9605

MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

# ਚਾਲੀ ਵਰ੍ਹਿਆਂ ਤੋਂ ਸਿੱਖ ਸੈਨਿਕ ਓਮਾਨ ਜੇਲ੍ਹ 'ਚ ਬੰਦ

**ਚੰਡੀਗੜ੍ਹ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਡਾ. ਅਜੈਬ ਸਿੰਘ ਬਰਾੜ ਨੇ ਪ੍ਰਧਾਨ ਮੰਤਰੀ, ਰੱਖਿਆ ਮੰਤਰੀ ਤੇ ਯੂ.ਪੀ.ਏ. ਚੇਅਰਪਰਸਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ 40 ਵਰ੍ਹੇ ਪਹਿਲਾਂ ਭਾਰਤ-ਪਾਕਿ ਜੰਗ ਮਗਰੋਂ ਪਾਕਿਸਤਾਨ ਵੱਲੋਂ ਮ੍ਰਿਤਕ ਦੱਸ ਕੇ ਓਮਾਨ ਦੀ ਜੇਲ੍ਹ ਵਿਚ ਭੇਜ ਦਿੱਤੇ ਗਏ ਭਾਰਤੀ ਫੌਜੀ ਜਸਪਾਲ ਸਿੰਘ ਨੂੰ ਵਤਨ ਵਾਪਸ ਲਿਆਉਣ ਲਈ ਕਾਰਵਾਈ ਕੀਤੀ ਜਾਵੇ। ਡਾ. ਅਜੈਬ ਸਿੰਘ ਦੇ ਪੱਤਰ ਪ੍ਰਤੀ ਹਾਂਪੱਖੀ ਹੁੰਗਾਰਾ ਭਰਦਿਆਂ ਪ੍ਰਧਾਨ ਮੰਤਰੀ, ਰੱਖਿਆ ਮੰਤਰੀ ਤੇ ਯੂ. ਪੀ. ਏ. ਚੇਅਰਪਰਸਨ ਨੇ ਡਾ. ਸਿੰਘ ਨੂੰ ਪੱਤਰ ਲਿਖ ਕੇ ਉਪਰੋਕਤ ਮਾਮਲੇ ਵਿਚ ਯੋਗ ਕਾਰਵਾਈ ਦਾ ਭਰੋਸਾ ਦਿੱਤਾ ਹੈ।

ਡਾ. ਅਜੈਬ ਸਿੰਘ ਨੇ ਦੱਸਿਆ ਕਿ 1971 ਦੀ ਭਾਰਤ-ਪਾਕਿ ਜੰਗ ਖ਼ਤਮ ਹੋਣ ਮਗਰੋਂ ਜਦੋਂ ਭਾਰਤ ਤੇ ਪਾਕਿਸਤਾਨ ਨੇ ਇਕ ਦੂਜੇ ਦੇ ਬੰਦੀ ਬਣਾਏ ਫੌਜੀ ਰਿਹਾਅ ਕੀਤੇ, ਉਸ ਵੇਲੇ ਪਾਕਿਸਤਾਨ ਨੇ ਬੰਦੀ ਬਣਾਏ ਪੰਜ-ਛੇ ਭਾਰਤੀ ਫੌਜੀਆਂ ਬਾਰੇ ਭਾਰਤ ਨੂੰ ਇਹ ਆਖ ਦਿੱਤਾ ਕਿ ਇਹ ਫੌਜੀ ਮਾਰੇ ਜਾ ਚੁੱਕੇ ਹਨ ਪਰ ਉਹ ਫੌਜੀ ਜ਼ਿੰਦਾ ਸਨ ਜਿਨ੍ਹਾਂ ਵਿਚ ਜਸਪਾਲ ਸਿੰਘ ਨਾਂ ਦਾ ਫੌਜੀ ਵੀ ਸ਼ਾਮਲ ਸੀ। ਉਸ ਵੇਲੇ ਜਸਪਾਲ ਸਿੰਘ ਦੀ ਉਮਰ 30-32 ਸਾਲ ਦੇ ਵਿਚਾਲੇ ਸੀ।

### ਪ੍ਰਧਾਨ ਮੰਤਰੀ ਤੇ ਹੋਰ ਮੰਤਰੀਆਂ ਨੂੰ ਪੱਤਰ ਲਿਖਿਆ

ਜਸਪਾਲ ਸਿੰਘ ਦੀ ਮੌਤ ਦੀ ਖ਼ਬਰ ਸੁਣ ਕੇ ਉਸ ਦੇ ਪਰਿਵਾਰ ਵਾਲਿਆਂ ਨੇ ਵੀ ਯਕੀਨ ਕਰ ਲਿਆ, ਭਾਰਤੀ ਫੌਜ ਵੱਲੋਂ ਉਸ ਦੀ ਪਤਨੀ ਨੂੰ ਪੈਨਸ਼ਨ ਲਾ ਦਿੱਤੀ ਗਈ ਪਰ ਜਸਪਾਲ ਸਿੰਘ ਨੂੰ ਪਾਕਿਸਤਾਨ ਦੀ ਇਕ ਜੇਲ੍ਹ ਵਿਚ ਪੰਜ ਸਾਲ ਤੱਕ ਰੱਖਿਆ ਗਿਆ ਜਿਸ ਤੋਂ ਬਾਅਦ ਪਾਕਿਸਤਾਨ ਵੱਲੋਂ ਉਸ ਨੂੰ ਓਮਾਨ ਦੇਸ਼ ਦੇ ਮਸ਼ੀਰਾ ਟਾਪੂ ਤੇ ਮੌਜੂਦ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਜਸਪਾਲ ਸਿੰਘ ਦੀ ਬਜ਼ੁਰਗ ਪਤਨੀ ਬਲਜੀਤ ਕੌਰ ਤੇ 42 ਸਾਲਾ ਪੁੱਤਰ ਕਮਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਜਸਪਾਲ ਸਿੰਘ ਦੇ ਜਿਉਂਦੇ ਹੋਣ ਬਾਰੇ ਕਦੇ ਵੀ ਪਤਾ ਨਾ ਲੱਗਦਾ ਜੇ ਪਿੰਡ ਦੁੱਗਰੀ (ਜਸਪਾਲ ਦੇ ਸਹੁਰੇ) ਤੋਂ ਰੋਜ਼ੀ-ਰੋਟੀ ਲਈ ਸਾਲ 2010 ਵਿਚ ਓਮਾਨ ਗਏ ਸੁਖਦੇਵ ਸਿੰਘ ਨਾਂ ਦੇ ਨੌਜਵਾਨ ਦੀ ਓਥਰ ਜਸਪਾਲ ਸਿੰਘ ਨਾਲ ਮੁਲਾਕਾਤ ਨਾ ਹੋਈ ਹੁੰਦੀ। ਸੁਖਦੇਵ ਸਿੰਘ ਓਮਾਨ ਵਿਚ ਕੰਪਨੀ ਲਈ ਲੱਕੜ ਦਾ ਕੰਮ ਕਰ ਗਿਆ ਸੀ। ਕੰਪਨੀ ਨੇ ਸੁਖਦੇਵ ਸਿੰਘ ਨੂੰ ਓਮਾਨ ਦੇ ਮਸ਼ੀਰਾ ਟਾਪੂ ਵਾਲੀ ਜੇਲ੍ਹ ਵਿਚ ਲੱਕੜ ਦਾ ਕੰਮ ਕਰਨ ਦੀ ਜ਼ਿੰਮੇਵਾਰੀ ਸੌਂਪੀ। ਇਸੇ ਜੇਲ੍ਹ ਵਿਚ ਜਸਪਾਲ ਸਿੰਘ ਕੈਦ ਸੀ।

ਸੁਖਦੇਵ ਸਿੰਘ ਨੇ ਦਸਤਾਰ ਬੰਨ੍ਹੀ ਹੋਈ ਸੀ ਜਿਸ ਨੂੰ ਵੇਖ ਕੇ ਜਸਪਾਲ ਸਿੰਘ ਨੇ ਉਸ ਨਾਲ ਗੱਲ ਕੀਤੀ। ਸੁਖਦੇਵ ਸਿੰਘ ਨੇ ਇਹ ਸਾਰਾ ਵਾਕਿਆ ਪਿੰਡ ਦੁੱਗਰੀ ਦੇ ਵਿਅਕਤੀਆਂ ਨੂੰ ਦੱਸਿਆ ਤੇ ਉਥੋਂ ਇਹ ਖ਼ਬਰ ਜਸਪਾਲ ਸਿੰਘ ਦੇ ਫਤਿਹਗੜ੍ਹ ਸਾਹਿਬ ਵਿਖੇ ਰਹਿੰਦੇ ਪਰਿਵਾਰ ਤੱਕ ਪਹੁੰਚ ਗਈ ਜਿਨ੍ਹਾਂ ਨੇ ਇੰਗਲੈਂਡ ਵਿਚ ਰਹਿੰਦੀ ਮਨੁੱਖੀ ਅਧਿਕਾਰਾਂ ਦੀ ਵਕੀਲ ਜੱਸ ਉਪਲ ਤੋਂ ਮਦਦ ਮੰਗੀ। ਵਕੀਲ ਜੱਸ ਉਪਲ ਨੇ ਓਮਾਨ ਦੇ ਸਫ਼ਾਰਤਖ਼ਾਨੇ ਰਾਹੀਂ ਓਮਾਨ ਦੀ ਉਪਰੋਕਤ ਜੇਲ੍ਹ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਪਰ ਉਨ੍ਹਾਂ ਅਧਿਕਾਰੀਆਂ ਨੇ ਇਹ ਆਖ ਦਿੱਤਾ ਕਿ ਉਨ੍ਹਾਂ ਦੀ ਜੇਲ੍ਹ ਵਿਚ ਜਸਪਾਲ ਸਿੰਘ ਨਾਂ ਦਾ ਕੋਈ ਬਜ਼ੁਰਗ ਵਿਅਕਤੀ ਨਹੀਂ ਹੈ।

ਇਸ ਤੋਂ ਬਾਅਦ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਡਾ. ਅਜੈਬ ਸਿੰਘ ਨੇ ਜਸਪਾਲ ਦੇ ਪਰਿਵਾਰ ਨਾਲ ਸੰਪਰਕ ਕਰਕੇ ਪ੍ਰਧਾਨ ਮੰਤਰੀ, ਰੱਖਿਆ ਮੰਤਰੀ ਤੇ ਸੋਨੀਆ ਗਾਂਧੀ ਨੂੰ ਪੱਤਰ ਲਿਖਕੇ ਜਸਪਾਲ ਸਿੰਘ ਨੂੰ ਵਾਪਿਸ ਲਿਆਉਣ ਵਾਸਤੇ ਮਦਦ ਕਰਨ ਲਈ ਬੇਨਤੀ ਕੀਤੀ ਜਿਸ 'ਤੇ ਮੰਤਰੀਆਂ ਤੇ ਸੋਨੀਆ ਨੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

# ਕਤਲੇਆਮ ਨੂੰ ਸਿੱਖ ਨਸਲਕੁਸ਼ੀ ਦਾ ਦਰਜਾ ਦਵਾਉਣ ਲਈ ਚਾਰੋਜਈ

**ਚੰਡੀਗੜ੍ਹ:** ਸਿੱਖ ਸੰਸਥਾਵਾਂ ਤੇ ਸਿੱਖਸ ਫ਼ਾਰ ਜਸਟਿਸ ਨੇ ਸਾਂਝੇ ਤੌਰ 'ਤੇ ਵਾਈਟ ਹਾਊਸ ਅਮਰੀਕਾ ਨੂੰ ਅਪੀਲ ਕੀਤੀ ਹੈ ਕਿ ਭਾਰਤ ਵਿਚ 1984 ਦੌਰਾਨ ਹੋਏ ਸਿੱਖਾਂ ਦੇ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਦਾ ਦਰਜਾ ਦਿੱਤਾ ਜਾਵੇ। ਇਸ ਬਾਰੇ ਵਾਈਟ ਹਾਊਸ ਅਮਰੀਕਾ ਵੱਲੋਂ ਆਨ ਲਾਈਨ ਪਟੀਸ਼ਨ ਜਾਰੀ ਕੀਤੀ ਗਈ ਹੈ ਜਿਸ 'ਤੇ ਸਾਈਨ ਕਰਕੇ ਕੋਈ ਵੀ ਵਿਅਕਤੀ ਆਪਣੀ ਵੋਟ ਪਾ ਸਕਦਾ ਹੈ ਜਿਸ ਦੀ ਆਖਰੀ ਤਾਰੀਖ 15 ਦਸੰਬਰ, 2012 ਹੈ ਤੇ ਘੱਟੋ-ਘੱਟ 25 ਹਜ਼ਾਰ ਸਿੱਖਾਂ ਦੇ ਇਸ ਆਨਲਾਈਨ ਪਟੀਸ਼ਨ 'ਤੇ ਦਸਤਖ਼ਤ ਹੋਣੇ ਚਾਹੀਦੇ ਹਨ।

ਸਿੱਖ ਕੌਮ ਉਸ ਸਮੇਂ ਤੋਂ ਹੀ ਇਨਸਾਫ਼ ਲਈ ਜੂਝ ਰਹੀ ਹੈ ਪਰ 28 ਸਾਲ ਬੀਤ ਜਾਣ ਦੇ ਬਾਅਦ ਵੀ ਕੋਈ ਇਨਸਾਫ਼ ਨਹੀਂ ਮਿਲਿਆ ਤੇ ਵੱਖ-ਵੱਖ ਅਦਾਲਤਾਂ 'ਚ ਚੱਲ ਰਹੇ ਕੇਸਾਂ ਵਿਚੋਂ ਸਿੱਖ ਕਤਲੇਆਮ ਦੇ ਜ਼ਿੰਮੇਵਾਰ ਲੋਕਾਂ ਨੂੰ ਇਕ-ਇਕ ਕਰਕੇ ਕਲੀਨ ਚਿੱਟ ਦੇ ਦਿੱਤੀ ਗਈ। ਸਿੱਖ ਸੰਸਥਾਵਾਂ ਅਨੁਸਾਰ ਇਸ ਮੁਹਿੰਮ ਨੂੰ ਤਕੜਾ ਹੁਲਾਰਾ ਮਿਲ ਰਿਹਾ ਹੈ ਤੇ ਵੱਡੀ ਪੱਧਰ 'ਤੇ ਲੋਕ ਦਸਤਖ਼ਤ ਕਰ ਰਹੇ ਹਨ। ਉਨ੍ਹਾਂ ਨੇ ਅਪੀਲ ਕੀਤੀ ਹੈ ਕਿ ਹੋਰ ਧਰਮਾਂ ਦੇ ਲੋਕ ਜਿਹੜੇ ਇਸ ਦੀ ਅਸਲੀਅਤ ਨੂੰ ਸਮਝਦੇ ਹਨ, ਵੀ ਆਪਣੀ ਵੋਟ ਦੇ ਸਕਦੇ ਹਨ।

ਉਂਜ ਵੋਟਿੰਗ ਆਨਲਾਈਨ ਹੋਣ ਕਰਕੇ ਬਾਹਲੇ ਲੋਕ ਇਸ ਬਾਰੇ ਆਪਣੀ ਰਾਏ ਨਹੀਂ ਦੇ ਸਕਣਗੇ ਕਿਉਂਕਿ ਸਿੱਖ ਵੱਸੋਂ ਦਾ ਵੀ ਸਿਰਫ ਇਕ ਹਿੱਸਾ ਹੀ ਕੰਪਿਊਟਰ ਦੀ ਵਰਤੋਂ ਕਰਦਾ ਹੈ ਤੇ ਉਨ੍ਹਾਂ ਵਿਚੋਂ ਵੀ ਬਾਹਲਿਆਂ ਨੂੰ ਇਸ ਬਾਰੇ ਜਾਣਕਾਰੀ ਨਹੀਂ।

# ਓਕ ਕਰੀਕ ਦੇ ਵਸਨੀਕ ਸਿੱਖ ਭਾਈਚਾਰੇ ਦੀ ਹਮਾਇਤ 'ਤੇ ਆਏ

**ਓਕ ਕਰੀਕ:** ਓਕ ਕਰੀਕ ਦੇ ਵੱਖ ਵੱਖ ਭਾਈਚਾਰਿਆਂ ਨੇ ਸਿੱਖ ਭਾਈਚਾਰੇ ਨਾਲ ਇਕਮੁੱਠਤਾ ਦਾ ਮੁਜ਼ਾਹਰਾ ਕੀਤਾ ਹੈ। ਇਥੇ ਕਰਵਾਏ ਗਏ ਇਕ ਸਮਾਗਮ ਵਿਚ ਸਿੱਖ ਭਾਈਚਾਰੇ ਦਾ ਹਰ ਪੱਧਰ ਉਤੇ ਸਾਥ ਦੇਣ ਦਾ ਤਹੱਈਆ ਕੀਤਾ ਗਿਆ। ਇਸ ਸਮਾਗਮ ਵਿਚ ਇਹ ਵੀ ਦੱਸਿਆ ਗਿਆ ਕਿ ਅਮਰੀਕੀ ਨਿਆਂ ਵਿਭਾਗ ਨੇ ਐਫ.ਬੀ.ਆਈ. ਨੂੰ ਕਿਹਾ ਹੈ ਕਿ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਖਿਲਾਫ਼ ਹੋ ਰਹੇ ਅਪਰਾਧਾਂ ਦੀਆਂ ਪੈੜਾਂ ਨੱਪਣ ਲਈ ਡੂੰਘੀ ਪੁਣ-ਛਾਣ ਕੀਤੀ ਜਾਵੇ। ਯਾਦ ਰਹੇ ਕਿ ਓਕ ਕਰੀਕ ਵਿਚ ਗੁਰਦੁਆਰੇ ਵਿਚ ਇਕ ਹਥਿਆਰਬੰਦ ਵਿਅਕਤੀ ਨੇ ਹਮਲਾ ਕਰ ਕੇ ਛੇ ਸਿੱਖ ਸ਼ਰਧਾਲੂਆਂ ਨੂੰ ਮਾਰ ਦਿੱਤਾ ਸੀ।

ਇਸ ਸਮਾਗਮ ਵਿਚ ਸ਼ਾਮਲ ਹੋਏ ਓਬਾਮਾ ਪ੍ਰਸ਼ਾਸਨ ਵਿਚ ਸਿਵਲ ਰਾਈਟਸ ਦੇ ਅਸਿਸਟੈਂਟ ਅਟਾਰਨੀ ਥੌਮਸ ਪੈਰੇਜ਼ ਨੇ ਕਿਹਾ ਹੈ ਕਿ ਇਮੀਗਰੇਸ਼ਨ ਸੁਧਾਰਾਂ ਬਾਰੇ ਵਿਆਪਕ ਤਜਵੀਜ਼ਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ ਇਹ ਅਗਲੇ ਸਾਲ ਕਾਂਗਰਸ ਅੱਗੇ ਪੇਸ਼ ਕਰ ਦਿੱਤੀਆਂ ਜਾਣਗੀਆਂ। ਇਸ ਦਾ ਸਿੱਖਾਂ ਸਣੇ ਹੋਰ ਧਾਰਮਿਕ ਭਾਈਚਾਰਿਆਂ ਨੂੰ ਫਾਇਦਾ ਹੋਵੇਗਾ।

ਓਕ ਕਰੀਕ ਈਸਟ ਮਿਡਲ ਸਕੂਲ ਵਿਖੇ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਪੈਰੇਜ਼ ਨੇ ਕਿਹਾ ਕਿ ਇਸ ਮਾਮਲੇ ਬਾਰੇ ਉਹ ਬਹੁਤ ਆਸ਼ਾਵਾਦੀ ਹਨ। ਇਮੀਗਰੇਸ਼ਨ ਸੁਧਾਰਾਂ ਦਾ ਕੰਮ ਸਿਰੇ ਚੜ੍ਹਨ ਨਾਲ ਧਾਰਮਿਕ ਭਾਈਚਾਰਿਆਂ ਨੂੰ ਵੱਧ ਫਾਇਦਾ ਹੋਵੇਗਾ। ਇਸ ਸਮਾਗਮ ਵਿਚ ਵਿਸਕਾਨਸਿਨ ਦੇ ਅਟਾਰਨੀ ਜੇਮਸ ਸੈਂਟੇਲ ਤੋਂ ਇਲਾਵਾ ਵੱਖ ਵੱਖ ਧਾਰਮਿਕ ਭਾਈਚਾਰਿਆਂ ਦੇ ਨੁਮਾਇੰਦੇ, ਵਿਦਿਆਰਥੀ ਅਤੇ ਹੋਰ ਲੋਕ ਹਾਜ਼ਰ ਸਨ। ਇਸ ਮੀਟਿੰਗ ਵਿਚ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨੇ ਵੀ ਸ਼ਿਰਕਤ ਕੀਤੀ। ਸ੍ਰੀ ਸੈਂਟੇਲ ਨੇ ਕਿਹਾ ਕਿ ਉਹ ਸਿੱਖ ਭਾਈਚਾਰੇ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦੇ ਹਨ ਕਿ ਉਨ੍ਹਾਂ ਨਾਲ ਹਰ ਪੱਖੋਂ ਨਿਆਂ ਕੀਤਾ ਜਾਵੇਗਾ।

ਇਹ ਸਮਾਗਮ 'ਇੰਟਰਫੇਥ ਕਾਨਫਰੰਸ ਆਫ਼ ਗਰੇਟਰ ਮਿਲਵਾਕੀ' ਦੀ ਅਗਵਾਈ ਵਿਚ ਵੱਖ ਵੱਖ ਭਾਈਚਾਰਿਆਂ ਵੱਲੋਂ ਕਰਵਾਇਆ ਗਿਆ ਸੀ ਅਤੇ ਇਸ ਵਿਚ ਹੋਰ ਅਹਿਮ ਮਸਲਿਆਂ ਤੋਂ ਇਲਾਵਾ ਹਥਿਆਰਾਂ 'ਤੇ ਕੰਟਰੋਲ, ਨਸਲੀ ਵੰਨਸੁਵੰਨਤਾ, ਨਸਲੀ ਅਪਰਾਧ ਅਤੇ ਇਮੀਗਰੇਸ਼ਨ ਕਾਨੂੰਨਾਂ ਬਾਰੇ ਵਿਚਾਰ ਚਰਚਾ ਕੀਤੀ ਗਈ।

ਸਮਾਗਮ ਦੌਰਾਨ ਸਿੱਖ ਫਿਜ਼ੀਸ਼ੀਅਨ ਮੋਹਨ ਧਾਲੀਵਾਲ ਨੇ ਕਿਹਾ ਕਿ ਹਥਿਆਰਾਂ ਦੀ ਹਿੰਸਾ ਨਾਲ ਸਬੰਧਤ ਅਮਰੀਕੀ ਅੰਕੜੇ ਚਿੰਤਾ ਵਾਲੇ ਹਨ। ਇਸ ਮਸਲੇ ਵੱਲ ਵੱਧ ਧਿਆਨ ਦੇਣ ਦੀ ਲੋੜ ਹੈ। ਬਰੁੱਕਫੀਲਡ ਗੁਰਦੁਆਰੇ ਦੇ ਪ੍ਰਧਾਨ ਅਤੇ ਸਾਬਕਾ ਟਰੱਸਟੀ ਪਰਵਿੰਦਰ ਸਿੰਘ ਸੰਘਾ ਨੇ ਕਿਹਾ ਕਿ ਇਸ ਮਾਮਲੇ ਬਾਰੇ ਫੈਡਰਲ ਪੱਧਰ 'ਤੇ ਕੁਝ ਕਰਨ ਦੀ ਲੋੜ ਹੈ। ਜੇ ਅਸੀਂ ਵੱਖ ਵੱਖ ਸਟੇਟਾਂ ਵਿਚ ਅਜਿਹੇ ਮਸਲੇ ਵਿਚਾਰਦੇ ਰਹਾਂਗੇ ਤਾਂ ਸ਼ਾਇਦ ਕੁਝ ਵੀ ਨਹੀਂ ਬਣੇਗਾ ਕਿਉਂਕਿ ਪਿਛਲੇ ਸੌ ਸਾਲ ਤੋਂ ਤਾਂ ਅਜਿਹੀਆਂ ਬਹਿਸਾਂ ਹੋ ਹੀ ਰਹੀਆਂ ਹਨ।

# ਵਿਸ਼ਵ ਕਬੱਡੀ ਕੱਪ ਵਿਚ ਫਸੇ ਕੁੰਢੀਆਂ ਦੇ ਸਿੰਗ

**ਚੰਡੀਗੜ੍ਹ:** ਤੀਜੇ ਵਿਸ਼ਵ ਕੱਪ ਕਬੱਡੀ-2012 ਦੀ ਪਹਿਲੀ ਕਬੱਡੀ ਦੋ ਦਸੰਬਰ ਨੂੰ ਸ਼ਾਹੀ ਸ਼ਹਿਰ ਪਟਿਆਲਾ ਵਿਚ ਡੈਨਮਾਰਕ ਦੇ ਰੇਡਰ ਨੇ ਇੰਗਲੈਂਡ ਵਿਰੁੱਧ ਪਾਈ। ਇਸ ਮੈਚ ਵਿਚ ਇੰਗਲੈਂਡ ਨੇ ਡੈਨਮਾਰਕ ਨੂੰ 58-25 ਅੰਕਾਂ ਨਾਲ ਹਰਾ ਕੇ ਆਪਣਾ ਖਾਤਾ ਖੋਲ੍ਹਿਆ। ਸ਼ੁਰੂ ਵਿਚ ਹੀ ਇੰਗਲੈਂਡ ਦੇ ਖਿਡਾਰੀਆਂ ਦੀ ਚੜ੍ਹਤ ਬਣ ਗਈ ਜੋ




ਅਖ਼ੀਰ ਤੱਕ ਜਾਰੀ ਰਹੀ। ਇੰਗਲੈਂਡ ਦੀ ਟੀਮ ਅੱਧੇ ਸਮੇਂ ਤੱਕ 27-14 ਨਾਲ ਅੱਗੇ ਸੀ। ਇੰਗਲੈਂਡ ਵੱਲੋਂ ਗੁਰਦੇਵ ਸਿੰਘ ਗੋਪੀ ਨੇ 10, ਸੁਖਦਿਆਲ ਸਿੰਘ ਨੇ 8 ਤੇ ਗੁਰਦੀਪ ਸਿੰਘ ਦੀਪਾ ਨੇ 7 ਅੰਕ ਬਟੋਰੇ ਜਦੋਂਕਿ ਇੰਗਲੈਂਡ ਦੇ ਜਾਫੀ ਜਗਤਾਰ ਸਿੰਘ ਜੱਗਾ ਨੇ 8 ਅਤੇ ਗੁਰਦਿੱਤ ਸਿੰਘ ਤੇ ਗੁਰਪ੍ਰੀਤ ਸਿੰਘ ਨੇ 5-5 ਜੱਫੇ ਲਾਏ। ਡੈਨਮਾਰਕ ਵੱਲੋਂ ਰੇਡਰ ਦਲਜਿੰਦਰ ਸਿੰਘ ਨੇ ਨੌਂ, ਜੇ. ਇਮਿਲ ਕਲੋਸਟਰਮੈਨ ਨੇ 6 ਅੰਕ ਬਟੋਰੇ ਅਤੇ ਜਾਫੀ ਧਨਰਾਜ ਸਿੰਘ ਤੇ ਜਸਵਿੰਦਰ ਸਿੰਘ ਨੇ 2-2 ਜੱਫੇ ਲਾਏ।

ਦੂਜੇ ਮੈਚ ਵਿਚ ਨਾਰਵੇ ਦੀ ਟੀਮ ਨੇ ਨਿਊਜ਼ੀਲੈਂਡ ਨੂੰ 52-35 ਨਾਲ ਹਰਾਇਆ। ਇਸ ਮੈਚ ਦੌਰਾਨ ਨਾਰਵੇ ਪਹਿਲੇ ਅੱਧ ਤੱਕ 31-14 ਨਾਲ ਅੱਗੇ ਸੀ। ਨਾਰਵੇ ਦੇ ਰੇਡਰ ਗਾਮਾ ਟਿੱਬਾ ਨੇ 10 ਅੰਕ ਬਟੋਰੇ, ਰਣਜੀਤ ਬਾਠ ਤੇ ਗੁਰਪ੍ਰੀਤ ਸਿੰਘ ਨੇ 9-9 ਅੰਕ ਲਏ। ਜਦੋਂਕਿ ਨਾਰਵੇ ਦੇ ਜਾਫੀ ਰਛਪਾਲ ਸਿੰਘ ਤੇ ਲਖਬੀਰ ਸਿੰਘ ਲੱਖਾ ਨੇ 5-5 ਜੱਫੇ ਲਾਏ। ਨਿਊਜ਼ੀਲੈਂਡ ਵੱਲੋਂ ਰੇਡਰ ਮਨਜੋਤ ਸਿੰਘ ਨੇ 10 ਤੇ ਜਤਿੰਦਰਪਾਲ ਸਿੰਘ ਨੇ 7 ਅੰਕ ਬਟੋਰੇ। ਜਦੋਂਕਿ ਨਿਊਜ਼ੀਲੈਂਡ ਦੇ ਜਾਫ਼ੀ ਕਮਲ ਸਿੰਘ ਤੇ ਲਖਬੀਰ ਸਿੰਘ ਨੇ ਦੋ-ਦੋ ਜੱਫੇ ਲਾਏ।

### ਪਾਕਿਸਤਾਨ, ਇਰਾਨ ਤੇ ਇਟਲੀ ਵੱਲੋਂ ਜਿੱਤਾਂ ਦਰਜ

**ਹੁਸ਼ਿਆਰਪੁਰ:** ਤਿੰਨ ਦਸੰਬਰ ਨੂੰ ਵਿਸ਼ਵ ਕਬੱਡੀ ਕੱਪ ਦਾ ਤੀਜਾ ਤੇ ਸਭ ਤੋਂ ਵੱਧ ਖਿੱਚ ਭਰਪੂਰ ਮੈਚ ਪਾਕਿਸਤਾਨ ਤੇ ਸੀਅਰਾ ਲਿਓਨ ਦੀਆਂ ਟੀਮਾਂ ਵਿਚਾਲੇ ਖੇਡਿਆ ਗਿਆ। ਪਹਿਲੀ ਵਾਰ ਅਫਰੀਕਾ ਮਹਾਂਦੀਪ ਦੀ ਨੁਮਾਇੰਦਗੀ ਕਰ ਰਹੀ ਸੀਅਰਾ ਲਿਓਨ ਦੀ ਟੀਮ ਪਾਕਿਸਤਾਨ ਤੋਂ 12-52 ਨਾਲ ਹਾਰ ਗਈ। ਪਾਕਿਸਤਾਨ ਤਰਫੋਂ ਰੇਡਰਾਂ ਵਿਚੋਂ ਅਕਮਲ ਡੋਗਰ ਤੇ ਵਿਕਾਸ ਬੱਟ ਨੇ 7-7 ਤੇ ਇਸ਼ਫਾਕ ਪੱਠਾ ਤੇ ਮੁਹੰਮਦ ਇਰਫਾਨ ਨੇ 6-6 ਅੰਕ ਹਾਸਲ ਕੀਤੇ। ਪਾਕਿਸਤਾਨ ਦੇ ਜਾਫੀ ਆਸਿਫ ਅਲੀ ਗੁੱਜਰ ਨੇ 6 ਤੇ ਵਿਕਾਸ ਗੁੱਜਰ ਤੇ ਮੁਨਸ਼ਾ ਗੁੱਜਰ ਨੇ 4-4 ਜੱਫੇ ਲਾਏ। ਸੀਅਰਾ ਲਿਓਨ ਵੱਲੋਂ ਰੇਡਰ ਸੁਲੇਮਾਨ ਤੇ ਮੁਹੰਮਦ ਜਲਾਹ ਨੇ 2-2 ਅੰਕ ਲਏ ਜਦੋਂਕਿ ਜਾਫੀ ਮੁਹੰਮਦ ਕੈਂਡੇ ਨੇ ਦੋ ਜੱਫੇ ਲਾਏ।

ਪਹਿਲੇ ਮੈਚ ਵਿਚ ਇਰਾਨ ਨੇ ਅਰਜਨਟੀਨਾ ਨੂੰ 70-18 ਨਾਲ ਹਰਾਇਆ। ਦੂਜੇ ਮੈਚ ਵਿਚ ਇਟਲੀ ਨੇ ਵਿਸ਼ਵ ਕੱਪ ਵਿਚ ਪਹਿਲੀ ਵਾਰ ਹਿੱਸਾ ਲੈ ਰਹੀ ਸਕਾਟਲੈਂਡ ਦੀ ਟੀਮ ਨੂੰ 66-19 ਨਾਲ ਹਰਾਇਆ। ਇਟਲੀ ਦੇ ਰੇਡਰਾਂ ਵਿਚੋਂ ਬਲਜਿੰਦਰ ਸਿੰਘ ਖੀਰਾਂਵਾਲੀ ਨੇ 8, ਵਿਵੇਕ ਕੁਮਾਰ ਸੋਨੂੰ ਤੇ ਧਰਮਿੰਦਰ ਸਿੰਘ ਨੇ 7-7 ਤੇ ਗੁਰਬਿੰਦਰ ਸਿੰਘ ਨੇ 6 ਅੰਕ ਬਟੋਰੇ ਜਦੋਂਕਿ ਜਾਫੀਆਂ ਵਿਚੋਂ ਹਰੀਸ਼ ਕੁਮਾਰ, ਤੇਜਵੰਤ ਸਿੰਘ ਤੇ ਬਲਜੀਤ ਭਾਊ ਨੇ 5-5 ਤੇ ਬਲਰਾਜ ਸਿੰਘ ਬਾਜੀ ਜੰਡ ਨੇ 3 ਜੱਫੇ ਲਾਏ। ਸਕਾਟਲੈਂਡ ਦੇ ਰੇਡਰਾਂ ਵਿਚੋਂ ਮਾਰਕ ਸਿਮ ਨੇ 5 ਤੇ ਮਾਸਟਿਨ ਕੁਰੇਕ ਨੇ 4 ਅੰਕ ਹਾਸਲ ਕੀਤੇ ਜਦੋਂਕਿ ਜਾਫੀ ਫਿਨ ਬਲੈਕ ਨੇ ਦੋ ਜੱਫੇ ਲਾਏ।

### ਅਮਰੀਕਾ ਤੇ ਇਰਾਨ ਵੱਲੋਂ ਜੇਤੂ ਆਗ਼ਾਜ਼

**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਗੁਰੂ ਨਾਨਕ ਸਟੇਡੀਅਮ ਵਿਚ ਤੀਜੇ ਵਿਸ਼ਵ ਕੱਪ ਕਬੱਡੀ 2012 ਦੇ ਪੂਲ ਸੀ ਤੇ ਡੀ ਦੇ 4 ਦਸੰਬਰ ਨੂੰ ਖੇਡੇ ਗਏ ਮੈਚਾਂ ਵਿਚੋਂ ਪਹਿਲਾ ਮੈਚ ਅਮਰੀਕਾ ਨੇ ਇਕਪਾਸੜ ਤੌਰ 'ਤੇ ਅਰਜਨਟੀਨਾ ਨੂੰ 77-14 ਦੇ ਫ਼ਰਕ ਨਾਲ ਹਰਾ ਕੇ ਜਿੱਤ ਲਿਆ। ਦੂਜਾ ਮੈਚ ਵੀ ਇਸੇ ਤਰ੍ਹਾਂ ਇਰਾਨ ਨੇ ਅਫ਼ਰੀਕੀ ਮੁਲਕ ਕੀਨੀਆ ਨੂੰ 79-15 ਦੇ ਫ਼ਰਕ ਨਾਲ ਹਰਾ ਕੇ ਜਿੱਤ ਲਿਆ।

ਅਮਰੀਕਾ ਦੀ ਟੀਮ ਦੀ ਇਹ ਪਹਿਲੀ ਜਿੱਤ ਹੈ ਜਦੋਂਕਿ ਅਰਜਨਟੀਨਾ ਨੂੰ ਦੂਜੀ ਵਾਰ ਹਾਰ ਪ੍ਰਾਪਤ ਹੋਈ ਹੈ। ਪਹਿਲੇ ਮੈਚ ਵਿਚ ਅਮਰੀਕਾ ਨੇ ਅਰਜਨਟੀਨਾ ਨੂੰ 77-14 ਦੇ ਫ਼ਰਕ ਨਾਲ ਹਰਾਇਆ। ਜੇਤੂ ਟੀਮ ਅਮਰੀਕਾ ਅੱਧੇ ਸਮੇਂ ਤੱਕ 39-3 ਨਾਲ ਅੱਗੇ ਸੀ। ਅਮਰੀਕਾ ਦੇ ਰੇਡਰਾਂ ਵਿਚੋਂ ਇੰਦਰਦੀਪ ਸਿੰਘ ਨੇ 12, ਕੰਵਰ ਸੰਧੂ ਨੇ 9 ਤੇ ਬਲਜਿੰਦਰ ਸਿੰਘ ਨੇ 8 ਅੰਕ ਲਏ ਜਦੋਂਕਿ ਜਾਫੀਆਂ ਵਿਚੋਂ ਜਸਕਰਨ ਸਿੰਘ ਨੇ 7, ਕੁਲਵਿੰਦਰ ਸਿੰਘ ਨੇ 6 ਤੇ ਸੰਦੀਪ ਸਿੰਘ ਤੇ ਜੀਜਸ ਚੈਵੇਗਾ ਨੇ 5-5 ਜੱਫੇ ਲਾਏ। ਅਰਜਨਟੀਨਾ ਵੱਲੋਂ ਰੇਡਰ ਯੂਰੀ ਮਾਇਰ ਨੇ 6, ਇਵਾਨ ਤੇ ਐਲਜ਼ੈਂਦਰੋ ਨੇ 3-3 ਅੰਕ ਬਟੋਰੇ ਜਦੋਂਕਿ ਜਾਫੀ ਸੀਬਾ ਨੇ ਇਕ ਜੱਫਾ ਲਾਇਆ। ਦੂਜੇ ਮੈਚ ਵਿੱਚ ਕੀਨੀਆ ਖਿਲਾਫ਼ ਇਰਾਨ ਦੇ ਧਾਵੀ ਸਿਆਨ ਖਲੀਫ਼ਾਬਾਦ ਨੇ 11, ਜੇ. ਬਹਿਨਾਮ ਦੇ 12 ਤੇ ਕੇ. ਬਹਿਨਾਮ ਨੇ 11 ਅੰਕ ਬਟੋਰੇ ਜਦੋਂ ਕਿ ਜਾਫ਼ੀ ਅਲੀ ਰੇਜ਼ਾਸਫ਼ਾਰੀ ਨੇ 10 ਜੱਫੇ ਲਾਏ।

# ਪਾਕਿਸਤਾਨ ਵਿਚ ਇਕ ਸਦੀ ਪੁਰਾਣਾ ਮੰਦਰ ਢਾਹਿਆ

**ਕਰਾਚੀ:** ਇਥੋਂ ਦੇ ਇਕ ਬਿਲਡਰ ਵੱਲੋਂ ਤਕਰੀਬਨ ਇਕ ਸਦੀ ਪੁਰਾਣਾ ਮੰਦਰ ਢਾਹ ਦਿੱਤਾ ਗਿਆ ਜਿਸ ਕਾਰਨ ਘੱਟ ਗਿਣਤੀ ਹਿੰਦੂ ਭਾਈਚਾਰੇ ਵਿਚ ਰੋਸ ਹੈ। ਲੋਕਾਂ ਨੇ ਇਸ ਮੰਦਰ ਨੂੰ ਢਾਹੁਣ ਖ਼ਿਲਾਫ਼ ਸਟੇਅ ਲੈਣ ਲਈ ਅਦਾਲਤ ਵਿਚ ਪਟੀਸ਼ਨ ਵੀ ਪਾਈ ਹੋਈ ਸੀ ਪਰ ਬਿਲਡਰ ਨੇ ਕਿਸੇ ਦੀ ਕੋਈ ਪਰਵਾਹ ਨਹੀਂ ਕੀਤੀ। ਕਰਾਚੀ ਦੇ ਇਕ ਬਾਜ਼ਾਰ ਵਿਚ ਦੇਸ਼ ਵੰਡ ਤੋਂ ਪਹਿਲਾਂ ਦੇ ਬਣੇ ਇਸ ਸ੍ਰੀਰਾਮ ਮੰਦਰ ਦੇ ਨਾਲ ਬਿਲਡਰ ਵੱਲੋਂ ਲੰਘੇ ਦਿਨ ਕੁਝ ਮਕਾਨ ਵੀ ਢਾਹ ਦਿੱਤੇ ਗਏ ਜਿਸ ਨਾਲ 40 ਤੋਂ ਵੱਧ ਪਰਿਵਾਰ ਬੇਘਰ ਹੋ ਗਏ ਜਿਨ੍ਹਾਂ ਵਿਚੋਂ ਬਹੁਗਿਣਤੀ ਹਿੰਦੂ ਪਰਿਵਾਰਾਂ ਦੀ ਹੈ।

ਇਹ ਉਜਾੜਾ ਕੀਤੇ ਜਾਣ ਦੇ ਰੋਸ ਵਜੋਂ ਪਾਕਿਸਤਾਨ ਹਿੰਦੂ ਕੌਂਸਲ ਨੇ ਕਰਾਚੀ ਪ੍ਰੈਸ ਕਲੱਬ ਦੇ ਬਾਹਰ ਰੋਸ ਪ੍ਰਦਰਸ਼ਨ ਵੀ ਕੀਤਾ। ਲੋਕਾਂ ਨੇ ਬਿਲਡਰ ਤੋਂ ਇਲਾਵਾ ਉਨ੍ਹਾਂ ਅਧਿਕਾਰੀਆਂ ਖ਼ਿਲਾਫ਼ ਵੀ ਰੋਸ ਜ਼ਾਹਿਰ ਕੀਤਾ ਜੋ ਇਸ ਮੰਦਰ ਨੂੰ ਬਚਾਉਣ ਲਈ ਵੇਲੇ ਸਿਰ ਢੁਕਵੀਂ ਕਾਰਵਾਈ ਨਹੀਂ ਕਰ ਸਕੇ। ਇਸ ਮੰਦਰ ਨੂੰ ਢਾਹੇ ਜਾਣ ਵਿਰੁੱਧ ਪਟੀਸ਼ਨ ਸਿੰਧ ਹਾਈ ਕੋਰਟ ਦੇ ਵਿਚਾਰ ਅਧੀਨ ਹੈ। 'ਦਿ ਐਕਸਪ੍ਰੈਸ ਟ੍ਰਿਬਿਊਨ' ਦੀ ਰਿਪੋਰਟ ਅਨੁਸਾਰ ਰੋਸ ਪ੍ਰਦਰਸ਼ਨ ਕਰਨ ਵਾਲਿਆਂ ਵਿਚ ਸ਼ਾਮਲ ਵਿਅਕਤੀ ਪ੍ਰਕਾਸ਼ ਨੇ ਗੁੱਸੇ ਵਿਚ ਕਿਹਾ ਕਿ ਉਨ੍ਹਾਂ ਨੇ ਮੰਦਰ ਢਾਹ ਦਿੱਤਾ ਤੇ ਭਗਵਾਨ ਦਾ ਨਿਰਾਦਰ ਕੀਤਾ।

ਮੰਦਰ ਢਾਹੁਣ ਵਾਲਿਆਂ ਨੇ ਹਿੰਦੂ ਦੇਵੀ-ਦੇਵਤਿਆਂ ਦੀਆਂ ਚਾਰ ਮੂਰਤੀਆਂ ਚੁੱਕ ਕੇ ਇਕ ਪਾਸੇ ਰੱਖ ਦਿੱਤੀਆਂ ਪਰ ਸਥਾਨਕ ਵਾਸੀਆਂ ਅਨੁਸਾਰ ਇਨ੍ਹਾਂ ਮੂਰਤੀਆਂ ਦੇ ਸਿਰਾਂ 'ਤੇ ਸਜਾਏ ਹੋਏ ਤਾਜ ਤੇ ਇਨ੍ਹਾਂ ਦੇ ਪਾਏ ਗਹਿਣੇ ਚੋਰੀ ਹੋ ਗਏ ਹਨ। ਇਕ ਹੋਰ ਵਿਅਕਤੀ ਲਕਸ਼ਮਨ ਨੇ ਦੱਸਿਆ ਕਿ ਮੰਦਰ ਢਾਹੁਣ ਆਏ ਵਿਅਕਤੀ ਹਥਿਆਰਬੰਦ ਸਨ ਤੇ ਉਨ੍ਹਾਂ ਕੁਝ ਲੋਕਾਂ ਦੀ ਕੁੱਟਮਾਰ ਵੀ ਕੀਤੀ ਜੋ ਉਨ੍ਹਾਂ ਨੂੰ ਮੰਦਰ ਢਾਹੁਣ ਤੋਂ ਰੋਕਣ ਦਾ ਯਤਨ ਕਰ ਰਹੇ ਸਨ।

ਇਸ ਮੰਦਰ ਦੇ ਨੇੜਲੇ ਖੇਤਰ ਵਿੱਚ ਹਿੰਦੂ ਪਰਿਵਾਰਾਂ ਦੇ 150 ਪਰਿਵਾਰ ਰਹਿ ਰਹੇ ਸਨ। ਕਈ ਘਰਾਂ ਵਿਚ ਚਾਰ-ਚਾਰ ਪਰਿਵਾਰ ਵੀ ਰਹਿੰਦੇ ਸਨ। ਇਹ ਛੋਟੇ-ਛੋਟੇ ਘਰ ਸਨ ਜਿਨ੍ਹਾਂ ਵਿਚ ਪਰਦੇ ਟੰਗ ਕੇ ਉਨ੍ਹਾਂ ਆਪਣੇ ਹਿੱਸੇ ਵੰਡੇ ਹੋਏ ਸਨ। ਰੋਹ ਵਿਚ ਆਏ ਇਨ੍ਹਾਂ ਹਿੰਦੂ ਪਰਿਵਾਰਾਂ ਨੇ ਮੰਗ ਕੀਤੀ ਸੀ ਕਿ ਸਰਕਾਰ ਉਨ੍ਹਾਂ ਦੇ ਭਾਰਤ ਜਾਣ ਲਈ ਟਿਕਟਾਂ ਦਾ ਪ੍ਰਬੰਧ ਕਰ ਦੇਵੇ। ਇਕ ਔਰਤ ਨੇ ਵਿਲਕਦਿਆਂ ਕਿਹਾ ਕਿ ਜੇ ਸਰਕਾਰ ਉਨ੍ਹਾਂ ਨੂੰ ਇਥੇ ਨਹੀਂ ਰਹਿਣ ਦੇਣਾ ਚਾਹੁੰਦੀ ਤਾਂ ਉਹ ਭਾਰਤ ਚਲੇ ਜਾਣਗੇ। ਡੀਐਸਪੀ ਪਰਵੇਜ਼ ਇਕਬਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਨਾਜਾਇਜ਼ ਕਬਜ਼ੇ ਹਟਾਉਣ ਦੇ ਹੁਕਮ ਮਿਲੇ ਸਨ ਜਿਸ ਤਹਿਤ ਉਨ੍ਹਾਂ ਇਹ ਕਾਰਵਾਈ ਕਰ ਦਿੱਤੀ।

# ਦੋ ਸਰੀਰ ਤੇ ਇਕ ਆਤਮਾ ਵਾਂਗ ਸਨ ਨਹਿਰੂ-ਐਡਵਿਨਾ

**ਲੰਡਨ:** ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਤੇ ਐਡਵਿਨਾ ਮਾਊਂਟਬੈਟਨ ਵਿਚਕਾਰ ਜਿਨਸੀ ਸਬੰਧ ਨਹੀਂ ਸਨ। ਦੋਵਾਂ ਵਿਚ ਅਧਿਆਤਮਿਕ ਤੇ ਬੌਧਿਕ ਰਿਸ਼ਤਾ ਸੀ। ਇਹ ਐਡਵਿਨਾ ਦੀ ਲੜਕੀ ਪਾਮੇਲਾ ਨੇ ਕਿਹਾ ਹੈ। ਪਾਮੇਲਾ ਨੇ ਆਪਣੀ ਰਿਲੀਜ਼ ਹੋਈ ਪੁਸਤਕ 'ਡਾਟਰਸ ਆਫ ਅੰਪਾਇਰ' ਵਿਚ ਇਹ ਖੁਲਾਸਾ ਕੀਤਾ ਹੈ। ਪੁਸਤਕ ਦੇ ਮੁਤਾਬਿਕ ਭਾਰਤ ਦੇ ਆਖਰੀ ਵਾਇਸਰਾਏ ਲਾਰਡ ਮਾਊਂਟਬੈਟਨ ਨੂੰ ਆਪਣੀ ਪਤਨੀ ਤੇ ਨਹਿਰੂ ਦੇ ਰਿਸ਼ਤਿਆਂ ਦੇ ਬਾਰੇ ਵਿਚ ਪਤਾ ਸੀ ਪਰ ਉਨ੍ਹਾਂ ਕਦੇ ਵੀ ਦਖ਼ਲਅੰਦਾਜ਼ੀ ਨਹੀਂ ਸੀ ਕੀਤੀ।

ਪਾਮੇਲਾ ਦਾ ਕਹਿਣਾ ਹੈ ਕਿ ਨਹਿਰੂ ਅਤੇ ਉਸ ਦੀ ਮਾਂ ਵਿਚ ਗੂੜ੍ਹਾ ਰਿਸ਼ਤਾ ਸੀ। ਨਹਿਰੂ ਦੇ ਰੂਪ ਵਿਚ ਉਨ੍ਹਾਂ ਨੂੰ ਇਕ ਅਜਿਹਾ ਸਾਥੀ ਮਿਲਿਆ ਸੀ ਜਿਸ ਨਾਲ ਸ਼ਾਂਤੀ ਮਿਲਦੀ ਸੀ। ਪਾਮੇਲਾ ਦੇ ਮੁਤਾਬਿਕ ਉਸ ਦੀ ਮਾਂ ਨੇ ਨਹਿਰੂ ਵਿਚ ਭਾਵਨਾਤਮਕ ਲਗਾਅ ਪਾਇਆ ਜਿਸ ਦੀ ਵਜ੍ਹਾ ਕਾਰਨ ਉਹ ਉਨ੍ਹਾਂ ਦੇ ਪਿਆਰ ਵਿਚ ਪਾਗਲ ਸੀ। ਦੋਵੇਂ ਇਕ ਦੂਸਰੇ ਦੇ ਇਕੱਲੇਪਨ ਨੂੰ ਦੂਰ ਕਰਨ ਲਈ ਸਹਿਯੋਗ ਕਰਦੇ ਸਨ। ਭਾਰਤ ਵਿਚ ਰਹਿਣ ਸਮੇਂ ਉਨ੍ਹਾਂ ਨਹਿਰੂ ਦੇ ਨਾਲ ਲੰਮਾ ਵਕਤ ਗੁਜ਼ਾਰਿਆ। ਉਨ੍ਹਾਂ ਦੀ ਮਾਂ ਤੇ ਨਹਿਰੂ ਵਿਚ ਗੂੜ੍ਹਾ ਸਬੰਧ ਸੀ। ਇਹ ਦੋ ਸਰੀਰ ਇਕ ਆਤਮਾ ਵਾਂਗ ਸੀ।

# ਬਰਤਾਨਵੀ ਫੌਜ 'ਚ ਸਿੱਖ ਆਪਣੇ ਸਾਥੀਆਂ ਤੋਂ ਪ੍ਰੇਸ਼ਾਨ

ਲੰਡਨ: ਬਰਤਾਨਵੀ ਫੌਜ ਵਿਚ ਸ਼ਾਮਲ ਜਿਹੜੇ ਪਹਿਲੇ ਸਿੱਖ ਨੂੰ ਕੁਝ ਖਾਸ ਮੌਕਿਆਂ 'ਤੇ ਰਿੱਛ ਦੀ ਖੱਲ ਦੀ ਬਣੀ ਟੋਪੀ ਪਾਉਣ ਦੀ ਥਾਂ ਪੱਗ ਬੰਨ੍ਹਣ ਦੀ ਆਗਿਆ ਦਿੱਤੀ ਗਈ ਹੈ, ਉਸ ਨੂੰ ਹੁਣ ਕੇਸ ਤੇ ਦਾੜ੍ਹੀ ਨਾ ਕਟਵਾਉਣ ਤੇ ਪੱਗ ਕਾਰਨ ਆਪਣੇ ਸਾਥੀਆਂ ਦੀਆਂ ਤਲਖ ਟਿੱਪਣੀਆਂ ਸੁਣਨੀਆਂ ਪੈ ਰਹੀਆਂ ਹਨ। ਗਾਰਡਜ਼ਮੈਨ ਜਤਿੰਦਰਪਾਲ ਸਿੰਘ ਭੁੱਲਰ (25 ਸਾਲ) ਨੂੰ ਇਸ ਸਾਲ ਸਕਾਟਸ ਗਾਰਡਾਂ ਵਿਚ ਸ਼ਾਮਲ ਕੀਤਾ ਗਿਆ ਸੀ। ਉਸ ਨੂੰ ਆਗਿਆ ਦਿੱਤੀ ਗਈ ਸੀ ਕਿ ਉਹ ਬਕਿੰਘਮ ਪੈਲੇਸ ਦੇ ਬਾਹਰ ਆਪਣੀ ਡਿਊਟੀ ਦੌਰਾਨ ਪੱਗ ਬੰਨ੍ਹ ਸਕਦਾ ਹੈ। ਉਸ ਨੂੰ ਇਹ ਆਗਿਆ ਦੇਣ ਲਈ ਸੈਂਕੜੇ ਸਾਲ ਪੁਰਾਣੀ ਰਵਾਇਤ ਤੋੜੀ ਗਈ। ਡੇਲੀ ਮੇਲ ਦੀ ਰਿਪੋਰਟ ਅਨੁਸਾਰ ਹੁਣ ਹੋਰ ਗੋਰੇ ਫੌਜੀਆਂ ਵੱਲੋਂ ਭੁੱਲਰ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ ਤੇ ਉਸ 'ਤੇ ਫਬਤੀਆਂ ਕੱਸੀਆਂ ਜਾਂਦੀਆਂ ਹਨ।

ਸ. ਭੁੱਲਰ ਇਸ ਵੇਲੇ ਵੈਲਿੰਗਟਨ ਬੈਰਕ ਵਿਚ ਰਹਿੰਦਾ ਹੈ। ਇਥੇ ਉਹ ਫੌਜੀ ਰਹਿੰਦੇ ਹਨ ਜੋ ਜਨਤਕ ਡਿਊਟੀਆਂ ਤੇ ਮਹਾਰਾਣੀ ਦੀ ਸੁਰੱਖਿਆ ਵਾਸਤੇ ਤਾਇਨਾਤ ਕੀਤੇ ਜਾਂਦੇ ਹਨ। ਫੌਜ ਦੇ ਸੂਤਰਾਂ ਅਨੁਸਾਰ ਭੁੱਲਰ ਨੂੰ ਅਗਲੇ ਹਫਤੇ ਪਹਿਲੀ ਵਾਰ ਇਕ ਵਿਸ਼ੇਸ਼ ਪਰੇਡ ਵਿਚ ਸ਼ਾਮਲ ਕੀਤੇ ਜਾਣ ਦੀ ਉਮੀਦ ਹੈ। ਜਦੋਂ ਉਹ ਆਪਣੇ



ਸਾਥੀਆਂ ਨਾਲ ਇਸ ਪਰੇਡ ਵਿਚ ਮਾਰਚ ਕਰੇਗਾ ਤਾਂ ਉਹ ਪਹਿਲਾ ਅਜਿਹਾ ਗਾਰਡ ਬਣ ਜਾਵੇਗਾ ਜਿਸ ਨੇ ਰਿੱਛ ਦੀ ਖੱਲ ਤੋਂ ਬਣੀ ਟੋਪੀ ਪਾਉਣ ਦੀ ਥਾਂ ਪੱਗ ਬੰਨ੍ਹੀ ਹੋਵੇਗੀ।

ਉਧਰ, ਬਾਕੀ ਫੌਜੀਆਂ ਦਾ ਕਹਿਣਾ ਹੈ ਭੁੱਲਰ ਨੂੰ ਦਿੱਤੀ ਵਿਸ਼ੇਸ਼ ਛੋਟ ਕਾਰਨ ਉਨ੍ਹਾਂ ਦੀ ਕੰਪਨੀ ਦਰਸ਼ਕਾਂ ਤੇ ਸੈਲਾਨੀਆਂ ਵਿਚ ਮਜ਼ਾਕ ਦਾ ਪਾਤਰ ਬਣ ਜਾਵੇਗੀ ਕਿਉਂਕਿ ਇਹ ਰਵਾਇਤ 1612 ਤੋਂ ਚੱਲਦੀ ਆ ਰਹੀ ਹੈ। 1832 ਤੋਂ ਪਰੇਡ ਵਿਚ ਸ਼ਾਮਲ ਹੋਣ ਵਾਲੇ ਸਾਰੇ ਜਵਾਨ ਰਿੱਛ ਦੀ ਖੱਲ ਤੋਂ ਬਣੀਆਂ ਟੋਪੀਆਂ ਹੀ ਪਾਉਂਦੇ ਆ ਰਹੇ ਹਨ। ਅਖਬਾਰ ਅਨੁਸਾਰ ਵੈਲਿੰਗਟਨ ਬੈਰਕ ਦੇ ਕਈ ਅਧਿਕਾਰੀ ਇਸ ਗੱਲੋਂ ਔਖੇ ਹਨ ਕਿ ਸਿਰਫ ਇਕ ਜਵਾਨ ਦੀ ਖਾਤਰ ਸਦੀਆਂ ਪੁਰਾਣੀ ਰਵਾਇਤ ਤੋੜੀ ਜਾ ਰਹੀ ਹੈ।

ਇਸ ਦੌਰਾਨ ਜਤਿੰਦਰਪਾਲ ਦੇ ਪਿਤਾ ਸੁਰਿੰਦਰ ਭੁੱਲਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਸਪੁੱਤਰ ਇਸ ਆਦਰ ਸਤਿਕਾਰ ਦਾ ਹੱਕਦਾਰ ਹੈ ਜਦਕਿ ਇਕ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਲਈ ਰਜਮੈਂਟ ਪਹਿਲਾਂ ਤੇ ਧਰਮ ਦੂਜੇ ਸਥਾਨ 'ਤੇ ਹੈ। ਬਕਿੰਘਮ ਪੈਲੇਸ ਦੇ ਬਾਹਰ ਤਾਇਨਾਤ ਸੈਨਿਕਾਂ ਵੱਲੋਂ ਸੈਂਕੜੇ ਸਾਲਾਂ ਤੋਂ ਖਾਸ ਕਿਸਮ ਦੀ ਟੋਪੀ ਪਹਿਨੀ ਜਾਂਦੀ ਹੈ ਪਰ ਸਕਾਟ ਗਾਰਡਜ਼ ਨਾਲ ਜੁੜੇ ਭੁੱਲਰ ਨੂੰ ਸਿੱਖਾਂ ਦੀਆਂ ਧਾਰਮਿਕ ਪ੍ਰੰਪਰਾਵਾਂ ਦਾ ਖਿਆਲ ਰੱਖਦਿਆਂ ਦਸਤਾਰ ਬੰਨ੍ਹਣ ਦੀ ਇਜਾਜ਼ਤ ਦਿੱਤੀ ਗਈ ਹੈ ਪਰ ਸੈਨਾ ਦੇ ਉਚ ਅਧਿਕਾਰੀਆਂ ਦਾ ਇਹ ਫ਼ੈਸਲਾ ਭੁੱਲਰ ਦੇ ਸਾਥੀ ਸੈਨਿਕਾਂ ਨਾਲ ਵਿਵਾਦ ਦਾ ਕਾਰਨ ਬਣਿਆ ਹੋਇਆ ਹੈ।

ਡੇਵਿਡ ਚੂਥਿਲ ਚੇਅਰਮੈਨ ਧੂੰਦੀ ਬਰਾਂਚ ਨੇ ਕਿਹਾ ਹੈ ਕਿ ਰੈਜੀਮੈਂਟ ਪਹਿਲਾਂ ਤੇ ਧਰਮ ਬਾਅਦ ਵਿਚ ਹੋਣਾ ਚਾਹੀਦਾ ਹੈ ਤੇ ਸੈਂਕੜੇ ਸਾਲਾਂ ਦੀ ਪਰੰਪਰਾ ਨੂੰ ਤੋੜਨਾ ਨਹੀਂ ਚਾਹੀਦਾ। ਸਕਾਟ ਗਾਰਡਜ਼ ਰੈਜੀਮੈਂਟ ਐਸੋਸੀਏਸ਼ਨ ਦੇ ਸੀਨੀਅਰ ਮੈਂਬਰਾਂ ਨੇ ਵੀ ਭੁੱਲਰ ਦਾ ਸਮਰਥਨ ਕੀਤਾ ਹੈ। ਪਹਿਲੀ ਤੇ ਦੂਜੀ ਸੰਸਾਰ ਜੰਗ ਵਿਚ ਸਿੱਖ ਫੌਜੀਆਂ ਦੀਆਂ ਕੁਰਬਾਨੀਆਂ ਕਾਰਨ ਜਿੱਥੇ ਬਰਤਾਨੀਆ ਵਿਚ ਪੂਰਾ ਸਨਮਾਨ ਕੀਤਾ ਜਾਂਦਾ ਹੈ।

# ਅਮਰੀਕੀ ਸੰਸਦ ਮੈਂਬਰਾਂ ਵੱਲੋਂ ਮੋਦੀ ਨੂੰ ਵੀਜ਼ਾ ਨਾ ਦੇਣ 'ਤੇ ਜ਼ੋਰ

**ਵਾਸ਼ਿੰਗਟਨ:** ਅਮਰੀਕੀ ਸੰਸਦ ਦੇ 25 ਮੈਂਬਰਾਂ ਨੇ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੂੰ ਕਿਹਾ ਹੈ ਕਿ ਗੁਜਰਾਤ ਦੇ ਮੁੱਖ ਮੰਤਰੀ ਨੂੰ ਅਮਰੀਕਾ ਦਾ ਵੀਜ਼ਾ ਨਾ ਦੇਣ ਦਾ ਫੈਸਲਾ ਕਾਇਮ ਰੱਖਿਆ ਜਾਵੇ। ਇਨ੍ਹਾਂ ਮੈਂਬਰਾਂ ਨੇ ਕਿਹਾ ਕਿ ਹਾਲੇ ਤਕ ਵੀ ਗੁਜਰਾਤ ਵਿਚ ਹੋਏ 2002 ਦੇ ਦੰਗਾ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ।

ਵਿਦੇਸ਼ ਮੰਤਰੀ ਨੂੰ ਲਿਖੇ ਪੱਤਰ ਵਿਚ ਸੰਸਦ ਮੈਂਬਰਾਂ ਨੇ ਕਿਹਾ ਹੈ ਕਿ ਹਾਲੇ ਦੰਗਾ ਪੀੜਤਾਂ ਨੂੰ ਪੂਰਾ ਇਨਸਾਫ਼ ਨਹੀਂ ਮਿਲਿਆ ਤੇ ਜਦੋਂ ਤਕ ਅਜਿਹਾ ਨਹੀਂ ਹੁੰਦਾ ਉਦੋਂ ਤਕ ਸ੍ਰੀ ਮੋਦੀ ਨੂੰ ਅਮਰੀਕਾ ਦਾ ਵੀਜ਼ਾ ਨਾ ਦੇਣ ਦਾ ਫੈਸਲਾ ਕਾਇਮ ਰੱਖਿਆ ਜਾਵੇ। ਗੁਜਰਾਤ ਵਿਚ 13 ਤੇ 17 ਦਸੰਬਰ ਨੂੰ ਵਿਧਾਨ ਸਭਾ ਲਈ ਵੋਟਾਂ ਪੈਣੀਆਂ ਹਨ ਤੇ ਇਹ ਪੱਤਰ 29 ਨਵੰਬਰ ਨੂੰ ਲਿਖਿਆ ਗਿਆ ਹੈ। ਰਿਪਬਲੀਕਨ ਪਾਰਟੀ ਦੇ ਸੰਸਦ ਮੈਂਬਰਾਂ ਜੋਅ ਪਿਟਸ ਤੇ ਫਰੈਂਕ ਵੌਲਫ਼ ਨੇ ਲੰਘੇ ਦਿਨ ਕੈਪੀਟਲ ਹਿੱਲ ਵਿਖੇ ਸਾਂਝੀ ਪ੍ਰੈੱਸ ਕਾਨਫਰੰਸ ਮੌਕੇ ਇਹ ਪੱਤਰ ਰਿਲੀਜ਼ ਕੀਤਾ। ਇਸ ਮੌਕੇ ਉਨ੍ਹਾਂ ਨਾਲ ਗੁਜਰਾਤ ਦੇ ਦੰਗਾ ਪੀੜਤਾਂ ਦੇ ਪਰਿਵਾਰਕ ਮੈਂਬਰ ਵੀ ਸਨ।


ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ

ਫੋਨ: (559) 317-2149



Paramjit S. Khaira
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e- mail: drpskhaira@gmail.com
Working under state law SB 577


# ਬਰਤਾਨਵੀ ਸਿੱਖਾਂ ਦੀ ਪਾਕਿਸਤਾਨ ਵਿਚ ਖੱਜਲ-ਖੁਆਰੀ

**ਲਾਹੌਰ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਾਜਾ ਪਰਵੇਜ਼ ਅਸ਼ਰਫ਼ ਨੇ ਪਾਕਿਸਤਾਨ ਆਏ ਇੰਗਲੈਂਡ ਦੇ ਸਿੱਖਾਂ ਦੇ ਜਥੇ ਵੱਲੋਂ ਕੀਤੀ ਸ਼ਿਕਾਇਤ ਦੀ ਜਾਂਚ ਦੇ ਹੁਕਮ ਦਿੱਤੇ ਹਨ। ਜਥੇ ਵੱਲੋਂ ਵੀਜ਼ਾ ਲੈਣ ਵਿਚ ਦਿੱਕਤਾਂ ਦੀ ਸ਼ਿਕਾਇਤ ਕੀਤੀ ਗਈ ਸੀ। ਜਥੇ ਦੇ ਮੈਂਬਰ ਮਨਮੋਹਨ ਸਿੰਘ ਖ਼ਾਲਸਾ ਨੇ ਦੋਸ਼ ਲਾਇਆ ਕਿ ਪਾਕਿਸਤਾਨ ਵਿਦੇਸ਼ੀ ਮਿਸ਼ਨ ਵੱਲੋਂ ਵੀਜ਼ੇ ਦੇ ਕੰਮ ਲਈ ਲਗਾਈ ਕੰਪਨੀ ਨੇ ਹਰ ਸ਼ਰਧਾਲੂ ਤੋਂ 60 ਡਾਲਰ ਵੱਧ ਵਸੂਲ ਕੀਤੇ ਹਨ। ਉਨ੍ਹਾਂ ਨੇ ਇਸ ਬਾਰੇ ਪਾਕਿ ਪ੍ਰਧਾਨ ਮੰਤਰੀ ਕੋਲ ਸੈਮੀਨਾਰ ਦੌਰਾਨ ਸ਼ਿਕਾਇਤ ਕੀਤੀ ਸੀ। ਇਸ ਦਾ ਸਖ਼ਤ ਨੋਟਿਸ ਲੈਂਦਿਆਂ ਜਨਾਬ ਅਸ਼ਰਫ਼ ਨੇ ਮਾਮਲੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਤੇ ਔਕਾਫ਼ ਬੋਰਡ ਦੇ ਚੇਅਰਮੈਨ ਸੱਯਦ ਆਸਿਫ ਹਾਸ਼ਮੀ ਨੂੰ ਤੱਥਾਂ ਦਾ ਪਤਾ ਲਾਉਣ ਲਈ ਕਿਹਾ ਹੈ। ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਇਸ ਸੈਮੀਨਾਰ ਦਾ ਪ੍ਰਬੰਧ ਸਰਦਾਰ ਦਿਆਲ ਸਿੰਘ ਰਿਸਰਚ ਤੇ ਕਲਚਰਲ ਫੋਰਮ ਵੱਲੋਂ ਕੀਤਾ ਗਿਆ ਸੀ। ਜਨਾਬ ਅਸ਼ਰਫ਼ ਨੇ ਸਿੱਖ ਭਾਈਚਾਰੇ ਨੂੰ ਗੁਰਪੁਰਬ ਦੀ ਮੁਬਾਰਕਵਾਦ ਦਿੱਤੀ। ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨ ਦੀ ਸਰਕਾਰ ਘੱਟ ਗਿਣਤੀਆਂ ਦੇ ਹੱਕਾਂ ਦੀ ਹਮੇਸ਼ਾ ਰਾਖੀ ਕਰਦੀ ਰਹੀ ਹੈ ਤੇ ਸਿੱਖਾਂ ਤੇ ਮੁਸਲਮਾਨਾ ਵਿਚਾਲੇ ਨੇੜਤਾ ਤੇ ਨਿੱਘ ਦੇ ਹੱਕ ਵਿਚ ਹੈ। ਇਸ ਕੰਮ ਲਈ ਸਰਕਾਰ ਨੇ ਇਕ ਅੱਡ ਮੰਤਰਾਲਾ ਵੀ ਬਣਾ ਦਿੱਤਾ ਹੈ। ਸਰਦਾਰ ਮਨਮੋਹਨ ਸਿੰਘ ਖ਼ਾਲਸਾ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਨੂੰ ਲੜਾਈ-ਝਗੜੇ ਛੱਡ, ਰਲਮਿਲ ਕੇ ਰਹਿਣਾ ਚਾਹੀਦਾ ਹੈ, ਇਸ ਵਿਚ ਹੀ ਦੋਹਾਂ ਦੇਸ਼ਾਂ ਦਾ ਭਲਾ ਹੈ।


Yarra, Kharazi & Associates

Phone: (888) 97YARRA (92772)

Immigration
Family Law
Personal Injury



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ

Trust your matter to a specialist

ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ

Offices in Bakersfield, Fresno and Merced.

Bring this ad in and receive a free consultation

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

1816 Main Ave., Secramento CA, 95838

## ਡਾ. ਅਮੀ ਬੇਗ ਜੇਤੂ ਕਰਾਰ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਡਾ. ਅਮੀ ਬੇਗ ਦੀ ਅਮਰੀਕਾ ਦੇ ਪ੍ਰਤੀਨਿਧ ਸਦਨ ਲਈ ਹੋਈ ਚੋਣ ਵਿਚ ਜਿੱਤ ਦਾ ਸਰਕਾਰੀ ਤੌਰ 'ਤੇ ਐਲਾਨ ਕਰ ਦਿੱਤਾ ਗਿਆ ਹੈ। ਤਾਜ਼ਾ ਐਲਾਨੇ ਨਤੀਜਿਆਂ ਅਨੁਸਾਰ ਡੈਮੋਕਰੇਟਿਕ ਪਾਰਟੀ ਦੇ ਬੇਗ ਨੇ ਰਿਪਬਲਿਕਨ ਡਾਨ ਲੰਗਰੇਨ ਨੂੰ 9191 ਵੋਟਾਂ ਨਾਲ ਹਰਾਇਆ। ਕੈਲੀਫੋਰਨੀਆ ਦੀ ਸੱਤਵੀਂ ਜ਼ਿਲ੍ਹਾ ਕਾਂਗਰਸ ਚੋਣ ਲਈ ਨੌਂ ਨਵੰਬਰ ਨੂੰ ਵੋਟਾਂ ਪਈਆਂ ਸਨ। ਅਮਰੀਕਾ ਦੇ ਪ੍ਰਤੀਨਿਧੀ ਸਦਨ ਵਿਚ ਪੁੱਜਣ ਵਾਲਾ ਇਹ ਤੀਜਾ ਭਾਰਤੀ ਹੈ। 1950 ਵਿਚ ਦਲੀਪ ਸਿੰਘ ਸੋਂਧ ਤੇ 2005 ਵਿਚ ਬੌਬੀ ਜਿੰਦਲ ਦੀ ਚੋਣ ਮਗਰੋਂ ਬੇਗ ਇਹ ਚੋਣ ਜਿੱਤੇ ਹਨ। 47 ਸਾਲਾ ਬੇਗ ਦਾ ਪਰਿਵਾਰ 1950ਵਿਆਂ ਵਿਚ ਭਾਰਤ ਤੋਂ ਅਮਰੀਕਾ ਪੁੱਜਿਆ ਸੀ।

## ਜੂਲੀਅਨ ਅਸਾਂਜ ਨੂੰ ਫੇਫੜਿਆਂ ਦੀ ਬਿਮਾਰੀ

**ਕੋਇਟੋ:** ਵਿਕੀਲੀਕਸ ਦੇ ਸੰਸਥਾਪਕ ਜੂਲੀਅਨ ਅਸਾਂਜੇ ਫੇਫੜਿਆਂ ਦੀ ਬਿਮਾਰੀ ਤੋਂ ਪੀੜਤ ਹਨ। ਇਕਵਾਡੋਰ ਦੇ ਬਰਤਾਨੀਆ ਵਿਚ ਰਾਜਦੂਤ ਐਡਿਨ ਨੇ ਦੱਸਿਆ ਕਿ ਡਾਕਟਰ ਉਸ ਦੀ ਲਗਾਤਾਰ ਜਾਂਚ ਕਰ ਰਹੇ ਹਨ।

41 ਸਾਲਾਂ ਦੇ ਅਸਾਂਜੇ ਇਸ ਸਾਲ ਜੂਨ ਮਹੀਨੇ ਤੋਂ ਲੰਡਨ ਵਿਖੇ ਇਕਵਾਡੋਰ ਦੇ ਦੂਤਘਰ ਵਿਚ ਰਹਿ ਰਹੇ ਹਨ। ਐਡਿਨ ਨੇ ਦੱਸਿਆ ਕਿ ਅਸਾਂਜੇ ਦੀ ਤਬੀਅਤ ਕਿਸੇ ਵੀ ਸਮੇਂ ਖਰਾਬ ਹੋ ਸਕਦੀ ਹੈ। ਇਸ ਲਈ ਉਸ ਦੇ ਇਲਾਜ ਲਈ ਮਾਹਿਰ ਡਾਕਟਰਾਂ ਨੂੰ ਦੂਤਘਰ ਵਿਚ ਬੁਲਾਇਆ ਗਿਆ ਹੈ।

## ਬਾਬਾ ਰਾਮਦੇਵ ਨੂੰ ਟੈਕਸ ਚੋਰੀ ਬਾਰੇ ਨੋਟਿਸ

**ਨਵੀਂ ਦਿੱਲੀ:** ਯੋਗਾ ਦਾ ਪ੍ਰੋਗਰਾਮ ਪ੍ਰਸਾਰਿਤ ਕਰਨ ਲਈ ਪ੍ਰਾਈਵੇਟ ਟੀ.ਵੀ. ਚੈਨਲ ਕੋਲੋਂ ਇਕ ਕਰੋੜ ਰੁਪਏ ਵਸੂਲ ਕਰ ਕੇ ਸਰਵਿਸ ਟੈਕਸ ਅਦਾ ਨਾ ਕੀਤੇ ਜਾਣ 'ਤੇ ਬਾਬਾ ਰਾਮਦੇਵ ਵੱਲੋਂ ਚਲਾਏ ਜਾ ਰਹੇ ਟਰੱਸਟਾਂ ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ ਹੈ।

ਸਰਕਾਰੀ ਸੂਤਰਾਂ ਅਨੁਸਾਰ ਆਮਦਨ ਕਰ ਅਧਿਕਾਰੀਆਂ ਨੇ ਪਾਤੰਜਲੀ ਯੋਗਾ ਪੀਠ ਤੇ ਦਿਵਿਆ ਯੋਗਾ ਟਰੱਸਟ ਹਰਿਦੁਆਰ ਨੂੰ ਡਿਮਾਂਡ ਨੋਟਿਸ ਭੇਜਿਆ ਹੈ ਜਿਸ ਵਿਚ ਬਰਾਡਕਾਸਟਰ ਕੋਲੋਂ 96 ਲੱਖ ਰੁਪਏ ਵਸੂਲ ਕਰਨ ਦਾ ਵਿਸਥਾਰ ਦੱਸਦਿਆਂ ਇਸ ਰਕਮ ਦਾ ਸਰਵਿਸ ਟੈਕਸ ਦਿੱਤੇ ਜਾਣ ਦੀ ਮੰਗ ਕੀਤੀ ਗਈ ਹੈ।

## ਮਲਾਲਾ ਦੇ ਨਾਂ 'ਤੇ ਖੋਲ੍ਹਿਆ ਸਕੂਲ

**ਇਸਲਾਮਾਬਾਦ:** ਪਾਕਿਸਤਾਨ ਦੇ ਅਟਕ ਜ਼ਿਲ੍ਹੇ ਦੇ ਕਸਬੇ ਜੰਡ ਵਿਚ ਮਲਾਲਾ ਯੂਸਫਜ਼ਈ ਦਾਨਿਸ਼ ਸਕੂਲ ਦੀ ਉਸਾਰੀ ਮੁਕੰਮਲ ਹੋਣ ਨੇੜੇ ਹੈ ਤੇ ਇਸ ਦਸੰਬਰ ਤੋਂ ਇਥੇ ਪੜ੍ਹਾਈ ਸ਼ੁਰੂ ਹੋ ਜਾਣ ਦੀ ਉਮੀਦ ਹੈ।

'ਦਿ ਐਕਸਪ੍ਰੈਸ ਟ੍ਰਿਬਿਊਨ' ਦੀ ਰਿਪੋਰਟ ਅਨੁਸਾਰ ਇਹ ਸਕੂਲ ਦੋ ਸੌ ਏਕੜ ਜ਼ਮੀਨ ਵਿਚ ਉਸਾਰਿਆ ਜਾ ਰਿਹਾ ਹੈ। ਇਸ ਵਿਚ ਲੜਕਿਆਂ ਤੇ ਲੜਕੀਆਂ ਲਈ ਵੱਖੋ-ਵੱਖਰੇ ਹਿੱਸੇ ਹੋਣਗੇ।


## ਇਸਲਾਮ ਵਿਰੋਧੀ ਫਿਲਮ ਸਬੰਧੀ ਸੱਤਾਂ ਨੂੰ ਮੌਤ ਦੀ ਸਜ਼ਾ

**ਕਾਹਿਰਾ:** ਮਿਸਰ ਦੀ ਅਦਾਲਤ ਨੇ ਇਸਲਾਮ ਵਿਰੋਧੀ ਫਿਲਮ ਬਣਾਉਣ ਦੇ ਦੋਸ਼ ਵਿਚ ਸੱਤ ਮਿਸਰੀ ਈਸਾਈਆਂ (ਕਾਪਟਿਕ) ਤੇ ਇਕ ਅਮਰੀਕੀ ਪਾਸਟਰ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਇਹ ਸਜ਼ਾ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਸੁਣਾਈ ਗਈ। ਇਸ ਫ਼ਿਲਮ ਕਾਰਨ ਪੂਰੇ ਮੁਸਲਿਮ ਜਗਤ ਵਿਚ ਹਿੰਸਕ ਰੋਸ ਪ੍ਰਦਰਸ਼ਨ ਹੋਏ ਸਨ। ਇਹ ਸਾਰੇ ਦੇ ਸਾਰੇ ਦੋਸ਼ੀ ਅਮਰੀਕਾ ਵਿਚ ਰਹਿੰਦੇ ਹਨ। ਕਾਹਿਰਾ ਦੀ ਫੌਜੀ ਅਦਾਲਤ ਨੇ ਸੱਤ ਮਿਸਰੀ ਈਸਾਈਆਂ ਤੇ ਇਕ ਅਮਰੀਕੀ ਪਾਸਟਰ ਨੂੰ ਮੌਤ ਦੀ ਸਜ਼ਾ ਸੁਣਾਈ। ਫਲੋਰੀਡਾ ਵਿਚ ਇੱਕ ਛੋਟੇ ਜਿਹੇ ਸਮੂਹ ਦੀ ਅਗਵਾਈ ਕਰਦੇ ਅਮਰੀਕੀ ਪਾਸਟਰ ਟੈਰੀ ਜੋਨਜ਼ ਨੂੰ ਵੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਇਨ੍ਹਾਂ ਨੂੰ ਭਗੌੜੇ ਕਰਾਰ ਦੇ ਦਿੱਤਾ ਹੈ।

# ਹੈਡਲੀ ਤੇ ਰਾਣਾ ਦੀ ਜਨਵਰੀ ਵਿਚ ਹੋਵੇਗੀ ਹੋਣੀ ਤੈਅ

**ਸ਼ਿਕਾਗੋ:** ਅਮਰੀਕਾ 'ਚ ਜੰਮੇ ਲਸ਼ਕਰ-ਏ-ਤਾਇਬਾ ਦੇ ਅਤਿਵਾਦੀ ਅਤੇ ਮੁੰਬਈ ਹਮਲੇ ਦੇ ਦੋਸ਼ੀ ਡੇਵਿਡ ਕੋਲਮੈਨ ਹੈਡਲੀ ਨੂੰ ਅਗਲੇ ਸਾਲ 17 ਜਨਵਰੀ ਨੂੰ ਸਜ਼ਾ ਸੁਣਾਈ ਜਾਵੇਗੀ ਜਦੋਂਕਿ ਉਸ ਦੇ ਸਾਥੀ ਤਹੱਵੁਰ ਹੁਸੈਨ ਰਾਣਾ ਦੀ ਸਜ਼ਾ ਦਾ ਐਲਾਨ 15 ਜਨਵਰੀ ਨੂੰ ਕੀਤਾ ਜਾਵੇਗਾ। ਇਨ੍ਹਾਂ ਦੋਵਾਂ ਦੀ ਸਜ਼ਾ ਅਮਰੀਕੀ ਜੱਜ ਹੈਰੀ ਲੀਨੇਨਵੇਬਰ ਤੈਅ ਕਰਨਗੇ। ਇਨ੍ਹਾਂ ਦੋਵਾਂ 'ਤੇ 26 ਨਵੰਬਰ, 2008 ਦੇ ਮੁੰਬਈ ਹਮਲੇ ਤੇ ਡੈਨਮਾਰਕ ਦੇ ਇਕ ਅਖ਼ਬਾਰ 'ਤੇ ਹਮਲੇ ਦੀ ਸਾਜ਼ਿਸ਼ 'ਚ ਸ਼ਾਮਲ ਹੋਣ ਦਾ ਦੋਸ਼ ਹੈ।

ਹੈਡਲੀ ਨੇ ਮੁੰਬਈ ਹਮਲੇ ਨਾਲ ਸਬੰਧਤ ਟਿਕਾਣਿਆਂ ਦੀ ਸੂਹ ਲੈ ਕੇ ਲਸ਼ਕਰ-ਏ-ਤਾਇਬਾ ਦੀ ਮਦਦ ਕੀਤੀ ਸੀ। ਉਹ ਐਫ.ਬੀ.ਆਈ. ਵੱਲੋਂ ਲਾਏ ਗਏ ਸਾਰੇ ਦੋਸ਼ਾਂ ਵਿਚ ਆਪਣਾ ਜੁਰਮ ਕਬੂਲ ਕਰ ਚੁੱਕਿਆ ਹੈ। ਹੈਡਲੀ ਨੂੰ ਐਫ.ਬੀ.ਆਈ. ਨੇ ਕੋਪਨਹੇਗਨ ਦੇ ਇਕ ਅਖ਼ਬਾਰ ਦੇ ਕਰਮਚਾਰੀ 'ਤੇ ਹਮਲੇ ਦੀ ਸਾਜ਼ਿਸ਼ 'ਚ ਸ਼ਾਮਲ ਹੋਣ ਦਾ ਦੋਸ਼ੀ ਬਣਾਇਆ ਸੀ। ਇਸ ਅਤਿਵਾਦੀ ਨੂੰ ਭਾਰਤ ਵਿਚ ਸਰਵਜਨਕ ਸਥਾਨਾਂ 'ਤੇ ਬੰਬ ਹਮਲੇ ਦੀ ਸਾਜ਼ਿਸ਼ ਕਰਨ ਤੇ ਭਾਰਤ 'ਚ ਅਮਰੀਕੀ ਨਾਗਰਿਕਾਂ ਦੀ ਹੱਤਿਆ ਨਾਲ ਸਬੰਧਤ ਛੇ ਦੋਸ਼ਾਂ 'ਚ ਮੌਤ ਦੀ ਸਜ਼ਾ ਮਿਲ ਸਕਦੀ ਸੀ ਪਰ ਉਸ ਨੇ ਐਫ.ਬੀ.ਆਈ ਦੇ ਨਾਲ ਸਜ਼ਾ 'ਚ ਛੋਟ ਬਾਰੇ ਸਮਝੌਤਾ ਕਰ ਲਿਆ ਹੈ।



ਤਹੱਵੁਰ ਹੁਸੈਨ ਰਾਣਾ



ਡੇਵਿਡ ਕੋਲਮੈਨ ਹੈਡਲੀ

ਉਸ ਨੇ ਕਿਹਾ ਸੀ ਕਿ ਉਹ ਅਤਿਵਾਦੀ ਸਰਗਰਮੀਆਂ ਨਾਲ ਸਬੰਧਤ ਜਾਂਚ ਵਿਚ ਮਦਦ ਕਰੇਗਾ। ਰਾਣਾ ਨੂੰ ਜਿਊਰੀ ਨੇ 10 ਜੂਨ, 2011 ਨੂੰ ਦੋਸ਼ੀ ਠਹਿਰਾਇਆ ਸੀ ਪਰ ਉਸ ਨੂੰ ਮੁੰਬਈ ਹਮਲੇ ਦੀ ਸਾਜ਼ਿਸ਼ ਦੇ ਮਾਮਲੇ 'ਚ ਰਿਹਾਅ ਕਰ ਦਿੱਤਾ ਸੀ। ਇਸ ਤੋਂ ਬਾਅਦ ਉਸ ਨੂੰ ਸਜ਼ਾ ਸੁਣਾਉਣ ਲਈ 4 ਦਸੰਬਰ, 2012 ਤਰੀਕ ਤੈਅ ਕੀਤੀ ਗਈ ਸੀ ਪਰ ਇਹ ਤਰੀਕ ਨੂੰ ਬਦਲ ਕੇ ਹੁਣ 15 ਜਨਵਰੀ, 2013 ਤੱਕ ਦਿੱਤਾ ਗਿਆ ਹੈ।

## ਮ੍ਰਿਤਕ ਦੇਹ ਸੌਂਪਣ ਦਾ ਮੰਗਿਆ ਲੱਖ ਰੁਪਇਆ

**ਬਰਮਿੰਘਮ:** ਬੀਤੇ ਮਹੀਨੇ ਇਥੇ ਪੜ੍ਹਾਈ ਲਈ ਆਏ ਵਿਦਿਆਰਥੀ ਦੀ ਮੌਤ ਹੋ ਜਾਣ ਪਿੱਛੋਂ ਦਿੱਲੀ ਵਿਚ ਪਹੁੰਚੀ ਮ੍ਰਿਤਕ ਦੇਹ ਵਾਰਸਾਂ ਦੇ ਹਵਾਲੇ ਕਰਨ ਬਦਲੇ ਦਿੱਲੀ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਇਕ ਲੱਖ ਰੁਪਏ ਦੀ ਮੰਗ ਕਰ ਦਿੱਤੀ। ਮਿਲੀ ਸੂਚਨਾ ਮੁਤਾਬਕ ਅਕਤੂਬਰ ਦੇ ਅਖੀਰ ਵਿਚ ਲੁਧਿਆਣਾ ਦੇ ਪਿੰਡ ਮਹਿਮਾ ਸਿੰਘ ਵਾਲਾ ਤੋਂ ਬਰਤਾਨੀਆ ਵਿਚ ਪੜ੍ਹਾਈ ਕਰਨ ਆਏ 23 ਸਾਲਾ ਵਿਦਿਆਰਥੀ ਬਲਕਾਰ ਸਿੰਘ ਦੀ ਬਿਮਾਰੀ ਕਾਰਨ ਮੌਤ ਹੋ ਗਈ ਸੀ ਜਿਸ ਦੀ ਮ੍ਰਿਤਕ ਦੇਹ 14 ਨਵੰਬਰ ਨੂੰ ਬ੍ਰਿਟਿਸ਼ ਏਅਰਵੇਜ਼ ਰਾਹੀਂ ਦਿੱਲੀ ਪਹੁੰਚਾਈ ਗਈ ਸੀ।

ਸਦਮੇ ਹੇਠ ਮ੍ਰਿਤਕ ਦੇਹ ਲੈਣ ਪਹੁੰਚੇ ਵਾਰਸਾਂ ਨੂੰ ਉਸ ਸਮੇਂ ਵੱਡਾ ਧੱਕਾ ਲੱਗਾ ਜਦ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਉਨ੍ਹਾਂ ਤੋਂ ਇਕ ਲੱਖ ਰੁਪਏ ਮੰਗ ਲਏ। ਵਾਰਸਾਂ ਦੇ ਲੱਖ ਤਰਲੇ ਕਰਨ ਦੇ ਬਾਵਜੂਦ ਅਧਿਕਾਰੀਆਂ ਨੇ ਇਕ ਲੱਖ ਰੁਪਏ ਲਏ ਬਿਨਾਂ ਮ੍ਰਿਤਕ ਦੇਹ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਤੇ ਉਨ੍ਹਾਂ ਨੂੰ ਕਾਫੀ ਖੱਜਲ ਖੁਆਰ ਕੀਤਾ। ਇਸ ਪਿੱਛੋਂ ਕੁਝ ਰਸੂਖਵਾਲੇ ਲੋਕਾਂ ਦੇ ਕਹਿਣ 'ਤੇ ਦੇਹ ਵਾਰਸਾਂ ਹਵਾਲੇ ਕੀਤੀ।

# ਪ੍ਰੋ. ਸਟੀਵਨ ਰੌਲਿੰਗਸ ਦੀ ਮੌਤ ਹਾਦਸਾ ਕਰਾਰ ਅਦਾਲਤ ਵੱਲੋਂ ਪ੍ਰੋ. ਦਵਿੰਦਰ ਸਿਵੀਆ ਨੂੰ ਰਾਹਤ

**ਲੰਡਨ:** ਅਦਾਲਤ ਨੇ ਔਕਸਫੋਰਡ ਯੂਨੀਵਰਸਿਟੀ ਦੇ ਬਚਪਨ ਦੇ ਦੋਸਤ ਪ੍ਰੋਫੈਸਰਾਂ ਵਿਚਕਾਰ ਹੋਈ ਨਿੱਕੀ ਜਿਹੀ ਹੱਥੋਪਾਈ ਵਿਚ ਸਟੀਵਨ ਰੌਲਿੰਗਸ ਦੀ ਮੌਤ ਨੂੰ ਹਾਦਸਾ ਮੰਨਿਆ ਹੈ ਜਿਸ ਦੇ ਕਤਲ ਦੇ ਸ਼ੱਕ ਵਿਚ ਪੰਜਾਬੀ ਮੂਲ ਦੇ ਪ੍ਰੋਫੈਸਰ ਦਵਿੰਦਰ ਸਿੰਘ ਸਿਵੀਆ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਔਕਸਫੋਰਡ ਕੋਰੋਨੋਰ ਅਦਾਲਤ ਵਿਚ ਹੋਈ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਪ੍ਰੋ. ਸਟੀਵਨ ਦੀ ਮੌਤ ਤੋਂ ਬਾਅਦ ਪ੍ਰੋ. ਸਿਵੀਆ ਨੇ ਉਸ ਦੀ ਪਤਨੀ ਲਿੰਡਾ ਨੂੰ ਈਮੇਲ ਕਰਕੇ ਕਿਹਾ ਸੀ ਕਿ ਉਸ ਨੂੰ ਦੁੱਖ ਹੈ ਕਿ ਉਸ ਨੇ ਉਸ ਦੇ ਪਤੀ ਨੂੰ ਮਾਰ ਕਰ ਦਿੱਤਾ ਹੈ।

ਪ੍ਰੋ. ਰੌਲਿੰਗਸ ਦਿਮਾਗੀ ਬਿਮਾਰੀ ਤੋਂ ਪੀੜਤ ਸੀ। ਡਾ. ਦਵਿੰਦਰ ਸਿੰਘ ਸਿਵੀਆ ਤੇ ਪ੍ਰੋ. ਰੌਲਿੰਗਸ ਪਿਛਲੇ 30 ਸਾਲਾਂ ਤੋਂ ਦੋਸਤ ਸਨ। ਉਨ੍ਹਾਂ ਇਕੱਠਿਆਂ ਨੇ ਕੈਂਬਰੈਜ ਯੂਨੀਵਰਸਿਟੀ 'ਚ ਪੜ੍ਹਾਈ ਕੀਤੀ ਤੇ ਦੋਵਾਂ ਨੇ ਸਾਂਝੇ ਤੌਰ 'ਤੇ ਕਿਤਾਬ ਵੀ ਲਿਖੀ ਸੀ। ਅਦਾਲਤ 'ਚ ਪ੍ਰੋ. ਸਿਵੀਆ ਨੇ ਦੱਸਿਆ ਕਿ ਪ੍ਰੋ. ਰੌਲਿੰਗਸ ਨੇ ਉਸ ਦੇ ਚਿਹਰੇ 'ਤੇ ਮੁੱਕਾ ਮਾਰਿਆ ਤੇ ਉਸ ਦੇ ਲੱਤਾਂ ਮਾਰੀਆਂ ਤੇ ਉਸ ਤੋਂ ਬਾਅਦ ਉਸ ਨੇ ਪ੍ਰੋ. ਰੌਲਿੰਗਸ ਦਾ ਸਿਰ ਜ਼ੋਰ ਦੀ ਆਪਣੀ ਬਾਂਹ 'ਚ ਜਕੜ ਲਿਆ ਤੇ ਕੋਈ 15-20 ਮਿੰਟ ਇਸ ਨੂੰ ਜਕੜੀ ਰੱਖਿਆ ਤੇ ਇਸ ਨਾਲ ਪ੍ਰੋ. ਰੌਲਿੰਗਸ ਦਾ ਸਾਹ ਘੁੱਟਿਆ ਗਿਆ ਤੇ ਦਿਲ ਦੇ ਦੌਰੇ ਨਾਲ ਉਸ ਦੀ ਮੌਤ ਹੋ ਗਈ।

ਵਿਧਵਾ ਲਿੰਡਾ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਪ੍ਰੋ. ਸਿਵੀਆ ਰੋ ਰਿਹਾ ਸੀ ਤੇ ਉਸ ਨੂੰ ਫੋਨ 'ਤੇ ਕਿਹਾ ਸੀ ਕਿ ਉਸ ਨੇ ਆਪਣੇ ਚੰਗੇ ਦੋਸਤ ਨੂੰ ਮਾਰ ਦਿੱਤਾ ਹੈ। ਔਕਸਫੋਰਡ ਸ਼ਾਇਰ ਕੋਰੋਨਰ ਡੇਰਿਨ ਸਾਲਟਰ ਨੇ ਕਿਹਾ ਹੈ ਕਿ ਉਹ ਡਾ. ਸਿਵੀਆ ਨੂੰ ਮੰਨਦਾ ਹੈ ਜੋ ਆਪ ਵੀ ਚਿਹਰੇ ਦੇ ਜ਼ਖ਼ਮ ਤੋਂ ਪੀੜਤ ਸੀ ਤੇ ਉਸ ਦਾ ਆਪਣੇ ਦੋਸਤ ਨੂੰ ਨੁਕਸਾਨ ਪਹੁੰਚਾਉਣ ਦਾ ਕੋਈ ਇਰਾਦਾ ਨਹੀਂ ਸੀ। ਅਦਾਲਤ ਨੇ ਪ੍ਰੋ. ਰੌਲਿੰਗਸ ਦੀ ਮੌਤ ਨੂੰ ਹਾਦਸੇ ਦੇ ਤੌਰ 'ਤੇ ਰਿਕਾਰਡ ਕਰਦਿਆਂ ਇਸ ਕੇਸ ਨੂੰ ਬਹੁਤ ਹੀ ਦੁੱਖ ਵਾਲਾ ਕੇਸ ਕਰਾਰ ਦਿੱਤਾ।

# ਭਾਰਤੀਆਂ ਵੱਲੋਂ ਛੁੱਟੀਆਂ ਦੀ ਬਜਾਏ ਕੰਮ ਨੂੰ ਤਰਜੀਹ

**ਨਵੀਂ ਦਿੱਲੀ:** ਛੁੱਟੀਆਂ ਦੀ ਬਜਾਏ ਕੰਮ ਨੂੰ ਤਰਜੀਹ ਦੇਣ ਦੇ ਮਾਮਲੇ ਵਿਚ ਭਾਰਤੀ ਦੁਨੀਆਂ ਭਰ ਵਿਚ ਮੋਹਰੀ ਹਨ। ਇਕ ਨਵੇਂ ਸਰਵੇਖਣ ਅਨੁਸਾਰ ਉਹ ਜਾਂ ਤਾਂ ਲਾਜ਼ਮੀ ਕੰਮਾਂ ਲਈ ਛੁੱਟੀਆਂ ਰੱਦ ਕਰ ਦਿੰਦੇ ਹਨ ਜਾਂ ਫਿਰ ਛੁੱਟੀਆਂ ਦੌਰਾਨ ਵੀ ਦਫ਼ਤਰੀ ਕੰਮ ਵਿਚ ਲੱਗੇ ਰਹਿੰਦੇ ਹਨ। ਛੁੱਟੀਆਂ ਬਾਬਤ ਅਜਿਹੀਆਂ ਆਦਤਾਂ ਨੇ ਭਾਰਤ ਨੂੰ ਵਿਸ਼ਵ ਦਾ ਚੌਥਾ ਸਭ ਤੋਂ ਵੱਧ 'ਛੁੱਟੀਆਂ ਤੋਂ ਥੁੜਿਆ' ਮੁਲਕ ਬਣਾ ਦਿੱਤਾ ਹੈ।

ਹਾਲਾਂਕਿ ਭਾਰਤ ਦੇ ਦੋ ਤਿਹਾਈ ਬੌਸ (ਆਦਮੀ ਪੱਧਰ 'ਤੇ ਚੌਥੇ) ਆਪਣੇ ਮੁਲਾਜ਼ਮਾਂ ਦੀਆਂ ਛੁੱਟੀਆਂ ਦੀਆਂ ਯੋਜਨਾਵਾਂ ਨੂੰ ਪ੍ਰਵਾਨਗੀ ਦਿੰਦੇ ਹਨ।

ਛੁੱਟੀਆਂ ਦੌਰਾਨ ਸੇਵਾਵਾਂ ਮੁਹੱਈਆ ਕਰਾਉਣ ਵਾਲੇ ਐਕਸਪੀਡੀਆ ਵੱਲੋਂ ਕਰਵਾਏ ਸਰਵੇਖਣ ਵਿਚ ਇਹ ਖੁਲਾਸਾ ਹੋਇਆ ਹੈ। ਸਰਵੇਖਣ ਮੁਤਾਬਕ ਭਾਰਤ ਦੇ 'ਛੁੱਟੀਆਂ ਤੋਂ ਥੁੜਿਆ' ਹੋਣ ਦੇ ਮੁੱਖ ਕਾਰਨਾਂ ਵਿਚ ਛੁੱਟੀਆਂ ਇੱਕਠੀਆਂ ਕਰਨ ਦਾ ਰੁਝਾਨ, ਸਫ਼ਰ ਦੇ ਭਾਈਵਾਲ ਨਾਲ ਕੋਆਰਡੀਨੇਸ਼ਨ ਨਾ ਬਣਨਾ, ਛੁੱਟੀਆਂ ਬਦਲੇ ਪੈਸੇ ਲੈਣ, ਕੰਮ ਦਾ ਬੋਝ ਤੇ ਗੈਰਹਾਜ਼ਰੀ ਵਿਚ ਦਫ਼ਤਰ ਵਿਚ ਅਹਿਮ ਕਈ ਕੁਝ ਹੋ ਜਾਣ ਦੇ ਖੌਫ ਹਨ। ਪਿਛਲੇ ਇਕ ਸਾਲ ਵਿਚ ਇਕ ਭਾਰਤੀ ਵੱਲੋਂ ਲਈਆਂ ਗਈਆਂ ਛੁੱਟੀਆਂ ਦੀ ਔਸਤ 25 ਤੋਂ 20 ਦਿਨ ਬਣਦੀ ਹੈ।

ਪਿਛਲੇ ਸਾਲ ਭਾਰਤ ਦੁਨੀਆਂ ਦਾ ਪੰਜਵਾਂ ਛੁੱਟੀਆਂ ਤੋਂ ਵਾਂਝਾ ਮੁਲਕ ਸੀ। ਛੁੱਟੀਆਂ ਦੀ ਗਿਣਤੀ (30 ਦਿਨ) ਵੱਧ ਹੋਣ ਪੱਖੋਂ ਫਰਾਂਸ ਅੱਵਲ ਨੰਬਰ 'ਤੇ ਹੈ ਜਦਕਿ ਜਪਾਨੀ ਸਭ ਤੋਂ ਘੱਟ (ਪੰਜ) ਛੁੱਟੀਆਂ ਲੈਂਦੇ ਹਨ। ਅਮਰੀਕੀ ਤੇ ਮੈਕਸੀਕੋ ਵਾਸੀ 10-10 ਦਿਨ ਦੀ ਛੁੱਟੀ ਲੈਂਦੇ ਹਨ। ਯੂਰਪੀ ਲੋਕ ਛੁੱਟੀਆਂ ਨੂੰ ਪੈਸਿਆਂ ਦੀ ਥਾਂ 'ਡਿਊਟੀ' ਵਜੋਂ ਮਾਣਦੇ ਹਨ ਤੇ ਫਰਾਂਸ, ਸਪੇਨ ਦੇ ਵਰਕਰ ਪੂਰੀਆਂ 30-30 ਦਿਨ ਦੀਆਂ ਛੁੱਟੀਆਂ ਲੈ ਕੇ ਆਨੰਦ ਕਰਦੇ ਹਨ। ਇਸ ਦੇ ਉਲਟ ਏਸ਼ੀਆਈ ਲੋਕ ਸਭ ਤੋਂ ਘੱਟ ਛੁੱਟੀਆਂ ਲੈਂਦੇ ਹਨ ਤੇ ਹਫ਼ਤੇ ਦੇ ਬਹੁਤੇ ਦਿਨ ਕੰਮ ਕਰਦੇ ਹਨ।

ਕੋਰੀਆਈ, ਸਿੰਘਾਪੁਰ ਤੇ ਤਾਈਵਾਨ ਵਾਲੇ ਔਸਤਨ 44 ਘੰਟੇ/ ਪ੍ਰਤੀ ਹਫ਼ਤਾ ਕੰਮ ਕਰਦੇ ਹਨ। ਅਮਰੀਕੀ 40 ਘੰਟੇ ਕੰਮ ਕਰਦੇ ਹਨ। ਡੱਚ 35 ਘੰਟੇ ਪ੍ਰਤੀ ਹਫਤਾ ਕੰਮ ਕਰਦੇ ਹਨ। ਐਕਸਪੀਡੀਆ ਡਾਟਕਾਮ ਦੇ ਜਨਰਲ ਮੈਨੇਜਰ ਜੌਹਨ ਮੋਰੇਇ ਨੇ ਦੱਸਿਆ ਕਿ ਉਹ ਹਰ ਸਾਲ ਇਹ ਸਰਵੇਖਣ ਕਰਾਉਂਦੇ ਹਨ। ਉਨ੍ਹਾਂ ਕਿਹਾ ਕਿ ਨਿਰੰਤਰ ਅਧਿਐਨ ਤੋਂ ਇਹ ਸਿੱਧ ਹੁੰਦਾ ਹੈ ਕਿ ਆਦਰਸ਼ ਕੰਮ-ਕਾਜ ਦਾ ਸੰਤੁਲਨ ਮਨੁੱਖ ਨੂੰ ਵਧੇਰੇ ਖੁਸ਼ ਤੇ ਬਿਹਤਰ ਕੰਮ ਕਰਨ ਵਾਲੇ ਬਣਾਉਂਦਾ ਹੈ। ਇਹ ਅਧਿਐਨ ਸਤੰਬਰ-ਅਕਤੂਬਰ 2012 ਵਿਚ ਉਤਰੀ ਅਮਰੀਕਾ, ਯੂਰਪ, ਏਸ਼ੀਆ, ਦੱਖਣੀ ਅਮਰੀਕਾ ਤੇ ਆਸਟਰੇਲੀਆ ਦੇ 8687 ਮੁਲਾਜ਼ਮਾਂ 'ਤੇ ਕੀਤਾ ਗਿਆ ਸੀ।

## ਵਿਆਹ ਵਿਚ ਨੱਚਣ ਆਈ ਲੜਕੀ ਨੂੰ ਗੋਲੀ ਮਾਰੀ

**ਫਰੀਦਕੋਟ:** ਇਥੇ ਵਿਆਹ ਸਮਾਗਮ ਵਿਚ ਇਕ ਗਰੁੱਪ ਨਾਲ ਨੱਚਣ ਲਈ ਜੈਤੋ ਗਈ ਲੜਕੀ ਨਾਲ ਕੁਝ ਨੌਜਵਾਨਾਂ ਨੇ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ। ਲੜਕੀ ਨੇ ਜਦੋਂ ਨੌਜਵਾਨਾਂ ਦੀ ਹਰਕਤ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨੇ ਗੁੱਸੇ ਵਿਚ ਆ ਕੇ ਲੜਕੀ ਨੂੰ ਗੋਲੀ ਮਾਰ ਦਿੱਤੀ ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਜੈਤੋ ਦੇ ਨੇੜਲੇ ਪਿੰਡ ਖੱਚੜਾਂ ਵਿਚ ਵਿਆਹ ਸਮਾਗਮ ਸੀ ਜਿਸ ਵਿਚ ਉਕਤ ਲੜਕੀ ਇਕ ਗਰੁੱਪ ਵੱਲੋਂ ਨੱਚਣ ਲਈ ਆਈ ਸੀ। ਸਮਾਗਮ ਵਿਚੋਂ ਲੜਕੀ ਆਪਣੇ ਡਰੈਸਿੰਗ ਕੈਬਨ ਵਿਚ ਗਈ ਤਾਂ ਅਚਾਨਕ ਕੁਝ ਲੜਕੇ ਵੀ ਕੈਬਨ ਵਿਚ ਚਲੇ ਗਏ ਤੇ ਉਨ੍ਹਾਂ ਨੇ ਲੜਕੀ ਨਾਲ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਲੜਕੀ ਨੇ ਇਸ ਦਾ ਵਿਰੋਧ ਕੀਤਾ ਤਾਂ ਚਾਰ ਹਥਿਆਰਬੰਦ ਨੌਜਵਾਨਾਂ ਨੇ ਲੜਕੀ ਨੂੰ ਗੋਲੀ ਮਾਰ ਦਿੱਤੀ।

## ਅਮਰੀਕਾ ਵਿਚ ਹੋਵੇਗਾ ਪ੍ਰਨੀਤ ਸਿੰਘ ਦਾ ਸਨਮਾਨ

**ਚੰਡੀਗੜ੍ਹ:** ਪੰਜਾਬ 'ਚ ਵਿਦੇਸ਼ੀ ਲਾੜਿਆਂ ਤੋਂ ਪੀੜਤ ਲੜਕੀਆਂ ਨੂੰ ਇਨਸਾਫ਼ ਦਿਵਾਉਣ ਲਈ ਦਫ਼ਤਰ 'ਚ ਖੋਲ੍ਹੇ ਗਏ 'ਵਿਮੈਨ ਹੈਲਪ ਲਾਈਨ' ਦੇ ਕੰਮਕਾਜ ਨੂੰ ਦੇਖਦੇ ਹੋਏ ਅਮਰੀਕਾ ਸਰਕਾਰ ਨੇ ਪ੍ਰਨੀਤ ਸਿੰਘ ਦਾ ਸਨਮਾਨ ਕਰਨ ਦਾ ਫ਼ੈਸਲਾ ਕੀਤਾ ਹੈ। ਅਮਰੀਕੀ ਦੂਤਘਰ ਨੇ ਕੁਝ ਮਹੀਨੇ ਪਹਿਲਾਂ ਪ੍ਰਨੀਤ ਸਿੰਘ ਨੂੰ ਸੂਚਿਤ ਕੀਤਾ ਸੀ ਕਿ ਉਨ੍ਹਾਂ ਨੇ ਇਸ ਮਾਮਲੇ ਵਿਚ ਵਧੀਆ ਕੰਮ ਕੀਤਾ ਹੈ ਤੇ ਪਾਸਪੋਰਟ ਦਫ਼ਤਰ ਵਿਚ ਵਧੀਆ ਕਾਰਗੁਜ਼ਾਰੀ ਰਹੀ ਹੈ ਜਿਸ ਕਰਕੇ ਉਨ੍ਹਾਂ ਦਾ ਸਨਮਾਨ 'ਇੰਟਰਨੈਸ਼ਨਲ ਲੀਡਰਸ਼ਿਪ ਵਿਜ਼ਟਰ ਪ੍ਰੋਗਰਾਮ' ਤਹਿਤ ਅਮਰੀਕਾ ਵਿਚ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ।

ਪ੍ਰਨੀਤ ਸਿੰਘ ਨੂੰ ਇਸ ਮਾਮਲੇ ਵਿਚ ਈਮੇਲ ਰਾਹੀਂ ਸੰਦੇਸ਼ ਪ੍ਰਾਪਤ ਹੋਇਆ ਹੈ ਕਿ ਉਨ੍ਹਾਂ ਦਾ ਸਨਮਾਨ ਜਨਵਰੀ ਦੇ ਆਖ਼ਰੀ ਜਾਂ ਫਰਵਰੀ ਦੇ ਪਹਿਲੇ ਹਫ਼ਤੇ ਵਿਚ ਅਮਰੀਕਾ ਵਿਚ ਕੀਤਾ ਜਾਵੇਗਾ। ਇਸ ਸਮਾਗਮ ਵਿਚ ਕੁਝ ਦੇਸ਼ਾਂ ਦੇ ਪ੍ਰਧਾਨ ਮੰਤਰੀ ਵੀ ਸ਼ਾਮਲ ਹੋਣਗੇ। ਜ਼ਿਕਰਯੋਗ ਹੈ ਕਿ ਪ੍ਰਨੀਤ ਸਿੰਘ ਵੱਲੋਂ ਖੋਲ੍ਹੀ ਗਈ 'ਵਿਮੈਨ ਹੈਲਪ ਲਾਈਨ' ਤਹਿਤ 50 ਵਿਦੇਸ਼ੀ ਲਾੜਿਆਂ ਦੇ ਪਾਸਪੋਰਟ ਜ਼ਬਤ ਕਰਕੇ ਪੀੜਤ ਲੜਕੀਆਂ ਨੂੰ ਇਨਸਾਫ਼ ਦਿਵਾਇਆ ਗਿਆ ਹੈ।

ਉਧਰ, ਰਾਜਨੀਤਕ ਹਲਕਿਆਂ ਵਿਚ ਵੀ ਪ੍ਰਨੀਤ ਸਿੰਘ ਦੀ ਬਦਲੀ ਨੂੰ ਲੈ ਕਾਫ਼ੀ ਹੈਰਾਨਗੀ ਹੈ ਕਿ ਇਕ ਪਾਸੇ ਤਾਂ ਅਮਰੀਕਾ ਸਰਕਾਰ ਪ੍ਰਨੀਤ ਸਿੰਘ ਦਾ ਸਨਮਾਨ ਕਰਨ ਜਾ ਰਹੀ ਹੈ ਤੇ ਦੂਸਰੇ ਪਾਸੇ ਵਿਦੇਸ਼ ਮੰਤਰਾਲੇ ਨੇ ਚੰਗਾ ਕੰਮ ਕਰਨ ਦੇ ਬਾਵਜੂਦ ਉਨ੍ਹਾਂ ਦੀ ਬਦਲੀ ਦੇ ਹੁਕਮ ਜਾਰੀ ਕਰ ਦਿੱਤੇ ਹਨ।

## 'ਸਿੱਖ ਅੱਤਵਾਦ' ਸ਼ਬਦ 'ਤੇ ਹਾਰਪਰ ਨੂੰ ਇਤਰਾਜ਼

**ਵੈਨਕੂਵਰ (ਪੰਜਾਬ ਟਾਈਮਜ਼ ਬਿਊਰੋ):** ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ 'ਸਿੱਖ ਅਤਿਵਾਦ' ਸ਼ਬਦ ਦੀ ਵਰਤੋਂ 'ਤੇ ਅਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਕਿਸੇ ਵੀ ਵੱਖਰੇ ਵਿਚਾਰਾਂ ਕਰਕੇ ਹੀ ਉਸ ਨੂੰ ਅਤਿਵਾਦੀ ਨਹੀਂ ਮੰਨਿਆ ਜਾ ਸਕਦਾ। ਸ੍ਰੀ ਹਾਰਪਰ ਨੇ ਕਿਹਾ ਕਿ ਖਿਆਲਾਂ ਦੀ ਅਸਹਿਮਤੀ ਜਾਂ ਸਹਿਮਤੀ ਹੋਣਾ ਅਲੱਗ ਹੈ ਪਰ ਹਰੇਕ ਨੂੰ ਵਿਚਾਰ ਰੱਖਣ ਦੀ ਆਜ਼ਾਦੀ ਹੈ।

ਇਸ ਦੌਰਾਨ ਉਨ੍ਹਾਂ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਿੱਖ ਹੋਣ ਵਜੋਂ ਕੌਮਾਂਤਰੀ ਪੱਧਰ ਦੀ ਸ਼ਖ਼ਸੀਅਤ ਦਾ ਵਿਸ਼ੇਸ਼ ਜ਼ਿਕਰ ਕੀਤਾ। ਪ੍ਰਧਾਨ ਮੰਤਰੀ ਨੇ ਕੈਨੇਡਾ ਦੇ ਗੁਰਦੁਆਰਾ ਫੰਡਾਂ ਤੇ ਹੋਰ ਕੰਮਾਂ ਨਾਲ ਸਬੰਧਤ ਸ਼ਿਕਾਇਤਾਂ ਨੂੰ ਕੈਨੇਡੀਅਨ ਰੈਵੇਨਿਊ ਏਜੰਸੀ ਕੋਲ ਕਰਨ ਦੀ ਹਦਾਇਤ ਕੀਤੀ। ਭਾਰਤ ਫੇਰੀ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਜਾਣ ਵੇਲੇ ਸਿੱਖ ਦੇ ਵਿਰਸੇ ਤੇ ਇਤਿਹਾਸ ਬਾਰੇ ਮਿਲੀ ਜਾਣਕਾਰੀ ਨੂੰ ਉਨ੍ਹਾਂ ਲਾਹੇਵੰਦ ਦੱਸਿਆ।

# ਕਸ਼ਮੀਰ 'ਚੋਂ ਲਾਪਾਤਾ ਹੋਏ ਬਹੁਤੇ ਬੰਦੇ ਬੇਕਸੂਰ

**ਸ੍ਰੀਨਗਰ:** ਜੰਮੂ-ਕਸ਼ਮੀਰ ਵਿਚੋਂ ਗਾਇਬ ਹੋਏ ਵਿਅਕਤੀਆਂ (ਡਿਸਅਪੀਅਰਡ ਪਰਸਨਜ਼) ਦੇ ਪਰਿਵਾਰਾਂ ਬਾਰੇ ਕੀਤੇ ਗਏ ਅਧਿਐਨ ਤੋਂ ਇਹ ਸਨਸਨੀਖੇਜ਼ ਤੱਥ ਸਾਹਮਣੇ ਆਏ ਹਨ ਕਿ ਪਿਛਲੇ 23 ਸਾਲਾਂ ਦੌਰਾਨ ਸੁਰੱਖਿਆ ਦਸਤਿਆਂ ਜਾਂ ਅਤਿਵਾਦੀਆਂ ਵੱਲੋਂ ਚੁੱਕੇ ਜਾਣ ਤੋਂ ਬਾਅਦ ਗਾਇਬ ਹੋਣ ਵਾਲਿਆਂ ਵਿਚ 72 ਫੀਸਦੀ ਤੋਂ ਵੱਧ ਆਮ ਬੇਕਸੂਰ ਨਾਗਰਿਕ ਸਨ।

ਡਿਸਅਪੀਅਰਡ ਪਰਸਨਜ਼ ਉਨ੍ਹਾਂ ਨੂੰ ਮੰਨਿਆ ਜਾਂਦਾ ਹੈ ਜੋ ਉਨ੍ਹਾਂ ਦੇ ਘਰਾਂ ਜਾਂ ਹੋਰ ਥਾਵਾਂ ਤੋਂ ਗਵਾਹਾਂ, ਪਰਿਵਾਰਕ ਮੈਂਬਰਾਂ ਜਾਂ ਦੋਸਤਾਂ ਦੀ ਹਾਜ਼ਰੀ ਵਿਚ ਸੁਰੱਖਿਆ ਦਸਤਿਆਂ ਨੇ ਅਤਿਵਾਦੀ ਹੋਣ ਜਾਂ ਵੱਖਵਾਦੀਆਂ ਨੇ ਪੁਲਿਸ ਦੇ ਮੁਖ਼ਬਰ ਹੋਣ ਦੇ ਸ਼ੱਕ ਹੇਠ ਚੁੱਕ ਲਏ ਸਨ। ਬਾਅਦ ਵਿਚ ਇਹ ਵਿਅਕਤੀ ਕਦੇ ਨਜ਼ਰ ਨਹੀਂ ਆਏ।

ਇਹ ਅਧਿਐਨ ਡਿਸਅਪੀਅਰਡ ਪਰਸਨਜ਼ ਐਂਡ ਕੰਡੀਸ਼ਨਜ਼ ਆਫ ਦਿਅਰ ਫੈਮਿਲੀਜ਼ ਇਨ ਕਸ਼ਮੀਰ ਦੀ ਨਿਗਰਾਨੀ ਉੱਘੇ ਸਮਾਜ ਵਿਗਿਆਨੀ ਬੀ.ਏ. ਡਾਬਲਾ ਨੇ ਕੀਤੀ ਹੈ ਤੇ ਐਕਸ਼ਨ ਏਡ ਇੰਟਰਨੈਸ਼ਨਲ ਦੀ ਜੰਮੂ-ਕਸ਼ਮੀਰ ਇਕਾਈ ਨੇ ਇਸ ਨੂੰ ਸਹਿਯੋਗ ਦਿੱਤਾ ਹੈ। ਇਸ ਅਧਿਐਨ ਤਹਿਤ ਕਸ਼ਮੀਰ ਤੋਂ ਗਾਇਬ ਹੋਏ 700 ਵਿਅਕਤੀਆਂ ਦੇ ਕੇਸ ਵਿਚਾਰੇ ਗਏ। ਅਧਿਐਨ ਮੁਤਾਬਕ ਇਨ੍ਹਾਂ ਵਿੱਚੋਂ 99.84 ਫੀਸਦੀ ਤੋਂ ਜ਼ਿਆਦਾ ਪੁਰਸ਼ ਸਨ ਤੇ ਆਮ ਤੌਰ 'ਤੇ ਆਪਣੇ ਪਰਿਵਾਰਾਂ ਦੇ ਇਕੱਲੇ ਕਮਾਊ ਜੀਅ ਸਨ।

ਇਨ੍ਹਾਂ ਵਿੱਚੋਂ ਵਧੇਰੇ 21 ਤੋਂ 35 ਸਾਲ ਉਮਰ ਵਰਗ ਦੇ ਅਤੇ ਇਨ੍ਹਾਂ ਵਿੱਚੋਂ 37.14 ਫੀਸਦੀ ਵਿਆਹੇ ਹੋਏ ਸਨ। ਭਾਵੇਂ ਗਾਇਬ ਹੋਏ ਵਿਅਕਤੀਆਂ ਵਿਚੋਂ ਵਧੇਰੇ ਮੁਸਲਿਮ ਭਾਈਚਾਰੇ ਦੇ ਸਨ ਪਰ ਹਿੰਦੂ ਤੇ ਸਿੱਖ ਭਾਈਚਾਰੇ ਦੇ ਵੀ 0.75 ਫੀਸਦੀ ਵਿਅਕਤੀ ਇਨ੍ਹਾਂ ਵਿਚ ਸ਼ਾਮਲ ਹਨ। ਇਨ੍ਹਾਂ ਵਿਚੋਂ 22.42 ਫੀਸਦੀ ਦੇ ਤਾਰ ਅਤਿਵਾਦ ਨਾਲ ਜੁੜੇ ਹੋਏ ਸਨ ਜਦਕਿ ਇਨ੍ਹਾਂ ਵਿਚੋਂ 72.72 ਫੀਸਦੀ ਬੇਕਸੂਰ ਆਮ ਨਾਗਰਿਕ ਸਨ।

# ਕੌਮਾਂਤਰੀ ਮੇਲੇ ਵਿਚ 'ਅੰਨ੍ਹੇ ਘੋੜੇ ਦਾ ਦਾਨ' ਸਰਵੋਤਮ ਫਿਲਮ

**ਪਣਜੀ:** ਕੌਮੀ ਫਿਲਮ ਵਿਕਾਸ ਨਿਗਮ ਵੱਲੋਂ ਪੰਜਾਬੀ ਨਾਵਲਕਾਰ ਗੁਰਦਿਆਲ ਸਿੰਘ ਦੇ ਨਾਵਲ ਉਪਰ ਗੁਰਵਿੰਦਰ ਸਿੰਘ ਦੇ ਨਿਰਦੇਸ਼ਨ ਹੇਠ ਬਣੀ ਪੰਜਾਬੀ ਫਿਲਮ 'ਅੰਨ੍ਹੇ ਘੋੜੇ ਦਾ ਦਾਨ' ਨੂੰ ਇਥੇ ਭਾਰਤ ਦੇ ਕੌਮਾਂਤਰੀ ਫਿਲਮ ਮੇਲੇ ਦੇ ਸਮਾਪਤੀ ਸਮਾਰੋਹ ਮੌਕੇ 'ਗੋਲਡਨ ਪੀਕੌਕ' ਐਵਾਰਡ ਨਾਲ ਸਨਮਾਨਿਆ ਗਿਆ। ਨਿਰਦੇਸ਼ਕ ਗੁਰਵਿੰਦਰ ਸਿੰਘ ਨੇ ਐਵਾਰਡ ਤੇ 20 ਲੱਖ ਰੁਪਏ ਨਕਦ ਇਨਾਮ ਹਾਸਲ ਕੀਤਾ। ਇਸ ਫਿਲਮ ਨੂੰ ਪਹਿਲਾਂ ਵੀ ਇਸ ਸਾਲ ਤਿੰਨ ਕੌਮੀ ਐਵਾਰਡ ਮਿਲ ਚੁੱਕੇ ਹਨ। ਇਹ ਐਵਾਰਡ ਬੇਹਤਰੀਨ ਨਿਰਦੇਸ਼ਨ, ਸਿਨਮੈਟੋਗ੍ਰਾਫੀ ਤੇ ਬੇਹਤਰੀਨ ਫੀਚਰ ਫਿਲਮ ਵਜੋਂ ਮਿਲੇ ਸਨ। ਇਸ ਮੌਕੇ ਗੁਰਵਿੰਦਰ ਸਿੰਘ ਨੇ ਕਿਹਾ ਕਿ ਫਿਲਮ 'ਅੰਨ੍ਹੇ ਘੋੜੇ ਦਾ ਦਾਨ' ਕੌਮੀ ਫਿਲਮ ਵਿਕਾਸ ਨਿਗਮ ਦੇ ਯੋਗਦਾਨ ਬਗੈਰ ਨੇਪਰੇ ਨਹੀਂ ਚੜ੍ਹਨੀ ਸੀ।

ਮੀਰਾ ਨਾਇਰ ਦੀ ਫਿਲਮ 'ਦ ਰੈਲਕਟੈਂਟ ਫੰਡ ਮੈਂਟਾਲਿਸਟ' ਨੂੰ ਵਿਸ਼ੇਸ਼ ਸਦੀ ਸਾਲ ਐਵਾਰਡ ਦਿੱਤਾ ਗਿਆ। ਸ਼ਾਮ ਵੇਲੇ ਇਸ ਫਿਲਮ ਦਾ ਪ੍ਰੀਮੀਅਰ ਸ਼ੋਅ ਵਿਖਾਇਆ ਗਿਆ। ਅਮਰੀਕਨ ਨਿਰਦੇਸ਼ਕਾ ਲੂਸੀ ਮੂਲੋਇ ਦੀ ਸਪੇਨਿਸ਼ ਫਿਲਮ 'ਊਨਾ ਨੋਚੇ' ਨੂੰ ਵਿਸ਼ੇਸ਼ ਜਿਊਰੀ ਐਵਾਰਡ ਦਿੱਤਾ ਗਿਆ। ਨਿਰਦੇਸ਼ਨਾ ਨੇ ਇਸ ਮੌਕੇ 'ਸਿਲਵਰ ਪੀਕੌਕ' ਐਵਾਰਡ ਤੇ 15 ਲੱਖ ਰੁਪਏ ਨਕਦ ਇਨਾਮ ਹਾਸਲ ਕੀਤਾ। ਬੇਹਤਰੀਨ ਨਿਰਦੇਸ਼ਨ ਲਈ ਐਵਾਰਡ ਦੱਖਣੀ ਕੋਰੀਆ ਦੀ ਫਿਲਮ 'ਦਾ ਵੇਟ' ਦੇ ਨਿਰਦੇਸ਼ਕ ਕਾਈਯੂ-ਹਵਾਨ ਨੂੰ ਮਿਲਿਆ। ਸਿਨਹਾਲਾ-ਤਾਮਿਲ ਫਿਲਮ 'ਵਿਦ ਯੂ, ਵਿਦਾਊਟ ਯੂ' ਲਈ ਅੰਜਲੀ ਪਾਟਿਲ ਨੂੰ ਬੇਹਤਰੀਨ ਅਦਾਕਾਰਾ ਐਵਾਰਡ ਨਾਲ ਸਨਮਾਨਿਆ ਗਿਆ। ਬੇਹਤਰੀਨ ਅਦਾਕਾਰ ਦੀ ਟਰਾਫ਼ੀ ਪੋਲਿਸ਼-ਰੂਸ-ਜਰਮਨੀ ਫਿਲਮ 'ਰੋਜ਼' ਦੇ ਹਿੱਸੇ ਆਈ। ਇਹ ਫਿਲਮ ਜਰਮਨ ਸਿਪਾਹੀ ਦੇ ਮੁਸ਼ਕਲਾਂ ਭਰੇ ਜੀਵਨ 'ਤੇ ਆਧਾਰਤ ਹੈ। ਗੋਆ ਦੇ ਰਾਜਪਾਲ ਬੀ.ਵੀ. ਵਾਨਚੂ, ਮੁੱਖ ਮੰਤਰੀ ਮਨੋਹਰ ਪਰੀਕਰ ਵੀ ਇਸ ਮੌਕੇ ਹਾਜ਼ਰ ਸਨ। ਤਾਮਿਲ ਫਿਲਮ ਸਟਾਰ ਨੰਦਾ ਮੂਰੀ ਬਾਲਾਕ੍ਰਿਸ਼ਨਾ ਮੁੱਖ ਮਹਿਮਾਨ ਸਨ।

*To Advertise with*
***Punjab Times***
***Call: 847-359-0746***
***Fax:847-705-9388***

# ਮੇਪਲ ਬਟਾਲੀਆ ਕਤਲ ਕੇਸ 'ਚ ਸਾਬਕਾ ਪ੍ਰੇਮੀ ਗ੍ਰਿਫ਼ਤਾਰ

**ਟੋਰਾਂਟੋ (ਪੰਜਾਬ ਟਾਈਮਜ਼ ਬਿਊਰੋ):** ਤਕਰੀਬਨ ਇਕ ਸਾਲ ਪਹਿਲਾਂ ਕਤਲ ਹੋਈ ਵੈਨਕੂਵਰ ਯੂਨੀਵਰਸਟੀ ਦੀ ਵਿਦਿਆਰਥਣ ਮੇਪਲ ਬਟਾਲੀਆ (19 ਸਾਲ) ਦਾ ਸਾਬਕਾ ਪ੍ਰੇਮੀ ਗੁਰਜਿੰਦਰ ਸਿੰਘ ਧਾਲੀਵਾਲ (21 ਸਾਲ) ਪਹਿਲੇ ਦਰਜੇ ਦੇ ਕਤਲ ਕੇਸ ਤਹਿਤ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਉਭਰਦੀ ਅਦਾਕਾਰਾ ਤੇ ਮਾਡਲ (ਬਟਾਲੀਆ) ਨੂੰ 28 ਸਤੰਬਰ, 2011 ਦੀ ਸ਼ਾਮ ਨੂੰ ਕਾਲਜ ਦੀ ਕਲਾਸ ਮਗਰੋਂ ਸਰੀ ਸ਼ਹਿਰ ਦੀ ਸਾਇਮਨ ਫਰੇਜ਼ਰ ਯੂਨੀਵਰਸਿਟੀ ਦੇ ਬਾਹਰਵਾਰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ।

ਕੈਨੇਡੀਅਨ ਰੌਇਲ ਮਾਊਂਟਿਡ ਪੁਲਿਸ (ਆਰਸੀਐਮਪੀ) ਨੇ ਦਾਅਵਾ ਕੀਤਾ ਕਿ ਮ੍ਰਿਤਕਾ ਦਾ ਸਾਬਕਾ ਮਿੱਤਰ ਧਾਲੀਵਾਲ ਪਹਿਲੇ ਦਰਜੇ ਦੇ ਕਤਲ ਲਈ ਜ਼ਿੰਮੇਵਾਰ ਹੈ। ਗੈਰੀ ਤੋਂ ਇਲਾਵਾ ਇਕ ਹੋਰ 22 ਸਾਲਾ ਗੁਰਸਿਮਰ ਬੇਦੀ ਨੂੰ ਵੀ ਕਤਲ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਮੇਪਲ ਛੋਟੀ ਹੁੰਦੀ ਆਪਣੇ ਪਰਿਵਾਰ ਨਾਲ ਕੈਨੇਡਾ ਆ ਗਈ ਸੀ। ਬਾਅਦ ਵਿਚ ਆਪਣੀ ਪੜ੍ਹਾਈ ਦੇ ਖਰਚੇ ਪੂਰੇ ਕਰਨ ਲਈ ਐਕਟਿੰਗ ਤੇ ਮਾਡਲਿੰਗ ਵਾਲੇ ਪਾਸੇ ਚਲੀ ਗਈ। ਉਸ ਨੇ 'ਡਾਇਰੀ ਆਫ ਵਿੰਪੀ ਕਿੱਡ: ਰੋਡਰਿਕ ਰੂਲਜ਼'' ਵਿਚ ਇਕ ਰੋਲ ਵੀ ਅਦਾ ਕੀਤਾ ਸੀ। ਮੇਪਲ ਡਾਕਟਰ ਬਣਨਾ ਚਾਹੁੰਦੀ ਸੀ। ਉਸ ਦੇ ਮਾਪਿਆਂ ਨੇ ਯੂਨੀਵਰਸਿਟੀ ਵਿਚ ਉਸ ਦੇ ਨਾਂ 'ਤੇ ਇਕ 'ਸਕਾਲਰਸ਼ਿਪ' ਕਾਇਮ ਕੀਤੀ ਹੈ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

*ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।*

vaisakhi
Coupon Code

*ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ*

*ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ*

*24/7 Customer Service Available*

*Same rate for lanline and mobile.*

ਟੋਲ ਫਰੀ ਨੰਬਰ 1-888-652-6268
732-983-4332/4333

Quik Signs

Signs * Graphics * Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi





**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay



Gurbans Singh Gill
Realtor

15 Years Experiance
in Real Estate
e-mail: gurbans@gotracy.com

Fax: 209-836-0706
www.gotracy.com

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

*ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ*
*ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ*

*ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ*
*ਗੁਰਬੰਸ ਗਿੱਲ, ਫੋਨ: 209-815-1869*

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD®
Millennium

**Gurbans Gill 209-815-1869**

ਪੰਜਾਬ ਟਾਈਮਜ਼

*ਸਨਿਚਰਵਾਰ, 8 ਦਸੰਬਰ 2012*

## ਕਰੋੜਾਂ ਦੀ ਕਬੱਡੀ ਬਨਾਮ ਸਿਆਸਤ

ਇਹ ਕਹਿਣ ਵਿਚ ਹੁਣ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਬਾਦਲਾਂ ਨੇ ਆਪਣੀ ਜਾਚੇ ਪੰਥ ਅਤੇ ਪੰਜਾਬ ਵਾਂਗ ਕਬੱਡੀ ਵੀ ਆਪਣੇ ਨਾਂ ਲਵਾ ਲਈ ਹੈ। ਪਹਿਲਾਂ ਹੋਏ ਦੋ ਵਿਸ਼ਵ ਕਬੱਡੀ ਕੱਪਾਂ ਦਾ ਇਹੀ ਸੁਨੇਹਾ ਸੀ ਅਤੇ ਹੁਣ ਸ਼ੁਰੂ ਹੋਇਆ ਤੀਜਾ ਕਬੱਡੀ ਕੱਪ ਵੀ ਇਹੀ ਸੂਹ ਦੇ ਰਿਹਾ ਹੈ। ਜਦੋਂ ਪਹਿਲਾ ਕੱਪ ਹੋਇਆ ਸੀ ਤਾਂ ਕਬੱਡੀ ਨਾਲ ਜੁੜੇ ਹਰ ਸ਼ਖ਼ਸ ਨੇ ਇਸ ਹੰਭਲੇ ਦਾ ਇਸ ਕਰ ਕੇ ਸਵਾਗਤ ਕੀਤਾ ਸੀ ਕਿ ਹੁਣ ਤੱਕ ਬਹੁਤ ਪਿਛਾਂਹ ਰਹਿ ਗਈ ਕਬੱਡੀ ਤੇ ਕਬੱਡੀ ਖਿਡਾਰੀਆਂ ਦਾ ਮੁੱਲ ਵੀ ਪਵੇਗਾ ਅਤੇ ਪੰਜਾਬ ਦੀ ਇਸ ਮਾਂ-ਖੇਡ ਦੇ ਵਾਰੇ-ਨਿਆਰੇ ਹੋ ਜਾਣਗੇ, ਪਰ ਕਨਸੋਆਂ ਇਹੀ ਮਿਲ ਰਹੀਆਂ ਹਨ ਕਿ ਇਨ੍ਹਾਂ ਵਿਸ਼ਵ ਕੱਪਾਂ ਨਾਲ ਵੱਧ ਵਾਰੇ-ਨਿਆਰੇ ਤਾਂ ਸਿਰਫ ਬਾਦਲਾਂ ਦੇ ਹੀ ਹੋ ਰਹੇ ਹਨ। ਪਹਿਲੇ ਕੱਪ ਦਾ ਬੰਨ੍ਹ-ਸੁੱਬ ਬਾਦਲਾਂ ਨੇ ਉਦੋਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਸੀ। ਸਿਆਸੀ ਗਰਜਾਂ ਪੂਰਨ ਲਈ ਅੱਜ ਦੇ ਜੁੱਗ ਵਿਚ ਇਹ ਕੋਈ ਅਲੋਕਾਰੀ ਗੱਲ ਵੀ ਨਹੀਂ ਸੀ ਪਰ ਜੇ ਖੇਡਾਂ ਵੱਲ ਰੱਤੀ ਭਰ ਵੀ ਸੰਜੀਦਗੀ ਦਿਖਾਈ ਹੁੰਦੀ ਤਾਂ ਅਗਾਂਹ ਜਾ ਕੇ ਇਹ ਸਿਆਸੀ ਗਰਜ ਦੁਜੈਲੀ ਹੋ ਜਾਣੀ ਚਾਹੀਦੀ ਸੀ ਅਤੇ ਕਬੱਡੀ ਨੂੰ ਵੱਧ ਅਹਿਮੀਅਤ ਮਿਲਣੀ ਚਾਹੀਦੀ ਸੀ; ਅਫਸੋਸ ਕਿ ਅਜਿਹਾ ਹੋ ਨਹੀਂ ਸਕਿਆ। ਅਜਿਹਾ ਸ਼ਾਇਦ ਹੋ ਵੀ ਨਹੀਂ ਸੀ ਸਕਨਾ ਕਿਉਂਕਿ ਜਦੋਂ ਬੁਨਿਆਦਾਂ ਹੀ ਡੰਡੀ ਮਾਰਨ ਵਾਲੀਆਂ ਸਨ ਤਾਂ ਕਬੱਡੀ ਦਾ ਭਲਾ ਕਿਵੇਂ ਹੋ ਸਕਦਾ ਸੀ? ਕਬੱਡੀ ਸਹੀ ਅਰਥਾਂ ਵਿਚ ਕੱਖਾਂ ਤੋਂ ਲੱਖਾਂ ਤੇ ਕਰੋੜਾਂ ਦੀ ਕਿਵੇਂ ਹੋ ਸਕਦੀ ਸੀ?

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਹ ਪ੍ਰਚਾਰ ਬਹੁਤ ਜ਼ੋਰ-ਸ਼ੋਰ ਨਾਲ ਕਰ ਰਿਹਾ ਹੈ ਕਿ ਹੁਣ ਉਹ 'ਪੰਜਾਬ ਦੀ ਮਾਂ ਖੇਡ' ਕਬੱਡੀ ਨੂੰ ਓਲੰਪਿਕ ਤੱਕ ਪਹੁੰਚਾ ਕੇ ਹੀ ਦਮ ਲੈਣਗੇ। ਉਸ ਨੂੰ ਇਹ ਵੀ ਚੰਗੀ ਤਰ੍ਹਾਂ ਪਤਾ ਹੈ ਕਿ ਓਲੰਪਿਕ ਜਾਣ ਲਈ ਪਹਿਲਾਂ ਕਿੰਨਾ ਜਫਰ ਜਾਲਣਾ ਪੈਂਦਾ ਹੈ! ਇਸ ਕੰਮ ਲਈ ਪਹਿਲਾਂ ਕੌਮੀ ਫੈਡਰੇਸ਼ਨਾਂ ਅਤੇ ਫਿਰ ਕੌਮਾਂਤਰੀ ਫੈਡਰੇਸ਼ਨ ਹੋਣੀ ਲਾਜ਼ਮੀ ਹੈ। ਉਂਜ ਵੀ, ਓਲੰਪਿਕ ਵਿਚ ਕੋਈ ਵੀ ਖੇਡ ਸ਼ਾਮਲ ਕਰਵਾਉਣ ਦਾ ਅਮਲ ਬਹੁਤ ਲੰਮਾ ਹੈ; ਇਸ ਬਾਰੇ ਫੈਸਲਾ ਸਬੰਧਤ ਓਲੰਪਿਕ ਤੋਂ ਸੱਤ ਸਾਲ ਪਹਿਲਾਂ ਹੀ ਹੋ ਜਾਂਦਾ ਹੈ। ਮਿਸਾਲ ਵਜੋਂ, 2016 ਵਾਲੀ ਓਲੰਪਿਕ ਵਿਚ ਕਿਹੜੀਆਂ ਖੇਡਾਂ ਸ਼ਾਮਲ ਹਨ, ਇਸ ਬਾਰੇ ਫੈਸਲਾ 2009 ਵਿਚ ਓਲੰਪਿਕ ਕਮੇਟੀ ਕਰ ਚੁੱਕੀ ਹੈ। 2020 ਵਾਲੀਆਂ ਖੇਡਾਂ ਦੀ ਚੋਣ 7 ਸਤੰਬਰ 2013 ਨੂੰ ਓਲੰਪਿਕ ਕਮੇਟੀ ਦੀ ਬਿਊਨਿਸ ਏਅਰਜ਼ (ਅਰਜਨਟੀਨਾ) ਵਿਖੇ ਹੋ ਰਹੀ ਮੀਟਿੰਗ ਵਿਚ ਹੋ ਜਾਵੇਗੀ। ਜ਼ਾਹਿਰ ਹੈ ਕਿ 2020 ਵਾਲੀਆਂ ਓਲੰਪਿਕ ਖੇਡਾਂ ਵਿਚ ਜਾਣ ਲਈ ਅਜੇ ਤੱਕ ਪਹਿਲੀ ਸ਼ਰਤ ਵੀ ਪੂਰੀ ਨਹੀਂ ਹੋਈ ਹੈ ਅਤੇ ਸਾਡੇ ਉਪ ਮੁੱਖ ਮੰਤਰੀ ਦਾਅਵੇ ਕਰ ਰਹੇ ਹਨ ਕਿ ਕਬੱਡੀ ਓਲੰਪਿਕ ਤੱਕ ਪਹੁੰਚੀ ਕਿ ਪਹੁੰਚੀ! ਇੰਨੀ ਸਸਤੀ ਸ਼ੁਹਰਤ ਅਤੇ ਸਿਆਸਤ ਸ਼ਾਇਦ ਹੀ ਕਿਤੇ ਹੁੰਦੀ ਹੋਵੇ!!

ਵਿਚਾਰਨ ਵਾਲਾ ਨੁਕਤਾ ਇਹ ਵੀ ਹੈ ਕਿ ਲੱਖਾਂ-ਕਰੋੜਾਂ ਰੁਪਏ ਇਸ਼ਤਿਹਾਰਾਂ ਉਤੇ ਖਰਚ ਕੇ 'ਕਬੱਡੀ ਨੂੰ ਹਾਂ, ਨਸ਼ਿਆਂ ਨੂੰ ਨਾਂਹ' ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਕੋਈ ਪੁੱਛਣ ਵਾਲਾ ਨਹੀਂ ਕਿ ਨਸ਼ਿਆਂ ਦੀ ਰੋਕਥਾਮ ਕਿਸ ਨੇ ਕਰਨੀ ਹੈ? ਸੂਬੇ ਵਿਚ ਸਰਕਾਰ ਤੁਹਾਡੀ ਹੈ, ਸਿੱਖਾਂ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਦਾ ਬਜਟ ਅਰਬਾਂ ਤੱਕ ਪੁੱਜ ਚੁੱਕਾ ਹੈ, ਦੀ ਵਾਗਡੋਰ ਤੁਹਾਡੇ ਹੱਥ ਹੈ। 'ਨਸ਼ਿਆਂ ਨੂੰ ਨਾਂਹ' ਕਹਿਣ ਲਈ ਫਿਰ ਕਿਸ ਨੂੰ ਦੱਸਣਾ-ਪੁੱਛਣਾ ਹੈ? ਹੁਣ ਤੱਕ ਕਿਸੇ ਵੀ ਪਾਸਿਓਂ ਕੋਈ ਅਜਿਹੀ ਸੂਹ ਨਹੀਂ ਮਿਲਦੀ ਜਿਸ ਤੋਂ ਪਤਾ ਲੱਗਦਾ ਹੋਵੇ ਕਿ ਸਰਕਾਰ ਜਾਂ ਸਰਕਾਰ ਨਾਲ ਜੁੜੀ ਕੋਈ ਹੋਰ ਸੰਸਥਾ ਨਸ਼ਿਆਂ ਦੇ ਕੋਹੜ ਦਾ ਫਸਤਾ ਵੱਢਣ ਲਈ ਕੋਈ ਪਹਿਲਕਦਮੀ ਕਰ ਰਹੀ ਹੈ। ਨਿੱਤ ਦਿਨ ਪੰਜਾਬ ਵਿਚ ਨਸ਼ਿਆਂ ਦੀ ਆਮਦ ਧੜਾ-ਧੜ ਹੋ ਰਹੀ ਹੈ। ਹੁਣ ਤਾਂ ਬਹੁਤ ਥਾਂਈਂ ਇਹ ਨਿਸ਼ਾਨਦੇਹੀ ਵੀ ਹੋ ਚੁੱਕੀ ਹੈ ਕਿ ਨਸ਼ਿਆਂ ਦਾ ਇਹ ਕਾਰੋਬਾਰ ਕੋਈ ਹੋਰ ਨਹੀਂ, ਸਗੋਂ ਸਿਆਸੀ ਲੀਡਰ ਹੀ ਚਲਾ ਰਹੇ ਹਨ; ਪੈਸੇ ਕਮਾ ਰਹੇ ਹਨ ਅਤੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਤਬਾਹ ਕਰ ਰਹੇ ਹਨ, ਪਰ ਕਿਸੇ ਖਿਲਾਫ ਕੋਈ ਕਾਰਵਾਈ ਨਹੀਂ। ਅਸਲ ਵਿਚ ਪੰਜਾਬ ਨੂੰ ਸਾਡੇ ਇਹ ਲੀਡਰ, ਕਿਸੇ ਡੀਲਰ ਵਾਂਗ ਚਲਾ ਰਹੇ ਹਨ। ਇਹ ਲੀਡਰ ਬਹੁਤ ਬੇਫਿਕਰ ਹੋ ਕੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਅਤੇ ਉਨ੍ਹਾਂ ਲਈ ਦਿਨ-ਰਾਤ ਤੜਫ ਰਹੇ ਟੱਬਰਾਂ ਦੇ ਸੌਦੇ ਕਰ ਰਹੇ ਹਨ। ਨਸ਼ਿਆਂ ਦੇ ਮਾਮਲੇ ਵਿਚ ਆਮ ਲੋਕਾਂ ਦੀ ਕੋਈ ਪੇਸ਼ ਨਹੀਂ ਜਾ ਰਹੀ। ਹਰ ਤਰ੍ਹਾਂ ਦੇ ਨਸ਼ੀਲੇ ਪਦਾਰਥ ਬਹੁਤ ਸੌਖਿਆਂ ਹੀ ਹਰ ਕਿਸੇ ਦੀ ਪਹੁੰਚ ਵਿਚ ਹਨ। ਇਹੀ ਗੱਲ ਸਭ ਤੋਂ ਵੱਧ ਘਾਤਕ ਸਾਬਤ ਹੋ ਰਹੀ ਹੈ। ਨਿੱਤ ਖਬਰਾਂ ਆਉਂਦੀਆਂ ਹਨ ਕਿ ਹੁਣ ਤਾਂ ਸਕੂਲਾਂ ਦੇ ਬਹੁਤ ਘੱਟ ਉਮਰ ਦੇ ਬੱਚੇ ਵੀ ਇਸ ਮੂੰਹ-ਜ਼ੋਰ ਝੱਖੜ ਦੀ ਲਪੇਟ ਵਿਚ ਆ ਰਹੇ ਹਨ। ਇਹ ਅਪਰਾਧ ਜੋ ਸ਼ਰ੍ਹੇਆਮ ਕੀਤਾ ਜਾ ਰਿਹਾ ਹੈ, ਉਸ ਦੀ ਸਜ਼ਾ ਕੌਣ ਕਿਸ ਨੂੰ ਦੇਵੇਗਾ? ਇਸ ਸੂਰਤ ਵਿਚ 'ਕਬੱਡੀ ਨੂੰ ਹਾਂ, ਨਸ਼ਿਆਂ ਨੂੰ ਨਾਂਹ' ਦਾ ਪ੍ਰਚਾਰ ਕਰਨ ਦਾ ਕੀ ਕੋਈ ਮਤਲਬ ਰਹਿ ਜਾਂਦਾ ਹੈ?

ਕਬੱਡੀ ਕੱਪ ਧੂਮ-ਧੜੱਕੇ ਨਾਲ ਸ਼ੁਰੂ ਹੋ ਗਿਆ ਹੈ, ਇੰਨੇ ਹੀ ਧੂਮ-ਧੜੱਕੇ ਨਾਲ ਇਸ ਨੇ ਖਤਮ ਵੀ ਹੋ ਜਾਣਾ ਹੈ। ਇਸ ਬਾਰੇ ਪ੍ਰਚਾਰ ਫਿਰ ਸਿਆਸੀ ਫਾਇਦਿਆਂ ਲਈ ਸਾਲ ਭਰ ਹੁੰਦਾ ਰਹਿਣਾ ਹੈ ਪਰ ਸਵਾਲ ਇਹ ਹੈ ਕਿ ਇਸ ਨੇ ਨਸ਼ਿਆਂ ਦੀ ਮਾਰ ਹੇਠ ਆਏ ਪੰਜਾਬ ਨੂੰ ਕਿੰਨਾ ਬਚਾਇਆ ਹੈ? ਕਿਸੇ ਵੀ ਖਿੱਤੇ ਦੇ ਲੋਕਾਂ ਦੀ ਤੰਦਰੁਸਤੀ ਲਈ ਖੇਡਾਂ ਜ਼ਰੂਰੀ ਹੁੰਦੀਆਂ ਹਨ। ਨਸ਼ਿਆਂ ਦੀ ਜਿੰਨੀ ਮਾਰ ਅੱਜ ਪੰਜਾਬ ਉਤੇ ਪੈ ਰਹੀ ਹੈ, ਉਸ ਦਾ ਇਕ ਤੋੜ ਇਹ ਖੇਡਾਂ ਹੋ ਸਕਦੀਆਂ ਹਨ। ਇਹ ਤਦ ਹੀ ਸੰਭਵ ਹੈ ਕਿ ਜੇ ਇੰਨੇ ਪੈਸੇ ਰੋੜ੍ਹ ਕੇ ਖੇਡਾਂ ਕਰਵਾ ਰਹੇ ਪ੍ਰਬੰਧਕ ਸੰਜੀਦਗੀ ਨਾਲ 'ਕਬੱਡੀ ਨੂੰ ਹਾਂ, ਨਸ਼ਿਆਂ ਨੂੰ ਨਾਂਹ' ਕਹਿਣ। ਪ੍ਰਬੰਧਕ ਤਾਂ ਫਿਲਹਾਲ ਇਸ ਪਾਸੇ ਤੁਰਨ ਲਈ ਵੀ ਤਿਆਰ ਨਹੀਂ ਹਨ। ਸੋ, ਹੁਣ ਸਾਰਾ ਜ਼ਿੰਮਾ ਪੰਜਾਬ ਦੇ ਲੋਕਾਂ ਦਾ ਹੈ ਕਿ ਉਹ ਇਸ ਪਾਸੇ ਕਿੰਨੇ ਜ਼ੋਰ ਨਾਲ ਅਤੇ ਕਿੰਨੀ ਦੇਰ ਤੱਕ ਲਾਮਬੰਦੀ ਕਰ ਸਕਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਰਾਂਝੇ ਦੇ ਸਾਂਢੂ?*

ਕਲਾਕਾਰਾਂ ਨੂੰ ਦੇਖ ਕੇ ਕਰਨ ਰੀਸਾਂ, ਗੱਲਾਂ ਚੰਗੀਆਂ ਸਿੱਖਣੀਆਂ ਛੱਡੀਆਂ ਨੇ।  
ਟੀ.ਵੀ. ਚੈਨਲਾਂ ਲਾਇਆ ਏ ਰੋਗ ਭੈੜਾ, ਸੁਪਨੇ ਵਿਚ ਵੀ ਦੇਖ ਦੇ ਨੱਢੀਆਂ ਨੇ।  
ਡੱਕਾ ਭੰਨ ਕੇ ਦੋਹਰਾ ਨਾ ਕਰਨ ਜੋਗੇ, ਜੀਭਾਂ 'ਬਾਹਰ' ਨੂੰ ਜਾਣ ਲਈ ਕੱਢੀਆਂ ਨੇ।  
ਨਸ਼ਿਆਂ ਨਾਲ ਸਰੀਰ ਨੇ ਬਣੇ 'ਢਾਂਚੇ', ਬਿਨਾ 'ਐਕਸ-ਰੇ' ਦਿਸਦੀਆਂ ਹੱਡੀਆਂ ਨੇ।  
ਕੰਨੀਂ ਮੁੰਦਰਾਂ ਰਾਂਝੇ ਦੇ ਬਣੇ ਸਾਂਢੂ, ਦੇਖ ਮਾਪਿਆਂ ਅੱਖੀਆਂ ਟੱਡੀਆਂ ਨੇ।  
'ਫੇਸ ਬੁੱਕ' ਦੇ ਮੈਸਿਜਾਂ ਮੱਤ ਮਾਰੀ, ਨਜ਼ਰਾਂ ਵਿਚ ਮੁਬਾਈਲਾਂ ਦੇ ਗੱਡੀਆਂ ਨੇ!

# ਕਿੱਦਾਂ ਮੁੱਕਣ ਗੁਰੂ ਘਰ ਦੀਆਂ ਲੜਾਈਆਂ?

***ਗੁਰੂ ਘਰਾਂ ਦੀਆਂ ਲੜਾਈਆਂ ਨੇ ਸੰਗਤ ਨੂੰ ਸੋਚਾਂ ਵਿਚ ਪਾਇਆ ਹੋਇਆ ਹੈ। ਲੜਾਈਆਂ ਦਾ ਇਹ ਸਿਲਸਿਲਾ ਮੁੱਕ ਨਹੀਂ ਰਿਹਾ। ਇਸ ਸਿਲਸਿਲੇ ਦਾ ਸਾਰਾ ਨਿਚੋੜ ਅਕਸਰ ਇਸ ਨੁਕਤੇ 'ਤੇ ਹੀ ਮੁੱਕਦਾ ਹੈ ਕਿ ਇਹ ਲੜਾਈਆਂ ਸਿਰਫ ਚੌਧਰ ਅਤੇ ਮਾਇਆ ਲਈ ਹੀ ਹਨ। ਇਸ ਮਸਲੇ ਬਾਰੇ ਅਸੀਂ ਆਪਣੇ ਪਰਚੇ ਵਿਚ ਪਹਿਲਾਂ ਵੀ ਅਜਿਹੇ ਲੇਖਾਂ ਨੂੰ ਬਣਦੀ ਥਾਂ ਦਿੱਤੀ ਹੈ ਅਤੇ ਹੁਣ ਵੀ ਅਸੀਂ ਚਾਹੁੰਦੇ ਹਨ ਕਿ ਇਸ ਬਾਰੇ ਗਹਿ-ਗੱਡਵੀਂ ਬਹਿਸ ਹੋਵੇ ਕਿਉਂਕਿ ਇਹ ਅਜਿਹਾ ਮਸਲਾ ਹੈ ਜੋ ਗੁਰੂ ਪਿਆਰਿਆਂ ਨੂੰ ਅਕਸਰ ਦੁਖੀ ਕਰਦਾ ਹੈ; ਸਮੁੱਚੀ ਸੰਗਤ ਇਸ ਮਰਜ਼ ਦਾ ਕੋਈ ਨਾ ਕੋਈ ਹੱਲ ਚਾਹੁੰਦੀ ਹੈ। ਸਾਰਿਆਂ ਦਾ ਇਕ ਹੀ ਦਰਦ ਹੈ ਕਿ ਅਜਿਹੀਆਂ ਲੜਾਈਆਂ ਨਾਲ ਭਾਈਚਾਰੇ ਦੀ ਬਦਨਾਮੀ ਬਹੁਤ ਹੁੰਦੀ ਹੈ। ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਇਸ ਗੰਭੀਰ ਮਸਲੇ ਬਾਰੇ ਸਾਨੂੰ ਇਹ ਲੇਖ ਭੇਜਿਆ ਹੈ ਜਿਸ ਵਿਚ ਉਨ੍ਹਾਂ ਨੇ ਗੁਰੂ ਘਰਾਂ ਵਿਚ ਹੁੰਦੀਆਂ ਇਨ੍ਹਾਂ ਲੜਾਈਆਂ ਨੂੰ ਠੱਲ੍ਹਣ ਬਾਰੇ ਇਕ ਨੁਸਖਾ ਪੇਸ਼ ਕੀਤਾ ਹੈ। ਅਸੀਂ ਇਸ ਨੁਕਤੇ ਬਾਰੇ ਆਏ ਵਿਚਾਰਾਂ ਨੂੰ ਪਰਚੇ ਵਿਚ ਬਾਕਾਇਦਾ ਥਾਂ ਦੇਵਾਂਗੇ। -ਸੰਪਾਦਕ***

ਗੁਰੂ ਘਰ ਭਾਵੇਂ ਪੰਜਾਬ ਦੇ ਹੋਣ, ਦਿੱਲੀ ਦੇ ਜਾਂ ਬਾਹਰਲੇ ਕਿਸੇ ਵੀ ਮੁਲਕ ਦੇ ਹੋਣ, ਸਭ ਥਾਵਾਂ 'ਤੇ ਨੰਗੇ-ਚਿੱਟੇ ਰੂਪ ਵਿਚ ਸਿਆਸਤ ਚੱਲ ਰਹੀ ਹੈ ਅਤੇ ਸਮੁੱਚੇ ਸਿੱਖ ਭਾਈਚਾਰੇ ਵਿਚ ਸ਼ਾਇਦ ਇਕ ਵੀ ਅਜਿਹਾ ਆਗੂ ਨਹੀਂ ਜੋ ਇਸ ਘਟੀਆ ਸਿਆਸਤ ਤੋਂ ਧਰਮ ਅਤੇ ਗੁਰੂ ਘਰਾਂ ਨੂੰ ਬਚਾਉਣ ਲਈ ਫਿਕਰਮੰਦ ਹੋਵੇ। ਧਰਮ ਆਪਣੇ ਪੰਖ ਫੈਲਾਅ ਕੇ ਕਿਤੇ ਦੂਰ ਉਡਾਰੀ ਮਾਰ ਗਿਆ ਹੈ। ਸੱਤਾਧਾਰੀ ਲੋਕ ਜਿਨ੍ਹਾਂ ਦੇ ਮੂੰਹਾਂ ਨੂੰ ਗਰੀਬਾਂ ਦੇ ਖੂਨ-ਪਸੀਨੇ ਦੀ ਚੜ੍ਹਾਵੇ ਵਾਲੀ ਮਾਇਆ ਖਾਣ ਦਾ ਸਵਾਦ ਪੈ ਗਿਆ ਹੈ, ਉਹ ਹਰ ਹਰਬਾ ਵਰਤ ਕੇ ਗੁਰੂ ਘਰਾਂ ਉਪਰ ਆਪਣੇ ਕਬਜ਼ੇ ਕਾਇਮ ਰੱਖਣੇ ਚਾਹੁੰਦੇ ਹਨ; ਇਹ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਵੇ ਜਾਂ ਅਮਰੀਕਾ ਦੇ ਕਿਸੇ ਸ਼ਹਿਰ ਦੇ ਗੁਰੂ ਘਰ ਦੀ ਕਮੇਟੀ ਹੋਵੇ, ਸਾਰੀ ਸਿਆਸਤ ਗੋਲਕ ਦੀ ਹੀ ਪਰਿਕਰਮਾ ਕਰ ਰਹੀ ਹੈ। ਕੇਸਾਂ ਦੀ ਬੇਅਦਬੀ, ਗਲਾਂ ਵਿਚ ਪਈਆਂ ਦਸਤਾਰਾਂ ਅਤੇ ਸਿਰਾਂ ਵਿਚੋਂ ਵਗਦੇ ਖੂਨ ਦੇ ਦ੍ਰਿਸ਼ ਹਰ ਹਫਤੇ ਅਖਬਾਰਾਂ ਵਿਚ ਜਾਂ ਇੰਟਰਨੈੱਟ 'ਤੇ ਆਮ ਹੀ ਦੇਖਣ ਨੂੰ ਮਿਲ ਜਾਂਦੇ ਹਨ। ਧਰਮ ਦਾ ਸਤਿਕਾਰ ਕਰਨ ਵਾਲੇ ਲੋਕ ਅੰਦਰੀਂ ਵੜ ਵੜ ਰੋਂਦੇ ਹਨ ਕਿਉਂਕਿ ਜਿਹਦੇ ਹੱਥ ਵਿਚ ਗੋਲਕ ਹੈ, ਉਹਦੇ ਕੋਲ ਸਿਆਸਤ ਹੈ; ਤੇ ਜਿਹਦੇ ਕੋਲ ਸਿਆਸਤ ਹੈ, ਉਹਦੇ ਕੋਲ ਸਰਕਾਰ ਹੈ; ਜਿਹਦੇ ਕੋਲ ਸਰਕਾਰ ਹੈ, ਉਸੇ ਦਾ ਹੀ ਹਰ ਪਾਸੇ ਦਾਬਾ ਹੈ।



*ਲੜਾਈ ਤੋਂ ਬਾਅਦ ਦਿੱਲੀ ਦੇ ਗੁਰਦੁਆਰਾ ਰਕਾਬਗੰਜ ਦੀ ਦਹਿਲੀਜ਼ ਦੀ ਝਲਕ।*

ਸਰਕਾਰ ਭਾਵੇਂ ਪੰਜਾਬ ਦੀ ਹੋਵੇ, ਤੇ ਜਾਂ ਕਿਸੇ ਹੋਰ ਮੁਲਕ ਦੀ; ਪਹਿਲੀ ਜ਼ਰੂਰਤ ਹੁੰਦੀ ਹੈ ਪੈਸਾ...ਤੇ ਪੈਸਾ ਸੰਗਤ ਕੋਲ ਬਥੇਰਾ ਹੈ, ਬੇਸ਼ੁਮਾਰ ਹੈ। ਸੰਗਤ ਕਦੇ ਵੀ ਗੁਰੂ ਘਰਾਂ ਵਿਚ ਮਾਇਆ ਦੀ ਤੋਟ ਨਹੀਂ ਆਉਣ ਦਿੰਦੀ ਅਤੇ ਜਦ ਤੱਕ ਸੰਗਤ ਗੁਰੂ ਘਰਾਂ ਦੇ ਪ੍ਰਬੰਧਕੀ ਢਾਂਚੇ ਦੇ ਪਿੱਛੇ ਖੜ੍ਹੀ ਹੈ, ਉਦੋਂ ਤੱਕ ਨਾ ਪ੍ਰਬੰਧਕਾਂ ਨੇ ਲੜਨੋਂ ਮੁੜਨਾ ਹੈ, ਨਾ ਹੀ ਸਿਰ ਪਾੜਨ ਤੇ ਪੜਵਾਉਣ ਦੇ ਕਿੱਸੇ ਖ਼ਤਮ ਹੋਣੇ ਹਨ; ਤੇ ਨਾ ਹੀ ਇਸ ਕੋਝੀ ਸਿਆਸਤ ਤੋਂ ਗੁਰੂ ਘਰ ਮੁਕਤ ਹੋਣੇ ਹਨ। ਹੁਣ ਤਾਂ ਬਹੁਤ ਸਾਰੇ ਗੁਰੂ ਘਰਾਂ ਵਿਚ ਪੱਕੀਆਂ ਲਿਸਟਾਂ ਲੱਗੀਆਂ ਹੋਈਆਂ ਹਨ ਕਿ ਅਖੰਡ ਪਾਠ ਤੇ ਤਿੰਨ ਦਿਨਾਂ ਦੇ ਲੰਗਰ ਦੀ ਉੱਕੀ-ਪੁੱਕੀ ਇੰਨੀ ਭੇਟਾ; ਅਨੰਦ ਕਾਰਜ ਤੇ ਲੰਗਰ ਦੀ ਇੰਨੀ ਭੇਟਾ ਅਤੇ ਐਤਵਾਰ ਦੇ ਲੰਗਰ ਦੇ ਇੰਨੇ ਪੈਸੇ। ਇਹ ਸ਼ਰ੍ਹੇਆਮ ਬਿਜਨਸ ਨਹੀਂ ਤਾਂ ਹੋਰ ਕੀ ਹੈ? ਇਹ ਬਿਜਨਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਦ ਤੋਂ ਕਾਬਜ਼ ਹੈ, ਉਦੋਂ ਤੋਂ ਕਰ ਰਹੀ ਹੈ। ਫਿਰ ਬਾਕੀ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਡੱਕਣ ਵਾਲਾ ਕੌਣ ਹੈ?...ਤੇ ਇਹ ਸਭ ਖੇਡ, ਮਾਇਆ ਇਕੱਠੀ ਕਰ ਕੇ ਹਕੂਮਤ ਕਰਨ ਦੀ ਭੁੱਖ ਕਰਵਾ ਰਹੀ ਹੈ! ਆਪਣੇ ਆਪ ਨੂੰ ਸਿੰਘ ਅਖਵਾਉਣ ਵਾਲੇ ਇਨ੍ਹਾਂ ਲੋਕਾਂ ਦੀ ਜ਼ਮੀਰ ਕਿੱਥੇ ਹੈ? ਜਾਪਦਾ ਹੈ, ਮੁਰਦਾ ਹੋ ਚੁੱਕੇ ਇਨ੍ਹਾਂ ਲੋਕਾਂ ਨੂੰ ਕੋਈ ਫਰਕ ਹੀ ਨਹੀਂ ਪੈਂਦਾ।

ਕੁਝ ਸਮਾਂ ਪਹਿਲਾਂ ਮੈਂ ਆਪਣੇ ਇਕ ਲੇਖ ਵਿਚ ਲਿਖਿਆ ਸੀ ਕਿ ਇਸ ਮਸਲੇ ਬਾਰੇ ਹੁਣ ਸੰਗਤ ਨੂੰ ਜਾਗਣਾ ਚਾਹੀਦਾ ਹੈ। ਹੁਣ ਹੀ ਜਾਗਣ ਦਾ ਵੇਲਾ ਹੈ। ਬਿਮਾਰੀ ਭਾਵੇਂ ਬੜੀ ਭਿਆਨਕ ਹੈ, ਪਰ ਇਸ ਬਿਮਾਰੀ ਦਾ ਇਲਾਜ ਓਨਾ ਹੀ ਸਸਤਾ, ਸੌਖਾ ਅਤੇ ਆਸਾਨ ਹੈ। ਇਹਦੇ ਲਈ ਨਾ ਹੀ ਕੋਈ ਮੋਰਚਾ ਲਾਉਣਾ ਪੈਣਾ ਹੈ, ਨਾ ਹੀ ਜੇਲ੍ਹਾਂ ਭਰਨੀਆਂ ਪੈਣੀਆਂ ਹਨ, ਨਾ ਹੀ ਮਰਨ ਵਰਤ ਰੱਖਣਾ ਪਵੇਗਾ ਅਤੇ ਨਾ ਹੀ ਮਾਇਆ ਇਕੱਠੀ ਕਰ ਕੇ ਕਿਸੇ ਗੁਰੂ ਘਰ ਨੂੰ ਜਾਂ ਗੁਰੂ ਘਰ ਵੱਲੋਂ ਕੋਰਟ ਵਿਚ ਕੇਸ ਲੜਨਾ ਪਵੇਗਾ; ਬਿਲਕੁਲ ਹੀ ਨਹੀਂ! ਬੱਸ, ਗੁਰੂ ਨਾਨਕ ਨਾਮ ਲੇਵਾ ਸਭ ਸੰਗਤ

**ਸੁਰਜੀਤ ਕੌਰ ਸੈਕਰਾਮੈਂਟੋ**

**ਫੋਨ: 916-687-3536**

ਆਪਣੇ ਮਨ ਬਣਾ ਕੇ ਤਿਆਰ ਹੋ ਜਾਣ ਅਤੇ ਗੁਰੂ ਘਰਾਂ ਵਿਚ ਚੜ੍ਹਾਵੇ ਬੰਦ ਕਰ ਦੇਣ; ਨਵੇਂ ਗੁਰੂ ਘਰ ਬਣਾਉਣ ਦੀ ਕੋਈ ਵੀ ਯੋਜਨਾ ਫਿਲਹਾਲ ਬੰਦ ਕਰ ਦਿੱਤੀ ਜਾਵੇ, ਕਿਉਂਕਿ ਪਹਿਲਾਂ ਹੀ ਬੇਅੰਤ ਗੁਰੂ ਘਰ ਹਰ ਮੁਲਕ, ਹਰ ਸ਼ਹਿਰ ਤੇ ਹਰ ਪਿੰਡ ਵਿਚ ਬੜੀ ਸ਼ਾਨੋ ਸ਼ੌਕਤ ਨਾਲ ਚੱਲ ਰਹੇ ਹਨ ਤੇ ਪ੍ਰਬੰਧਕ ਵੀ ਬਥੇਰੇ ਹਨ।

ਹੁਣ ਤਾਂ ਹਾਰੇ ਜਾਂ ਜਿੱਤੇ ਹੋਏ ਪ੍ਰਬੰਧਕਾਂ ਨੂੰ ਇਕੋ ਹੀ ਦੁੱਖ ਸਤਾਉਂਦਾ ਰਹਿੰਦਾ ਹੈ ਕਿ ਉਨ੍ਹਾਂ ਦਾ ਗੋਲਕ 'ਤੇ ਰਾਜ ਕਿਵੇਂ ਬਣਿਆ ਰਹੇ? ਪੰਜਾਬ ਵਿਚ ਅੰਮ੍ਰਿਤਸਰ ਤੋਂ ਲੈ ਕੇ ਦੁਨੀਆ ਦੇ ਹਰ ਗੁਰੂ ਘਰ ਤੱਕ; ਤੇ ਕੈਲੀਫੋਰਨੀਆ ਤੋਂ ਲੈ ਕੇ ਨਿਊ ਯਾਰਕ ਦੇ ਗੁਰੂ ਘਰਾਂ ਤੱਕ ਗੁਰਸਿੱਖ ਰਹਿਤ ਮਰਿਯਾਦਾ ਤਾਂ ਕਿਤੇ ਲਾਗੂ ਨਹੀਂ ਹੋ ਸਕੀ ਪਰ ਗੋਲਕਾਂ 'ਤੇ ਰਾਜ ਕਰਨ ਅਤੇ ਸਿਰ ਪਾੜਨ-ਪੜਵਾਉਣ ਦੀ ਮਰਿਯਾਦਾ ਆਪੇ ਹੀ ਲਾਗੂ ਹੋ ਚੁੱਕੀ ਹੈ। ਇਸ ਵਿਚ ਸਾਡੇ ਧਰਮ ਦੇ ਸਿਰਮੌਰ ਜਥੇਦਾਰ ਸਾਹਿਬਾਨ, ਸ਼੍ਰੋਮਣੀ ਕਮੇਟੀ ਅਤੇ ਪੰਥਕ ਸਰਕਾਰ ਵੀ ਆਪਣਾ ਪੂਰਾ ਪੂਰਾ ਸਾਹਿਯੋਗ ਦੇ ਕੇ ਆਪਣਾ ਫ਼ਰਜ਼ ਬਾਖੂਬੀ ਨਿਭਾਅ ਰਹੀ ਹੈ। ਸ਼੍ਰੋਮਣੀ ਕਮੇਟੀ ਦਾ ਤਾਂ ਸੁੱਖ-ਚੈਨ ਹਰ ਵੇਲੇ ਹੀ ਉਡਿਆ ਰਹਿੰਦਾ ਹੈ। ਪੰਜਾਬ ਹੋਵੇ ਜਾਂ ਦਿੱਲੀ ਹੋਵੇ, ਪਾਕਿਸਤਾਨ ਹੋਵੇ ਜਾਂ ਨਿਊ ਯਾਰਕ, ਜਾਂ ਕੈਲੀਫੋਰਨੀਆ; ਹਰ ਗੁਰੂ ਘਰ 'ਤੇ ਸ਼੍ਰੋਮਣੀ ਕਮੇਟੀ ਦੇ ਬੰਦੇ ਕਾਬਜ਼ ਹੋਣੇ ਚਾਹੀਦੇ ਹਨ!

ਸੋ ਗੁਰੂ ਪਿਆਰਿਓ! ਜਾਗੋ, ਉੱਠੋ ਤੇ ਅਰਦਾਸ ਕਰੋ ਕਿ ਗੁਰੂ ਘਰ ਜਾਣਾ ਵੀ ਜ਼ਰੂਰ ਹੈ ਪਰ ਮਾਇਆ ਨਾ ਗੋਲਕ ਵਿਚ ਪਾਉਣੀ ਹੈ ਅਤੇ ਨਾ ਹੀ ਪਰਚੀ ਕਟਵਾਉਣੀ ਹੈ। ਗੁਰੂ ਘਰ ਜਾਉ, ਮੱਥਾ ਟੇਕੋ, ਕਥਾ ਕੀਰਤਨ ਸੁਣੋ, ਲੰਗਰ ਹੋਵੇ ਤਾਂ ਛਕੋ; ਨਹੀਂ ਤਾਂ ਘਰ ਆ ਕੇ ਆਪਣੇ ਕੰਮ ਕਰੋ। ਜਿਨ੍ਹਾਂ ਪਰਿਵਾਰਾਂ ਨੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣੇ ਹੋਣ, ਉਹ ਤਿੰਨ ਦਿਨ ਲੰਗਰ ਦੀ ਸੇਵਾ ਆਪ ਕਰਨ; ਪਾਠੀਆਂ ਦੀ ਸੇਵਾ ਆਪਣੇ ਵਿੱਤ ਅਤੇ ਸ਼ਰਧਾ ਮੁਤਾਬਕ ਕਰੋ; ਪਰ ਗੁਰੂ ਘਰਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਮਾਇਆ ਬਿਲਕੁਲ ਨਾ ਦਿੱਤੀ ਜਾਵੇ। ਜਿਨ੍ਹਾਂ ਦੇ ਬੱਚਿਆਂ ਦੇ ਅਨੰਦ ਕਾਰਜ ਹੋਣ, ਉਹ ਵੀ ਆਪਣਾ ਸਾਰਾ ਕੰਮ ਆਪ ਕਰਨ। ਇਸੇ ਤਰ੍ਹਾਂ ਐਤਵਾਰ ਦੇ ਲੰਗਰ ਅਤੇ ਜਨਮ ਤੋਂ ਲੈ ਕੇ ਹੋਰ ਸੰਸਕਾਰਾਂ ਤੱਕ ਦੇ ਸਾਰੇ ਪ੍ਰੋਗਰਾਮਾਂ ਲਈ ਵੀ ਇਹੀ ਵਿਧੀ ਸਖ਼ਤੀ ਨਾਲ ਲਾਗੂ ਕੀਤੀ ਜਾਵੇ ਤਾਂ ਇਸ ਬਿਮਾਰੀ ਨੂੰ ਜੜ੍ਹਾਂ ਤੋਂ ਪੁੱਟਿਆ ਜਾ ਸਕਦਾ ਹੈ ਅਤੇ ਇਸ ਬਿਮਾਰੀ ਦੀ ਸਹਿਜੇ ਸਹਿਜੇ ਨਹੀਂ, ਬੜੀ ਤੇਜ਼ੀ ਨਾਲ ਹੋ ਰਿਹਾ ਇਲਾਜ ਸਭ ਨੂੰ ਨਜ਼ਰ ਆਵੇਗਾ; ਗੋਲਕਾਂ 'ਤੇ ਰਾਜ ਕਰਨ ਵਾਲੇ ਲੋਕਾਂ ਦੀ ਚਾਹਤ ਵੀ ਉਨ੍ਹਾਂ ਦੇ ਚਿਹਰਿਆਂ ਤੋਂ ਸਾਫ ਦਿਖਾਈ ਦੇਵੇਗੀ।

ਸੰਗਤਾਂ ਅੱਗੇ ਦੋਵੇਂ ਹੱਥ ਜੋੜ ਕੇ ਬੇਨਤੀ ਕਰਾਂਗੀ ਕਿ ਮੈਂ ਕੋਈ ਗੁਰੂ ਘਰ ਦੀ ਦੋਖੀ ਨਹੀਂ ਹਾਂ, ਨਿੰਦਕ ਨਹੀਂ ਹਾਂ; ਮੈਂ ਤਾਂ ਗੁਰੂ ਨਾਨਕ ਜੀ ਦੇ ਘਰ ਦੀ ਨਿਮਾਣੀ ਜਿਹੀ ਸੇਵਾਦਾਰ ਹਾਂ ਅਤੇ ਜਨਮ ਤੋਂ ਲੈ ਕੇ ਅਖੀਰ ਤੱਕ ਗੁਰੂ ਚਰਨਾਂ ਦੇ ਲਈ ਸਮਰਪਿਤ ਹਾਂ। ਮੈਂ ਗੁਰੂ ਗੋਲਕਾਂ ਜਾਂ ਗੁਰੂ ਘਰਾਂ ਨੂੰ ਮਾਇਆ ਦੇਣ ਜਾਂ ਚੜ੍ਹਾਉਣ ਦੀ ਮੁਖ਼ਾਲਫਿਤ ਕਦੀ ਵੀ ਨਾ ਕਰਦੀ, ਪਰ ਅੱਜ ਗੁਰੂ ਘਰਾਂ ਵਿਚ ਜਿਸ ਤਰ੍ਹਾਂ ਸ਼ਰ੍ਹੇਆਮ ਡਾਗਾਂ, ਸੋਟੇ, ਤਲਵਾਰਾਂ ਤੇ ਝਾੜੂ-ਖੁਰਪੇ ਚਲਾਏ ਜਾ ਰਹੇ ਹਨ; ਜਿਸ ਤਰ੍ਹਾਂ ਦੀ ਲੜਾਈ ਗੁਰੂ ਦੀਆਂ ਗੋਲਕਾਂ ਲਈ ਹੋ ਰਹੀ ਹੈ; ਜਿਸ ਤਰ੍ਹਾਂ ਪ੍ਰਬੰਧਕਾਂ ਦੇ ਰੱਖੇ ਹੋਏ ਗੁੰਡਾ ਅਨਸਰ ਸਰਗਰਮ ਹੁੰਦੇ ਹਨ ਅਤੇ ਜਿਸ ਤਰ੍ਹਾਂ ਗੁਰੂ ਘਰਾਂ ਵਿਚ ਸੰਗਤ ਦੇ ਚੜ੍ਹਾਵੇ ਦੇ ਕਈ ਕਈ ਮਿਲੀਅਨ ਡਾਲਰ ਕੋਰਟਾਂ ਵਿਚ ਚੱਲ ਰਹੇ ਕੇਸਾਂ ਉਤੇ ਹੜ੍ਹਾਏ ਜਾ ਰਹੇ ਹਨ, ਤਾਂ ਹੁਣ ਸੰਗਤ ਕੋਲ ਇਸ ਤੋਂ ਬਿਨਾਂ ਹੋਰ ਕੋਈ ਰਾਹ ਵੀ ਨਹੀਂ ਹੈ।

ਜੇ ਹਰ ਗੁਰਸਿੱਖ ਮਾਈ ਭਾਈ ਪ੍ਰਣ ਕਰ ਲਵੇ ਤਾਂ ਸਫਲਤਾ ਸੰਗਤ ਦੇ ਸਾਹਮਣੇ ਖੜ੍ਹੀ ਹੈ। ਆਉ, ਆਪਣੇ ਉਤੇ ਲੱਗੇ ਕਲੰਕ ਨੂੰ ਧੋ ਸੁੱਟੀਏ। ਇਹ ਕੋਈ ਇਕ ਜਾਂ ਦੋ ਇਨਸਾਨਾਂ ਦਾ ਕੰਮ ਨਹੀਂ, ਇਹ ਸਮੁੱਚੀ ਗੁਰੂ ਨਾਨਕ ਨਾਮ ਲੇਵਾ ਸੰਗਤ ਦੀ ਡਿਊਟੀ ਅਤੇ ਫਰਜ਼ ਹੈ ਜੋ ਸਹਿਜੇ ਹੀ ਪੂਰਾ ਕੀਤਾ ਜਾ ਸਕਦਾ ਹੈ। ਅੱਗਿਓਂ ਜਿਹੜੇ ਵੀ ਪ੍ਰਬੰਧਕ ਗੁਰੂ ਘਰਾਂ ਵਿਚ ਸੇਵਾ ਕਰਨੀ ਚਾਹੁਣ, ਉਹ ਗੁਰੂ ਘਰਾਂ ਦੇ ਸਾਰੇ ਖਰਚੇ ਆਪਣੇ ਆਪਣੇ ਸਿਰਾਂ 'ਤੇ ਚੁੱਕਣ। ਫਿਰ ਪਤਾ ਲੱਗੇਗਾ ਕਿ ਕਿੰਨੇ ਕੁ ਪਰਉਪਕਾਰੀ ਤੇ ਸੇਵਾ ਕਰਨ ਦੀ ਚਾਹਤ ਰੱਖਣ ਵਾਲੇ ਇਸ ਸੇਵਾ ਲਈ ਅੱਗੇ ਆਉਂਦੇ ਹਨ। ਜਦ ਗੋਲਕਾਂ ਖਾਲੀ ਰਹਿਣਗੀਆਂ, ਪਰਚੀਆਂ ਨਹੀਂ ਕੱਟੀਆਂ ਜਾਣਗੀਆਂ ਤਾਂ ਚੌਧਰਾਂ ਦੇ ਖੁਮਾਰ ਵੀ ਫਟਾ ਫਟ ਉੱਤਰ ਜਾਣਗੇ। ਸੰਗਤ ਇਹ ਮਤੇ ਪਾਸ ਕਰੇ ਕਿ ਗੁਰੂ ਘਰ ਮਾਇਆ ਨਹੀਂ ਚੜ੍ਹਾਉਣੀ ਤੇ ਪ੍ਰਬੰਧਕ ਉਹ ਬਣਨ ਜਿਹੜੇ ਆਪਣੀਆਂ ਕਮਾਈਆਂ ਵਿਚੋਂ ਗੁਰੂ ਘਰਾਂ ਦੀ ਸੇਵਾ ਚੁੱਕ ਕੇ ਆਪਣੇ ਜੀਵਨ ਸਫ਼ਲ ਬਣਾਉਣ ਤਾਂ ਸ਼ਾਇਦ ਇਸ ਉਲਝੀ ਹੋਈ ਤਾਣੀ ਦਾ ਕੋਈ ਸਿਰਾ ਹੱਥ ਵਿਚ ਆ ਜਾਵੇ। ਭੁੱਲਾਂ ਚੁੱਕਾਂ ਦੀ ਖਿਮਾ।

**ਦੇਸ-ਪਰਦੇਸ**

# ਚੋਣਾਂ ਨਾਲ ਨਿਜ਼ਾਮ ਬਦਲਣ ਤੁਰੇ ਖ਼ੁਦ ਹੀ ਬਦਲ ਗਏ: ਅਰੁੰਧਤੀ

**ਪਿਛਲੇ ਸਾਲ ਅਗਸਤ ਵਿਚ ਅਰੁੰਧਤੀ ਰਾਏ ਨੇ ਇਕ ਲੇਖ ਲਿਖਿਆ ਸੀ ਜਿਸ ਰਾਹੀਂ ਅੰਨਾ ਹਜ਼ਾਰੇ ਲਹਿਰ ਬਾਰੇ ਅਹਿਮ ਸਵਾਲ ਉਠਾਏ ਗਏ ਸਨ। ਉਦੋਂ ਤੋਂ ਲੈ ਕੇ ਬਹੁਤ ਕੁਝ ਬਦਲ ਗਿਆ ਹੈ ਅਤੇ ਅਰਵਿੰਦ ਕੇਜਰੀਵਾਲ ਤੇ ਅੰਨਾ ਨੇ ਵੱਖੋ-ਵੱਖਰੇ ਰਾਹ ਵੀ ਅਖ਼ਤਿਆਰ ਕਰ ਲਏ ਹਨ। ਕੇਜਰੀਵਾਲ ਵੱਲੋਂ 26 ਨਵੰਬਰ ਨੂੰ ਸਿਆਸੀ ਪਾਰਟੀ ਬਣਾ ਲਈ ਗਈ ਹੈ ਅਤੇ ਪਿਛਲੇ ਕੁਝ ਮਹੀਨਿਆਂ 'ਚ ਉਸ ਨੇ ਮਸ਼ਹੂਰ ਵਕੀਲ ਪ੍ਰਸ਼ਾਂਤ ਭੂਸ਼ਣ ਨਾਲ ਮਿਲ ਕੇ ਤਾਕਤਵਰ ਸਿਆਸਤਦਾਨਾਂ ਅਤੇ ਕਾਰਪੋਰੇਟਾਂ ਨੂੰ ਲੰਮੇ ਹੱਥੀਂ ਲਿਆ ਹੈ। ਸਬਾ ਨਕਵੀ ਨੇ ਉੱਭਰ ਰਹੀ ਹਾਲਤ ਬਾਰੇ ਅਰੁੰਧਤੀ ਦੇ ਵਿਚਾਰ ਜਾਨਣ ਲਈ ਉਸ ਨੂੰ ਪੰਜ ਸਵਾਲ ਭੇਜੇ ਸਨ ਜਿਨ੍ਹਾਂ ਦੀਆਂ ਸਿਆਸਤ, ਮੀਡੀਆ ਅਤੇ ਕੌਮੀ ਪ੍ਰਵਚਨ ਲਈ ਡੂੰਘੀਆਂ ਅਰਥ-ਸੰਭਾਵਨਾਵਾਂ ਹਨ। ਪੇਸ਼ ਹਨ ਅਰੁੰਧਤੀ ਦੇ ਜਵਾਬ:**

**ਤੁਸੀਂ ਭ੍ਰਿਸ਼ਟਾਚਾਰ ਦੇ ਪਰਦਾਫਾਸ਼ ਹੋਏ ਇਨ੍ਹਾਂ ਬਹੁਤ ਸਾਰੇ ਮਾਮਲਿਆਂ ਨੂੰ ਕਿਵੇਂ ਲੈਂਦੇ ਹੋ? ਤੁਹਾਡੇ ਅਨੁਸਾਰ ਕੀ ਇਹ ਸਿਹਤਮੰਦ ਵਿਕਾਸ ਹੈ?**

-ਇਹ ਦਿਲਚਸਪ ਘਟਨਾ-ਵਿਕਾਸ ਹੈ। ਚੰਗੀ ਗੱਲ ਇਹ ਹੈ ਕਿ ਇਸ ਨਾਲ ਸਾਨੂੰ ਇਹ ਝਾਤ ਮਾਰਨ ਦਾ ਮੌਕਾ ਮਿਲਦਾ ਹੈ ਕਿ ਸੱਤਾ ਦਾ ਤਾਣਾਬਾਣਾ ਕਿਵੇਂ ਜੁੜਿਆ ਹੋਇਆ ਅਤੇ ਕਿਵੇਂ ਆਪੋ 'ਚ ਗੁੰਦਿਆ ਹੋਇਐ। ਫ਼ਿਕਰਮੰਦੀ ਇਹ

**ਅਨੁਵਾਦ: ਬੂਟਾ ਸਿੰਘ**
**ਫ਼ੋਨ:91-94634-74342**

ਹੈ ਕਿ ਹਰ ਘੁਟਾਲਾ ਆਪਣੇ ਤੋਂ ਪਹਿਲੇ ਨੂੰ ਪਾਸੇ ਧੱਕ ਦਿੰਦਾ ਹੈ, ਜ਼ਿੰਦਗੀ ਦਾ ਸਿਲਸਿਲਾ ਫਿਰ ਵੀ ਚਲਦਾ ਰਹਿੰਦਾ ਹੈ। ਜੇ ਇਸ ਨੂੰ ਅਸੀਂ ਬਸ ਖ਼ਾਸ ਤਿੱਖੀ ਚੋਣ ਮੁਹਿੰਮ ਹੀ ਸਮਝਾਂਗੇ ਤਾਂ ਇਸ ਨਾਲ ਸਾਡੇ 'ਚ ਇਸ ਬਾਰੇ ਸਹਿਣਸ਼ੀਲਤਾ ਹੀ ਵਧੇਗੀ। ਹਾਕਮ ਜਾਣਦੇ ਹਨ ਕਿ ਅਸੀਂ ਇੰਨਾ ਕੁ ਤਾਂ ਸਹਿ ਹੀ ਲਵਾਂਗੇ, ਜਾਂ ਇੰਨਾ ਕੁ ਸਹਿਣ ਲਈ ਤਾਂ ਸਾਨੂੰ ਵਰਗਲਾਇਆ ਹੀ ਜਾ ਸਕਦਾ ਹੈ। ਕੁਝ ਲੱਖ ਕਰੋੜਾਂ ਤੋਂ ਛੋਟੇ ਘੁਟਾਲੇ ਤਾਂ ਸਾਡਾ ਧਿਆਨ ਹੀ ਨਹੀਂ ਖਿੱਚਦੇ। ਚੋਣਾਂ ਦੀ ਰੁੱਤੇ, ਸਿਆਸੀ ਪਾਰਟੀਆਂ ਵਲੋਂ ਇਕ ਦੂਜੀ ਉੱਪਰ ਭ੍ਰਿਸ਼ਟਾਚਾਰ ਜਾਂ ਕਾਰਪੋਰੇਸ਼ਨਾਂ ਨਾਲ ਨੀਚ ਸੌਦੇਬਾਜ਼ੀ ਕਰਨ ਦਾ ਦੋਸ਼ ਲਾਉਣਾ ਨਵੀਂ ਗੱਲ ਨਹੀਂ ਹੈ-ਜ਼ਰਾ ਭਾਜਪਾ ਅਤੇ ਸ਼ਿਵ ਸੈਨਾ ਦੀ ਐਨਰੌਨ ਵਿਰੁੱਧ ਮੁਹਿੰਮ ਚੇਤੇ ਕਰੋ। ਅਡਵਾਨੀ ਨੇ ਇਸ ਨੂੰ 'ਉਦਾਰੀਕਰਨ ਰਾਹੀਂ ਮਾਂਜਾ ਲਾਉਣਾ' ਕਿਹਾ। ਉਨ੍ਹਾਂ ਨੇ ਮਹਾਂਰਾਸ਼ਟਰ ਦੀ ਇਹ ਚੋਣ ਜਿੱਤ ਲਈ, ਐਨਰੌਨ ਤੇ ਕਾਂਗਰਸ ਹਕੂਮਤ ਦਰਮਿਆਨ ਸਮਝੌਤਾ ਰੱਦ ਕਰ ਦਿੱਤਾ ਤੇ ਫਿਰ ਇਸ ਤੋਂ ਵੀ ਭੈੜੇ ਸਮਝੌਤੇ 'ਤੇ ਦਸਤਖ਼ਤ ਕੀਤੇ!

ਇਹ ਤੱਥ ਵੀ ਪ੍ਰੇਸ਼ਾਨ ਕਰਨ ਵਾਲਾ ਹੈ ਕਿ ਇਨ੍ਹਾਂ ਵਿਚੋਂ ਕੁਝ 'ਪਰਦਾਫਾਸ਼' ਉਨ੍ਹਾਂ ਸਿਆਸਤਦਾਨਾਂ ਅਤੇ ਵਪਾਰਕ ਘਰਾਣਿਆਂ ਵੱਲੋਂ ਕੀਤੇ ਰਣਨੀਤਕ ਖ਼ੁਲਾਸੇ ਹਨ ਜੋ ਆਪਣੇ ਰਕੀਬਾਂ ਤੋਂ ਅੱਗੇ ਨਿਕਲਣ ਦੀ ਉਮੀਦ ਨਾਲ, ਇਕ ਦੂਜੇ ਦੇ ਪੋਤੜੇ ਫਰੋਲ ਰਹੇ ਹਨ। ਕਦੇ ਇਹ ਪਾਰਟੀ ਲੀਹਾਂ ਤੋਂ ਉੱਪਰ ਉੱਠ ਕੇ ਲਾਹਾ ਲੈਣ ਦਾ ਅਮਲ ਹੁੰਦਾ ਹੈ, ਕਦੇ ਇਕ ਹੀ ਪਾਰਟੀ ਦੇ ਅੰਦਰਲਾ। ਇਉਂ ਗੱਜ ਵੱਜ ਕੇ ਕੀਤਾ ਜਾ ਰਿਹਾ ਹੈ ਅਤੇ ਜਿਨ੍ਹਾਂ ਨੂੰ ਇਨ੍ਹਾਂ ਮੁਹਿੰਮਾਂ ਦੇ ਮੋਹਰੇ ਬਣਾ ਕੇ ਵਰਤਿਆ ਜਾ ਰਿਹਾ ਹੈ, ਉਨ੍ਹਾਂ ਦੇ ਕਦੇ ਡੇਰੇ ਵੀ ਖ਼ਬਰ ਨਹੀਂ ਹੁੰਦੀ ਕਿ ਅਸਲ ਮਾਮਲਾ ਤਾਂ ਹੋਰ ਹੀ ਹੈ। ਜੇ ਇਸ ਅਮਲ 'ਚ ਕੋਈ ਕਜ ਹੁੰਦਾ ਅਤੇ ਭ੍ਰਿਸ਼ਟ ਲੋਕਾਂ ਨੂੰ ਸਿਆਸੀ ਅਖਾੜੇ ਵਿਚੋਂ ਚੁਣ ਕੇ ਕੱਢਿਆ ਜਾ ਰਿਹਾ ਹੁੰਦਾ ਤਾਂ ਇਹ ਉਤਸ਼ਾਹਜਨਕ ਹੋਣਾ ਸੀ, ਪਰ ਜਿਨ੍ਹਾਂ ਦਾ 'ਪੋਲ ਖੋਲ੍ਹਿਆ ਗਿਆ'-ਸਲਮਾਨ ਖੁਰਸ਼ੀਦ, ਰੌਬਰਟ ਵਾਡਰਾ, ਗਡਕਰੀ ਵਗੈਰਾ-ਉਨ੍ਹਾਂ ਨੂੰ ਤਾਂ ਉਨ੍ਹਾਂ ਦੀਆਂ ਪਾਰਟੀਆਂ ਨੇ ਹੋਰ ਵੀ ਘੁੱਟ ਕੇ ਸੀਨੇ ਨਾਲ ਲਾ ਲਿਆ। ਸਿਆਸਤਦਾਨਾਂ ਨੂੰ ਇਹ ਤੱਥ ਪਤਾ ਹੈ ਕਿ ਭ੍ਰਿਸ਼ਟਾਚਾਰ ਦਾ ਦੋਸ਼ ਲੱਗ ਜਾਣ ਜਾਂ ਦੋਸ਼ੀ ਠਹਿਰਾਏ ਜਾਣ ਨਾਲ ਕਦੇ ਵੀ ਉਨ੍ਹਾਂ ਦਾ ਹਰਮਨਪਿਆਰਤਾ ਨਹੀਂ ਘਟਦੀ। ਮਾਇਆਵਤੀ, ਜੈਲਲਿਤਾ, ਜਗਨਮੋਹਣ ਰੈਡੀ-ਦੋਸ਼ਾਂ ਦੇ ਬਾਵਜੂਦ ਇਹ ਸਾਰੇ ਬੜੇ ਹਰਮਨਪਿਆਰੇ ਆਗੂ ਬਣੇ ਹੋਏ ਹਨ। ਆਮ ਲੋਕ ਭ੍ਰਿਸ਼ਟਾਚਾਰ ਤੋਂ ਸਤੇ ਹੋਏ ਹਨ, ਜਾਪਦਾ ਹੈ ਕਿ ਵੋਟਾਂ ਮੌਕੇ ਉਨ੍ਹਾਂ ਦੀਆਂ ਗਿਣਤੀਆਂ-ਮਿਣਤੀਆਂ ਸਗੋਂ ਵੱਧ ਚਤੁਰ, ਵੱਧ ਪੇਚੀਦਾ ਹੋ ਜਾਂਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਉਹ ਨੇਕ ਬੰਦਿਆਂ ਨੂੰ ਵੋਟ ਪਾਉਣ।

**ਤੁਹਾਡਾ ਉਨ੍ਹਾਂ ਕਹਾਣੀਆਂ ਬਾਰੇ ਕੀ ਖ਼ਿਆਲ ਹੈ ਜਿਨ੍ਹਾਂ ਬਾਰੇ ਮੀਡੀਆ ਜਾਣਦਾ ਸੀ ਪਰ ਜਿਨ੍ਹਾਂ ਨੂੰ ਕਦੇ ਛਾਇਆ ਨਹੀਂ ਕੀਤਾ ਗਿਆ ਜਾਂ ਜਿਨ੍ਹਾਂ ਨੂੰ ਛਾਪਣ ਲਈ ਪੈਸਾ ਲਿਆ ਗਿਆ, ਇਹ ਹੁਣ ਧੜਾਧੜ ਬਾਹਰ ਆ ਰਹੀਆਂ ਹਨ ਅਤੇ ਇਸ ਅਮਲ ਵਿਚੋਂ ਨਵੇਂ ਵੇਰਵੇ ਉੱਘੜ ਰਹੇ ਹਨ?**

-ਮਹਿਜ਼ ਇਸ ਕਰ ਕੇ ਕਿ ਨਵੀਂ ਗੱਲ ਸਾਹਮਣੇ ਆਈ ਹੈ, ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਕੁਝ ਮੀਡੀਆ ਘਰਾਣਿਆਂ ਅਤੇ ਕਈ ਹੋਰ ਸਮੂਹਾਂ ਤੇ ਵਿਅਕਤੀਆਂ ਨੇ ਰਾਸ਼ਟਰਮੰਡਲ ਖੇਡਾਂ, 2ਜੀ ਅਤੇ ਕੋਲ-ਗੇਟ ਵਰਗੇ ਵੱਡੇ ਘੁਟਾਲੇ ਨੰਗੇ ਕਰਨ 'ਚ ਭੂਮਿਕਾ ਨਿਭਾਈ, ਜਿਨ੍ਹਾਂ ਨੇ ਨਿੱਜੀ ਕਾਰਪੋਰੇਸ਼ਨਾਂ ਅਤੇ ਨਾਲ ਹੀ ਮੀਡੀਆ ਦੇ ਕੁਝ ਹਿੱਸਿਆਂ ਬਾਰੇ ਚਾਨਣਾ ਪਾਇਆ। ਮਜ਼ੇ ਦੀ ਗੱਲ ਇਹ ਹੋਈ, ਅੰਨਾ ਹਜ਼ਾਰੇ ਲਹਿਰ ਨੇ ਪਿਛਲੇ ਸਾਲ ਇਕੱਲੇ ਸਿਆਸਤਦਾਨਾਂ ਨੂੰ ਨਿਸ਼ਾਨਾ ਬਣਾਇਆ ਅਤੇ ਬਾਕੀਆਂ ਨੂੰ ਛੱਡ ਲਿਆ ਪਰ ਤੁਹਾਡੀ ਗੱਲ ਸਹੀ ਹੈ, ਐਸੇ ਮਾਮਲੇ ਹਨ ਜਿਨ੍ਹਾਂ ਦੇ ਤੱਥਾਂ ਦੀ ਜਾਣਕਾਰੀ ਮੀਡੀਆ ਨੂੰ ਸੀ, ਪਰ ਹੁਣ ਤੱਕ ਇਨ੍ਹਾਂ ਦੀ ਧੂੰਅ ਨਹੀਂ ਸੀ ਕੱਢੀ ਗਈ। ਤੇ ਅਚਾਨਕ ਹੁਣ ਭ੍ਰਿਸ਼ਟਾਚਾਰ ਦੇ ਘੁਟਾਲਿਆਂ ਦੀ ਬਰਸਾਤ ਹੋਣ ਲੱਗੀ ਹੈ-ਕੁਝ ਇਕ ਨੂੰ ਤਾਂ ਮੁੜ ਵਰਤਿਆ ਜਾ ਰਿਹਾ ਹੈ। ਭ੍ਰਿਸ਼ਟਾਚਾਰ ਐਨਾ ਸ਼ਰੇਆਮ, ਐਨਾ ਦੁਖਦਾਈ ਬਣ ਚੁੱਕਾ ਹੈ ਕਿ ਇਸ ਵਿਚ ਗ਼ਲਤਾਨ ਵਿਅਕਤੀ ਆਪਣੇ ਸਬੂਤ ਮਿਟਾਉਣ ਲਈ ਬਹੁਤਾ ਤਰੱਦਦ ਵੀ ਨਹੀਂ ਕਰਦੇ। ਅੰਨਾ ਹਜ਼ਾਰੇ, ਅਰਵਿੰਦ ਕੇਜਰੀਵਾਲ ਅਤੇ ਪ੍ਰਸ਼ਾਂਤ ਭੂਸ਼ਣ ਇਨ੍ਹਾਂ ਸਾਰਿਆਂ ਵਲੋਂ ਨਿਭਾਈ ਭੂਮਿਕਾ ਨੇ ਮੀਡੀਆ ਲਈ ਇਸ ਮੁੱਦੇ ਨੂੰ ਟਾਲਣਾ ਮੁਸ਼ਕਿਲ ਬਣਾ ਦਿੱਤਾ ਹੈ ਪਰ ਘੁਟਾਲੇ ਨੰਗੇ ਹੋਣ ਦਾ ਸਬੰਧ ਸਿਆਸਤਦਾਨਾਂ, ਧੜਵੈਲ ਕਾਰਪੋਰੇਸ਼ਨਾਂ ਅਤੇ ਇਨ੍ਹਾਂ ਦੀ ਮਾਲਕੀ ਵਾਲੇ ਮੀਡੀਆ ਘਰਾਣਿਆਂ ਦੇ ਵੱਖੋ-ਵੱਖਰੇ ਗੱਠਜੋੜਾਂ ਨਾਲ ਵੀ ਹੈ। ਮਿਸਾਲ ਵਜੋਂ, ਮੇਰਾ ਵਿਸ਼ਵਾਸ ਹੈ ਕਿ ਇਸ ਅਟਕਲਪੱਚੂ ਵਿਚ ਕੁਝ ਦਮ ਹੈ ਕਿ ਗਡਕਰੀ ਦੇ ਪਰਦਾਫਾਸ਼ ਦਾ ਸਬੰਧ-ਵੱਡੇ ਘਰਾਣਿਆਂ ਦੇ ਥਾਪੜੇ ਤਹਿਤ-ਨਰੇਂਦਰ ਮੋਦੀ ਨਾਲ ਹੈ ਜੋ ਖ਼ੁਦ ਨੂੰ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਪੇਸ਼ ਕਰ ਰਿਹਾ ਹੈ ਅਤੇ ਸ਼ਰੀਕ ਧੜਿਆਂ ਨੂੰ ਰਾਹ 'ਚੋਂ ਹਟਾਉਣ ਦੇ ਆਹਰ 'ਚ ਜੁਟਿਆ ਹੋਇਆ ਹੈ। ਇਸ ਭ੍ਰਿਸ਼ਟਾਚਾਰ ਅਤੇ ਲੇਖੇ-ਜੋਖੇ ਦੇ ਦੌਰ 'ਚ ਖ਼ੂਨ ਦੇ ਬਦਲੇ ਦਾ ਜ਼ਮਾਨਾ ਲੱਦ ਗਿਆ। ਕਿੰਨਾ ਹੈਰਾਨੀਜਨਕ ਹੈ ਜਦੋਂ ਤੁਸੀਂ ਪ੍ਰੋਗਰਾਮ ਪ੍ਰਸਾਰਤ ਕਰਨ ਵਾਲਿਆਂ ਨੂੰ ਇਹ ਕਹਿੰਦਿਆਂ ਸੁਣਦੇ ਹੋ ਕਿ ਹੁਣ ਗੁਜਰਾਤ ਵਿਚ ਸੰਘ ਪਰਿਵਾਰ ਵੱਲੋਂ 2002 'ਚ ਮੁਸਲਮਾਨਾਂ ਦੇ ਘਾਣ ਨੂੰ ਭੁੱਲ ਕੇ ਅਗਾਂਹ ਨਜ਼ਰ ਦੁੜਾਉਣ ਦਾ ਵਕਤ ਆ ਗਿਆ ਹੈ। ਕਾਂਗਰਸ ਵਲੋਂ '84 ਵਿਚ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਵੀ ਤਾਂ ਵਿਸਰ ਗਿਆ ਹੈ। ਕਾਤਲ ਅਤੇ ਫਾਸ਼ੀਵਾਦੀ ਜਦੋਂ ਤੱਕ ਵਿਤੀ ਰੂਪ 'ਚ ਭ੍ਰਿਸ਼ਟ ਨਹੀਂ ਉਦੋਂ ਤੱਕ ਸਭ ਠੀਕ ਮੰਨ ਮੰਨਿਆ ਜਾਂਦਾ ਹੈ। ਕੇਜਰੀਵਾਲ ਅਤੇ ਭੂਸ਼ਨ ਦੀ ਅਗਵਾਈ ਵਾਲੀ ਭ੍ਰਿਸ਼ਟਾਚਾਰ ਵਿਰੋਧੀ ਤਾਜ਼ਾ ਲਹਿਰ ਜੋ ਕਰ ਰਹੀ ਹੈ, ਇਹ ਅਹਿਮ ਕੰਮ ਅਸਲ ਵਿਚ ਮੀਡੀਆ ਅਤੇ ਤਫ਼ਤੀਸ਼ੀ ਏਜੰਸੀਆਂ ਅਤੇ ਪ੍ਰਬੰਧ ਉੱਪਰ ਬਾਹਰੋਂ ਦਬਾਅ ਪਾਉਣ ਵਾਲੇ ਲੋਕਾਂ ਨੂੰ ਕਰਨਾ ਚਾਹੀਦਾ ਸੀ। ਮੈਂ ਯਕੀਨ ਨਾਲ ਨਹੀਂ ਕਹਿ ਸਕਦੀ ਕਿ ਚੋਣਾਂ ਲੜਨ ਦੇ ਕਮਰ ਕੱਸੇ ਕਰ ਰਹੀ ਨਵੀਂ ਸਿਆਸੀ ਪਾਰਟੀ ਸਹੀ ਸਾਧਨ ਬਣ ਸਕਦੀ ਹੈ। ਭਾਰਤ ਵਿਚ ਚੋਣਾਂ ਕਿਵੇਂ ਕੰਮ ਕਰਦੀਆਂ ਹਨ, ਇਨ੍ਹਾਂ ਵਿਚ ਜਿੰਨੀ ਵੱਡੀ ਪੈਸੇ ਅਤੇ ਸਾਜ਼ਿਸ਼ਾਂ ਦੀ ਭੂਮਿਕਾ ਹੈ ਇਸ ਨੂੰ ਦੇਖਦਿਆਂ ਚੋਣਾਂ ਲੜਨ ਦੇ ਫ਼ੈਸਲੇ ਦਾ ਕੀ ਭਾਵ ਹੈ? ਵੱਡੀ ਸਿਆਸੀ ਪਾਰਟੀਆਂ ਹਰ ਕਿਸੇ ਨੂੰ ਖ਼ੁਸ਼ੀ ਖ਼ੁਸ਼ੀ ਚੋਣਾਂ ਲੜਨ ਦਾ ਸੱਦਾ ਦਿੰਦੀਆਂ ਹਨ ਤਾਂ ਇਸ ਦੀ ਵਜ੍ਹਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਅਖਾੜਾ ਉਨ੍ਹਾਂ ਦੇ ਕਬਜ਼ੇ 'ਚ ਹੈ, ਉਹ ਨਵੇਂ ਖਿਡਾਰੀਆਂ ਨੂੰ ਆਪਣੀ ਸਰਕਸ ਦੇ ਜੋਕਰ ਬਣਾਉਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਲਗਾਤਾਰ ਲਾਲਚੀ ਮੀਡੀਆ ਅੱਗੇ ਪੇਸ਼ ਕਰ ਕੇ ਬੌਣੇ ਬਣਾਉਣਾ ਚਾਹੁੰਦੇ ਹਨ।

ਬਥੇਰੇ ਲੋਕ ਪਹਿਲਾਂ ਵੀ ਇਸ ਰਾਹੇ ਲੰਘ ਚੁੱਕੇ ਹਨ। ਮਿਸਾਲ ਵਜੋਂ, ਜੇ ਕੇਜਰੀਵਾਲ ਦੀ ਪਾਰਟੀ ਕੁਝ ਸੀਟਾਂ ਜਿੱਤ ਲੈਂਦੀ ਹੈ, ਜਾਂ ਬਿਲਕੁਲ ਨਹੀਂ ਜਿੱਤਦੀ, ਇਸ ਦਾ ਅਰਥ ਕੀ ਹੋਵੇਗਾ?...ਕਿ ਭਾਰਤ ਦੇ ਬਹੁਗਿਣਤੀ ਲੋਕ ਭ੍ਰਿਸ਼ਟਾਚਾਰ ਪੱਖੀ ਹਨ? ਸਿਆਸਤਦਾਨਾਂ ਅਤੇ ਕਾਰੋਬਾਰੀਆਂ ਦਰਮਿਆਨ ਵੱਡੇ ਗੱਠਜੋੜ ਨਾਲੋਂ ਇਸ ਸਭ ਕਾਸੇ 'ਚ ਜੋ ਬੇਪਰਦ ਹੋਇਆ ਹੈ, ਉਹ ਇਹ ਕਿ ਮੀਡੀਆ 'ਚੌਥੇ ਥੰਮ੍ਹ' ਵਜੋਂ ਆਪਣੀ ਭੂਮਿਕਾ ਨਾਲ ਜ਼ੋਰ ਅਜ਼ਮਾ ਰਿਹਾ ਹੈ। ਇਕ ਨਵੀਂ ਸਿਆਸੀ ਪਾਰਟੀ, ਚਾਹੇ ਕਿੰਨੀ ਚੰਗੀ ਤੇ ਇਮਾਨਦਾਰ ਹੋਵੇ, ਉਸ ਤੋਂ ਇਹ ਥੋੜ੍ਹੇ ਕੀਤਿਆਂ ਹੱਲ ਹੋਣ ਵਾਲੀ ਨਹੀਂ ਹੈ, ਕਿਉਂਕਿ ਇਹ ਢਾਂਚਾਗਤ ਸਮੱਸਿਆ ਹੈ। ਇਸ ਦੇ ਅਰਥ-ਸ਼ਾਸਤਰ ਨੇ ਮੀਡੀਆ ਨੂੰ ਜੂੜ ਪਾਇਆ ਹੋਇਆ ਹੈ। ਪਿੱਛੇ ਜਿਹੇ ਇਕ ਗੱਲਬਾਤ 'ਚ ਟਾਈਮਜ਼ ਸਮੂਹ ਦੇ ਵਿਨੀਤ ਜੈਨ ਨੇ ਲਾਚਾਰ ਹੋ ਕੇ ਖੁੱਲ੍ਹੇਆਮ ਕਹਿ ਦਿੱਤਾ ਸੀ ਕਿ ਟਾਈਮਜ਼ ਸਮੂਹ ਖ਼ਬਰਾਂ ਦਾ ਕਾਰੋਬਾਰ ਨਹੀਂ ਸਗੋਂ ਇਸ਼ਤਿਹਾਰਬਾਜ਼ੀ ਦਾ ਕਾਰੋਬਾਰ ਕਰਦਾ ਹੈ। ਇਸ ਤੋਂ ਇਲਾਵਾ, ਇੱਥੇ ਮੁੱਲ ਦੀਆਂ ਖ਼ਬਰਾਂ ਅਤੇ ਮੁਕੰਮਲ ਮਾਲਕੀ ਦੀ ਸਮੱਸਿਆ ਹੈ। ਸਨਅਤਕਾਰ ਹਮੇਸ਼ਾ ਹੀ ਅਖ਼ਬਾਰਾਂ ਦੇ ਮਾਲਕ ਰਹੇ ਹਨ, ਪਰ ਅਮਲ ਜਿਸ ਪੈਮਾਨੇ 'ਤੇ ਪਹਿਲਾਂ ਚਲਦਾ ਸੀ, ਉਹ ਬਦਲ ਗਿਆ ਹੈ। ਮਿਸਾਲ ਵਜੋਂ, ਪਿੱਛੇ ਜਿਹੇ ਰਿਲਾਇੰਸ ਇੰਡਸਟ੍ਰੀਜ਼ ਲਿਮਿਟਡ (ਆਰ.ਆਈ.ਐਲ.) ਨੇ ਇਨਫੋਟੈੱਲ ਟੀ.ਵੀ. ਸਮੂਹ 95 ਫ਼ੀ ਸਦੀ ਖ਼ਰੀਦ ਲਿਆ ਜਿਸ ਦੇ ਕਬਜ਼ੇ 'ਚ 27 ਟੀ.ਵੀ. ਨਿਊਜ਼ ਅਤੇ ਮਨੋਰੰਜਨ ਚੈਨਲ ਹਨ। ਕਈ ਵਾਰ ਇਸ ਤੋਂ ਉਲਟ ਹੁੰਦਾ ਹੈ: ਮੀਡੀਆ ਸਮੂਹ ਖਾਣਾਂ ਖੋਦਣ ਦੀਆਂ ਕੰਪਨੀਆਂ ਦੇ ਮਾਲਕ ਹਨ। ਇਕ ਕਰੋੜ 70 ਲੱਖ ਪਾਠਕਾਂ ਵਾਲਾ 'ਦੈਨਿਕ ਭਾਸਕਰ' ਅਜਿਹੀਆਂ 69 ਕੰਪਨੀਆਂ ਦਾ ਮਾਲਕ ਹੈ ਜਿਸ ਦੇ ਖਾਣਾਂ ਖੋਦਣ, ਊਰਜਾ ਦੀ ਪੈਦਾਵਾਰ, ਰੀਅਲ ਇਸਟੇਟ ਅਤੇ ਕੱਪੜਾ ਸਨਅਤ 'ਚ ਹਿੱਤ ਹਨ। ਤੇ ਐਸੇ ਅਖ਼ਬਾਰ ਅਤੇ ਟੀ ਵੀ ਚੈਨਲ ਵੀ ਹਨ ਜਿਨ੍ਹਾਂ ਦੇ ਮਾਲਕ ਕਰੁਣਾਨਿਧੀ, ਜੈਲਲਿਤਾ, ਜਗਨਮੋਹਨ ਰੈਡੀ ਤੇ ਹੋਰ ਸਿਆਸਤਦਾਨ ਹਨ।

ਵੱਡੇ ਕਾਰੋਬਾਰੀਆਂ, ਵੱਡੇ ਸਿਆਸਤਦਾਨਾਂ ਅਤੇ ਖ਼ਬਰਾਂ ਵਿਚਲਾ ਨਿਖੇੜਾ ਖ਼ਤਮ ਹੋ ਜਾਣ ਨਾਲ, ਪੱਤਰਕਾਰਾਂ ਅਤੇ ਪੱਤਰ ਪ੍ਰੇਰਕਾਂ ਲਈ ਉਹ ਕੁਝ ਕਰਨਾ ਮੁਸ਼ਕਿਲ ਹੋ ਗਿਆ ਹੈ ਜੋ ਕਦੇ ਤਕਰੀਬਨ ਪਵਿੱਤਰ ਫਰਜ਼ ਸਮਝਿਆ ਜਾਂਦਾ ਸੀ-ਦੁਖੀ ਨੂੰ ਦਿਲਾਸਾ ਦੇਣਾ ਅਤੇ ਅਰਾਮਪ੍ਰਸਤਾਂ ਨੂੰ ਸਤਾਉਣਾ। ਇਹ ਆਦਰਸ਼ ਲੱਗਭਗ ਉਲਟਾ ਹੋ ਗਿਆ ਹੈ।

**ਕੀ ਭ੍ਰਿਸ਼ਟਾਚਾਰ ਦਾ ਵਿਰੋਧ ਇਕ ਸਿਆਸੀ ਪਾਰਟੀ ਲਈ ਜਾਇਜ਼ ਪੈਂਤੜਾ ਹੋ ਸਕਦਾ ਹੈ?**

-ਮੈਂ ਇਉਂ ਨਹੀਂ ਸੋਚਦੀ। ਭ੍ਰਿਸ਼ਟ ਸਿਆਸਤਦਾਨ ਸਗੋਂ ਜ਼ਿਆਦਾ ਹਰਮਨਪਿਆਰੇ ਦਿਖਾਈ ਦਿੰਦੇ ਹਨ। ਮੈਨੂੰ ਉਮੀਦ ਹੈ ਕਿ ਅਰਵਿੰਦ ਕੇਜਰੀਵਾਲ ਅਤੇ ਪ੍ਰਸ਼ਾਂਤ ਭੂਸ਼ਣ ਦੀ ਪਾਰਟੀ ਆਪਣੇ ਪੈਂਤੜੇ 'ਚ ਨਿਰੇ ਭ੍ਰਿਸ਼ਟਾਚਾਰ ਦੇ ਵਿਰੋਧ ਤੋਂ ਵਧੇਰੇ ਮੁੱਦੇ ਸ਼ਾਮਲ ਕਰੇਗੀ।



ਅਰੁੰਧਤੀ ਰਾਏ ਤੈਲਗੂ ਕਵੀ ਵਰ ਵਰਾ ਰਾਓ ਨਾਲ।

*ਕਿੰਨਾ ਹੈਰਾਨੀਜਨਕ ਹੈ ਜਦੋਂ ਤੁਸੀਂ ਪ੍ਰੋਗਰਾਮ ਪ੍ਰਸਾਰਤ ਕਰਨ ਵਾਲਿਆਂ ਨੂੰ ਇਹ ਕਹਿੰਦਿਆਂ ਸੁਣਦੇ ਹੋ ਕਿ ਹੁਣ ਗੁਜਰਾਤ ਵਿਚ ਸੰਘ ਪਰਿਵਾਰ ਵੱਲੋਂ 2002 'ਚ ਮੁਸਲਮਾਨਾਂ ਦੇ ਘਾਣ ਨੂੰ ਭੁੱਲ ਕੇ ਅਗਾਂਹ ਨਜ਼ਰ ਦੁੜਾਉਣ ਦਾ ਵਕਤ ਆ ਗਿਆ ਹੈ। ਕਾਂਗਰਸ ਵਲੋਂ '84 ਵਿਚ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਵੀ ਤਾਂ ਵਿਸਰ ਗਿਆ ਹੈ। ਕਾਤਲ ਅਤੇ ਫਾਸ਼ੀਵਾਦੀ ਜਦੋਂ ਤੱਕ ਵਿਤੀ ਰੂਪ 'ਚ ਭ੍ਰਿਸ਼ਟ ਨਹੀਂ ਉਦੋਂ ਤੱਕ ਸਭ ਠੀਕ ਮੰਨ ਮੰਨਿਆ ਜਾਂਦਾ ਹੈ।*

ਮੇਰੀ ਸੋਚ ਹੈ ਕਿ ਭ੍ਰਿਸ਼ਟਾਚਾਰ ਦੀ ਮੱਧਵਰਗੀ ਪ੍ਰੀਭਾਸ਼ਾ-ਬਤੌਰ ਲੇਖੇ-ਜੋਖੇ ਦੇ ਮਸਲੇ ਦੇ-ਲਾਜ਼ਮੀ ਤੌਰ 'ਤੇ ਹਰ ਬੰਦੇ ਦੀ ਪ੍ਰੀਭਾਸ਼ਾ ਨਹੀਂ ਹੈ। ਭ੍ਰਿਸ਼ਟਾਚਾਰ ਤਾਕਤਵਰ ਅਤੇ ਤਾਕਤਹੀਣ ਦਰਮਿਆਨ ਵਧ ਰਹੇ ਪਾੜੇ ਦਾ ਲੱਛਣ ਹੈ ਜੋ ਦੁਨੀਆ ਵਿਚੋਂ ਭਾਰਤ ਵਿਚ ਸਭ ਤੋਂ ਭੈੜਾ ਹੈ। ਇਸ ਨੂੰ ਮੁਖ਼ਾਤਿਬ ਹੋਣ ਦੀ ਲੋੜ ਹੈ। ਇਖ਼ਲਾਕੀ ਪੁਲਿਸ ਕੰਟਰੋਲ, ਜਾਂ ਅਸਲ ਪੁਲਿਸ ਕੰਟਰੋਲ ਇਸ ਦਾ ਹੱਲ ਨਹੀਂ ਹੋ ਸਕਦਾ। ਇਸ ਦਾ ਨਿਸ਼ਾਨਾ ਕੀ ਹੈ? ਅਨਿਆਂ ਵਾਲੇ ਪ੍ਰਬੰਧ ਨੂੰ ਸਾਫ਼-ਸੁਥਰਾ ਅਤੇ ਵੱਧ ਫ਼ੁਰਤੀਲਾ ਬਣਾਉਣਾ? ਦਹਿ-ਹਜ਼ਾਰਾਂ ਪੁਲਿਸ ਅਤੇ ਹੋਰ ਅਫ਼ਸਰਸ਼ਾਹਾਂ ਨੂੰ ਲੈ ਕੇ ਸਮਨਾਂਤਰ ਹਕੂਮਤ ਬਣਾਉਣਾ, ਜਨ ਲੋਕਪਾਲ ਬਿੱਲ ਦਾ ਤਸੱਵਰ ਇਹੀ ਹੈ, ਇਸ ਨਾਲ ਮਸਲਾ ਹੱਲ ਨਹੀਂ ਹੋਵੇਗਾ। ਕੀ ਸਾਡੀ ਪੁਲਿਸ ਅਤੇ ਅਫ਼ਸਰਸ਼ਾਹੀ ਗ਼ਰੀਬਾਂ ਦੀ ਰਖਵਾਲੀ ਸਾਬਤ ਹੋਈ ਹੈ? ਇਹੋ ਜਿਹੀਆਂ ਨਵੀਆਂ, ਇਮਾਨਦਾਰ ਰੂਹਾਂ ਕਿੱਥੋਂ ਲੱਭਣਗੀਆਂ? ਜਿਸ ਮੁਲਕ ਦੀ ਬਹੁਗਿਣਤੀ ਆਬਾਦੀ ਆਪਣੇ ਜਿਉਣ ਢੰਗ ਅਤੇ ਰੋਜ਼ਗਾਰ ਪੱਖੋਂ ਨਾਜਾਇਜ਼ ਹੈ, ਉੱਥੇ ਜਨ ਲੋਕਪਾਲ ਬਿੱਲ ਮੱਧ ਵਰਗਾਂ ਦੇ ਹੱਥਾਂ 'ਚ ਅਸਾਨੀ ਨਾਲ ਹੀ ਹਥਿਆਰ ਬਣ ਸਕਦਾ ਹੈ- "ਇਹ ਗੰਦੀਆਂ ਗ਼ੈਰਕਾਨੂੰਨੀ ਬਸਤੀਆਂ ਹਟਾ ਦਿਓ, ਸੜਕਾਂ ਕੰਢੇ ਭੀੜ-ਭੜੱਕੇ ਦਾ ਕਾਰਨ ਬਣਦੇ ਇਨ੍ਹਾਂ ਗ਼ੈਰਕਾਨੂੰਨੀ ਰੇੜ੍ਹੀ-ਫੜ੍ਹੀ ਵਾਲਿਆਂ ਨੂੰ ਹੂੰਝ ਦਿਓ"-ਵਗੈਰਾ ਵਗੈਰਾ। ਨੁਕਤਾ ਇਹ ਹੈ ਕਿ ਅਸੀਂ ਭ੍ਰਿਸ਼ਟਾਚਾਰ ਨੂੰ ਪ੍ਰੀਭਾਸ਼ਤ ਕਿਵੇਂ ਕਰਦੇ ਹਾਂ? ਜੇ ਕੋਈ ਕਾਰਪੋਰੇਟ ਘਰਾਣਾ ਕੋਲੇ ਦੀ ਖਾਣ ਦਾ ਠੇਕਾ ਹਾਸਲ ਕਰਨ ਲਈ ਇਕ ਹਜ਼ਾਰ ਕਰੋੜ ਰੁਪਏ ਦੀ ਰਿਸ਼ਵਤ ਦਿੰਦਾ ਹੈ, ਇਹ ਭ੍ਰਿਸ਼ਟਾਚਾਰ ਹੈ। ਜੇ ਕੋਈ ਵੋਟਰ ਖ਼ਾਸ ਸਿਆਸਤਦਾਨ ਨੂੰ ਵੋਟ ਦੇਣ ਲਈ ਹਜ਼ਾਰ ਰੁਪਿਆ ਲੈ ਲੈਂਦਾ ਹੈ, ਇਹ ਵੀ ਭ੍ਰਿਸ਼ਟਾਚਾਰ ਹੀ ਹੈ। ਜੇ ਸਮੋਸੇ ਵੇਚਣ ਵਾਲਾ ਫੁੱਟਪਾਥ ਉੱਪਰ ਜਗ੍ਹਾ ਲੈਣ ਲਈ ਪੁਲਿਸ ਵਾਲੇ ਨੂੰ ਸੌ ਰੁਪਿਆ ਰਿਸ਼ਵਤ ਦਿੰਦਾ ਹੈ, ਇਹ ਵੀ ਭ੍ਰਿਸ਼ਟਾਚਾਰ ਹੈ; ਪਰ ਕੀ ਇਹ ਸਭ ਇਕੋ ਚੀਜ਼ ਹੀ ਹੈ? ਮੇਰਾ ਮਤਲਬ ਇਹ ਨਹੀਂ ਕਿ ਭ੍ਰਿਸ਼ਟਾਚਾਰ 'ਤੇ ਨਿਗਰਾਨੀ ਰੱਖਣ ਲਈ ਸ਼ਿਕਾਇਤਾਂ ਦੂਰ ਕਰਨ ਦਾ ਬੰਦੋਬਸਤ ਨਹੀਂ ਹੋਣਾ ਚਾਹੀਦਾ; ਬੇਸ਼ੱਕ, ਹੋਣਾ ਚਾਹੀਦਾ ਹੈ ਪਰ ਇਸ ਨਾਲ ਵੱਡਾ ਮਸਲਾ ਹੱਲ ਨਹੀਂ ਹੋਵੇਗਾ, ਕਿਉਂਕਿ ਵੱਡੇ ਖਿਡਾਰੀ ਆਪਣੇ ਸਬੂਤ ਮਿਟਾਉਣ ਲਈ ਬਿਹਤਰ ਹਾਲਤ 'ਚ ਹੁੰਦੇ ਹਨ।

ਨਿਮਰਤਾ ਨਾਲ ਕਹਿ ਦਿਆਂ, ਇਕ ਸਿਆਸੀ ਪਾਰਟੀ ਲਈ ਇਸ ਵਿਸ਼ਾਲ ਅਤੇ ਗੁੰਝਲਦਾਰ ਮੁਲਕ ਦੀ ਸਿਆਸਤ ਨੂੰ ਭ੍ਰਿਸ਼ਟਾਚਾਰ ਦੀਆਂ ਐਨਕਾਂ ਰਾਹੀਂ ਦੇਖਣਾ ਕਾਫ਼ੀ ਨਹੀਂ ਹੈ। ਕੀ ਅਸੀਂ ਜਾਤਪਾਤ ਅਤੇ ਜਮਾਤ ਦੀ ਸਿਆਸਤ, ਨਸਲੀ-ਸੱਭਿਆਚਾਰ, ਲਿੰਗ, ਧਾਰਮਿਕ ਹੰਕਾਰਵਾਦ, ਆਪਣੇ ਕੁਲ ਸਿਆਸੀ ਇਤਿਹਾਸ, ਪੌਣਪਾਣੀ ਦੀ ਤਬਾਹੀ ਦੇ ਅਜੋਕੇ ਅਮਲ-ਉਹ ਸਾਰੀਆਂ ਬੇਸ਼ੁਮਾਰ ਚੀਜ਼ਾਂ ਜੋ ਭਾਰਤ ਦੀ ਮਸ਼ੀਨਰੀ ਨੂੰ ਚਲਦਾ ਰੱਖਦੀਆਂ ਹਨ, ਜਾਂ ਇਸ ਨੂੰ ਨਹੀਂ ਚਲਣ ਦਿੰਦੀਆਂ-ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੀ ਸੌੜੀ, ਗੰਧਲੀ ਐਨਕ ਰਾਹੀਂ ਦੇਖ ਸਕਦੇ ਹਾਂ? ਇਨ੍ਹਾਂ ਨੂੰ ਫੇਰ ਹੀ ਮੁਖ਼ਾਤਿਬ ਹੋਇਆ ਜਾ ਸਕਦਾ ਹੈ ਜੇ ਤੁਸੀਂ ਆਪਣੇ ਲੋਕਾਂ ਨੂੰ ਜਾਣਦੇ ਹੋ, ਜੇ ਤੁਹਾਡੀ ਕੋਲ ਦ੍ਰਿਸ਼ਟੀ ਅਤੇ ਵਿਚਾਰਧਾਰਾ ਹੈ, ਮੰਚਾਂ ਉੱਪਰ ਕਾਰਕੁਨਾਂ ਦੇ ਪਹਿਰਾਵੇ ਬਦਲਣ ਜਾਂ ਇਕ ਦੂਜੇ ਖ਼ਿਲਾਫ਼ ਦੂਸ਼ਣਬਾਜ਼ੀ ਕਰਨ ਨਾਲ ਇਹ ਨਹੀਂ ਹੋਣ ਲੱਗਿਆ। ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਹੋਣ ਦਾ ਮਤਲਬ ਆਪਣੇ ਆਪ 'ਚ ਕੋਈ ਸਿਆਸੀ ਵਿਚਾਰਧਾਰਾ ਨਹੀਂ ਹੈ। ਇਹ ਤਾਂ ਭ੍ਰਿਸ਼ਟ ਲੋਕ ਵੀ ਕਹਿ ਦੇਣਗੇ ਕਿ ਉਹ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਹਨ।

ਤਬਦੀਲੀ ਆਵੇਗੀ, ਇਸ ਨੇ ਆਉਣਾ ਹੈ ਪਰ ਨਵੀਂ ਸਿਆਸੀ ਪਾਰਟੀ ਇਹ ਲੈ ਆਵੇਗੀ, ਇਸ ਬਾਰੇ ਮੈਨੂੰ ਸ਼ੱਕ ਹੈ ਜੋ ਚੋਣਾਂ ਜਿੱਤ ਕੇ ਪ੍ਰਬੰਧ ਨੂੰ ਬਦਲਣ ਦੀ ਉਮੀਦ ਪਾਲਦੀ ਹੈ; ਕਿਉਂਕਿ ਜਿਨ੍ਹਾਂ ਨੇ ਪ੍ਰਬੰਧ ਨੂੰ ਇਉਂ ਬਦਲਣ ਦਾ ਯਤਨ ਕੀਤਾ, ਪ੍ਰਬੰਧ ਨੇ ਉਨ੍ਹਾਂ ਨੂੰ ਹੀ ਬਦਲ ਦਿੱਤਾ-ਦੇਖ ਲਵੋ ਕਮਿਊਨਿਸਟ ਪਾਰਟੀਆਂ ਦਾ ਕੀ ਹਸ਼ਰ ਹੋਇਆ। ਮੈਂ ਸੋਚਦੀ ਹਾਂ ਕਿ ਪੇਂਡੂ ਖੇਤਰਾਂ ਵਿਚ ਹੋ ਰਹੀਆਂ ਬਗ਼ਾਵਤਾਂ ਸ਼ਹਿਰਾਂ ਵੱਲ ਆਉਣਗੀਆਂ, ਕਿਸੇ ਇਕ ਝੰਡੇ ਥੱਲੇ ਨਹੀਂ, ਸਗੋਂ ਅਵੱਸ਼ ਹੀ ਕਿਸੇ ਹੂੰਝਾ ਫੇਰੂ ਜਾਂ ਇਨਕਲਾਬੀ ਢੰਗ ਨਾਲ। ਇਹ ਸੁਹਾਵਣਾ ਨਹੀਂ ਹੋਵੇਗਾ, ਪਰ ਇਹ ਅਟੱਲ ਹੈ।

**ਹਾਕਮ ਜਮਾਤ ਦੇ ਹਿੱਸੇ ਮੌਜੂਦਾ ਪਰਦਾਫਾਸ਼ ਨੂੰ 'ਆਪਾਧਾਪੀ' ਵਜੋਂ ਦੇਖਦੇ ਹਾਂ। ਅੰਬਾਨੀ ਵਾਲੇ ਮੁੱਦੇ ਤੋਂ ਬਾਅਦ, ਕੇ.ਜੀ. ਬੇਸਨ ਅਤੇ ਤੇਲ ਦਾ ਮੁੱਦਾ ਉੱਠਿਆ, ਕੇਜਰੀਵਾਲ ਅਤੇ "ਉਸ ਦੇ ਖੱਬੇਪੱਖੀ" ਮਿੱਤਰਾਂ ਬਾਰੇ ਕੁਝ ਟਿੱਪਣੀਆਂ ਹੋਈਆਂ। ਇਸ ਬਾਰੇ ਤੁਹਾਡੇ ਕੀ ਕਹਿਣਾ ਹੈ?**

-ਮੇਰੀ ਸਮਝ ਅਨੁਸਾਰ 'ਆਪਾਧਾਪੀ' ਤੋਂ ਉਨ੍ਹਾਂ ਦਾ ਭਾਵ ਅਫਰਾ-ਤਫਰੀ ਤੋਂ ਹੈ, ਪਰ ਆਪਾਧਾਪੀ ਦਾ ਇਹ ਭਾਵ ਨਹੀਂ ਹੈ। ਕੀ ਮੈਂ ਇਹ ਕਹਿ ਸਕਦੀ ਹਾਂ ਕਿ ਅੱਜਕੱਲ੍ਹ ਹਾਕਮ ਜਮਾਤਾਂ ਜੋ ਕਰ ਰਹੀਆਂ ਹਨ, ਉਨ੍ਹਾਂ ਦੀ ਪ੍ਰੀਭਾਸ਼ਾ ਅਨੁਸਾਰ, ਇਹ ਵੀ ਆਪਾਧਾਪੀ ਹੈ। (ਖ਼ੈਰ, ਮੈਂ ਨਹੀਂ ਜਾਣਦੀ ਕੇਜਰੀਵਾਲ ਦੇ ਮਿੱਤਰਾਂ ਵਿਚੋਂ ਕੌਣ 'ਖੱਬੇਪੱਖੀ' ਹੈ।) ਜਾਂ ਕੀ ਅਸੀਂ ਹੁਣ ਇਹ ਸੋਚਦੇ

*(ਬਾਕੀ ਸਫਾ 16 ਉਤੇ)*

# ਚੋਣਾਂ ਨਾਲ ਨਿਜ਼ਾਮ ਬਦਲਣ ਤੁਰੇ ਖ਼ੁਦ ਹੀ ਬਦਲ ਗਏ: ਅਰੁੰਧਤੀ

*(ਸਫਾ 15 ਦੀ ਬਾਕੀ)*

ਹਾਂ ਕਿ 'ਅਫਰਾ-ਤਫਰੀ', 'ਆਪਾਧਾਪੀ' ਅਤੇ 'ਖ਼ੱਬੀ ਧਿਰ' ਇਨ੍ਹਾਂ ਸਭ ਨੂੰ ਇਕੋ ਅਰਥ 'ਚ ਲਿਆ ਜਾਇਆ ਕਰੇਗਾ।

ਮੈਂ ਸਾਧਾਰਨ ਜਿਹਾ ਸੁਝਾਅ ਦੇਣਾ ਚਾਹੁੰਦੀ ਹਾਂ, ਅਤੇ ਇਹ ਰੈਡੀਕਲ ਸੁਝਾਵਾਂ ਤੋਂ ਹਟਵਾਂ ਹੈ। ਕਿਹਾ ਜਾ ਸਕਦਾ ਹੈ ਕਿ ਇਹ ਮਹਿਜ਼ ਘੱਟੋਘੱਟ ਸਾਂਝਾ ਪ੍ਰੋਗਰਾਮ ਹੈ। ਸਾਡੇ ਮੁਲਕ ਦੀ ਹਾਲਤ ਇਹ ਹੋ ਗਈ ਹੈ ਕਿ ਇਸ ਨੂੰ ਤਕਰੀਬਨ ਨਿੱਜੀ ਕਾਰਪੋਰੇਸ਼ਨਾਂ ਚਲਾਉਂਦੀਆਂ ਹਨ। ਦੋ ਸਭ ਤੋਂ ਵੱਡੀਆਂ ਕਾਰਪੋਰੇਸ਼ਨਾਂ ਰਿਲਾਇੰਸ ਅਤੇ ਟਾਟਾ ਨੂੰ ਦੇਖ ਲਓ ਜੋ ਅੱਜ ਸਾਡੇ ਉਪਰ ਰਾਜ ਕਰਦੀਆਂ ਹਨ। ਮੁਕੇਸ਼ ਅੰਬਾਨੀ ਜਿਸ ਦੇ ਕਬਜ਼ੇ 'ਚ ਆਰ.ਆਈ.ਐਲ. (ਰਿਲਾਇੰਸ ਇੰਡਸਟ੍ਰੀਜ਼ ਲਿਮਿਟਡ) ਦੇ ਬਹੁਗਿਣਤੀ ਹਿੱਸੇ ਹਨ, ਨਿੱਜੀ ਤੌਰ 'ਤੇ 20 ਅਰਬ ਡਾਲਰ ਦਾ ਮਾਲਕ ਹੈ। ਮੰਡੀ ਵਿਚ ਆਰ.ਆਈ.ਐਲ. ਦੀ ਸਰਮਾਇਆਕਾਰੀ 47 ਅਰਬ ਡਾਲਰ ਹੈ। ਇਸ ਦੇ ਕਾਰੋਬਾਰੀ ਹਿੱਤਾਂ ਵਿਚ ਪੈਟਰੋ-ਕੈਮੀਕਲ, ਤੇਲ, ਕੁਦਰਤੀ ਗੈਸ, ਪੋਲਿਸਟਰ ਫਾਈਬਰ, ਸੇਜ਼ (ਵਿਸ਼ੇਸ਼ ਆਰਥਕ ਖੇਤਰ), ਤਾਜ਼ਾ ਖਾਣੇ ਦਾ ਪ੍ਰਚੂਨ ਕਾਰੋਬਾਰ, ਹਾਈ ਸਕੂਲ, ਜੀਵਨ ਵਿਗਿਆਨ ਦੀ ਖੋਜ ਅਤੇ ਸਟੈਮ ਸੈੱਲ ਭੰਡਾਰਨ ਦੀਆਂ ਸੇਵਾਵਾਂ ਸ਼ਾਮਲ ਹਨ। ਇਹ 27 ਟੀ.ਵੀ. ਨਿਊਜ਼ ਅਤੇ ਮਨੋਰੰਜਨ ਚੈਨਲਾਂ ਨੂੰ ਕੰਟਰੋਲ ਕਰਦਾ ਹੈ। ਬਦੇਸ਼ੀ ਯੂਨੀਵਰਸਿਟੀਆਂ ਵਿਚ ਇਸ ਨੇ ਚੇਅਰਾਂ ਨੂੰ ਦਹਿ-ਲੱਖਾਂ ਡਾਲਰ ਮਨਸੇ ਹੋਏ ਹਨ।

ਟਾਟੇ 80 ਮੁਲਕਾਂ ਵਿਚ 100 ਤੋਂ ਵੱਧ ਕੰਪਨੀਆਂ ਚਲਾਉਂਦੇ ਹਨ। ਇਹ ਭਾਰਤ ਦੀਆਂ ਨਿੱਜੀ ਖੇਤਰ ਦੀਆਂ ਸਭ ਤੋਂ ਵੱਡੀਆਂ ਊਰਜਾ ਕੰਪਨੀਆਂ ਵਿਚੋਂ ਹਨ। ਇਹ ਖਾਣਾਂ, ਗੈਸ ਖੇਤਰਾਂ, ਸਟੀਲ ਪਲਾਂਟਾਂ, ਫੋਨ ਸਨਅਤ, ਕੇਬਲ ਟੀ.ਵੀ. ਅਤੇ ਬਰਾਡ ਬੈਂਡ ਨੈੱਟਵਰਕ ਦੇ ਮਾਲਕ ਹਨ ਅਤੇ ਸਾਲਮ ਸ਼ਹਿਰਾਂ ਦੇ ਕਰਤਾ-ਧਰਤਾ ਹਨ। ਇਹ ਕਾਰਾਂ ਅਤੇ ਟਰੱਕ ਬਣਾਉਂਦੇ ਹਨ, ਤਾਜ ਹੋਟਲਾਂ ਦੀ ਲੜੀ, ਜੈਗੂਆਰ, ਲੈਂਡ ਰੋਵਰ, ਦਾਇਵੂ, ਟੈਟਲੇ ਟੀ, ਇਕ ਪ੍ਰਕਾਸ਼ਨ ਕੰਪਨੀ, ਕਿਤਾਬਾਂ ਦੇ ਸਟੋਰਾਂ ਦੇ ਕਾਰੋਬਾਰ, ਅਤੇ ਆਇਓਡੀਨ ਵਾਲੇ ਲੂਣ ਦੇ ਮਸ਼ਹੂਰ ਬਰੈਂਡ ਦੇ ਮਾਲਕ ਹਨ। ਟਾਟਿਆਂ ਨੇ ਬਦੇਸ਼ੀ ਯੂਨੀਵਰਸਿਟੀਆਂ ਵਿਚ ਵੀ ਚੋਖਾ ਪੂੰਜੀ-ਨਿਵੇਸ਼ ਕੀਤਾ ਹੋਇਆ ਹੈ।

ਮੈਂ ਨਹੀਂ ਸੋਚਦੀ ਕਿ ਦੁਨੀਆ ਵਿਚ ਹੋਰ ਕਿਤੇ ਇਹੋ ਜਹੀਆਂ ਕਾਰਪੋਰੇਸ਼ਨਾਂ ਹੋਣਗੀਆਂ-ਐਨੇ ਵੰਨ-ਸੁਵੰਨੇ ਕਾਰੋਬਾਰੀ ਹਿੱਤਾਂ ਵਾਲੀਆਂ, ਜੋ ਸਾਡੀਆਂ ਜ਼ਿੰਦਗੀਆਂ ਨੂੰ ਐਨਾ ਸੂਖਮ ਰੂਪ 'ਚ ਕੰਟਰੋਲ ਕਰਦੀਆਂ ਹਨ, ਜੋ ਐਨੀਆਂ ਡਾਹਢੀਆਂ ਹਨ ਕਿ ਜੇ ਇਹ ਹੱਥ ਲੱਗੇ ਸੌਦਿਆਂ ਤੋਂ ਨਾਖ਼ੁਸ਼ ਹੋਣ ਤਾਂ ਸਾਡੇ ਮੁਲਕ ਨੂੰ ਯਰਗਮਾਲ ਬਣਾ ਕੇ ਵਰਤ ਸਕਦੀਆਂ ਹਨ। ਸਾਨੂੰ ਅੱਜ ਇਸ ਸਭ ਤੋਂ ਵੱਡੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜਿਸ ਨੂੰ ਸਾਡੇ ਅਰਥਸ਼ਾਸਤਰੀ ਸਮਤਲ ਖੇਡ ਮੈਦਾਨ ਕਹਿਣਾ ਪਸੰਦ ਕਰਦੇ ਹਨ, ਅਸਲ ਵਿਚ ਇਹ ਐਸੀ ਮਸ਼ੀਨ ਹੈ ਜੋ ਗ਼ਰੀਬ ਨੂੰ ਤਾਂ ਰਹਿੰਦ-ਖੂੰਹਦ ਵਾਂਗ ਬਾਹਰ ਵਗ੍ਹਾ ਮਾਰਦੀ ਹੈ ਅਤੇ ਦੌਲਤ ਨੂੰ ਥੋੜ੍ਹੇ ਤੋਂ ਥੋੜ੍ਹੇ ਹੱਥਾਂ ਵਿਚ ਜਮ੍ਹਾਂ ਕਰਦੀ ਜਾਂਦੀ ਹੈ। ਇਹੀ ਵਜ੍ਹਾ ਹੈ ਕਿ 100 ਵਿਅਕਤੀ ਭਾਰਤ ਦੀ ਜੀ.ਡੀ.ਪੀ. (ਕੁਲ ਘਰੇਲੂ ਉਪਜ) ਦੇ ਚੌਥੇ ਹਿੱਸੇ ਦੇ ਬਰਾਬਰ ਦੌਲਤ ਦੇ ਮਾਲਕ ਬਣੇ ਬੈਠੇ ਹਨ ਅਤੇ ਕਈ ਦਹਿ-ਕਰੋੜਾਂ ਲੋਕ 20 ਰੁਪਏ ਤੋਂ ਘੱਟ 'ਤੇ ਗੁਜ਼ਾਰਾ ਕਰਦੇ ਹਨ।

ਤੁਸੀਂ ਕਮਿਊਨਿਸਟ, ਪੂੰਜੀਵਾਦੀ, ਗਾਂਧੀਵਾਦੀ, ਹਿੰਦੂਤਵਵਾਦੀ, ਇਸਲਾਮਵਾਦੀ, ਨਾਰੀਵਾਦੀ, ਅੰਬੇਡਕਰਵਾਦੀ ਹੋ ਜਾਂ ਵਾਤਾਵਰਣਵਾਦੀ ਹੋ, ਤੁਸੀਂ ਫਾਰਮਰ, ਕਾਰੋਬਾਰੀ, ਪੱਤਰਕਾਰ, ਲੇਖਕ, ਕਵੀ, ਜਾਂ ਮੂਰਖ ਹੋ, ਚਾਹੇ ਤੁਸੀਂ ਨਿੱਜੀਕਰਨ ਅਤੇ ਨਵੀਂ ਆਰਥਿਕਤਾ 'ਚ ਵਿਸ਼ਵਾਸ ਰੱਖਦੇ ਹੋ-ਕੁਝ ਵੀ ਹੋਵੇ-ਪਿਆਰ ਦੀ ਤਾਂ ਗੱਲ ਛੱਡੋ, ਜੇ ਤੁਹਾਨੂੰ ਇਸ ਮੁਲਕ ਨਾਲ ਭੋਰਾ ਵੀ ਸਰੋਕਾਰ ਜਾਂ ਸਨੇਹ ਹੈ, ਤੁਸੀਂ ਲਾਜ਼ਮੀ ਦੇਖੋਗੇ ਕਿ ਇਹ ਅੱਜ ਪ੍ਰਤੱਖ ਖ਼ਤਰਾ ਹੈ? ਜੇ ਇਹ ਕਾਰਪੋਰੇਸ਼ਨਾਂ ਅਤੇ ਸਿਆਸਤਦਾਨ ਅਸੂਲ ਦੇ ਪੱਕੇ ਇਮਾਨਦਾਰ ਹੋਣ, ਤਾਂ ਵੀ ਇਕ ਮੁਲਕ ਲਈ ਇਹ ਅਜੀਬੋ-ਗਰੀਬ ਹਾਲਤ ਹੈ। ਜਦੋਂ ਤੱਕ ਮੈਗਾ ਕਾਰਪੋਰੇਸ਼ਨਾਂ ਨੂੰ ਕਾਨੂੰਨ ਨਾਲ ਲਗਾਮ ਨਹੀਂ ਪਾਈ ਜਾਂਦੀ ਅਤੇ ਇਨ੍ਹਾਂ ਦੀ ਭੂਮਿਕਾ ਨੂੰ ਸੀਮਤ ਨਹੀਂ ਕੀਤਾ ਜਾਂਦਾ, ਜਦੋਂ ਤੱਕ ਅਜਿਹੀ ਬੇਰੋਕ-ਟੋਕ ਤਾਕਤ (ਜਿਸ ਵਿਚ ਸਿਆਸਤ ਤੇ ਨੀਤੀ ਘਾੜਿਆਂ, ਨਿਆਂ, ਚੋਣਾਂ ਅਤੇ ਖ਼ਬਰਾਂ ਨੂੰ ਖ਼ਰੀਦ ਲੈਣਾ ਸ਼ਾਮਲ ਹੈ) ਦੀਆਂ ਤੁਲਾਂ ਇਨ੍ਹਾਂ ਤੋਂ ਖੋਹ ਨਹੀਂ ਲਈਆਂ ਜਾਂਦੀਆਂ, ਜਦੋਂ ਤੱਕ ਕਾਰੋਬਾਰਾਂ ਦੀ ਆਰ-ਪਾਰ ਮਾਲਕੀ ਨੂੰ ਨਿਯਮਤ ਨਹੀਂ ਕੀਤਾ ਜਾਂਦਾ, ਜਦੋਂ ਤੱਕ ਮੀਡੀਆ ਨੂੰ ਵੱਡੇ ਕਾਰੋਬਾਰੀਆਂ ਦੇ ਮੁਕੰਮਲ ਕੰਟਰੋਲ ਤੋਂ ਮੁਕਤ ਨਹੀਂ ਕਰਾਇਆ ਜਾਂਦਾ, ਅਸੀਂ ਬਰਬਾਦੀ ਦੇ ਮੂੰਹ ਹੀ ਧੱਕੇ ਜਾਵਾਂਗੇ। ਕਿੰਨਾ ਵੀ ਰੌਲਾ-ਰੱਪਾ ਪੈਂਦਾ ਰਹੇ, ਕਿੰਨੀਆਂ ਵੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮਾਂ ਚਲਦੀਆਂ ਰਹਿਣ, ਕਿੰਨੀਆਂ ਵੀ ਚੋਣਾਂ ਹੋਣ ਇਸ ਨੂੰ ਠੱਲ ਨਹੀਂ ਪਾਈ ਜਾ ਸਕਦੀ।

**ਤੁਸੀਂ ਪ੍ਰਬੰਧ ਨੂੰ ਖੋਖਲਾ ਕਿਹਾ ਹੈ। ਇਸ ਸੂਰਤ 'ਚ ਕੀ ਤੁਸੀਂ ਇਸ ਨੂੰ ਘਚੋਲੇ ਵਾਲੀ ਹਾਲਤ ਵਜੋਂ ਦੇਖਦੇ ਹੋ?**

-ਘਚੋਲੇ ਵਾਲੀ ਹਾਲਤ ਕੁੱਵਰ ਲਫਜ਼ ਹੈ। ਜੋ ਕੁਝ ਹੁਣ ਹੋ ਰਿਹਾ ਹੈ, ਇਸ ਨੂੰ ਮੈਂ ਉਸ ਬੇਚੈਨੀ, ਗੁੱਸੇ ਅਤੇ ਮਾਯੂਸੀ ਦਾ ਹਿੱਸਾ ਸਮਝਦੀ ਹਾਂ ਜੋ ਇਸ ਮੁਲਕ ਵਿਚ ਉੱਭਰ ਰਹੇ ਹਨ। ਕਈ ਵਾਰ ਇਸ ਦੇ ਰੌਲੇ-ਗੌਲੇ 'ਚ ਇਸ ਨੂੰ ਸਾਫ ਦੇਖਣਾ ਹੀ ਮੁਸ਼ਕਿਲ ਹੋ ਜਾਂਦਾ ਹੈ, ਪਰ ਜਦੋਂ ਤੱਕ ਅਸੀਂ-ਅਜੀਬ ਖ਼ਿਆਲੀ ਦਿਸ਼ਾਵਾਂ ਵਿਚ ਜਾਣ ਦੀ ਥਾਂ-ਚੀਜ਼ਾਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਝਾਕਦੇ ਹਾਂ ਅਸੀਂ ਦੇਖ ਸਕਦੇ ਹਾਂ ਕਿ ਨਜ਼ਰ ਆ ਰਹੀ ਖ਼ਾਨਾਜੰਗੀ ਛੇਤੀ ਹੀ ਸਾਡੀਆਂ ਦੇਹਲੀਆਂ 'ਤੇ ਦਸਤਕ ਦੇਣ ਜਾ ਰਹੀ ਹੈ ਜੋ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ।

## ਮਨੀਸ਼ਾ ਕੋਇਰਾਲਾ ਨੂੰ ਕੈਂਸਰ

**ਮੁੰਬਈ:** ਉੱਘੀ ਭਿਨੇਤਰੀ ਮਨੀਸ਼ਾ ਕੋਇਰਾਲਾ ਨੂੰ ਕੈਂਸਰ ਦੀ ਬਿਮਾਰੀ ਹੈ। ਸਿਹਤ ਖਰਾਬ ਹੋਣ ਕਰਕੇ ਮਨੀਸ਼ਾ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਜਾਂਚ ਵਿਚ ਪਤਾ ਲੱਗਿਆ ਕਿ ਮਨੀਸ਼ਾ ਕੈਂਸਰ ਦੀ ਬਿਮਾਰੀ ਨਾਲ ਪੀੜਤ ਹੈ। ਮਨੀਸ਼ਾ ਨੇ 1991 ਵਿਚ ਫਿਲਮ 'ਸੌਦਾਗਰ' ਨਾਲ ਬਾਲੀਵੁੱਡ ਵਿਚ ਫਿਲਮੀ ਜੀਵਨ ਦੀ ਸ਼ੁਰੂਆਤ ਕੀਤੀ ਸੀ। 42 ਸਾਲਾ ਮਨੀਸ਼ਾ ਨੇ ਬਾਲੀਵੁੱਡ ਦੀਆਂ ਅਨੇਕਾਂ ਫਿਲਮਾਂ ਵਿਚ ਕੰਮ ਕੀਤਾ। ਹਾਲ ਹੀ ਵਿਚ ਉਸ ਦੀ ਫਿਲਮ 'ਭੂਤ ਰਿਟਰਨ' ਆਈ ਸੀ।

## ਫਲਸਤੀਨ ਬਣਿਆ ਸੰਯੁਕਤ ਰਾਸ਼ਟਰ ਦਾ ਮੈਂਬਰ

**ਸੰਯੁਕਤ ਰਾਸ਼ਟਰ:** ਅਮਰੀਕੀ-ਇਸਰਾਈਲੀ ਵਿਰੋਧ ਦੇ ਬਾਵਜੂਦ ਸੰਯੁਕਤ ਰਾਸ਼ਟਰ ਦੀ ਆਮ ਸਭਾ ਵਿਚ ਪਈਆਂ ਵੋਟਾਂ ਦੌਰਾਨ ਫਲਸਤੀਨ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ। ਸੰਯੁਕਤ ਰਾਸ਼ਟਰ ਵਿਚ ਹੋਈ ਫਲਸਤੀਨ ਦੀ ਜਿੱਤ ਨਾਲ ਅਮਰੀਕਾ ਤੇ ਇਸਰਾਈਲ ਨੂੰ ਭਾਰੀ ਨਮੋਸ਼ੀ ਝੱਲਣੀ ਪਈ ਹੈ ਕਿਉਂਕਿ ਇਹ ਦੋਵੇਂ ਦੇਸ਼ ਫਲਸਤੀਨ ਨੂੰ ਸੰਯੁਕਤ ਰਾਸ਼ਟਰ ਵਿਚ ਮੈਂਬਰੀ ਦੇਣ ਦਾ ਜ਼ਬਰਦਸਤ ਵਿਰੋਧ ਕਰ ਰਹੇ ਸਨ।

ਵਿਸ਼ਵ ਦੀ 193 ਦੇਸ਼ਾਂ ਦੀ ਇਸ ਅਹਿਮ ਸੰਸਥਾ ਵਿਚ ਪਈਆਂ ਵੋਟਾਂ ਦੌਰਾਨ ਭਾਰਤ ਸਮੇਤ 138 ਦੇਸ਼ਾਂ ਨੇ ਫਲਸਤੀਨ ਦੇ ਹੱਕ ਵਿਚ ਵੋਟ ਪਾਈ ਜਦੋਂਕਿ ਅਮਰੀਕਾ ਤੇ ਇਸਰਾਈਲ ਸਮੇਤ ਨੌਂ ਦੇਸ਼ਾਂ ਨੇ ਵਿਰੋਧ ਵਿਚ ਵੋਟ ਪਾਈ ਤੇ 41 ਦੇਸ਼ ਗ਼ੈਰਹਾਜ਼ਰ ਰਹੇ। ਇਸ ਅਹਿਮ ਤੇ ਇਤਿਹਾਸਕ ਮੌਕੇ ਫਲਸਤੀਨ ਦੀ ਅਗਵਾਈ ਦੇਸ਼ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨੇ ਕੀਤੀ। ਫਲਸਤੀਨ ਦੀ ਜਿੱਤ 'ਤੇ ਫਲਸਤੀਨੀ ਵਫ਼ਦ ਨੇ ਹਾਲ ਵਿਚ ਦੇਸ਼ ਦਾ ਝੰਡਾ ਲਹਿਰਾਇਆ ਤੇ ਮੈਂਬਰਾਂ ਨੇ ਇਕ-ਦੂਜੇ ਨੂੰ ਵਧਾਈਆਂ ਦਿੱਤੀਆਂ।

ਵੋਟਾਂ ਪਿੱਛੋਂ ਸੰਬੋਧਨ ਕਰਦਿਆਂ ਸੰਯੁਕਤ ਰਾਸ਼ਟਰ ਵਿਚ ਫਲਸਤੀਨ ਦੇ ਨੁਮਾਇੰਦੇ ਰਿਯਾਧ ਮਨਸੂਰ ਨੇ ਕਿਹਾ ਉਹ ਸੰਯੁਕਤ ਰਾਸ਼ਟਰ ਦੇ ਸਾਹਮਣੇ ਲਹਿਰਾਉਂਦੇ 193 ਦੇਸ਼ਾਂ ਦੇ ਰਾਸ਼ਟਰੀ ਝੰਡਿਆਂ ਦੇ ਵਿਚ ਫਲਸਤੀਨ ਦਾ ਕੌਮੀ ਝੰਡਾ ਝੂਲਦਾ ਦੇਖਣ ਦੀ ਆਸ ਕਰਦੇ ਹਨ। ਵੋਟਾਂ ਤੋਂ ਪਹਿਲਾਂ ਆਮ ਸਭਾ ਨੂੰ ਸੰਬੋਧਨ ਕਰਦਿਆਂ ਫਲਸਤੀਨ ਦੇ ਅਧਿਕਾਰਤ ਰਾਸ਼ਟਰਪਤੀ ਮਹਿਮੂਦ ਅੱਬਾਸ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਸੰਯੁਕਤ ਰਾਸ਼ਟਰ ਵਿਚ ਉਦੋਂ ਵੋਟਾਂ ਲਈ ਆਇਆ ਹੈ ਜਦੋਂ ਤਾਜ਼ਾ ਇਸਰਾਈਲੀ ਹਮਲੇ ਨਾਲ ਉਸ ਦੇ ਜ਼ਖ਼ਮ ਰਿਸ ਰਹੇ ਹਨ। ਇਹ ਵੋਟਾਂ ਉਸ ਦਿਨ ਹੀ ਪਈਆਂ ਜਿਸ ਦਿਨ ਸੰਯੁਕਤ ਰਾਸ਼ਟਰ ਫਲਸਤੀਨੀਆਂ ਦੇ ਨਾਲ ਇਕਮੁੱਠਤਾ ਦਿਖਾਉਣ ਲਈ ਸਾਲਾਨਾ ਦਿਹਾੜਾ ਮਨਾਉਂਦਾ ਹੈ।

# ਪੈਰਿਸ ਦਾ ਜਲ੍ਹਿਆਂਵਾਲਾ ਬਾਗ਼

*ਸਤਨਾਮ ਨੇ ਬਹੁ-ਚਰਚਿਤ ਕਿਤਾਬ 'ਜੰਗਲਨਾਮਾ' ਲਿਖੀ ਹੈ ਜਿਸ ਵਿਚ ਭਾਰਤ 'ਚ ਇਨਕਲਾਬ ਲਈ ਜੂਝ ਰਹੇ ਮਾਓਵਾਦੀਆਂ ਦੇ ਅਸਰ ਵਾਲੇ ਇਲਾਕਿਆਂ ਅਤੇ ਉਨ੍ਹਾਂ ਦੀ ਸਿਆਸਤ ਦਾ ਭਰਪੂਰ ਜ਼ਿਕਰ ਹੈ। ਇਹ ਕਿਤਾਬ ਅੰਗਰੇਜ਼ੀ ਸਣੇ ਕਈ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਹੈ। ਹੁਣ ਉਹ ਇਸ ਕਿਤਾਬ ਦਾ ਦੂਜਾ ਭਾਗ ਲਿਖਣ ਵਿਚ ਮਸਰੂਫ ਹਨ।*



ਸਤਨਾਮ

ਬਸਤੀਵਾਦੀ ਜਰਵਾਣਿਆਂ ਨੇ ਦੁਨੀਆ ਵਿਚ ਬਹੁਤ ਕਤਲੇਆਮ ਮਚਾਏ ਹਨ। ਹਿੰਦੋਸਤਾਨ, ਵੀਅਤਨਾਮ, ਚੀਨ, ਮਲੇਸ਼ੀਆ, ਮਿਸਰ, ਅਲਜੀਰੀਆ, ਦੱਖਣੀ ਅਮਰੀਕਾ, ਪਨਾਮਾ, ਪੀਰੂ, ਅਰਜਨਟਾਈਨਾ, ਕਾਂਗੋ। ਦੁਨੀਆ ਦੇ ਕਿਸੇ ਵੀ ਪੱਛੜੇ, ਦੱਬੇ-ਕੁਚਲੇ ਦੇਸ਼ ਵਿਚ ਜਾਓ, ਹਰ ਥਾਂ ਲਹੂ ਨਾਲ ਲਬਰੇਜ਼ ਬਾਜ਼ਾਰ, ਚੌਰਾਹੇ ਤੇ ਜੰਗਲ ਮਿਲਣਗੇ। ਲੋਕ ਜਦੋਂ ਕਹਾਣੀਆਂ ਸੁਣਾਉਂਦੇ ਹਨ ਤਾਂ ਕਹਿੰਦੇ ਹਨ ਕਿ ਅੱਜ ਤੱਕ ਉਹ ਧਰਤੀ ਉਸ ਸਮੇਂ ਦੇ ਡੁੱਲ੍ਹੇ ਖ਼ੂਨ ਨਾਲ ਲਾਲ ਹੈ। ਜਲ੍ਹਿਆਂਵਾਲਾ ਬਾਗ਼ ਹਿੰਦੋਸਤਾਨੀਆਂ ਦੇ ਜ਼ਿਹਨ ਵਿਚ ਡੂੰਘਾ ਉੱਕਰਿਆ ਹੋਇਆ ਹੈ ਜਿਹੜਾ ਗੋਰਿਆਂ ਦੇ ਜ਼ੁਲਮਾਂ ਦੀ ਦਾਸਤਾਨ ਬਿਆਨ ਕਰਦਾ ਹੈ। ਉੱਤਰੀ ਅਫ਼ਰੀਕਾ ਦਾ ਦੇਸ਼ ਅਲਜੀਰੀਆ ਜਿਹੜਾ 132 ਸਾਲ ਗ਼ੁਲਾਮ ਰਿਹਾ ਤੇ ਜਿਸ ਨੇ 8 ਸਾਲ ਲੰਬੀ ਆਜ਼ਾਦੀ ਦੀ ਲੜਾਈ ਲੜੀ, ਉਸ ਦੇ 10 ਲੱਖ ਦੇ ਕਰੀਬ ਲੋਕਾਂ ਨੂੰ ਫਰਾਂਸੀਸੀ ਵਹਿਸ਼ੀ ਹਾਕਮਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਦੋਂ ਦੁਨੀਆ ਵਿਚ ਬਹੁਤ ਹੋ ਹੱਲਾ ਮਚਿਆ ਸੀ ਜਿਵੇਂ ਵੀਅਤਨਾਮ ਦੀ ਅਮਰੀਕੀ ਜੰਗ ਬਾਰੇ ਮਚਿਆ ਸੀ। ਫਰਾਂਸ ਨੇ ਕਦੇ ਨਹੀਂ ਮੰਨਿਆ ਕਿ ਉਸ ਦੀਆਂ ਫ਼ੌਜਾਂ ਨੇ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਹੁਣੇ ਹੁਣੇ ਫਰਾਂਸ ਦੇ ਪ੍ਰਧਾਨ ਨੇ ਇਕ ਗੁਨਾਹ ਤਸਲੀਮ ਕੀਤਾ ਹੈ ਕਿ ਫਰਾਂਸੀਸੀ ਪੁਲਿਸ ਨੇ 17 ਅਕਤੂਬਰ 1961 ਨੂੰ ਜਦੋਂ ਅਲਜੀਰੀਆ ਵਿਚ ਆਜ਼ਾਦੀ ਦੀ ਜੰਗ ਸਿਖ਼ਰ ਉਤੇ ਪਹੁੰਚੀ ਹੋਈ ਸੀ ਤੇ ਫਰਾਂਸ ਦੀ ਹਾਰ ਸਾਫ਼ ਨਜ਼ਰ ਆ ਰਹੀ ਸੀ, ਸੈਂਕੜੇ ਅਲਜੀਰੀਆਨਾਂ ਨੂੰ ਪੈਰਿਸ ਦੀਆਂ ਗਲੀਆਂ ਬਾਜ਼ਾਰਾਂ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਸੀ, ਹਜ਼ਾਰਾਂ ਨੂੰ ਫੜ ਲਿਆ ਸੀ ਤੇ ਥਾਣਿਆਂ ਵਿਚ ਤਸੀਹੇ ਦੇ ਦੇ ਕੇ ਕਤਲ ਕਰ ਦਿੱਤਾ ਸੀ। ਬਹੁਤ ਸਾਰੇ ਲੋਕਾਂ ਦੇ ਹੱਥ ਪੈਰ ਬੰਨ੍ਹ ਕੇ ਪੈਰਿਸ ਵਿਚੋਂ ਲੰਘਦੇ ਸੀਅਨ ਦਰਿਆ ਵਿਚ ਜਿਉਂਦਿਆਂ ਸੁੱਟ ਦਿੱਤਾ ਸੀ। ਪ੍ਰਧਾਨ ਫਰਾਂਕਵਾਜ਼ ਓਲਾਂਦ ਨੇ ਸਿਰਫ਼ ਇੰਨਾ ਹੀ ਮੰਨਿਆ ਕਿ ਉਸ ਦਿਨ ਪੈਰਿਸ 'ਚ ਰਹਿੰਦੇ ਅਲਜੀਰੀਆਈ ਬਾਸ਼ਿੰਦਿਆਂ ਦਾ ਕਤਲੇਆਮ ਹੋਇਆ ਤੇ ਕਿਹਾ ਕਿ ਉਹ ਉਨ੍ਹਾਂ ਲੋਕਾਂ ਨੂੰ ਸ਼ਰਧਾਂਜਲੀ ਦੇਵੇਗਾ।

51 ਸਾਲ ਹੋ ਗਏ ਪੈਰਿਸ ਦਾ ਸਾਕਾ ਵਾਪਰੇ ਨੂੰ। ਅਗਲੇ ਦਿਨ ਦੀ ਕਿਸੇ ਇਕ ਖੱਬੇਪੱਖੀ ਅਖ਼ਬਾਰ ਨੇ ਰਿਪੋਰਟ ਕੀਤਾ ਕਿ ਦੋ ਲੋਕ ਮਾਰੇ ਗਏ ਤੇ ਅਨੇਕਾਂ ਫੱਟੜ ਹੋਏ। ਬਾਕੀ ਸਾਰਾ ਮੀਡੀਆ ਚੁੱਪ ਰਿਹਾ। ਫਰਾਂਸ ਵਿਚ ਸਾਲਾਂ ਤੱਕ ਇਸ ਸਾਕੇ ਦਾ ਜ਼ਿਕਰ ਨਹੀਂ ਹੋਣ ਦਿੱਤਾ ਗਿਆ, ਨਾ ਹੀ ਉਹ ਇੱਕਾ ਦੁੱਕਾ ਫੋਟੋਆਂ ਛਪਣ ਦਿੱਤੀਆਂ ਗਈਆਂ ਜੋ ਪੱਤਰਕਾਰਾਂ ਨੇ ਮੌਕੇ 'ਤੇ ਖਿੱਚੀਆਂ ਸਨ। ਉਸ ਸਮੇਂ ਦੇ ਦਸਤਾਵੇਜ਼ਾਂ ਨੂੰ ਕਿਸੇ ਇਤਿਹਾਸਕਾਰ ਨੂੰ ਦੇਖਣ ਨਹੀਂ ਦਿੱਤਾ ਗਿਆ, ਨਾ ਹੀ ਪੁਲਿਸ ਦੀਆਂ ਫਾਈਲਾਂ ਤੱਕ ਕਿਸੇ ਦੀ ਪਹੁੰਚ ਹੋਣ ਦਿੱਤੀ ਗਈ। ਉਸ ਸਮੇਂ ਦਾ ਫਰਾਂਸ ਦਾ ਪ੍ਰਧਾਨ ਸੀ ਡੀ ਗਾਲ ਜਿਸ ਨੂੰ ਦੂਜੀ ਸੰਸਾਰ ਜੰਗ ਦਾ ਫਰਾਂਸੀਸੀ ਨਾਇਕ ਮੰਨਿਆ ਜਾਂਦਾ ਹੈ, ਉਸ ਨੇ ਪੈਰਿਸ ਦੇ ਸਾਕੇ ਦਾ ਕਿਤੇ ਥੇਹ, ਨਿਸ਼ਾਨ ਜਾਂ ਜ਼ਿਕਰ ਨਹੀਂ ਰਹਿਣ ਦਿੱਤਾ। ਉਸ ਸਮੇਂ ਦਾ ਪੁਲਿਸ ਮੁਖੀ ਪੈਪਨ ਬਾਅਦ ਵਿਚ ਵੀਹ ਸਾਲ ਫਰਾਂਸੀਸੀ ਸਰਕਾਰ ਦਾ ਵੱਖ-ਵੱਖ ਮਹਿਕਮਿਆਂ ਵਿਚ ਅਧਿਕਾਰੀ ਰਿਹਾ। ਕਿਸੇ ਨੇ ਉਸ ਉਤੇ ਉਂਗਲ ਨਹੀਂ ਉਠਾਈ। 1983 ਵਿਚ ਪੈਪਨ ਬਾਰੇ ਕਿਸੇ ਇਤਿਹਾਸਕਾਰ ਨੇ ਇਹ ਤੱਥ ਬਾਹਰ ਲਿਆਂਦਾ ਕਿ ਜਦੋਂ ਦੂਜੀ ਜੰਗ ਦੌਰਾਨ ਫਰਾਂਸ ਉਤੇ ਨਾਜ਼ੀ ਜਰਮਨੀ ਦਾ ਕਬਜ਼ਾ ਸੀ ਤਾਂ ਉਸ ਨੇ ਪੈਰਿਸ ਦੇ 1600 ਤੋਂ ਵੱਧ ਯਹੂਦੀਆਂ ਨੂੰ ਨਾਜ਼ੀ ਫ਼ੌਜਾਂ ਦੇ ਪੈਰਿਸ ਨੇੜਲੇ ਤਸੀਹਾ ਕੈਂਪ ਵਿਚ ਭੇਜਿਆ ਸੀ, ਪਰ ਫਰਾਂਸ ਵਿਚ 14 ਸਾਲ ਤਕ ਉਸ ਉੱਤੇ ਕੋਈ ਮੁਕੱਦਮਾ ਨਹੀਂ ਚੱਲਿਆ। ਆਖ਼ਰ 1997 ਵਿਚ ਉਸ ਨੂੰ ਯਹੂਦੀਆਂ ਦੀਆਂ ਜ਼ਿੰਦਗੀਆਂ ਨਾਲ ਹੋਲੀ ਖੇਡਣ ਦਾ ਦੋਸ਼ੀ ਠਹਿਰਾਇਆ ਗਿਆ ਪਰ ਫਰਾਂਸ ਦੀ ਹਕੂਮਤ ਨੇ ਇਹ ਨਹੀਂ ਮੰਨਿਆ ਕਿ 1961 ਵਿਚ ਪੈਪਨ ਨੇ ਜਨਰਲ ਡੀ ਗਾਲ ਸਮੇਂ ਅਲਜੀਰੀਅਨਾਂ ਦੇ ਖ਼ੂਨ ਦੀ ਵੀ ਹੋਲੀ ਖੇਡੀ ਸੀ। ਡੀ ਗਾਲ, ਪੈਪਨ ਨੂੰ ਪਸੰਦ ਕਰਦਾ ਸੀ; ਸੋ ਪੈਪਨ ਨੂੰ ਕਟਹਿਰੇ 'ਚ ਖੜ੍ਹਾ ਕਰਨਾ ਆਸਾਨ ਨਹੀਂ ਸੀ, ਸਗੋਂ ਇਹ ਅਸੰਭਵ ਹੀ ਸਾਬਤ ਹੋਇਆ।

ਫਰਾਂਸ ਦੀ ਹਕੂਮਤ ਨੇ 2001 ਵਿਚ ਜਾ ਕੇ ਮੰਨਿਆ ਕਿ 1961 ਅਕਤੂਬਰ ਵਿਚ ਪੈਰਿਸ ਵਿਚ ਅਲਜੀਰੀਅਨ ਲੋਕਾਂ ਨੂੰ ਕਤਲ ਕੀਤਾ ਗਿਆ ਸੀ ਪਰ ਇਸ ਬਾਰੇ ਹੋਰ ਕੁਝ ਨਹੀਂ ਕਿਹਾ ਕਿ



ਕਿੰਨੇ ਲੋਕ ਮਾਰੇ ਗਏ ਸਨ ਜਾਂ ਉਨ੍ਹਾਂ ਨਾਲ ਕੀ ਵਾਪਰਿਆ। ਇਤਿਹਾਸਕਾਰ ਕਹਿੰਦੇ ਹਨ ਕਿ 200 ਤੋਂ ਵੱਧ ਲੋਕ ਮਰੇ ਸਨ। ਅਲਜੀਰੀਆ ਦੇ ਕੌਮੀ ਮੁਕਤੀ ਫਰੰਟ (ਐਫ.ਐਨ.ਐਲ) ਦਾ ਕਹਿਣਾ ਸੀ ਕਿ 300 ਤੋਂ ਵੱਧ ਲੋਕਾਂ ਦਾ ਕਤਲੇਆਮ ਕੀਤਾ ਗਿਆ।

ਹਕੀਕਤਾਂ ਨੂੰ ਛੁਪਾਉਣਾ ਹਕੂਮਤਾਂ ਦਾ ਪੁਰਾਣਾ ਧੰਦਾ ਹੈ। ਜੱਲ੍ਹਿਆਂਵਾਲੇ ਬਾਗ਼ ਬਾਰੇ ਗੋਰੀ ਹਕੂਮਤ ਕਦ ਮੰਨੀ ਸੀ ਕਿ ਉਸ ਨੇ ਕਿੰਨੇ ਲੋਕ ਮਾਰੇ ਸਨ। ਫਰਾਂਕਵਾਜ਼ ਓਲਾਂਦ ਨੇ 50 ਸਾਲ ਬਾਅਦ ਸਿਰਫ਼ ਮੰਨਿਆ ਹੀ ਹੈ ਕਿ ਪੈਰਿਸ ਦਾ ਸਾਕਾ ਵਾਪਰਿਆ ਸੀ, ਮੁਆਫ਼ੀ ਨਹੀਂ ਮੰਗੀ। ਉਸ ਨੇ ਦਸੰਬਰ ਮਹੀਨੇ ਅਲਜੀਰੀਆ ਜਾਣਾ ਹੈ ਤੇ ਗੱਲਬਾਤ ਦਾ ਮਾਹੌਲ ਸੁਖਾਵਾਂ ਕਰਨ ਲਈ ਉਸ ਨੇ ਇਹ ਸਾਕਾ ਤਸਲੀਮ ਕੀਤਾ ਹੈ। ਨਵੀਆਂ ਸਾਮਰਾਜੀ ਜ਼ਰੂਰਤਾਂ ਕਾਰਨ ਫਰਾਂਸ ਆਪਣੀਆਂ ਪੁਰਾਣੀਆਂ ਬਸਤੀਆਂ ਨਾਲ ਮੁੜ ਤੋਂ ਨੇੜਲਾ ਰਿਸ਼ਤਾ ਚਾਹੁੰਦਾ ਹੈ। ਹਾਲ ਦੇ ਸਾਲਾਂ ਵਿਚ ਇਸ ਨੇ ਸਿਆਰਾ ਲਿਓਨ ਵਿਚ ਫ਼ੌਜਾਂ ਭੇਜੀਆਂ ਹਨ ਤਾਂ ਕਿ ਉਥੇ ਆਪਣੇ ਪੱਖੀ ਹਕੂਮਤ ਕਾਇਮ ਕਰ ਸਕੇ। ਫਰਾਂਸ ਦਾ ਸਾਬਕਾ ਪ੍ਰਧਾਨ ਸਰਕੋਜ਼ੀ ਫਰਾਂਸ ਦੀ ਪੁਰਾਣੀ ਬਸਤੀ ਸੈਨੇਗਾਲ ਨਾਲ ਮੁੜ ਤੋਂ ਰਿਸ਼ਤੇ ਪਰਪੱਕ ਕਰਨ ਲਈ 2007 ਵਿਚ ਉਥੇ ਗਿਆ ਸੀ। ਉਸ ਨੇ ਕੋਈ ਆਪਾ-ਪੜਚੋਲ ਨਹੀਂ ਕੀਤੀ, ਸਗੋਂ ਇਹ ਕਿਹਾ ਕਿ "ਜੇ ਅਸੀਂ ਕੁਝ ਲਿਆ ਹੈ ਤਾਂ ਦਿੱਤਾ ਵੀ ਹੈ"; ਯਾਨੀ, ਬਸਤੀ ਸੈਨੇਗਾਲ ਅਤੇ ਬਸਤੀਵਾਦੀ ਫਰਾਂਸ ਦਾ ਲੈਣ-ਦੇਣ ਬਰਾਬਰ ਰਿਹਾ, ਕਿਸੇ ਨੇ ਕਿਸੇ ਨਾਲ ਧੱਕਾ ਨਹੀਂ ਕੀਤਾ!

ਫਰਾਂਸ ਨੇ ਵੀਅਤਨਾਮੀ ਕੌਮੀ ਮੁਕਤੀ ਫ਼ੌਜਾਂ ਹੱਥੋਂ ਡਿਨ ਬਿਨ ਫੂ ਵਿਚ ਮਾਤ ਖਾਧੀ ਅਤੇ ਦੁੰਮ ਦਬਾ ਕੇ ਨਿਕਲ ਆਇਆ। ਅਲਜਾਇਰਜ਼ ਦੀ ਜੰਗ ਵਿਚ ਅਲਜੇਰੀਅਨ ਕੌਮੀ ਮੁਕਤੀ ਯੋਧਿਆਂ ਤੋਂ ਹਾਰ ਖਾਧੀ। ਅਲਜੀਰੀਆ ਨਾਲ ਪੰਜਾਹ ਸਾਲ ਬਾਅਦ ਵੀ ਬਾਕਾਇਦਾ ਰਿਸ਼ਤੇ ਸਥਾਪਤ ਨਹੀਂ ਹੋ ਸਕੇ।

ਦੁਨੀਆ ਦੇ ਨਵੇਂ ਹਾਲਾਤ ਵਿਚ ਪੁਰਾਣੇ ਖਿਡਾਰੀ ਫਿਰ ਸਿਰ ਉਠਾ ਰਹੇ ਹਨ। ਇਟਲੀ, ਲਿਬੀਆ ਉੱਤੇ ਫਿਰ ਕਬਜ਼ੇ ਵਾਸਤੇ ਤਰਲੋਮੱਛੀ ਹੁੰਦਾ ਰਿਹਾ ਪਰ ਅਮਰੀਕਾ ਨੇ ਉੱਤੋਂ ਦੀ ਹੱਥ ਪਾ ਲਿਆ ਤੇ ਗੱਦਾਫ਼ੀ ਦਾ ਰਾਜ ਤਬਾਹ ਕਰ ਦਿੱਤਾ। ਫਰਾਂਸ ਹੁਣ ਸੀਰੀਆ ਦੀ ਬਾਜ਼ੀ ਆਪਣੇ ਹੱਥ ਲੈਣਾ ਚਾਹੁੰਦਾ ਹੈ ਪਰ ਦੁਨੀਆ ਦੀ ਸਭ ਤੋਂ ਵੱਡੀ ਤਾਕਤ ਅਮਰੀਕਾ ਖੇਡ ਆਪਣੇ ਹੱਥ ਰੱਖਣਾ ਚਾਹੁੰਦੀ ਹੈ। ਕੌਮਾਂਤਰੀ ਪਿੜ ਅੰਦਰ ਯੌਸਗਿਰੀ ਲਈ ਉਹ ਇਰਾਕ ਤੇ ਅਫ਼ਗਾਨਿਸਤਾਨ ਉੱਤੇ ਹਮਲੇ ਦੇ ਸਮੇਂ ਨਾਲੋਂ ਵੀ ਵਧੇਰੇ ਸਰਗਰਮ ਹੋਏ ਹਨ। ਓਲਾਂਦ ਦਾ ਬਿਆਨ ਇਸੇ ਪ੍ਰਸੰਗ ਵਿਚ ਦੇਖਿਆ ਜਾਣਾ ਚਾਹੀਦਾ ਹੈ। ਓਲਾਂਦ ਦੀ ਪਾਰਟੀ ਸੋਸ਼ਲਿਸਟ ਹੈ ਪਰ ਫਰਾਂਸਿਸੀ ਸਾਮਰਾਜ ਦੀ ਨੁਮਾਇੰਦਗੀ ਕਰਦੀ ਹੈ। ਉਹ ਨਾ ਬੀਤੇ ਦੇ ਫਰਾਂਸੀਸੀ ਵਤੀਰੇ ਤੋਂ ਮੁਕੰਮਲ ਤੋੜ-ਵਿਛੋੜਾ ਚਾਹੁੰਦੀ ਹੈ, ਨਾ ਹੀ ਦੁਨੀਆ ਦੇ ਗ਼ਰੀਬ ਮੁਲਕਾਂ ਨਾਲ ਬਰਾਬਰੀ ਦਾ ਵਿਹਾਰ ਕਰ ਸਕਦੀ ਹੈ। ਓਲਾਂਦ ਦੇ ਬਿਆਨ ਨੂੰ ਫਰਾਂਸ ਦੀ ਕੌਮਪ੍ਰਸਤ (ਫਾਸ਼ਿਸਟ) ਪਾਰਟੀ ਨੈਸ਼ਨਲ ਫਰੰਟ ਨੇ ਇੰਨਾ ਮੰਨਣ ਉੱਤੇ ਵੀ ਫਿਟਕਾਰ ਪਾਈ ਹੈ ਕਿ ਅਲਜੀਰੀਅਨਾਂ ਦਾ ਕਤਲੇਆਮ ਹੋਇਆ ਸੀ! ਲੇ ਪੈੱਨ ਦਾ ਨੈਸ਼ਨਲ ਫਰੰਟ ਫਰਾਂਸ ਦੀ ਬੀਤੇ ਦੀ ਕਿਸੇ ਵੀ ਗ਼ਲਤੀ ਨੂੰ ਤਸਲੀਮ ਕਰਨ ਦੇ ਹੱਕ 'ਚ ਨਹੀਂ। ਉਹ ਕਹਿੰਦੇ ਹਨ ਕਿ ਫਰੈਂਚ ਗਣਰਾਜ, ਇਸ ਦੀ ਪੁਲਿਸ, ਇਸ ਦੀਆਂ ਫ਼ੌਜਾਂ ਦੇ ਖ਼ਿਲਾਫ਼ ਕੋਈ ਵੀ ਨੁਕਤਾਚੀਨੀ ਬੁਰੀ ਗੱਲ ਹੈ।


ਨਾ-ਇਨਸਾਫ਼ੀ ਤੇ ਜਬਰ ਜ਼ੁਲਮ ਉੱਤੇ ਟਿਕੀ ਇਸ ਦੁਨੀਆ ਵਿਚ ਹਾਕਮ ਹਰ ਥਾਂ ਇਕੋ ਜਿਹੇ ਹਨ। ਦੂਜੀ ਸੰਸਾਰ ਜੰਗ ਵਿਚ ਯੂਰਪ ਵਿਚ ਯਹੂਦੀਆਂ ਦਾ ਸ਼ਿਕਾਰ, ਅਮਰੀਕਾ ਵਿਚ ਜਪਾਨੀਆਂ ਦੀ ਫੜੋ-ਫੜਾਈ, ਅੱਜ ਦੁਨੀਆ ਭਰ ਵਿਚ ਮੁਸਲਮਾਨਾਂ ਦਾ ਸ਼ਿਕਾਰ-ਪਿੱਛਾ, ਹਿੰਦੋਸਤਾਨ ਵਿਚ ਕਸ਼ਮੀਰੀਆਂ, ਸਿੱਖਾਂ ਤੇ ਇਸਾਈਆਂ ਦੀ ਦੁਰਗਤੀ, ਪਾਕਿਸਤਾਨ ਵਿਚ ਹਿੰਦੂਆਂ, ਸਿੱਖਾਂ ਤੇ ਇਸਾਈਆਂ 'ਤੇ ਜ਼ੁਲਮ ਹਾਕਮ ਜਬਰ ਦੀ ਹਨੇਰੀ ਝੁਲਾਉਂਦੇ ਹਨ ਤੇ ਉਫ਼ ਤੱਕ ਨਹੀਂ ਕਰਦੇ।

ਕਿਸੇ ਅਮਰੀਕੀ ਹਾਕਮ ਨੇ ਅੱਜ ਤੱਕ ਹੀਰੋਸ਼ੀਮਾ ਤੇ ਨਾਗਾਸਾਕੀ ਨੂੰ ਐਟਮ ਬੰਬ ਨਾਲ ਮਲੀਆਮੇਟ ਕਰਨ ਬਾਰੇ ਨਾ ਗਿਲਾਨੀ ਜ਼ਾਹਿਰ ਕੀਤੀ ਹੈ, ਨਾ ਮੁਆਫ਼ੀ ਮੰਗੀ ਹੈ; 20 ਲੱਖ ਵੀਅਤਨਾਮੀਆਂ ਦੇ ਕਤਲ ਬਾਰੇ ਅਮਰੀਕਾ ਨੇ ਹਮੇਸ਼ਾਂ ਚੁੱਪ ਵੱਟ ਰੱਖੀ ਹੈ। ਅਮਰੀਕਾ ਤੇ ਆਸਟਰੇਲੀਆ ਵਿਚ ਆਦਿਵਾਸੀਆਂ ਦੇ ਲੱਖਾਂ ਦੀ ਗਿਣਤੀ ਵਿਚ ਹੋਏ ਕਤਲੇਆਮ ਤੇ ਅਫ਼ਰੀਕਾ ਦੇ ਕਾਲੇ ਲੋਕਾਂ ਨੂੰ ਸੱਭਿਅਤਾ ਸਿਖਾਉਣ ਦੇ ਨਾਂ ਹੇਠ ਮਾਰਨ ਤੇ ਗ਼ੁਲਾਮ ਬਣਾ ਦੇਣ ਦੇ ਕਾਲੇ ਇਤਿਹਾਸ ਦੇ ਰਚਨਹਾਰੇ ਆਪਣੇ ਕੁਕਰਮ ਨਵੇਂ ਤੌਰ ਤਰੀਕਿਆਂ ਨਾਲ ਜਾਰੀ ਰੱਖ ਰਹੇ ਹਨ। ਇਹ ਮੁਆਫ਼ੀ ਨਹੀਂ ਮੰਗਦੇ। ਇਸ ਲਈ ਇਹ ਮੁਆਫ਼ ਕੀਤੇ ਜਾਣ ਦੇ ਹੱਕਦਾਰ ਵੀ ਨਹੀਂ।

# ਦਿੱਲੀ ਵਿਚਲੇ ਚੋਰਾਂ ਦੀ ਸਕੀਰੀ ਬਾਰੇ ਖਬਰਦਾਰ !

***ਸਵਾਲ ਕਿਸੇ ਕੇਜਰੀਵਾਲ ਦਾ ਨਹੀਂ, ਉਸ ਦੀਆਂ ਖਾਹਿਸ਼ਾਂ ਜਿੰਨੀਆਂ ਵੀ ਵੱਡੀਆਂ ਸਮਝੀਆਂ ਜਾਣ, ਜਦੋਂ ਉਹ ਲੋਕਾਂ ਵਿਚ ਜਾਵੇਗਾ ਤਾਂ ਸਮਝ ਜਾਵੇਗਾ ਕਿ ਉਹ ਹੁਣ ਵੋਟਾਂ ਪਾਉਣ ਵੇਲੇ ਲੋਕ-ਤੰਤਰ ਦੀ ਦੇਵੀ ਵੱਲ ਸ਼ਰਧਾ ਪ੍ਰਗਟ ਕਰਨ ਨਾਲੋਂ ਹੋਰ ਗਿਣਤੀਆਂ-ਮਿਣਤੀਆਂ ਵੱਧ ਕਰਨ ਲੱਗ ਪਏ ਹਨ। ਉਸ ਬੰਦੇ ਦੀ ਹਸਤੀ ਤੋਂ ਵੱਡਾ ਸਵਾਲ ਇਹ ਹੈ ਕਿ ਉਸ ਨੇ ਜਿਹੜੇ ਖੁਲਾਸੇ ਕੀਤੇ, ਉਨ੍ਹਾਂ ਦਾ ਕੀ ਬਣਿਆ? ਜਿਨ੍ਹਾਂ ਲੋਕਾਂ ਦੇ ਉਸ ਨੇ ਦਸਤਾਵੇਜ਼ ਪੇਸ਼ ਕੀਤੇ ਸਨ ਕਿ ਇਨ੍ਹਾਂ ਦਾ ਕਾਲਾ ਪੈਸਾ ਸਵਿਟਜ਼ਰਲੈਂਡ ਵਿਚ ਹੈ, ਉਨ੍ਹਾਂ ਵਿਚੋਂ ਕਿਸੇ ਇੱਕ ਨੇ ਵੀ ਉਸ ਦੇ ਖਿਲਾਫ ਤੋਹਮਤ ਲਾਉਣ ਦਾ ਕੇਸ ਦਰਜ ਕਿਉਂ ਨਹੀਂ ਕਰਵਾਇਆ ਤੇ ਚਿੱਟੇ ਕਾਗਜ਼ ਉੱਤੇ ਚਿੱਟੇ ਝੂਠ ਦਾ ਬਿਹਤਰੀਨ ਨਮੂਨਾ ਪੇਸ਼ ਕਰਦੇ ਖੰਡਨ ਜਾਰੀ ਕਰ ਕੇ ਚੁੱਪ ਕਿਉਂ ਹੋ ਗਏ? ਕਿਸੇ ਨੇ ਉਨ੍ਹਾਂ ਨੂੰ ਇਸ ਦਾ ਕਾਰਨ ਕਿਉਂ ਨਹੀਂ ਪੁੱਛਿਆ? ਕੀ ਇਸ ਲਈ ਕਿ ਜਿਨ੍ਹਾਂ ਬਾਰੇ ਇਹ ਸਬੂਤ ਪੇਸ਼ ਕੀਤੇ ਗਏ, ਉਨ੍ਹਾਂ ਦਾ ਦਿੱਤਾ ਖਾਣ ਵਾਲੇ ਮੈਂਬਰ ਹਕੂਮਤੀ ਬੈਂਚਾਂ ਉੱਤੇ ਵੀ ਹਨ ਅਤੇ ਵਿਰੋਧੀ ਬੈਂਚਾਂ ਵਾਲਿਆਂ ਵਿਚ ਵੀ? ਦੇਸ਼ ਦੇ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਇਸ ਚੁੱਪ ਦੇ ਪਿੱਛੇ ਉਨ੍ਹਾਂ ਦੀ ਮਜਬੂਰੀ ਕੀ ਹੈ? ਬਿਰਲੇ ਘਰਾਣੇ ਦੇ ਆਦਿਤਿਆ ਬਿਰਲਾ ਦਾ ਨਾਂ ਇਨ੍ਹਾਂ ਖੁਲਾਸਿਆਂ ਵਿਚ ਸ਼ਾਮਲ ਸੀ, ਜੈੱਟ ਏਅਰਵੇਜ਼ ਦੇ ਮਾਲਕ ਦਾ ਵੀ ਤੇ ਰਿਲਾਇੰਸ ਵਾਲੇ ਦੋਵੇਂ ਭਰਾਵਾਂ ਦੇ ਨਾਲ ਉਨ੍ਹਾਂ ਦੇ ਮਾਈ-ਬਾਪ ਦਾ ਵੀ, ਪਰ ਦੇਸ਼ ਦੀ ਪਾਰਲੀਮੈਂਟ ਵਿਚ ਇਨ੍ਹਾਂ ਵਿਚੋਂ ਕਿਸੇ ਬਾਰੇ ਵੀ ਰੌਲਾ ਨਹੀਂ ਪਿਆ ਕਿ ਇਨ੍ਹਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।***

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਿਰਤ ਕਰ ਕੇ ਖਾਣ ਵਾਲੇ ਇੱਕ ਬੰਦੇ ਦਾ ਨਾਂ ਸੀ ਬਿਸਮਿਲ ਫਰੀਦਕੋਟੀ। ਉਸ ਨੇ ਇੱਕ ਰੁਬਾਈ ਲਿਖੀ ਸੀ ਜਿਸ ਦੇ ਸ਼ਬਦ ਕੁਝ ਅੱਗੇ-ਪਿੱਛੇ ਹੋ ਸਕਦੇ ਹਨ, ਪਰ ਸਮੁੱਚੇ ਰੂਪ ਵਿਚ ਉਹ ਕੁਝ ਇਸ ਤਰ੍ਹਾਂ ਸੀ:


ਚੋਰਾਂ ਦੀ ਸਕੀਰੀ ਅਤੇ ਡਾਕੂ ਦੀ ਨਸਲ।
ਹਿਟਲਰ ਜਿਹੇ ਜੰਗਬਾਜ਼ ਲੜਾਕੂ ਦੀ ਨਸਲ।
ਹੁਸ਼ਿਆਰ ਐ ਬਿਸਮਿਲ, ਬਾਕੀ ਹੈ ਹਾਲੇ,
ਚੰਗੇਜ਼ ਦੀ ਔਲਾਦ, ਹਲਾਕੂ ਦੀ ਨਸਲ।

ਇਸ ਦੀ ਦੂਜੀ ਅਤੇ ਚੌਥੀ ਸਤਰ ਨੂੰ ਸਮਝਣਾ ਹੋਵੇ ਤਾਂ ਅਮਰੀਕਾ ਦੇ ਹੁਕਮਰਾਨ ਦੀ ਜੰਗਬਾਜ਼ ਮਾਨਸਿਕਤਾ ਦੀ ਘੋਖ ਕੀਤਿਆਂ ਸਮਝ ਆ ਜਾਵੇਗੀ, ਪਰ ਪਹਿਲੀ ਸਤਰ ਦੇ ਅਰਥ ਸਮਝਣ ਲਈ ਦਿੱਲੀ ਵੱਲ ਦੇਖਣਾ ਪਵੇਗਾ।

ਦਿੱਲੀ ਭਾਰਤ ਦਾ ਦਿਲ ਨਹੀਂ ਬਣ ਸਕੀ, ਸਦੀਆਂ ਤੋਂ ਭਾਰਤ ਨੂੰ ਕਮਾਂਡ ਕਰਨ ਵਾਲਾ ਉਹ ਸਿਰ ਬਣੀ ਰਹੀ ਹੈ ਜਿਹੜਾ ਸਰੀਰ ਦੇ ਬਾਕੀ ਅੰਗਾਂ ਨੂੰ ਹੁਕਮ ਦੇ-ਦੇ ਕੇ ਕੰਮ ਕਰਵਾਉਂਦਾ ਹੈ, ਪਰ ਆਪ ਕਦੀ ਕਿਸੇ ਅੱਗੇ ਝੁਕ ਜਾਣ ਤੇ ਕਦੀ ਕਿਸੇ ਮੂਹਰੇ ਮੁਕਟ ਸਜਾ ਕੇ ਖੜਾ ਹੋਣ ਲਈ ਰਾਖਵਾਂ ਹੁੰਦਾ ਹੈ। ਸਿਰ ਦਾ ਅਸਲ ਸਾਈਂ ਸਰੀਰ ਨਿਕੰਮਾ ਹੋਵੇ ਤਾਂ ਸਿਰ ਉੱਤੇ ਉੱਗੇ ਹੋਏ ਵਾਲ਼ਾਂ ਵਿਚ ਜੂੰਆਂ ਫਿਰਨ ਲੱਗ ਪੈਂਦੀਆਂ ਤੇ ਮੁਸ਼ਕ ਆਉਣ ਲੱਗਦਾ ਹੈ। ਭਾਰਤ ਦੇਸ਼ ਦਾ ਸਿਰ ਮੰਨੀ ਜਾ ਸਕਦੀ ਇਸ ਦਿੱਲੀ ਵਿਚ ਜੂੰਆਂ ਹੀ ਨਹੀਂ, ਚੰਮ-ਜੂੰਆਂ ਤੁਰੀਆਂ ਫਿਰਦੀਆਂ ਹਨ ਤੇ ਜੇ ਫੋਲਣਾ ਫੋਲਣ ਬੈਠ ਜਾਈਏ ਤਾਂ ਇਸ ਦੇ ਰਾਜਨੀਤਕ ਸੱਭਿਆਚਾਰ ਵਿਚ ਮੁਸ਼ਕ ਹੈ, ਇਸ ਦੀ ਲੋਕਤੰਤਰੀ ਪ੍ਰਕਿਰਿਆ ਵਿਚ ਵੀ ਹੈ ਤੇ ਇਸ ਦੇ ਨਿਆਂ ਦਿਵਾਉਣ ਵਾਲੇ ਪੁਲਿਸ ਤੋਂ ਲੈ ਕੇ ਅਦਾਲਤਾਂ ਤੱਕ ਫੈਲੇ ਪ੍ਰਸ਼ਾਸਨ ਵਿਚ ਵੀ। ਸਾਰਾ ਪ੍ਰਬੰਧ ਸਿਰਾਂ ਵੱਲ ਵੇਖ ਕੇ ਸਿਰ ਵਾਰਨਾ ਕਰਨ ਦਾ ਆਦੀ ਹੋ ਚੁੱਕਾ ਹੋਣ ਕਰ ਕੇ ਪੈਸਾ, ਪਹੁੰਚ ਅਤੇ ਪਦਵੀ ਦਾ ਦਬਾਅ ਪਾ ਸਕਣ ਵਾਲੇ ਚੋਰਾਂ ਨੂੰ ਰਾਹ ਮਿਲ ਜਾਂਦਾ ਹੈ ਤੇ ਮਾੜਾ-ਧੀੜਾ ਬੰਦਾ ਇਨਸਾਫ ਦੀ ਆਸ ਵਿਚ ਰਹਿੰਦੀ ਪੂੰਜੀ ਲੁਟਾਉਣ ਪਿੱਛੋਂ ਵੀ 'ਯੇ ਮੇਰਾ ਇੰਡੀਆ, ਆਈ ਲਵ ਮਾਈ ਇੰਡੀਆ' ਗਾਈ ਜਾਂਦਾ ਦਿਖਾਈ ਦਿੰਦਾ ਹੈ। ਸਾਡੇ ਲੋਕਾਂ ਨੂੰ ਪੰਜਾਬੀ ਦਾ ਇਹ ਮੁਹਾਵਰਾ ਵੀ ਕਿਸੇ ਨੇ ਕਦੇ ਨਹੀਂ ਸਮਝਾਇਆ ਕਿ 'ਭੱਠ ਪਵੇ ਸੋਨਾ, ਜਿਹੜਾ ਕੰਨਾਂ ਨੂੰ ਖਾਵੇ'; ਇਸ ਲਈ ਸਾਡੇ ਲੋਕ ਹਾਲੇ ਵੀ ਦੇਸ਼ ਨੂੰ ਲੁੱਟਣ ਲੱਗੇ ਹੋਏ ਵੱਡੇ-ਵੱਡੇ ਚੋਰਾਂ ਤੋਂ ਆਪਣੇ ਆਪ ਨੂੰ ਇਸ ਮੁਲਕ ਦਾ ਵੱਡਾ ਮਾਲਕ ਮੰਨੀ ਫਿਰਦੇ ਹਨ।

ਕਈ ਮੌਕੇ ਅੱਗੇ ਵੀ ਇਹੋ ਜਿਹੇ ਆਏ, ਜਦੋਂ ਇਹ ਗੱਲਾਂ ਅਸੀਂ ਕਰਦੇ ਰਹੇ ਹਾਂ। ਇਸ ਵਾਰ ਇਸ ਲਈ ਛੋਹਣ ਦੀ ਲੋੜ ਪਈ ਹੈ ਕਿ ਲੰਮਾ ਸਮਾਂ ਜਾਮ ਰਹੀ ਭਾਰਤ ਦੀ ਪਾਰਲੀਮੈਂਟ ਹੁਣ ਚੱਲ ਪਈ ਹੈ। ਪਾਰਲੀਮੈਂਟ ਦਾ ਚੱਲਣਾ ਜੇ ਬਾਕੀ ਲੋਕਾਂ ਨੂੰ ਭਲਾ ਭਾਸਦਾ ਹੈ ਤਾਂ ਸਾਨੂੰ ਵੀ ਬੁਰਾ ਨਹੀਂ ਲੱਗਦਾ। ਬੁਰਾ ਤਾਂ ਇਸ ਦੇ ਅੰਦਰ ਹੋਈ ਜਾ ਰਿਹਾ ਰਾਜਨੀਤੀ ਦਾ ਤੀਸਰੇ ਦਰਜੇ ਦਾ ਨਾਟਕ ਲੱਗਦਾ ਹੈ। ਭਾਰਤੀ ਟੀ.ਵੀ. ਚੈਨਲਾਂ ਦੇ ਸੀਰੀਅਲਾਂ ਵਿਚ ਜਿਵੇਂ ਕੱਲ੍ਹ ਦੀ ਨੂੰਹ ਅੱਜ ਸੱਸ ਬਣ ਕੇ ਉਹੋ ਕੁਝ ਕਰਦੀ ਹੈ ਜੋ ਸੱਸ ਕਰਦੀ ਹੁੰਦੀ ਸੀ; ਉਹੋ ਨਜ਼ਾਰਾ ਦਿੱਲੀ ਦੀ ਰਾਜਨੀਤੀ ਦਾ ਹੈ। ਜਿਹੜੀ ਪਾਰਟੀ ਰਾਜ ਕਰਦੀ ਹੈ, ਉਹ ਚੰਮ ਦੀਆਂ ਚਲਾਉਂਦੀ ਹੈ ਤੇ ਉਸ ਨੂੰ ਭੰਡ ਰਹੀ ਪਾਰਟੀ ਦਾ ਪੈਰ ਜਦੋਂ ਸੁਹਾਗੇ ਉੱਤੇ ਟਿਕ ਜਾਂਦਾ ਹੈ ਤਾਂ ਉਹ ਵੀ ਉਹੋ ਛਾਂਟਾ ਫੜ ਕੇ ਬਲਦਾਂ ਵਾਂਗ ਇਸ ਸੁਹਾਗੇ ਅੱਗੇ ਪੰਜਾਲੀ ਵਿਚ ਸਿਰ ਦੇਈ ਬੈਠੀ ਭਾਰਤ ਦੀ ਜਨਤਾ ਨੂੰ ਵਾਹਣੀਂ ਪਾ ਲੈਂਦੀ ਹੈ। ਵਿਚਾਰੀ ਜਨਤਾ ਨੂੰ ਛਾਂਟੇ ਵਾਲਾ ਮਾਲਕ ਬਦਲ ਗਿਆ ਮਹਿਸੂਸ ਹੀ ਨਹੀਂ ਹੁੰਦਾ।

ਇਸ ਵਕਤ ਪਰਦੇ ਪਿੱਛੇ ਬੈਠੀ ਇੱਕ ਬੀਬੀ ਵੱਲੋਂ ਡਾਕਟਰ ਮਨਮੋਹਨ ਸਿੰਘ ਨੂੰ ਅੱਗੇ ਲਾ ਕੇ ਰਾਜ ਚਲਾਇਆ ਜਾ ਰਿਹਾ ਹੈ। ਬੀਬੀ ਦੇ ਪਿੱਛੇ ਰਾਜ ਚਲਾਉਣ ਵਾਲੇ ਲੋਕ ਨਹੀਂ, ਪੂਰੀ ਲੁਟੇਰਿਆਂ ਦੀ ਜਮਾਤ ਹੈ। ਇਸ ਤੋਂ ਪਹਿਲਾਂ ਜਦੋਂ ਭਾਰਤੀ ਜਨਤਾ ਪਾਰਟੀ ਵਾਲਿਆਂ ਦਾ ਰਾਜ ਸੀ, ਉਹ ਵੀ ਸਟੇਜ ਉੱਤੇ ਰਾਜਸਥਾਨੀ ਪੁਤਲਿਆਂ ਵਾਂਗ ਨੱਚਦੇ ਸਨ, ਨਾਚ ਕਰਵਾਉਣ ਵਾਲੇ ਉਦੋਂ ਵੀ ਉਹੋ ਸਨ ਜਿਹੜੇ ਹੁਣ ਉਂਗਲਾਂ ਨਾਲ ਬੰਨ੍ਹੇ ਧਾਗਿਆਂ ਨੂੰ



ਹਿਲਾ ਕੇ ਕਾਂਗਰਸੀ ਆਗੂਆਂ ਨੂੰ ਨਚਾਉਂਦੇ ਸਨ। ਵਿਦੇਸ਼ੀ ਪੂੰਜੀ ਉਦੋਂ ਭਾਜਪਾ ਵਾਲਿਆਂ ਨੂੰ ਪਿਆਰੀ ਲੱਗਦੀ ਸੀ, ਹੁਣ ਮੌਜੂਦਾ ਪੁਤਲਿਆਂ ਨੂੰ ਲੱਗ ਰਹੀ ਹੈ। ਸਰਕਾਰੀ ਮਾਲ ਦੀ ਲੁੱਟ ਦੀ ਖੁੱਲ੍ਹ ਉਦੋਂ ਉਹ ਦਿੰਦੇ ਸਨ, ਹੁਣ ਇਹ ਡਿਊਟੀ ਮਨਮੋਹਨ ਸਿੰਘ ਦੀ ਹੈ। ਜਦੋਂ ਰਾਜ ਕਰਨ ਵਾਲੇ ਸਿਰਫ ਪੁਤਲੇ ਹਨ, ਨਚਾਉਣ ਵਾਲੇ ਪਰਦੇ ਪਿੱਛੇ ਉਹੋ ਮੁਨਾਫਾਖੋਰ ਕਾਰਪੋਰੇਟ ਘਰਾਣੇ ਰਹਿਣੇ ਹਨ ਤਾਂ ਫਿਰ ਪਾਰਲੀਮੈਂਟ ਨੂੰ ਜਾਮ ਕਰਨਾ ਤੇ ਜਾਮ ਨੂੰ ਤੋੜਨਾ ਵੀ ਤਮਾਸ਼ਾ ਨਹੀਂ ਤਾਂ ਹੋਰ ਕੀ ਹੈ?

ਤਿੰਨ ਹਫਤੇ ਪਹਿਲਾਂ ਅਸੀਂ ਲਿਖਿਆ ਸੀ ਕਿ ਹੁਣ ਲੋਕਾਂ ਨੂੰ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਜੱਤ ਮੁੰਨਦਾ ਕੌਣ ਹੈ ਤੇ ਰੱਖਦਾ ਕਿੱਥੇ ਹੈ? ਤਿੰਨ ਹਫਤੇ ਬਾਅਦ ਲੋਕਾਂ ਨੂੰ ਉਹ ਗੱਲ ਚੇਤੇ ਵੀ ਨਹੀਂ ਜਾਪਦੀ, ਜਿਹੜੀ ਉਦੋਂ ਹਰ ਕਿਸੇ ਦੀ ਜ਼ਬਾਨ ਉੱਤੇ ਜਾਪਦੀ ਸੀ। ਕਿਉਂ ਨਹੀਂ ਰਹੀ ਲੋਕਾਂ ਦੀ ਜ਼ਬਾਨ ਉੱਤੇ? ਇਸ ਲਈ ਕਿ ਰਾਜਨੀਤੀ ਦੇ ਪੁਤਲਿਆਂ ਨੇ ਨਾਟਕ ਦੇ ਅਗਲੇ ਦਿਲਚਸਪ ਦ੍ਰਿਸ਼ਾਂ ਨਾਲ ਲੋਕਾਂ ਦਾ ਸਾਰਾ ਧਿਆਨ ਹੋਰ ਪਾਸੇ ਖਿੱਚ ਲਿਆ ਹੈ।

ਉਦੋਂ ਖੁਲਾਸਾ ਕੀਤਾ ਸੀ ਨਵੀਂ ਪਾਰਟੀ ਬਣਾਉਣ ਜਾ ਰਹੇ ਅਰਵਿੰਦ ਕੇਜਰੀਵਾਲ ਨੇ ਕਿ ਦੇਸ਼ ਦਾ ਕਾਲਾ ਧਨ ਸਵਿਟਜ਼ਰਲੈਂਡ ਵਿਚ ਪਹੁੰਚਦਾ ਕਿਵੇਂ ਹੈ ਤੇ ਉਥੇ ਰੱਖਿਆ ਕਿਸ ਕੰਪਨੀ ਜਾਂ ਕੰਪਨੀ ਵਾਲੇ ਨੇ ਹੈ। ਕੇਜਰੀਵਾਲ ਨੇ ਪਾਰਟੀ ਬਣਾਉਣੀ ਸੀ, ਬਣਾ ਲਈ; ਉਸ ਨਾਲ ਰਾਜਨੀਤਕ ਸੰਘਰਸ਼ ਵਿਚ ਕਿਵੇਂ ਸਿੱਝਣਾ ਹੈ, ਇਸ ਗੱਲ ਬਾਰੇ ਹਰ ਕਿਸੇ ਧਿਰ ਨੂੰ ਆਪੋ ਆਪਣੀ ਰਾਜਸੀ ਲੋੜ ਮੁਤਾਬਕ ਸੋਚਣ ਦਾ ਹੱਕ ਹੈ, ਪਰ ਜਿਹੜੇ ਖੁਲਾਸੇ ਉਸ ਨੇ ਕੀਤੇ ਸਨ, ਉਨ੍ਹਾਂ ਨੂੰ ਠੀਕ ਜਾਂ ਗਲਤ ਆਖਣਾ ਜਾਂ ਉਨ੍ਹਾਂ ਦੀ ਜਾਂਚ ਦੀ ਮੰਗ ਕਰਨਾ ਹਰ ਕਿਸੇ ਦਾ ਫਰਜ਼ ਸੀ। ਕਮਾਲ ਹੋ ਗਈ ਹੈ ਕਿ ਕਈ ਦਿਨ ਪਾਰਲੀਮੈਂਟ ਇਸ ਗੱਲ ਲਈ ਜਾਮ ਰਹਿ ਗਈ ਕਿ ਵਿਦੇਸ਼ੀ ਪੂੰਜੀ ਬਾਰੇ ਸਿਰਫ ਬਹਿਸ ਕਰ ਕੇ ਸ਼ਾਂਤ ਹੋ ਜਾਣ ਤੱਕ ਸੀਮਤ ਰਹਿਣਾ ਹੈ ਕਿ ਇਸ ਤੋਂ ਬਾਅਦ ਵੋਟਾਂ ਵੀ ਪਾਉਣੀਆਂ ਹਨ, ਪਰ ਜਿਹੜੇ ਖੁਲਾਸੇ ਸਭ ਤੋਂ ਪਹਿਲਾਂ ਬਹਿਸ ਦਾ ਮੁੱਦਾ ਬਣਨੇ ਚਾਹੀਦੇ ਸਨ, ਉਨ੍ਹਾਂ ਦਾ ਕਿਸੇ ਨੇ ਜ਼ਿਕਰ ਵੀ ਨਹੀਂ ਛੋਹਿਆ। ਸਵਿਟਜ਼ਰਲੈਂਡ ਵਿਚ ਕਾਲੀ ਕਮਾਈ ਦਾ ਕਿਸੇ ਨੇ ਕਿੰਨਾ ਪੈਸਾ ਰੱਖਿਆ ਤੇ ਉਸ ਬਾਰੇ ਸਰਕਾਰ ਨੇ ਕਿਵੇਂ ਚੁੱਪ ਵੱਟ ਲਈ, ਇਹ ਭੇਤ ਖੁੱਲ੍ਹਣ ਦੇ ਬਾਅਦ ਸਰਕਾਰ ਨੇ ਤਾਂ ਪਰਦਾ ਪਾਉਣਾ ਸੀ, ਵਿਰੋਧੀ ਧਿਰ ਨੇ ਵੀ ਪਰਦਾ ਚੁੱਕਣ ਦੀ ਮੰਗ ਨਹੀਂ ਕੀਤੀ। ਜਿਹੜੇ ਸਬੂਤ ਪੇਸ਼ ਕੀਤੇ ਗਏ ਸਨ, ਉਨ੍ਹਾਂ ਨੂੰ ਕਿਸੇ ਨੇ ਕੱਟਿਆ ਵੀ ਨਹੀਂ, ਕਿਸੇ ਨੇ ਚੁਣੌਤੀ ਵੀ ਨਹੀਂ ਦਿੱਤੀ ਤੇ ਸਾਰੀਆਂ ਧਿਰਾਂ ਦਾ ਜ਼ੋਰ ਇਸ ਗੱਲ ਲਈ ਲੱਗ ਗਿਆ ਕਿ ਬਹਿਸ ਵੋਟਾਂ ਪਾਉਣ ਵਾਲੀ ਕਰਨੀ ਹੈ ਕਿ ਬਿਨਾਂ ਵੋਟਾਂ ਵਾਲੀ ਕਰ ਲੈਣੀ ਹੈ। ਚੋਰਾਂ ਦਾ ਇਹ ਯੁੱਗਾਂ ਪੁਰਾਣਾ ਪੈਂਤੜਾ ਹੈ ਕਿ ਆਪਣੇ ਬੰਦੇ ਮਾਲ ਲੈ ਕੇ ਲੰਘਾਉਣ ਲਈ ਉਸ ਪਾਸੇ ਦੀ ਥਾਂ ਦੂਜੇ ਪਾਸੇ 'ਚੋਰ-ਚੋਰ' ਦਾ ਰੌਲਾ ਪਾ ਕੇ ਲੋਕਾਂ ਦਾ ਧਿਆਨ ਉਧਰ ਲਾ ਦਿਓ। ਹੁਣ ਵੀ ਇਹੋ ਹੋ ਰਿਹਾ ਹੈ। ਪਾਰਲੀਮੈਂਟ ਨੂੰ ਜਾਮ ਕਰਨ ਵਾਲਿਆਂ ਵਿਚ ਵੀ ਹਰ ਤਰ੍ਹਾਂ ਦੀ ਹੇਰਾਫੇਰੀ ਕਰਨ ਵਾਲੇ ਕਾਰਪੋਰੇਟ ਘਰਾਣਿਆਂ ਦੇ ਕਾਰਿੰਦੇ ਹਨ ਤੇ ਮੁਨਾਸਬ ਵਕਤ ਆਇਆ ਵੇਖ ਕੇ ਸਮਝੌਤੇ ਅਧੀਨ ਅੜਿੱਕਾ ਤੋੜਨ ਵਾਲਿਆਂ ਵਿਚ ਵੀ ਉਹ ਸ਼ਾਮਲ ਹੁੰਦੇ ਹਨ।

ਸਵਾਲ ਕਿਸੇ ਕੇਜਰੀਵਾਲ ਦਾ ਨਹੀਂ, ਉਸ ਦੀਆਂ ਖਾਹਿਸ਼ਾਂ ਜਿੰਨੀਆਂ ਵੀ ਵੱਡੀਆਂ ਸਮਝੀਆਂ ਜਾਣ, ਜਦੋਂ ਉਹ ਲੋਕਾਂ ਵਿਚ ਜਾਵੇਗਾ ਤਾਂ ਸਮਝ ਜਾਵੇਗਾ ਕਿ ਉਹ ਹੁਣ ਵੋਟਾਂ ਪਾਉਣ ਵੇਲੇ ਲੋਕ-ਤੰਤਰ ਦੀ ਦੇਵੀ ਵੱਲ ਸ਼ਰਧਾ ਪ੍ਰਗਟ ਕਰਨ ਨਾਲੋਂ ਹੋਰ ਗਿਣਤੀਆਂ-ਮਿਣਤੀਆਂ ਵੱਧ ਕਰਨ ਲੱਗ ਪਏ ਹਨ। ਉਸ ਬੰਦੇ ਦੀ ਹਸਤੀ ਤੋਂ ਵੱਡਾ ਸਵਾਲ ਇਹ ਹੈ ਕਿ ਉਸ ਨੇ ਜਿਹੜੇ ਖੁਲਾਸੇ ਕੀਤੇ, ਉਨ੍ਹਾਂ ਦਾ ਕੀ ਬਣਿਆ? ਜਿਨ੍ਹਾਂ ਲੋਕਾਂ ਦੇ ਉਸ ਨੇ ਦਸਤਾਵੇਜ਼ ਪੇਸ਼ ਕੀਤੇ ਸਨ ਕਿ ਇਨ੍ਹਾਂ ਦਾ ਕਾਲਾ ਪੈਸਾ ਸਵਿਟਜ਼ਰਲੈਂਡ ਵਿਚ ਹੈ, ਉਨ੍ਹਾਂ ਵਿਚੋਂ ਕਿਸੇ ਇੱਕ ਨੇ ਵੀ ਉਸ ਦੇ ਖਿਲਾਫ ਤੋਹਮਤ ਲਾਉਣ ਦਾ ਕੇਸ ਦਰਜ ਕਿਉਂ ਨਹੀਂ ਕਰਵਾਇਆ ਤੇ ਚਿੱਟੇ ਕਾਗਜ਼ ਉੱਤੇ ਚਿੱਟੇ ਝੂਠ ਦਾ ਬਿਹਤਰੀਨ ਨਮੂਨਾ ਪੇਸ਼ ਕਰਦੇ ਖੰਡਨ ਜਾਰੀ ਕਰ ਕੇ ਚੁੱਪ ਕਿਉਂ ਹੋ ਗਏ? ਕਿਸੇ ਨੇ ਉਨ੍ਹਾਂ ਨੂੰ ਇਸ ਦਾ ਕਾਰਨ ਕਿਉਂ ਨਹੀਂ ਪੁੱਛਿਆ? ਕੀ ਇਸ ਲਈ ਕਿ ਜਿਨ੍ਹਾਂ ਬਾਰੇ ਇਹ ਸਬੂਤ ਪੇਸ਼ ਕੀਤੇ ਗਏ, ਉਨ੍ਹਾਂ ਦਾ ਦਿੱਤਾ ਖਾਣ ਵਾਲੇ ਮੈਂਬਰ ਹਕੂਮਤੀ ਬੈਂਚਾਂ ਉੱਤੇ ਵੀ ਹਨ ਅਤੇ ਵਿਰੋਧੀ ਬੈਂਚਾਂ ਵਾਲਿਆਂ ਵਿਚ ਵੀ? ਦੇਸ਼ ਦੇ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਇਸ ਚੁੱਪ ਦੇ ਪਿੱਛੇ ਉਨ੍ਹਾਂ ਦੀ ਮਜਬੂਰੀ ਕੀ ਹੈ? ਬਿਰਲੇ ਘਰਾਣੇ ਦੇ ਆਦਿਤਿਆ ਬਿਰਲਾ ਦਾ ਨਾਂ ਇਨ੍ਹਾਂ ਖੁਲਾਸਿਆਂ ਵਿਚ ਸ਼ਾਮਲ ਸੀ, ਜੈੱਟ ਏਅਰਵੇਜ਼ ਦੇ ਮਾਲਕ ਦਾ ਵੀ ਤੇ ਰਿਲਾਇੰਸ ਵਾਲੇ ਦੋਵੇਂ ਭਰਾਵਾਂ ਦੇ ਨਾਲ ਉਨ੍ਹਾਂ ਦੇ ਮਾਈ-ਬਾਪ ਦਾ ਵੀ, ਪਰ ਦੇਸ਼ ਦੀ ਪਾਰਲੀਮੈਂਟ ਵਿਚ ਇਨ੍ਹਾਂ ਵਿਚੋਂ ਕਿਸੇ ਬਾਰੇ ਵੀ ਰੌਲਾ ਨਹੀਂ ਪਿਆ ਕਿ ਇਨ੍ਹਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

ਤੇਤੀ ਸਾਲ ਪਹਿਲਾਂ ਭਾਰਤ ਵਿਚ ਰਾਜ ਚਲਾ ਰਹੀ ਜਨਤਾ ਪਾਰਟੀ ਵਿਚ ਮੋਰਾਰਜੀ ਡਿਸਾਈ ਤੇ ਚੌਧਰੀ ਚਰਨ ਸਿੰਘ ਦੇ ਭੇੜ ਵਿਚ ਇਹ ਦੋਸ਼ ਲੱਗਾ ਸੀ ਕਿ ਦੋਵਾਂ ਪਾਸਿਆਂ ਦੇ ਹਮਾਇਤੀ ਪਾਰਲੀਮੈਂਟ ਮੈਂਬਰ ਖਰੀਦਣ ਲਈ ਨੋਟਾਂ ਦੀਆਂ ਜਿਨ੍ਹਾਂ ਬੋਰੀਆਂ ਦੇ ਮੂੰਹ ਖੋਲ੍ਹੇ ਗਏ ਹਨ, ਉਹ ਵੱਡੇ ਕਾਰਪੋਰੇਟ ਘਰਾਣਿਆਂ ਦੀਆਂ ਹਨ। ਦਸ ਕੁ ਸਾਲ ਬਾਅਦ ਰਾਜਾ ਵੀ.ਪੀ. ਸਿੰਘ ਅਤੇ ਚੰਦਰ ਸ਼ੇਖਰ ਦਰਮਿਆਨ ਕੁਰਸੀ ਦੇ ਝਗੜੇ ਵਿਚ ਇਹੋ ਕੁਝ ਹੋਇਆ ਸੀ ਤੇ ਪਾਰਲੀਮੈਂਟ ਦੇ ਮੈਂਬਰਾਂ ਦੀ ਬੋਲੀ ਪੰਝੀ ਲੱਖ ਤੋਂ ਤੁਰ ਕੇ ਇੱਕ ਕਰੋੜ ਰੁਪਏ ਤੱਕ ਜਾ ਪਹੁੰਚੀ ਸੀ। ਅੰਗਰੇਜ਼ੀ ਵਿਚ ਇਸ ਖਰੀਦੋ-ਫਰੋਖਤ ਲਈ 'ਹਾਰਸ ਟਰੇਡਿੰਗ' ਦੇ ਸ਼ਬਦ ਤੋਂ ਅੱਗੇ ਵਧ ਕੇ ਉਦੋਂ ਭਾਰਤ ਦੇ ਇੱਕ ਅਖਬਾਰ ਨੇ ਪਹਿਲੀ ਵਾਰ ਇਹ ਲਿਖ ਦਿੱਤਾ ਕਿ ਪੱਧਰ ਇੰਨਾ ਨੀਵਾਂ ਆ ਗਿਆ ਹੈ ਕਿ ਹੁਣ ਸਾਡੇ ਪਾਰਲੀਮੈਂਟ ਮੈਂਬਰ ਦਿੱਲੀ ਦੀ ਮੰਡੀ ਵਿਚ ਕੱਟਿਆਂ ਤੇ ਵੱਛਿਆਂ ਵਾਂਗ ਵਿਕਣ ਲੱਗ ਪਏ ਹਨ। ਉਸ ਤੋਂ ਬਾਅਦ ਆਏ ਮੈਂਬਰ ਵੀ ਗੰਗਾ-ਨਹਾਤੇ ਨਹੀਂ, ਬਹੁਤ ਸਾਰੇ ਹੁਣ ਵੀ ਇਹੋ ਜਿਹੇ ਹਨ, ਜਿਹੜੇ ਉਦੋਂ ਵਾਲਿਆਂ ਵਾਂਗ 'ਮੁਨਾਸਬ ਮੁੱਲ' ਉੱਤੇ ਜ਼ਮੀਰ ਵੇਚਣ ਨੂੰ ਤਿਆਰ ਰਹਿੰਦੇ ਹਨ। ਇਹ 'ਮੁਨਾਸਬ ਮੁੱਲ' ਹੁਣ ਇੱਕ-ਦੋ ਕਰੋੜ ਨਹੀਂ ਰਿਹਾ, ਇਸ ਦੇ ਨਾਲ ਜ਼ੀਰੋ ਲੱਗਣ ਲੱਗ ਪਈਆਂ ਹਨ।

ਰਿਸ਼ਤੇਦਾਰ ਖੂਨ ਦੇ ਰਿਸ਼ਤੇ ਵਾਲੇ ਹੀ ਨਹੀਂ ਹੁੰਦੇ, ਕਾਰੋਬਾਰੀ ਰਿਸ਼ਤੇ ਖੂਨ ਦੇ ਰਿਸ਼ਤਿਆਂ ਤੋਂ ਵੱਧ ਮਜ਼ਬੂਤ ਮੰਨੇ ਜਾਂਦੇ ਹਨ। ਪਿਛਲੇ ਸਮਿਆਂ ਵਿਚ ਸੁਣਦੇ ਹੁੰਦੇ ਸਾਂ ਕਿ ਸਾਰੀਆਂ ਯਾਰੀਆਂ ਟੁੱਟ ਜਾਣ, ਜੇਲ੍ਹ ਦੀ ਲੱਗੀ ਯਾਰੀ ਕਦੇ ਨਹੀਂ ਟੁੱਟਦੀ। ਜੇਲ੍ਹ ਵਿਚ ਅਪਰਾਧੀ ਹੁੰਦੇ ਸਨ। ਜੇ ਅਪਰਾਧੀਆਂ ਦੀ ਜੇਲ੍ਹ ਵਿਚ ਲੱਗੀ ਯਾਰੀ ਨਹੀਂ ਟੁੱਟਦੀ ਤਾਂ ਇਨ੍ਹਾਂ ਦੀ ਖਾਣ-ਪੀਣ ਵਿਚ ਹਿੱਸੇ ਦੀ ਲੜਾਈ ਸੌ ਵਾਰੀ ਹੋ ਜਾਵੇ, ਉੱਦਾਂ ਦਿੱਲੀ ਪਹੁੰਚ ਕੇ ਇਨ੍ਹਾਂ ਦੀ ਯਾਰੀ ਵੀ ਨਹੀਂ ਟੁੱਟਦੀ। ਦੇਸ਼ ਦਾ ਦਿਲ ਅਖਵਾਉਣ ਦਾ ਦੰਭ ਪਾਲ ਰਹੀ ਦਿੱਲੀ ਵਿਚ ਪਾਰਲੀਮੈਂਟ ਤੱਕ ਜਾ ਪੁੱਜਾ ਇਹ ਰਿਸ਼ਤਾ ਉਹੋ ਹੈ ਜਿਸ ਨੂੰ ਬਿਸਮਿਲ ਨੇ 'ਚੋਰਾਂ ਦੀ ਸਕੀਰੀ ਤੇ ਡਾਕੂ ਦੀ ਨਸਲ' ਕਿਹਾ ਸੀ। ਜੇ ਡਾਕੂਆਂ ਦੀ ਨਸਲ ਹਰ ਪਾਸੇ ਡਾਕੇ ਮਾਰ ਰਹੀ ਹੈ, ਉਨ੍ਹਾਂ ਦੇ ਖੁਰੇ ਦਾ ਨਿਸ਼ਾਨ ਲੁਕਾਉਣ ਲਈ 'ਚੋਰਾਂ ਦੀ ਸਕੀਰੀ' ਪਾਰਲੀਮੈਂਟ ਤੱਕ ਸਰਗਰਮ ਹੈ, ਤਾਂ ਜਿਹੜੇ ਲੋਕ ਅਜ਼ਾਦੀ ਲਹਿਰ ਦੇ ਦਿਨਾਂ ਤੋਂ ਸੁਣਿਆ ਤੇਰਾ ਸਿੰਘ ਚੰਨ ਦਾ 'ਹੇ ਪਿਆਰੀ ਭਾਰਤ ਮਾਂ, ਤੈਨੂੰ ਅਸੀਂ ਸੀਸ ਨਿਵਾਂਦੇ ਹਾਂ' ਵਾਲਾ ਗੀਤ ਨਹੀਂ ਭੁੱਲ ਸਕੇ, ਉਨ੍ਹਾਂ ਨੂੰ 'ਹੁਸ਼ਿਆਰ ਐ ਬਿਸਮਿਲ' ਵਾਲਾ ਹੋਕਾ ਵੀ ਬੰਦ ਨਹੀਂ ਹੋਣ ਦੇਣਾ ਚਾਹੀਦਾ। ਇਹ ਹੋਕਾ ਕਿਸੇ ਨਾਟਕ ਦਾ ਹਿੱਸਾ ਨਹੀਂ, ਭਾਰਤੀ ਲੋਕਾਂ ਦੀ ਜਾਗਦੀ ਜ਼ਮੀਰ ਦਾ ਸਬੂਤ ਹੋਵੇਗਾ।

RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537



# ਕਬੱਡੀ...ਹੱਟ ਕਬੱਡੀ

**ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਇਕ ਵਾਰ ਫਿਰ ਵਿਸ਼ਵ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ। ਅਜਿਹੇ ਕੱਪਾਂ ਨਾਲ ਕਬੱਡੀ ਅਤੇ ਕਬੱਡੀ ਖਿਡਾਰੀਆਂ ਨੂੰ ਬਿਨਾਂ ਸ਼ੱਕ ਤਕੜਾ ਹੁਲਾਰਾ ਮਿਲਦਾ ਹੈ ਪਰ ਇਸ ਕੱਪ ਪਿੱਛੇ ਲੁਕੀ ਸਿਆਸਤ ਵੀ ਸਭ ਅੱਗੇ ਜ਼ਾਹਿਰ ਹੋ ਗਈ ਹੈ। ਅਸਲ ਵਿਚ ਖੇਡ ਨੂੰ ਅਜੇ ਵੀ ਖੇਡ ਭਾਵਨਾ ਨਾਲ ਨਹੀਂ, ਸਿਆਸਤ ਨਾਲ ਜੋੜ ਕੇ ਦੇਖਿਆ ਰਿਹਾ ਹੈ। ਇਸੇ ਕਰ ਕੇ ਇਸ ਦਾ ਫਾਇਦਾ ਸਿਆਸਤਦਾਨਾਂ ਨੂੰ ਤਾਂ ਭਾਵੇਂ ਬਥੇਰਾ ਹੁੰਦਾ ਹੈ ਪਰ ਖੇਡ ਉਥੇ ਦੀ ਉਥੇ ਹੀ ਰਹਿ ਜਾਂਦੀ ਹੈ। ਅਸੀਂ ਆਪਣੇ ਪਾਠਕਾਂ ਨਾਲ ਇਸੇ ਨੁਕਤੇ ਤੋਂ ਇਸ ਕੱਪ ਬਾਰੇ ਜਾਣਕਾਰੀ ਸਾਂਝੀ ਕਰ ਰਹੇ ਹਾਂ।**



## ਤੀਜਾ ਵਿਸ਼ਵ ਕਬੱਡੀ ਕੱਪ ਧੂਮ-ਧੜੱਕੇ ਨਾਲ ਸ਼ੁਰੂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਵੱਲੋਂ ਤੀਜਾ ਵਿਸ਼ਵ ਕਬੱਡੀ ਕੱਪ ਧੂਮ-ਧੜੱਕੇ ਨਾਲ ਆਰੰਭ ਹੋ ਗਿਆ। ਉਂਜ, ਇਸ ਕੱਪ ਦਾ ਵਿਵਾਦਾਂ ਦਾ ਗੂੜ੍ਹਾ ਰਿਸ਼ਤਾ ਹੈ। ਤੀਜੇ ਵਿਸ਼ਵ ਕਬੱਡੀ ਕੱਪ ਦਾ ਉਦਘਾਟਨ ਵੀ ਵਿਵਾਦਾਂ ਵਿਚ ਘਿਰ ਗਿਆ ਤੇ ਇਸ ਬਾਰੇ ਆਮ ਲੋਕਾਂ ਵਿਚ ਇਹੋ ਚਰਚਾ ਪਾਈ ਜਾ ਰਹੀ ਹੈ ਕਿ ਪੰਜਾਬ ਸਰਕਾਰ ਨੇ ਦੇਸ਼ ਦੇ ਪਹਿਲੇ ਪੰਜਾਬੀ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦਾ ਸਿਵਾ ਠੰਢਾ ਹੋਣ ਦਾ ਵੀ ਇੰਤਜ਼ਾਰ ਨਹੀਂ ਕੀਤਾ ਤੇ ਕੌਮੀ ਤੇ ਸੂਬਾਈ ਸੋਗ ਦੇ ਬਾਵਜੂਦ ਕਬੱਡੀ ਕੱਪ ਲੋਕਾਂ ਦੇ ਹਿਰਦੇ ਵਲੂੰਧਰਦਾ 'ਸ਼ਾਨੋ ਸ਼ੌਕਤ' ਨਾਲ ਸ਼ੁਰੂ ਕਰਵਾ ਦਿੱਤਾ।

ਪਹਿਲਾ ਵਿਸ਼ਵ ਕਬੱਡੀ ਕੱਪ ਉਦੋਂ ਕਰਵਾਇਆ ਗਿਆ ਜਦੋਂ ਸਿੱਖ ਕੌਮ ਦਿੱਲੀ ਵਿਚ ਹੋਈ ਸਿੱਖ ਨਸਲਕੁਸ਼ੀ ਦੀ ਬਰਸੀ ਮਨਾ ਰਹੀ ਸੀ। ਦੂਜਾ ਵਿਸ਼ਵ ਕਬੱਡੀ ਕੱਪ ਡੋਪ ਦੇ ਢੰਗ ਦੀ ਭੇਟ ਚੜ੍ਹ ਗਿਆ। ਬਹੁਤ ਸਾਰੇ ਖਿਡਾਰੀ ਡੋਪ ਟੈਸਟ ਦੌਰਾਨ ਵਰਜਤ ਦਵਾਈਆਂ ਲੈਂਦੇ ਪਾਏ ਗਏ ਸਨ। ਨਸ਼ਿਆਂ ਵਿਰੁੱਧ ਛੇੜੀ ਗਈ ਮੁਹਿੰਮ ਦੀ ਫੂਕ ਡੋਪ ਟੈਸਟ ਨੇ ਹੀ ਕੱਢ ਕੇ ਰੱਖ ਦਿੱਤੀ ਸੀ।

ਜ਼ਿਕਰਯੋਗ ਹੈ ਕਿ ਸ੍ਰੀ ਗੁਜਰਾਲ ਦੀ ਮੌਤ 'ਤੇ ਪੰਜਾਬ ਵਿਚ ਸੋਗ ਦਾ ਐਲਾਨ ਕਰਨ ਦੇ ਬਾਵਜੂਦ ਬਠਿੰਡਾ ਦੇ ਖੇਡ ਸਟੇਡੀਅਮ ਵਿਚ ਪਹਿਲੀ ਦਸੰਬਰ ਨੂੰ ਤੀਜੇ ਵਿਸ਼ਵ ਕਬੱਡੀ ਕੱਪ ਦਾ ਆਗਾਜ਼ ਧੂਮ-ਧੜੱਕੇ ਨਾਲ ਹੋਇਆ। ਵਿਸ਼ਵ ਇਸ ਮੌਕੇ ਬਾਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਨੇ ਚੰਗਾ ਰੰਗ ਬੰਨ੍ਹਿਆ। ਇਸ ਕੱਪ ਵਿਚ 16 ਪੁਰਸ਼ਾਂ ਤੇ ਸੱਤ ਔਰਤਾਂ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਇਸ ਵਿਚ 18 ਮੁਲਕਾਂ ਦੇ ਖਿਡਾਰੀ ਹਿੱਸਾ ਲੈ ਰਹੇ ਹਨ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤੀਜੇ ਵਿਸ਼ਵ ਕਬੱਡੀ ਕੱਪ ਨੂੰ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰ ਕੁਮਾਰ ਗੁਜਰਾਲ ਨੂੰ ਸਮਰਪਿਤ ਕਰਦਿਆਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਨਮਿਤ ਸ਼ੋਕ ਦੇ ਅਰਸੇ ਦੌਰਾਨ ਸਾਰੇ ਪ੍ਰੋਗਰਾਮ ਮੁਲਤਵੀ ਕਰ ਦਿੱਤੇ ਗਏ ਹਨ ਪਰ ਇਹ ਕਬੱਡੀ ਕੱਪ ਕੌਮਾਂਤਰੀ ਈਵੈਂਟ ਹੋਣ ਕਾਰਨ ਮੁਲਤਵੀ ਨਹੀਂ ਕੀਤਾ ਜਾ ਸਕਦਾ ਸੀ। ਵਿਸ਼ਵ ਪ੍ਰਸਿੱਧ ਡੀ.ਜੇ ਨਿਤਿਨ ਵੱਲੋਂ ਸੁਰਾਂ ਦੀ ਸਰਗਮ ਛੇੜੇ ਜਾਣ ਤੋਂ ਪਹਿਲਾਂ ਸ੍ਰੀ ਗੁਜਰਾਲ ਨੂੰ ਸ਼ਰਧਾਂਜਲੀ ਦੇਣ ਵਜੋਂ ਦੋ ਮਿੰਟ ਦਾ ਮੌਨ ਰੱਖਿਆ ਗਿਆ। ਉਦਘਾਟਨੀ ਸਮਾਗਮ ਬਾਲੀਵੁੱਡ ਸਿਤਾਰਿਆਂ ਅਕਸੈ ਕੁਮਾਰ, ਅਸਿਨ (ਗਜਨੀ ਫੇਮ) ਤੇ ਜਰਮਨੀ ਦੀ ਪ੍ਰਸਿੱਧ ਮਾਡਲ ਕਲਾਉਡੀਆ ਸੀਸੇਲਾ ਵੱਲੋਂ ਉਨ੍ਹਾਂ ਦੀ ਆ ਰਹੀ ਫਿਲਮ 'ਖਿਲਾੜੀ 786' ਦੇ ਗੀਤਾਂ 'ਤੇ ਨ੍ਰਿਤ ਨਾਲ ਆਪਣੀ ਚਰਮ ਸੀਮਾ 'ਤੇ ਪਹੁੰਚ ਗਿਆ।

ਇਸ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਹਿਲੇ ਵਿਸ਼ਵ ਕਬੱਡੀ ਕੱਪ ਵਿਚ ਨੌਂ ਟੀਮਾਂ ਨੇ ਹਿੱਸਾ ਲਿਆ ਸੀ ਜਦੋਂਕਿ ਇਸ ਵਾਰ 18 ਦੇਸ਼ਾਂ ਤੋਂ 16 ਪੁਰਸ਼ਾਂ ਤੇ ਸੱਤ ਔਰਤਾਂ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ ਨੇ ਕਿਹਾ ਕਿ ਕਬੱਡੀ ਨਾ ਕੇਵਲ ਭਾਰਤ ਅੰਦਰ ਬਲਕਿ ਹੋਰ ਏਸ਼ਿਆਈ, ਅਫ਼ਰੀਕੀ ਤੇ ਯੂਰਪੀ ਮੁਲਕਾਂ ਵਿਚ ਵੀ ਬਹੁਤ ਮਕਬੂਲ ਹੋ ਰਹੀ ਹੈ।

### ਐਤਕੀਂ ਵੀ ਵਿਵਾਦ 'ਚ ਘਿਰਿਆ



## ਸਰਕਾਰ ਨੇ ਵਗਾਰਾਂ ਨਾਲ ਕੰਮ ਸਾਰਿਆ

**ਚੰਡੀਗੜ੍ਹ:** ਸਰਕਾਰ ਨੇ ਅਫ਼ਸਰਾਂ ਨੂੰ ਹਰ ਹੀਲੇ ਸਮਾਰੋਹਾਂ ਨੂੰ ਸਿਰੇ ਲਾਉਣ ਦੀ ਹਦਾਇਤ ਕੀਤੀ ਤੇ ਅਫਸਰਾਂ ਨੇ ਅੱਗੇ ਦਾਬਾ ਮਾਰ ਕੇ ਵਗਾਰਾਂ ਲੈ ਕੇ ਕੰਮ ਸਾਰ ਲਿਆ। ਬਠਿੰਡਾ ਦੇ ਜ਼ਿਲ੍ਹਾ ਟਰਾਂਸਪੋਰਟਰ ਅਫ਼ਸਰ ਨੇ ਭੀੜ ਇਕੱਠੀ ਕਰਨ ਲਈ 75 ਮਿੰਨੀ ਬੱਸਾਂ ਤੇ 50 ਵੱਡੀਆਂ ਬੱਸਾਂ ਨੂੰ ਵਗਾਰ ਦੇ ਹੁਕਮ ਚਾੜ੍ਹ ਦਿੱਤੇ। ਇਨ੍ਹਾਂ ਬੱਸਾਂ ਵਿਚ ਲੋਕਾਂ ਨੂੰ ਸਮਾਰੋਹਾਂ 'ਤੇ ਲਿਆਂਦਾ ਗਿਆ। ਡੀ.ਟੀ.ਓ. ਨੇ ਇਨ੍ਹਾਂ ਬੱਸ ਮਾਲਕਾਂ ਨਾਲ ਪੌਣੇ ਚਾਰ ਲੱਖ ਦਾ ਉਧਾਰ ਕੀਤਾ। ਉਂਜ ਇਨ੍ਹਾਂ ਬੱਸਾਂ ਵਿਚ ਡੀਜ਼ਲ ਹਲਕਾ ਇੰਚਾਰਜਾਂ ਵੱਲੋਂ ਪਵਾਇਆ ਜਾਵੇਗਾ ਜਦੋਂਕਿ ਦਿਹਾੜੀ ਦੇ 2500 ਰੁਪਏ ਮਿੰਨੀ ਬੱਸ ਤੇ 3750 ਰੁਪਏ ਪ੍ਰਤੀ ਵੱਡੀ ਬੱਸ ਦੇ ਕਬੱਡੀ ਕੱਪ ਦੇ ਖਰਚੇ ਵਿਚੋਂ ਦਿੱਤੇ ਜਾਣਗੇ। ਮਿੰਨੀ ਬੱਸ ਅਪਰੇਟਰ ਯੂਨੀਅਨ ਦੇ ਪ੍ਰਧਾਨ ਬਲਤੇਜ ਸਿੰਘ ਦਾ ਕਹਿਣਾ ਹੈ ਕਿ ਟਰਾਂਸਪੋਰਟ ਦਫ਼ਤਰ ਵੱਲੋਂ ਕਿਸੇ ਵੀ ਬੱਸ ਮਾਲਕ ਨੂੰ ਕੋਈ ਰਾਸ਼ੀ ਨਹੀਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਟਰਾਂਸਪੋਰਟ ਵਿਭਾਗ ਨੇ ਬੱਸ ਮਾਲਕਾਂ ਨੂੰ ਪੰਜ ਸਾਲ ਪਹਿਲਾਂ ਦੇ ਪੈਸੇ ਹਾਲੇ ਤੱਕ ਨਹੀਂ ਦਿੱਤੇ। ਇਸੇ ਤਰ੍ਹਾਂ ਮੰਡੀ ਬੋਰਡ ਪੰਜਾਬ ਦੀ ਡਿਊਟੀ ਵੱਡਾ ਜੈਨਰੇਟਰ ਲਿਆਉਣ ਦੀ ਲਾ ਦਿੱਤੀ ਤੇ ਇਸ ਲਈ ਕੋਈ ਫੰਡ ਜਾਰੀ ਨਹੀਂ ਕੀਤਾ ਗਿਆ। ਮੰਡੀ ਬੋਰਡ ਵੱਲੋਂ ਤਕਰੀਬਨ ਸੱਤ ਲੱਖ ਦੇ ਕਿਰਾਏ 'ਤੇ ਦਿੱਲੀ ਤੋਂ ਵੱਡਾ ਜੈਨਰੇਟਰ ਲਿਆਂਦਾ ਗਿਆ ਜਿਸ ਨਾਲ ਫਲੱਡ ਲਾਈਟਾਂ ਚੱਲੀਆਂ।

## ਭਾਰਤੀ ਟੀਮ ਵਿਚ ਸ਼੍ਰੋਮਣੀ ਕਮੇਟੀ ਦੇ ਦੋ ਖਿਡਾਰੀ

**ਚੰਡੀਗੜ੍ਹ:** ਤੀਸਰੇ ਵਿਸ਼ਵ ਕਬੱਡੀ ਕੱਪ ਵਿਚ ਖੇਡਣ ਵਾਲੀ ਭਾਰਤੀ ਟੀਮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿਆਰ ਕੀਤੀ ਗਈ ਕੇਸਧਾਰੀ ਕਬੱਡੀ ਟੀਮ ਦੇ ਦੋ ਖਿਡਾਰੀ ਵੀ ਚੁਣੇ ਗਏ ਹਨ। ਇਹ ਦੋਵੇਂ ਖਿਡਾਰੀ ਨਰਪਿੰਦਰ ਸਿੰਘ ਢੱਡਰੀਆਂਵਾਲਾ ਤੇ ਗੁਰਪ੍ਰੀਤ ਸਿੰਘ ਗੋਪੀ ਜਾਫ਼ੀ ਹਨ। ਇਨ੍ਹਾਂ ਨੇ ਬਠਿੰਡਾ ਵਿਚ ਟੀਮ ਦੀ ਤਿਆਰੀ ਲਈ ਮਹੀਨਾ ਭਰ ਚੱਲੇ ਕੈਂਪ ਵਿਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ।

ਟੀਮ ਦੀ ਆਖਰੀ ਚੋਣ ਵਿਚ ਦੋਵਾਂ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਕੇ ਭਾਰਤੀ ਟੀਮ ਵਿਚ ਦਾਖ਼ਲਾ ਲਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਉਪ ਮੁੱਖ ਮੰਤਰੀ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਤੇ ਪੰਜਾਬ ਦੀ ਮਾਂ ਖੇਡ ਕਬੱਡੀ ਨੂੰ ਵਿਸ਼ਵ ਪੱਧਰ 'ਤੇ ਪ੍ਰਫੁੱਲਤ ਕਰਨ ਲਈ ਵੱਡਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੌਮਾਂਤਰੀ ਕਬੱਡੀ ਮਾਹਿਰਾਂ ਦੀ ਨਿਗਰਾਨੀ ਹੇਠ ਚੁਣੀ ਗਈ ਭਾਰਤ ਦੀ ਕਬੱਡੀ ਟੀਮ ਵਿਚ ਸ਼੍ਰੋਮਣੀ ਕਮੇਟੀ ਦੀ ਟੀਮ ਦੇ ਦੋ ਖਿਡਾਰੀ ਨਰਪਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਗੋਪੀ ਸ਼ਾਮਲ ਕੀਤੇ ਗਏ ਹਨ।

## ਮਾਂਵਾਂ-ਧੀਆਂ ਇਕੱਠੀਆਂ ਮੈਦਾਨ ਵਿਚ ਗੱਜੀਆਂ

**ਲੁਧਿਆਣਾ:** ਮਾਂ ਤੇ ਬੇਟੀ ਨੂੰ ਇਕੱਠਿਆਂ ਕਬੱਡੀ ਖੇਡਦੇ ਸ਼ਾਇਦ ਹੀ ਕਿਸੇ ਨੇ ਦੇਖਿਆ ਹੋਵੇ ਪਰ ਤੀਜੇ ਵਿਸ਼ਵ ਕੱਪ ਕਬੱਡੀ ਵਿਚ ਦਰਸ਼ਕਾਂ ਨੂੰ ਇਸ ਤਰ੍ਹਾਂ ਦਾ ਮੌਕਾ ਜ਼ਰੂਰ ਦੇਖਣ ਨੂੰ ਮਿਲ ਰਿਹਾ ਹੈ ਜਦੋਂ ਮਾਂ ਤੇ ਬੇਟੀਆਂ ਇਕੱਠੀਆਂ ਮੈਦਾਨ ਵਿਚ ਕਬੱਡੀ-ਕਬੱਡੀ ਕਰਨਗੀਆਂ। ਵਿਸ਼ਵ ਕਬੱਡੀ ਕੱਪ ਵਿਚ ਪਹਿਲੀ ਵਾਰ ਹਿੱਸਾ ਲੈਣ ਲਈ ਪਹੁੰਚੀ ਕੈਨੇਡੀਅਨ ਟੀਮ ਵਿਚ ਤਿੰਨ ਇਸ ਤਰ੍ਹਾਂ ਦੀਆਂ ਖਿਡਾਰਨਾਂ ਹਨ ਜੋ ਆਪਣੀਆਂ ਬੇਟੀਆਂ ਨੂੰ ਲੈ ਕੇ ਕਬੱਡੀ ਦੇ ਮੈਦਾਨ ਵਿਚ ਉਤਰਨਗੀਆਂ। ਕਪਤਾਨ ਨਰਿੰਦਰ ਗਿੱਲ ਨੇ ਦੱਸਿਆ ਕਿ ਟੀਮ ਵਿਚ ਸ਼ਾਮਲ ਉਕਤ ਤਿੰਨੇ ਖਿਡਾਰਨਾਂ ਦੇ ਇਲਾਵਾ ਹੋਰ ਖਿਡਾਰਨਾਂ ਕੈਨੇਡਾ ਦੇ ਅਲੱਗ-ਅਲੱਗ ਸ਼ਹਿਰਾਂ ਤੋਂ ਹਨ ਜੋ ਫੁਟਬਾਲ ਦੀਆਂ ਨਾਮੀ ਖਿਡਾਰਨਾਂ ਹੋਣ ਦੇ ਬਾਵਜੂਦ ਕਬੱਡੀ ਵਿਚ ਹੱਥ ਅਜ਼ਮਾਉਣ ਆਈਆਂ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਇਕ ਸਾਲ ਤੋਂ ਟੀਮ ਦੀਆਂ ਸੱਤ ਖਿਡਾਰਨਾਂ ਸਕੂਲ ਵਿਚ ਕਬੱਡੀ ਦੀ ਪ੍ਰੈਕਟਿਸ ਕਰ ਰਹੀਆਂ ਹਨ। ਟੀਮ ਦੇ ਕੋਚ ਤਲਵਿੰਦਰ ਸਿੰਘ ਨੇ ਦੱਸਿਆ ਕਿ ਕੈਨੇਡਾ ਦੀ ਟੀਮ 12 ਖਿਡਾਰਨਾਂ ਦੇ ਨਾਲ ਕਬੱਡੀ ਕੱਪ ਖੇਡਣ ਆਈ ਹੈ ਜਿਨ੍ਹਾਂ ਵਿਚ ਸੱਤ ਵਿਦਿਆਰਥਣਾਂ ਦੇ ਇਲਾਵਾ ਹੋਰ ਪੰਜ ਖਿਡਾਰਨਾਂ ਜਾਬ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਆਪਣੀਆਂ ਬੇਟੀਆਂ ਨਾਲ ਕਬੱਡੀ ਖੇਡਣ ਵਾਲੀਆਂ ਸਾਰੀਆਂ ਮਹਿਲਾਵਾਂ ਕਈ ਸਾਲ ਪਹਿਲਾਂ ਪੰਜਾਬ ਤੋਂ ਹੀ ਕੈਨੇਡਾ ਜਾ ਕੇ ਵਸੀਆਂ ਸਨ ਜਿਨ੍ਹਾਂ ਨੇ ਆਪਣੀਆਂ ਬੇਟੀਆਂ ਨੂੰ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਸਿਖਾਉਣ ਲਈ ਉਨ੍ਹਾਂ ਤੋਂ ਕੋਚਿੰਗ ਦਿਵਾਈ ਹੈ। ਟੀਮ ਵਿਚ ਉਕਤ ਛੇ ਦੇ ਇਲਾਵਾ ਤਜਿੰਦਰ ਕੌਰ, ਲਵਦੀਪ, ਨਵਜੋਤ, ਮਨਦੀਪ, ਰੋਮਿਨ ਤੇ ਅਮ੍ਰਿਤਾ ਦੇ ਨਾਂ ਸ਼ਾਮਲ ਹਨ।

## ਫਿਲਮੀ ਸਿਤਾਰਿਆਂ ਉਤੇ ਪੈਸਾ ਪਾਣੀ ਵਾਂਗ ਵਹਾਇਆ


**ਚੰਡੀਗੜ੍ਹ:** ਬਾਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਨੂੰ ਤੀਜੇ ਵਿਸ਼ਵ ਕਬੱਡੀ ਕੱਪ ਦੇ ਉਦਘਾਟਨੀ ਸਮਾਰੋਹਾਂ ਵਿਚ 12 ਮਿੰਟ ਦੇ ਪ੍ਰੋਗਰਾਮ ਲਈ ਸਵਾ ਕਰੋੜ ਰੁਪਏ ਦਿੱਤੇ ਗਏ। ਅਕਸ਼ੈ ਕੁਮਾਰ ਦੀ ਹਾਜ਼ਰੀ ਭੀੜ ਨੂੰ ਖਿੱਚਣ ਲਈ ਸੀ ਤੇ ਉਸ ਦਾ ਸਿੱਧੇ ਤੌਰ 'ਤੇ ਕਬੱਡੀ ਕੱਪ ਨਾਲ ਕੋਈ ਸਬੰਧ ਨਹੀਂ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਰਕਾਰ ਕੋਲ ਫੰਡਾਂ ਦੀ ਘਾਟ ਹੋਣ ਕਾਰਨ ਬਹੁਤੇ ਕੰਮ ਉਧਰ ਹੀ ਕਰਵਾਏ ਜਾ ਰਹੇ ਹਨ ਪਰ ਬਾਲੀਵੁੱਡ ਦੇ ਸਿਤਾਰਿਆਂ ਨੂੰ ਪੈਸੇ ਦੇ ਖੁੱਲ੍ਹੇ ਗੱਫੇ ਦਿੱਤੇ ਹਨ।

ਪੰਜਾਬ ਸਰਕਾਰ ਵੱਲੋਂ ਕਬੱਡੀ ਕੱਪ ਦੀ ਚਮਕ ਦਮਕ ਲਈ ਬਾਲੀਵੁੱਡ ਕਲਾਕਾਰਾਂ 'ਤੇ ਤਕਰੀਬਨ ਚਾਰ ਕਰੋੜ ਰੁਪਏ ਖਰਚੇ ਗਏ। ਰਾਜ ਸਰਕਾਰ ਐਤਕੀਂ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ 'ਤੇ ਸਵਾ ਛੇ ਕਰੋੜ ਰੁਪਏ ਖਰਚ ਰਹੀ ਹੈ। ਬਠਿੰਡਾ ਵਿਚ ਪਹਿਲੀ ਦਸੰਬਰ ਨੂੰ ਤੀਜੇ ਵਿਸ਼ਵ ਕਬੱਡੀ ਕੱਪ ਦਾ ਉਦਘਾਟਨ ਹੋਇਆ ਜਿਸ ਵਿਚ ਬਾਲੀਵੁੱਡ ਕਲਾਕਾਰ ਅਕਸ਼ੈ ਕੁਮਾਰ ਤੋਂ ਇਲਾਵਾ ਹੀਰੋਇਨ ਅਸਿਨ ਤੇ ਹਿਮੇਸ਼ ਰੇਸ਼ਮੀਆ ਸ਼ਾਮਲ ਹੋਏ।

ਪੰਜਾਬੀ ਗਾਇਕਾ ਮਿਸ ਪੂਜਾ ਵੀ ਉਦਘਾਟਨੀ ਸਮਾਰੋਹਾਂ ਵਿਚ ਪੁੱਜੀ।

ਪੰਜਾਬ ਸਰਕਾਰ ਵੱਲੋਂ ਤੀਜੇ ਕਬੱਡੀ ਕੱਪ ਦੇ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ ਦਾ ਜ਼ਿੰਮਾ ਵਿਜ ਕਰਾਫਟ ਕੰਪਨੀ ਨੂੰ ਦਿੱਤਾ ਗਿਆ ਜਿਸ ਨੂੰ 6 ਕਰੋੜ, 15 ਲੱਖ ਰੁਪਏ ਵਿਚ ਇਹ ਕੰਮ ਦਿੱਤਾ ਗਿਆ। ਬਾਲੀਵੁੱਡ ਕਲਾਕਾਰਾਂ ਦਾ ਖਰਚ ਵੀ ਇਸ ਕੰਪਨੀ ਵੱਲੋਂ ਕੀਤਾ ਗਿਆ। ਪਹਿਲੇ ਵਿਸ਼ਵ ਕਬੱਡੀ ਕੱਪ ਦੇ ਉਦਘਾਟਨੀ ਤੇ ਸਮਾਪਤੀ ਸਮਾਰੋਹ 'ਤੇ ਸਿਰਫ਼ 75 ਲੱਖ ਰੁਪਏ ਖਰਚ ਹੋਏ ਸਨ। ਵਿਜ ਕਰਾਫਟ ਕੰਪਨੀ ਵੱਲੋਂ ਬਾਕੀ ਕਲਾਕਾਰਾਂ ਤੋਂ ਇਲਾਵਾ ਸਟੇਜ, ਲਾਈਟਿੰਗ ਤੇ ਸਾਊਂਡ ਦਾ ਖਰਚਾ ਕੀਤਾ ਗਿਆ। ਖੇਡ ਵਿਭਾਗ ਪੰਜਾਬ ਦੇ ਡਾਇਰੈਕਟਰ ਸ਼ਿਵਦੁਲਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਵਿਜ ਕਰਾਫਟ ਕੰਪਨੀ ਨੂੰ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ ਦਾ ਕੰਮ ਸਵਾ ਛੇ ਕਰੋੜ ਵਿਚ ਦਿੱਤਾ ਗਿਆ।

### ਅਕਸ਼ੈ ਕੁਮਾਰ ਨੂੰ 12 ਮਿੰਟਾਂ ਦਾ ਸਵਾ ਕਰੋੜ



ਬਾਲੀਵੁੱਡ ਕਲਾਕਾਰ ਵੀ ਇਸ ਕੰਪਨੀ ਵੱਲੋਂ ਹੀ ਬੁਲਾਏ ਗਏ। ਉਨ੍ਹਾਂ ਦੱਸਿਆ ਕਿ ਵਿਸ਼ਵ ਕਬੱਡੀ ਕੱਪ ਲਈ ਕਾਫ਼ੀ ਸਪਾਂਸਰ ਮਿਲੇ ਹਨ। ਐਤਕੀਂ ਵਿਸ਼ਵ ਕਬੱਡੀ ਕੱਪ ਦਾ ਬਜਟ 20 ਕਰੋੜ ਰੁਪਏ ਰੱਖਿਆ ਗਿਆ। ਦੂਜੇ ਵਿਸ਼ਵ ਕੱਪ ਦਾ ਬਜਟ 17 ਕਰੋੜ ਰੁਪਏ ਸੀ। ਪਹਿਲਾ ਵਿਸ਼ਵ ਕੱਪ ਸਿਰਫ਼ 5 ਕਰੋੜ, 66 ਲੱਖ ਰੁਪਏ ਵਿਚ ਹੀ ਹੋ ਗਿਆ ਸੀ। ਪੰਜਾਬ ਸਰਕਾਰ ਨੇ ਪਹਿਲੇ ਵਿਸ਼ਵ ਕਬੱਡੀ ਕੱਪ 'ਤੇ ਸਰਕਾਰੀ ਖ਼ਜ਼ਾਨੇ ਵਿਚੋਂ 2 ਕਰੋੜ, 33 ਲੱਖ ਰੁਪਏ ਖਰਚੇ ਸਨ ਜਦੋਂਕਿ 3 ਕਰੋੜ, 32 ਲੱਖ ਰੁਪਏ ਸਪਾਂਸਰਾਂ ਨੇ ਖਰਚੇ ਸਨ। ਦੂਜੇ ਵਿਸ਼ਵ ਕਬੱਡੀ ਕੱਪ ਦੌਰਾਨ ਸਰਕਾਰੀ ਖ਼ਜ਼ਾਨੇ ਵਿਚੋਂ ਸਵਾ ਪੰਜ ਕਰੋੜ ਰੁਪਏ ਖਰਚੇ ਗਏ ਸਨ ਤੇ ਬਾਕੀ ਰਾਸ਼ੀ ਸਪਾਂਸਰਾਂ ਨੇ ਖਰਚੀ ਸੀ।

ਐਤਕੀਂ ਸਰਕਾਰ ਵੱਲੋਂ ਪੰਜ ਕਰੋੜ ਰੁਪਏ ਦਾ ਬਜਟ ਜਾਰੀ ਕੀਤਾ ਗਿਆ ਤੇ ਬਾਕੀ 15 ਕਰੋੜ ਰੁਪਏ ਸਪਾਂਸਰਾਂ ਤੋਂ ਇਕੱਠੇ ਕੀਤੇ ਗਏ। ਰੀਅਲ ਅਸਟੇਟ ਦੇ ਕਾਰੋਬਾਰੀ ਵੀ ਇਨ੍ਹਾਂ ਸਪਾਂਸਰਾਂ ਵਿਚ ਸ਼ਾਮਲ ਹਨ। ਪੰਜਾਬ ਸਰਕਾਰ ਵੱਲੋਂ ਖਿਡਾਰੀਆਂ ਨੂੰ ਦਿੱਤੇ ਜਾਣ ਵਾਲੇ ਇਨਾਮਾਂ ਦਾ ਕੁੱਲ ਬਜਟ ਸਾਢੇ ਛੇ ਕਰੋੜ ਰੁਪਏ ਰੱਖਿਆ ਗਿਆ। ਬਾਲੀਵੁੱਡ ਕਲਾਕਾਰਾਂ ਤੇ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲੀਆਂ ਟੀਮਾਂ ਦਾ ਖਰਚ ਬਰਾਬਰ ਰਹੇਗਾ।

# ਕਬੱਡੀ ਕੱਪ ਉਤੇ ਡੋਪਿੰਗ ਦਾ ਸਾਇਆ



**ਚੰਡੀਗੜ੍ਹ:** ਵਿਸ਼ਵ ਕਬੱਡੀ ਕੱਪ 'ਤੇ ਇਸ ਵਾਰ ਵੀ ਡੋਪਿੰਗ ਦਾ ਸਾਇਆ ਬਰਕਰਾਰ ਹੈ। ਖੇਡ ਵਿਭਾਗ, ਪੰਜਾਬ ਐਮਚਿਓਰ ਕਬੱਡੀ ਐਸੋਸੀਏਸ਼ਨ (ਪਾਕਾ) ਤੇ ਵਿਸ਼ਵ ਕੱਪ ਪ੍ਰਬੰਧਕਾਂ ਵੱਲੋਂ ਸਮੇਂ ਸਿਰ ਕਾਰਵਾਈ ਨਾ ਕਰਨ ਕਰਕੇ ਵਿਸ਼ਵ ਕਬੱਡੀ ਕੱਪ ਵਿਚ ਖੇਡ ਰਹੇ ਖਿਡਾਰੀ ਨਾਕਆਊਟ ਗੇੜ ਤਕ ਤਾਂ ਡੋਪ ਟੈਸਟਾਂ ਤੋਂ ਬਚ ਗਏ ਹਨ ਪਰ ਫਾਈਨਲ ਮੈਚਾਂ ਤੱਕ ਇਹ ਟਾਸਟ ਹੋ ਸਕਦੇ ਹਨ। ਅਜੇ ਤਕ ਨਾਡਾ (ਨੈਸ਼ਨਲ ਐਂਟੀ ਡੋਪਿੰਗ ਏਜੰਸੀ) ਦੀ ਕੋਈ ਵੀ ਟੀਮ ਕਿਤੇ ਵੀ ਖਿਡਾਰੀਆਂ ਦੇ ਸੈਂਪਲ ਲੈਣ ਨਹੀਂ ਪੁੱਜੀ ਤੇ ਵਿਸ਼ਵ ਕਬੱਡੀ ਕੱਪ ਨੂੰ ਡੋਪਿੰਗ ਮੁਕਤ ਕਰਵਾਏ ਜਾਣ ਬਾਰੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਗਏ ਦਾਅਵੇ ਕਾਫੂਰ ਹੁੰਦੇ ਨਜ਼ਰ ਆ ਰਹੇ ਹਨ।

'ਡੋਪਿੰਗ ਕੰਟਰੋਲ' ਦੀ ਘਾਟ ਕਾਰਨ ਕਬੱਡੀ ਨੂੰ ਓਲੰਪਿਕ ਖੇਡ ਵਜੋਂ ਵਿਕਸਤ ਕਰਨ ਦੇ ਸੁਖਬੀਰ ਸਿੰਘ ਬਾਦਲ ਦੇ ਯਤਨਾਂ ਨੂੰ ਧੱਕਾ ਲੱਗ ਸਕਦਾ ਹੈ। ਸੂਤਰਾਂ ਅਨੁਸਾਰ ਬੇਹੱਦ ਪ੍ਰਚਾਰੇ ਇਸ ਵਿਸ਼ਵ ਕਬੱਡੀ ਕੱਪ ਦੀ ਸ਼ੁਰੂਆਤ ਤੋਂ ਬਿਲਕੁਲ ਪਹਿਲਾਂ ਭਾਰਤੀ ਖਿਡਾਰੀਆਂ ਦੇ ਟੈਸਟ ਲਈ ਨਾਡਾ ਦੀ ਟੀਮ ਨੂੰ ਸੁਨੇਹਾ ਦਿੱਤਾ ਗਿਆ। ਇਨ੍ਹਾਂ ਟੈਸਟਾਂ ਦਾ ਨਤੀਜਾ ਅਜੇ ਆਉਣਾ ਹੈ। ਡੋਪ ਦੇ ਡੰਗ ਤੋਂ ਡਰਦਿਆਂ ਭਾਰਤੀ ਕਬੱਡੀ ਟੀਮ ਵਿਚ ਕੁਝ ਵਾਧੂ ਖਿਡਾਰੀ ਸ਼ਾਮਲ ਕੀਤੇ ਗਏ ਹਨ। ਵਿਸ਼ਵ ਕਬੱਡੀ ਕੱਪ ਦੇ ਪ੍ਰਬੰਧਕਾਂ ਨੂੰ ਇਹ ਲੋੜ ਤੋਂ ਵੱਧ ਭਰੋਸਾ ਸੀ ਕਿ ਨਾਡਾ ਦੀਆਂ ਟੀਮਾਂ ਸੁਨੇਹਾ ਮਿਲਦਿਆਂ ਸਾਰ ਤੁਰੰਤ ਹੀ ਆ ਜਾਣਗੀਆਂ। ਇਹ ਸਮਝਿਆ ਜਾ ਰਿਹਾ ਹੈ ਕਿ ਨਾਡਾ ਦੇ ਚੇਅਰਮੈਨ ਵਿਸ਼ਵ ਕੱਪ ਦੇ ਪ੍ਰਬੰਧਕਾਂ ਨੂੰ ਪੱਤਰ ਲਿਖ ਕੇ ਸਪਸ਼ਟੀਕਰਨ ਮੰਗ ਸਕਦੇ ਹਨ। ਹੁਣ ਡੋਪਿੰਗ ਟੈਸਟ ਨਾਕਆਊਟ ਗੇੜ ਜਾਂ ਸੈਮੀ ਫਾਈਨਲ ਤਕ ਹੀ ਹੋ ਸਕਣਗੇ ਤੇ ਇਸ ਤਰ੍ਹਾਂ ਨਤੀਜੇ ਵੀ ਦੇਰ ਨਾਲ ਨਿਕਲਣਗੇ। ਇਸ ਤਰ੍ਹਾਂ ਜੋ ਟੀਮਾਂ ਨਾਕਆਊਟ ਗੇੜ ਤਕ ਨਹੀਂ ਪੁੱਜਣਗੀਆਂ, ਉਨ੍ਹਾਂ ਦੇ ਖਿਡਾਰੀਆਂ ਨੂੰ ਡੋਪ ਟੈਸਟ ਦਾ ਕੋਈ ਡਰ ਨਹੀਂ ਤੇ ਇਹ ਖਦਸ਼ਾ ਬਣਿਆ ਰਹੇਗਾ ਕਿ ਉਨ੍ਹਾਂ ਤਾਕਤ ਵਧਾਊ ਵਰਜਿਤ ਦਵਾਈਆਂ ਦਾ ਸੇਵਨ ਕੀਤਾ ਹੈ ਕਿ ਨਹੀਂ। ਜ਼ਿਕਰਯੋਗ ਹੈ ਕਿ ਪਿਛਲੇ ਵਿਸ਼ਵ ਕਬੱਡੀ ਕੱਪ ਵਿਚ ਡੋਪਿੰਗ ਦੇ ਟੈਸਟ ਵੱਡੀ ਗਿਣਤੀ ਵਿਚ ਫੇਲ੍ਹ ਹੋ ਗਏ ਸਨ ਤੇ ਵਿਸ਼ਵ ਕਬੱਡੀ ਕੱਪ ਸ਼ੋਹਰਤ ਦੀ ਥਾਂ ਖੁਨਾਮੀ ਵਧੇਰੇ ਖੱਟ ਗਿਆ ਸੀ। ਇਸ ਤੋਂ ਇਲਾਵਾ ਵਿਸ਼ਵ ਕੱਪ ਦੇ ਪ੍ਰਬੰਧਕਾਂ ਕੋਲ ਅਜਿਹਾ ਕੋਈ ਪ੍ਰਬੰਧ ਨਹੀਂ ਹੈ ਕਿ ਉਹ ਡੋਪ ਟੈਸਟ ਵਿਚੋਂ ਫੇਲ੍ਹ ਹੋਏ ਕਬੱਡੀ ਖਿਡਾਰੀਆਂ ਉਤੇ ਦੋ ਜਾਂ ਤਿੰਨ ਸਾਲ ਲਈ ਖੇਡਣ 'ਤੇ ਰੋਕ ਲਗਾਉਣ।

# ਓਲੰਪਿਕ ਵਿਚ ਪਹੁੰਚਣ ਬਾਰੇ ਤੱਥ ਹੋਰ, ਦਾਅਵੇ ਹੋਰ!

ਕਬੱਡੀ ਦੇ ਕਈ ਪ੍ਰਮੋਟਰ ਦਾਅਵੇ ਕਰਦੇ ਹਨ ਕਿ ਕਬੱਡੀ ਆਉਂਦੀਆਂ ਓਲੰਪਿਕ ਖੇਡਾਂ ਵਿਚ ਸ਼ਾਮਿਲ ਕਰਵਾ ਦਿਆਂਗੇ। ਅਸਲ ਵਿਚ ਕਬੱਡੀ ਦੇ ਟੂਰਨਾਮੈਂਟ ਕਰਵਾਉਣ ਵਾਲੇ ਬਹੁਤ ਸਾਰੇ ਸੱਜਣਾਂ ਨੂੰ ਇਸ ਗੱਲ ਦਾ ਗਿਆਨ ਨਹੀਂ ਕਿ ਕਿਸੇ ਖੇਡ ਦੇ ਓਲੰਪਿਕ ਪ੍ਰੋਗਰਾਮ ਵਿਚ ਸ਼ਾਮਿਲ ਕੀਤੇ ਜਾਣ ਦਾ ਬਾਕਾਇਦਾ ਵਿਧੀ ਵਿਧਾਨ ਹੈ। ਜਦੋਂ ਤੱਕ ਉਸ ਵਿਧਾਨ ਅਥਵਾ ਓਲੰਪਿਕ ਚਾਰਟਰ ਦੀ ਜਾਣਕਾਰੀ ਨਾ ਹੋਵੇ, ਓਦੋਂ ਤੱਕ ਕਬੱਡੀ ਨੂੰ ਓਲੰਪਿਕ ਖੇਡਾਂ ਵਿਚ ਲੈ ਜਾਣ ਦੇ ਦਾਅਵੇ ਕਰਨਾ ਹਨੇਰੇ ਵਿਚ ਡਾਂਗਾਂ ਮਾਰਨਾ ਹੈ। ਹੈਰਾਨੀ ਦੀ ਗੱਲ ਹੈ ਕਿ ਜ਼ਿੰਮੇਵਾਰ ਬੰਦੇ ਵੀ ਇਹ ਬਿਆਨ ਦੇਈ ਜਾਂਦੇ ਹਨ ਕਿ 2016 ਵਿਚ ਰਿਓ ਡੀ ਜਨੀਰੀਓ ਦੀਆਂ ਓਲੰਪਿਕ ਖੇਡਾਂ ਵਿਚ ਕਬੱਡੀ ਵੀ ਖਿਡਾਈ ਜਾਵੇਗੀ। ਓਲੰਪਿਕ ਚਾਰਟਰ 103 ਪੰਨਿਆਂ ਦਾ ਸੰਵਿਧਾਨ ਹੈ ਜਿਸ ਦੀ ਅਜੋਕੀ ਐਡੀਸ਼ਨ ਅਨੁਸਾਰ ਇਸ ਦੇ ਨਵੇਂ ਨਿਯਮ 8 ਜੁਲਾਈ, 2011 ਤੋਂ ਲਾਗੂ ਹਨ। ਇਸ ਦੇ 6 ਚੈਪਟਰ ਹਨ ਜਿਨ੍ਹਾਂ ਵਿਚ ਕਈ ਉਪਬੰਧ, ਨਿਯਮ ਤੇ ਅਧਿਨਿਯਮ ਦਰਜ ਹਨ। ਇਹ ਇੰਟਰਨੈਟ ਉਪਰ ਵੀ ਪੜ੍ਹਿਆ ਜਾ ਸਕਦਾ ਹੈ। ਓਲੰਪਿਕਸ ਦੀ ਸਰਬ-ਉੱਚ ਜਥੇਬੰਦੀ ਇੰਟਰਨੈਸ਼ਨਲ ਓਲੰਪਿਕ ਕਮੇਟੀ ਹੈ ਜਿਸ ਦੇ ਵੱਧ ਤੋਂ ਵੱਧ 115 ਮੈਂਬਰ ਹੋ ਸਕਦੇ ਹਨ। ਇਸ ਦਾ ਕਾਰਜਕਾਰੀ ਬੋਰਡ 15 ਮੈਂਬਰਾਂ ਦਾ ਹੈ। ਇੰਟਰਨੈਸ਼ਨਲ ਓਲੰਪਿਕ ਕਮੇਟੀ ਨੇ 35 ਖੇਡਾਂ ਨੂੰ 'ਆਫੀਸ਼ਲ' ਤੇ 33 ਖੇਡਾਂ ਨੂੰ 'ਰੀਕਗਨਾਈਜ਼ਡ' ਖੇਡਾਂ ਦਾ ਦਰਜਾ ਦਿੱਤਾ ਹੋਇਆ ਹੈ। ਇਨ੍ਹਾਂ ਵਿਚ ਕਬੱਡੀ ਦਾ ਨਾਂ ਕਿਧਰੇ ਨਹੀਂ। ਓਲੰਪਿਕ ਚਾਰਟਰ ਅਨੁਸਾਰ ਕਿਸੇ ਵੀ ਨਵੀਂ ਓਲੰਪਿਕਸ ਵਿਚ ਵੱਧ ਤੋਂ ਵੱਧ 28 ਖੇਡਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ ਤੇ ਖੇਡਾਂ ਦਾ ਸਮਾਂ 16 ਦਿਨਾਂ ਤੋਂ ਨਹੀਂ ਵਧਾਇਆ ਜਾ ਸਕਦਾ। ਖਿਡਾਰੀ 10500 ਤੇ ਆਫ਼ੀਸ਼ਲ 5000 ਤੋਂ ਵੱਧ ਨਹੀਂ ਹੋਣੇ ਚਾਹੀਦੇ।



ਪ੍ਰਿੰਸੀਪਲ ਸਰਵਣ ਸਿੰਘ

ਨਵੀਂ ਓਲੰਪਿਕਸ ਤੋਂ 7 ਸਾਲ ਪਹਿਲਾਂ ਇੰਟਰਨੈਸ਼ਨਲ ਓਲੰਪਿਕ ਕਮੇਟੀ ਆਪਣੇ ਸਾਲਾਨਾ ਸੈਸ਼ਨ ਵਿਚ ਮਹਿਮਾਨ ਸ਼ਹਿਰ ਦੀ ਚੋਣ ਕਰਦੀ ਹੈ ਤੇ ਨਾਲ ਹੀ ਓਲੰਪਿਕ ਪ੍ਰੋਗਰਾਮ ਵਿਚ ਸ਼ਾਮਿਲ ਕੀਤੀਆਂ ਜਾਣ ਵਾਲੀਆਂ ਖੇਡਾਂ ਦੀ ਵੀ ਚੋਣ ਕਰ ਲੈਂਦੀ ਹੈ। ਰੀਓ ਡੀ ਜਨੀਰੀਓ ਓਲੰਪਿਕਸ ਵਿਚ ਕਰਵਾਈਆਂ ਜਾਣ ਵਾਲੀਆਂ ਖੇਡਾਂ ਦੀ ਚੋਣ 2009 ਦੇ ਸੈਸ਼ਨ ਵਿਚ ਹੀ ਹੋ ਗਈ ਸੀ। ਉਨ੍ਹਾਂ ਵਿਚ ਕਬੱਡੀ ਦਾ ਕੋਈ ਨਾਂ-ਥਾਂ ਨਹੀਂ। 2020 ਦੀਆਂ ਖੇਡਾਂ ਲਈ ਸ਼ਹਿਰ ਤੇ ਖੇਡਾਂ ਦੀ ਚੋਣ 7 ਸਤੰਬਰ 2013 ਨੂੰ ਬਿਊਨਿਸ ਏਅਰਜ਼ ਵਿਖੇ ਹੋ ਰਹੇ 125ਵੇਂ ਸੈਸ਼ਨ ਵਿਚ ਹੋਵੇਗੀ।

ਖੇਡਾਂ ਦੀ ਚੋਣ ਮਨਮਰਜ਼ੀ ਨਾਲ ਨਹੀਂ ਹੁੰਦੀ। 28 ਖੇਡਾਂ ਨੂੰ 'ਕੋਰ ਸਪੋਰਟਸ' ਦਾ ਦਰਜਾ ਹਾਸਲ ਹੈ। ਉਨ੍ਹਾਂ ਵਿਚੋਂ 25 ਖੇਡਾਂ ਸ਼ਾਮਿਲ ਕਰਨੀਆਂ ਲਾਜ਼ਮੀ ਹਨ। 3 ਖੇਡਾਂ ਰੀਕਗਨਾਈਜ਼ਡ ਖੇਡਾਂ ਵਿਚੋਂ ਲਈਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਕਬੱਡੀ ਅਜੇ ਸ਼ਾਮਿਲ ਨਹੀਂ।

ਜਿਸ ਖੇਡ ਦੀ ਅੰਤਰਰਾਸ਼ਟਰੀ ਫੈਡਰੇਸ਼ਨ ਨੂੰ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਮਾਨਤਾ ਦੇਵੇ, ਉਹੀ ਖੇਡ ਰੀਕਗਨਾਈਜ਼ਡ ਬਣਦੀ ਹੈ। ਕਬੱਡੀ ਦੀ ਹਾਲੇ ਤੱਕ ਕੋਈ ਅੰਤਰਰਾਸ਼ਟਰੀ ਫੈਡਰੇਸ਼ਨ ਵੀ ਵਜੂਦ ਵਿਚ ਨਹੀਂ ਆਈ। ਕਈ ਮੁਲਕਾਂ ਵਿਚ ਕਬੱਡੀ ਖੇਡੀ ਤਾਂ ਜਾਣ ਲੱਗੀ ਹੈ ਪਰ ਉਨ੍ਹਾਂ ਮੁਲਕਾਂ ਵਿਚ ਨੈਸ਼ਨਲ ਕਬੱਡੀ ਫੈਡਰੇਸ਼ਨਾਂ ਵਜੂਦ ਵਿਚ ਨਹੀਂ ਆਈਆਂ। ਸਥਾਨਕ ਕਲੱਬਾਂ ਤੇ ਸਥਾਨਕ ਫੈਡਰੇਸ਼ਨਾਂ ਨਾਲ ਹੀ ਬੁੱਤਾ ਸਾਰਿਆ ਜਾ ਰਿਹਾ ਹੈ। ਓਲੰਪਿਕ ਪ੍ਰੋਗਰਾਮ ਵਿਚ 'ਸਪੋਰਟਸ' 28 ਤੋਂ ਵੱਧ ਨਹੀਂ ਹੋ ਸਕਦੀਆਂ ਪਰ ਕਿਸੇ ਖੇਡ ਦੇ 'ਡਿਸਿਪਲਿਨ' ਤੇ 'ਈਵੈਂਟ' ਵੱਧ-ਘੱਟ ਹੋ ਸਕਦੇ ਹਨ। ਕਬੱਡੀ ਨੂੰ ਸਪੋਰਟਸ ਦੇ ਤੌਰ 'ਤੇ ਲਿਆ ਜਾਵੇ ਤਾਂ ਇਸ ਦੇ ਤਿੰਨ ਡਿਸਿਪਲਿਨ ਹਨ। ਪਹਿਲਾ ਕਬੱਡੀ ਨੈਸ਼ਨਲ ਸਟਾਈਲ, ਦੂਜਾ ਕਬੱਡੀ ਸਰਕਲ ਸਟਾਈਲ ਤੇ ਤੀਜਾ ਬੀਚ ਕਬੱਡੀ। ਹਾਲੇ ਤੱਕ ਕਬੱਡੀ ਦਾ ਇਕੋ ਡਿਸਿਪਲਿਨ ਕਬੱਡੀ ਨੈਸ਼ਨਲ ਸਟਾਈਲ ਹੀ ਏਸ਼ੀਆਈ ਖੇਡਾਂ ਵਿਚ ਸ਼ਾਮਿਲ ਹੋਇਆ ਹੈ। ਅਜੇ ਤੱਕ ਇਹ ਵੀ ਕਾਮਨਵੈਲਥ ਖੇਡਾਂ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਓਲੰਪਿਕ ਖੇਡਾਂ ਦਾ ਘਰ ਤਾਂ ਕਾਫੀ ਦੂਰ ਹੈ।

ਕਬੱਡੀ ਦੇ ਵਰਲਡ ਕੱਪ ਜਾਂ ਵੱਡੇ ਇਨਾਮੀ ਟੂਰਨਾਮੈਂਟ ਕਰਾਉਣ ਨਾਲ ਹੀ ਕਬੱਡੀ ਓਲੰਪਿਕ ਖੇਡਾਂ ਵਿਚ ਸ਼ਾਮਿਲ ਨਹੀਂ ਹੋ ਜਾਣੀ। ਇਹਦੇ ਲਈ ਜ਼ਰੂਰੀ ਹੈ ਕਿ ਕਬੱਡੀ ਦੀ ਅੰਤਰਰਾਸ਼ਟਰੀ ਫੈਡਰੇਸ਼ਨ ਬਣੇ ਜਿਸ ਨੂੰ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੀ ਮਾਨਤਾ ਮਿਲੇ। ਅੰਤਰਰਾਸ਼ਟਰੀ ਕਬੱਡੀ ਫੈਡਰੇਸ਼ਨ ਆਪਣੀ ਪੂਰੀ ਜ਼ਿੰਮੇਵਾਰੀ ਨਾਲ ਇਸ ਖੇਡ ਦਾ ਕੇਸ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਸਨਮੁੱਖ ਰੱਖੇ ਤੇ ਉਹ ਵੀ ਓਲੰਪਿਕਸ ਤੋਂ ਸੱਤ ਸਾਲ ਪਹਿਲਾਂ। ਜੇ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਸੈਸ਼ਨ ਵਿਚ ਅੱਧਿਓਂ ਵੱਧ ਵੋਟਾਂ ਕਬੱਡੀ ਦੇ ਹੱਕ ਵਿਚ ਪੈ ਜਾਣ ਤਾਂ ਕਬੱਡੀ ਓਲੰਪਿਕ ਖੇਡਾਂ 'ਚ ਸ਼ਾਮਿਲ ਹੋ ਸਕਦੀ ਹੈ। ਕਬੱਡੀ ਸ਼ਾਮਿਲ ਹੋਵੇਗੀ ਤਾਂ ਕੋਈ ਖੇਡ ਨਿਕਲੇਗੀ ਵੀ।

ਇਹ ਕਾਰਜ ਇੰਨਾ ਸੌਖਾ ਨਹੀਂ। ਹਾਲੇ ਤਾਂ ਮੁਲਕਾਂ ਵਿਚ ਕਬੱਡੀ ਦੀਆਂ ਨੈਸ਼ਨਲ ਫੈਡਰੇਸ਼ਨਾਂ ਵੀ ਨਹੀਂ ਬਣੀਆਂ ਤੇ ਨਾ ਹੀ ਮਾਨਤਾ ਪ੍ਰਾਪਤ ਅੰਤਰਰਾਸ਼ਟਰੀ ਕਬੱਡੀ ਫੈਡਰੇਸ਼ਨ ਬਣੀ ਹੈ। ਅਜੇ ਤਾਂ ਕਬੱਡੀ ਦਾ ਸਰਕਲ ਸਟਾਈਲ ਡਿਸਿਪਲਿਨ ਵੀ ਏਸ਼ੀਆਈ ਖੇਡਾਂ ਵਿਚ ਸ਼ਾਮਿਲ ਨਹੀਂ ਹੋ ਸਕਿਆ। ਅਜੇ ਕਬੱਡੀ 'ਸਪੋਰਟਸ' ਵਜੋਂ ਕਾਮਨਵੈਲਥ ਖੇਡਾਂ ਦਾ ਭਾਗ ਵੀ ਨਹੀਂ ਬਣੀ, ਹਾਲਾਂਕਿ ਕਾਮਨਵੈਲਥ ਦੇ ਕਈ ਦੇਸ਼ਾਂ ਵਿਚ ਕਬੱਡੀ ਖੇਡੀ ਜਾਂਦੀ ਹੈ। ਹਾਲੇ ਤਾਂ ਕਬੱਡੀ, ਖ਼ਾਸ ਕਰ ਕੇ ਕਬੱਡੀ ਸਰਕਲ ਸਟਾਈਲ ਸ਼ੁਗਲ ਵਜੋਂ ਹੀ ਖੇਡੀ ਜਾਂਦੀ ਹੈ ਨਾ ਕਿ ਓਲੰਪਿਕ ਖੇਡਾਂ ਦੀ 'ਆਫੀਸ਼ਲ' ਜਾਂ 'ਮਾਨਤਾ ਪ੍ਰਾਪਤ' ਖੇਡ ਵਜੋਂ। ਓਲੰਪਿਕ ਚਾਰਟਰ ਵਿਚ ਇਹ ਵੀ ਲਿਖਿਆ ਹੈ ਕਿ ਉਹੀ ਖੇਡ ਓਲੰਪਿਕ ਪ੍ਰੋਗਰਾਮ ਦਾ ਹਿੱਸਾ ਬਣ ਸਕਦੀ ਹੈ ਜਿਹੜੀ ਵਰਲਡ ਐਂਟੀ ਡੋਪਿੰਗ ਕੋਡ ਨੂੰ ਮੰਨਦੀ ਹੋਵੇ। ਕਬੱਡੀ ਵਿਚ ਇਸ ਕੋਡ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ!

# ਵਿਸ਼ਵ ਕੱਪ ਪੰਜਾਬ ਸਰਕਾਰ ਦਾ ਨਿਰਾ ਪਖੰਡ: ਕੈਪਟਨ

**ਜਲੰਧਰ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੂਬਾ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਦੇਹਾਂਤ ਕਾਰਨ ਸੂਬਾ ਸਰਕਾਰ ਨੇ ਪੰਜਾਬ ਵਿਚ ਇਕ ਪਾਸੇ ਤਾਂ ਸੱਤ ਦਿਨ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਹੋਇਆ ਸੀ ਤੇ ਦੂਜੇ ਪਾਸੇ ਕਬੱਡੀ ਟੂਰਨਾਮੈਂਟ ਵਿਚ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੀ ਮੌਜੂਦਗੀ ਵਿਚ ਬਠਿੰਡਾ ਵਿਚ ਨੱਚਣਾ-ਗਾਉਣਾ ਠੀਕ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਨਿੰਦਾ ਦੀ ਕਾਰਵਾਈ ਦੀ ਰਾਜਪਾਲ ਨੂੰ ਸ਼ਿਕਾਇਤ ਕਰੇਗੀ ਕਿਉਂਕਿ ਬਾਦਲ ਨੇ ਸਿਰਫ ਰਸਮਾਂ ਨਿਭਾਉਣ ਲਈ ਸੋਗ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਬਾਦਲ ਤੇ ਉਨ੍ਹਾਂ ਦੇ ਬੇਟੇ ਦੇ ਮਨ ਵਿਚ ਸਵਰਗੀ ਨੇਤਾ ਪ੍ਰਤੀ ਕੋਈ ਸਨਮਾਨ ਤੇ ਦੁੱਖ ਨਹੀਂ।



ਉਨ੍ਹਾਂ ਕਿਹਾ ਕਿ ਗੁਜਰਾਲ ਪਹਿਲੇ ਪੰਜਾਬੀ ਪ੍ਰਧਾਨ ਮੰਤਰੀ ਸਨ ਤੇ ਉਨ੍ਹਾਂ ਦੀ ਪੰਜਾਬ ਨੂੰ ਦੇਣ ਨੂੰ ਬਾਦਲ ਪਰਿਵਾਰ ਨੇ ਭੁਲਾ ਦਿੱਤਾ। ਬਾਦਲ ਦਿੱਲੀ ਵਿਚ ਗੁਜਰਾਲ ਦੇ ਅੰਤਮ ਸੰਸਕਾਰ ਵਿਚ ਹਿੱਸਾ ਲੈਣ ਤੋਂ ਬਾਅਦ ਸਿੱਧੇ ਆਪਣੇ ਬੇਟੇ ਵੱਲੋਂ ਬਠਿੰਡੇ ਵਿਚ ਨੱਚਣ-ਗਾਉਣ ਦੇ ਸਮਾਰੋਹ ਵਿਚ ਹਿੱਸਾ ਲੈਣ ਪੁੱਜ ਗਏ। ਉਨ੍ਹਾਂ ਕਿਹਾ ਕਿ ਕਬੱਡੀ ਟੂਰਨਾਮੈਂਟ ਦੇ ਮੌਕੇ ਪਟਾਕੇ ਵੀ ਚਲਾਏ ਗਏ।

## ਲੜਕੀਆਂ ਲਈ ਇਨਾਮ ਘੱਟ ਕਿਉਂ: ਭੱਠਲ

**ਲੁਧਿਆਣਾ:** ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਮੰਗ ਕੀਤੀ ਹੈ ਕਿ ਤੀਜੇ ਪਰਲਜ਼ ਵਿਸ਼ਵ ਕਬੱਡੀ ਕੱਪ ਵਿਚ ਲੜਕੀਆਂ ਦੇ ਵਰਗ ਲਈ ਇਨਾਮੀ ਰਾਸ਼ੀ ਲੜਕਿਆਂ ਦੇ ਬਰਾਬਰ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਕਾਂਗਰਸ ਖੇਡਾਂ ਦੇ ਖਿਲਾਫ ਨਹੀਂ ਪਰ ਅਕਾਲੀਆਂ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਦੀ ਮੌਤ ਦੇ ਸ਼ਰਧਾਂਜਲੀ ਵਾਲੇ ਦਿਨ ਫਿਲਮੀ ਸਿਤਾਰਿਆਂ ਨੂੰ ਨਚਾਉਣਾ ਜਾਇਜ਼ ਨਹੀਂ ਹੈ।



ਬੀਬੀ ਭੱਠਲ ਨੇ ਅੱਗੇ ਕਿਹਾ ਕਿ ਨੰਨ੍ਹੀ ਛਾਂ ਦਾ ਹੋਕਾ ਦੇਣ ਵਾਲੇ ਬਾਦਲ ਪਰਿਵਾਰ ਨੇ ਕਬੱਡੀ ਕੱਪ ਦੌਰਾਨ ਲੜਕੀਆਂ ਦੇ ਮੈਚਾਂ ਲਈ ਇਨਾਮੀ ਰਾਸ਼ੀ ਬਹੁਤ ਹੀ ਘੱਟ ਰੱਖ ਕੇ ਸਿੱਧ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਲੜਕੀਆਂ ਦਾ ਕਿੰਨਾ ਕੁ ਫ਼ਿਕਰ ਹੈ ਸਿਰਫ਼ ਸਿਆਸੀ ਰੋਟੀਆਂ ਸੇਕਣ ਤੱਕ ਹੀ ਮਤਲਬ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਕਬੱਡੀ ਕੱਪ ਦੌਰਾਨ ਬਾਦਲ ਪਰਿਵਾਰ ਨੇ ਲੜਕੀਆਂ ਨੂੰ ਤੀਸਰੇ ਦਰਜੇ ਦਾ ਨਾਗਰਿਕ ਬਣਾ ਦਿੱਤਾ ਹੈ ਜਦੋਂਕਿ ਲੜਕਿਆਂ ਲਈ ਇਨਾਮੀ ਰਾਸ਼ੀ ਕਰੋੜਾਂ ਵਿਚ ਰੱਖੀ ਹੈ।

## ਸਿਰਫ ਮੀਡੀਆ ਵਿਚ ਬੱਲੇ-ਬੱਲੇ

**ਹੁਸ਼ਿਆਰਪੁਰ:** ਵਿਸ਼ਵ ਕਬੱਡੀ ਕੱਪ ਦੀ ਸਿਰਫ ਮੀਡੀਆ ਵਿਚ ਹੀ ਬੱਲੇ-ਬੱਲੇ ਹੈ ਕਿਉਂਕਿ ਆਮ ਲੋਕਾਂ ਮੈਚ ਵੇਖਣ ਲਈ ਖੇਡ ਮੈਦਾਨਾਂ ਵਿਚ ਘੱਟ ਹੀ ਪਹੁੰਚ ਰਹੇ ਹਨ। ਇਸ ਦਾ ਇਕ ਕਾਰਨ ਮੈਚਾਂ ਦਾ ਟੀ.ਵੀ. ਚੈਨਲਾਂ 'ਤੇ ਸਿੱਧਾ ਪ੍ਰਸਾਰਨ ਵੀ ਮੰਨਿਆ ਜਾ ਰਿਹਾ ਹੈ। ਹੁਸ਼ਿਆਰਪੁਰ ਆਊਟਡੋਰ ਸਟੇਡੀਅਮ ਵਿਚ ਤਿੰਨ ਦਸੰਬਰ ਨੂੰ ਕਰਵਾਏ ਗਏ ਮੈਚਾਂ ਦੌਰਾਨ ਸਟੇਡੀਅਮ ਵਿਚ ਲਾਈਆਂ ਕੁਰਸੀਆਂ ਤੇ ਵੱਡੀ ਗਿਣਤੀ ਵਿਚ ਦਰਸ਼ਕਾਂ ਲਈ ਬਣਾਈਆਂ ਪੌੜੀਆਂ ਖਾਲੀ ਹੀ ਰਹੀਆਂ।

ਵਰਲਡ ਕਬੱਡੀ ਕੱਪ ਦੇ ਕਰਵਾਏ ਗਏ ਮੈਚਾਂ ਨੂੰ ਦੇਖਣ ਲਈ ਆਮ ਲੋਕਾਂ ਵਿਚ ਘੱਟ ਉਤਸ਼ਾਹ ਦੇਖਣ ਨੂੰ ਮਿਲਿਆ। ਸਟੇਡੀਅਮ ਅੰਦਰ ਆਮ ਲੋਕਾਂ ਦੀ ਥਾਂ ਵਰਦੀਆਂ ਵਿਚ ਆਏ ਸਕੂਲੀ ਬੱਚਿਆਂ ਦੀ ਗਿਣਤੀ ਹੀ ਜ਼ਿਆਦਾ ਦੇਖੀ ਗਈ। ਸਟੇਡੀਅਮ ਦੇ ਅੰਦਰ ਤੇ ਬਾਹਰ ਖੇਡ ਪ੍ਰੇਮੀਆਂ ਨਾਲੋਂ ਜ਼ਿਆਦਾ ਪੁਲਿਸ ਮੁਲਾਜ਼ਮ ਹੀ ਨਜ਼ਰ ਆਏ। ਇਹ ਕਬੱਡੀ ਕੱਪ ਵੀ.ਆਈ.ਪੀਜ਼ ਤੇ ਪੁਲਿਸ ਮੁਲਾਜ਼ਮਾਂ ਦਾ ਹੀ ਕੱਪ ਬਣ ਕੇ ਰਹਿ ਗਿਆ।



# ਸਟੇਡੀਅਮਾਂ ਦੀ ਉਸਾਰੀ ਦਾ ਭੁਗਤਾਨ ਨਾ ਕੀਤਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਨਵੇਂ ਬਣਾਏ ਸਟੇਡੀਅਮਾਂ ਲਈ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿਚ ਪੈਸਾ ਨਹੀਂ ਜਿਸ ਕਾਰਨ ਸਟੇਡੀਅਮ ਉਸਾਰਨ ਵਾਲੇ ਠੇਕੇਦਾਰਾਂ ਦੇ ਕਰੋੜਾਂ ਰੁਪਏ ਸਰਕਾਰ ਵੱਲ ਫਸ ਗਏ ਹਨ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਟੇਡੀਅਮਾਂ ਵਿਚ ਤੀਜਾ ਵਿਸ਼ਵ ਕਬੱਡੀ ਕੱਪ ਕਰਾਇਆ ਜਾ ਰਿਹਾ ਹੈ। ਇਨ੍ਹਾਂ ਸਟੇਡੀਅਮਾਂ ਨੇ ਪੰਜਾਬ ਮੰਡੀ ਬੋਰਡ ਦਾ ਖ਼ਜ਼ਾਨਾ ਵੀ ਖਾਲੀ ਕਰ ਦਿੱਤਾ ਹੈ। ਸਰਕਾਰੀ ਖ਼ਜ਼ਾਨੇ ਵਿਚੋਂ ਜੋ ਸਟੇਡੀਅਮ ਉਸਾਰੇ ਗਏ ਸਨ, ਉਨ੍ਹਾਂ ਦੀ ਹੀ ਸਮੱਸਿਆ ਹੈ। ਬਾਕੀ ਸਟੇਡੀਅਮ ਹੋਰ ਏਜੰਸੀਆਂ ਦੇ ਫੰਡਾਂ ਨਾਲ ਉਸਾਰੇ ਗਏ ਹਨ। ਪੰਜਾਬ ਸਰਕਾਰ ਨੇ ਅੱਧੀ ਦਰਜਨ ਸਟੇਡੀਅਮਾਂ ਲਈ 20 ਕਰੋੜ ਰੁਪਏ ਦੇਣੇ ਸਨ ਪਰ ਮੁਢਲੇ ਪੜਾਅ 'ਤੇ ਪੰਜ ਕਰੋੜ ਰੁਪਏ ਹੀ ਜਾਰੀ ਕੀਤੇ ਤੇ ਮਗਰੋਂ ਪੰਜ ਕਰੋੜ ਰੁਪਏ ਹੋਰ ਜਾਰੀ ਕੀਤੇ।

ਬਠਿੰਡਾ ਦੇ ਹਾਕੀ ਸਟੇਡੀਅਮ ਦੇ ਇਕ ਕਰੋੜ ਦੇ ਬਕਾਏ ਹਾਲੇ ਤੱਕ ਨਹੀਂ ਦਿੱਤੇ ਜਾ ਸਕੇ। ਨਗਰ ਸੁਧਾਰ ਟਰੱਸਟ, ਬਠਿੰਡਾ ਨੇ ਹਾਕੀ ਸਟੇਡੀਅਮ ਲਈ ਸਾਢੇ ਪੰਜ ਕਰੋੜ ਰੁਪਏ ਦੇਣੇ ਸਨ ਪਰ ਟਰੱਸਟ ਸਿਰਫ਼ ਇਕ ਕਰੋੜ ਰੁਪਏ ਹੀ ਦੇ ਸਕਿਆ। ਇਸ ਸਟੇਡੀਅਮ 'ਤੇ ਚਾਰ ਕਰੋੜ ਰੁਪਏ ਖਰਚ ਹੋਏ। ਮੰਡੀ ਬੋਰਡ ਦੋ ਕਰੋੜ ਰੁਪਏ ਆਪਣੇ ਖ਼ਜ਼ਾਨੇ ਵਿਚੋਂ ਖਰਚ ਕਰ ਚੁੱਕਾ ਹੈ। ਠੇਕੇਦਾਰਾਂ ਦੇ ਤਕਰੀਬਨ ਇਕ ਕਰੋੜ ਰੁਪਏ ਦੇ ਬਕਾਏ ਖੜ੍ਹੇ ਹਨ। ਦੋ ਕਰੋੜ ਰੁਪਏ ਮੰਡੀ ਬੋਰਡ ਨੇ ਆਪਣੇ ਖ਼ਜ਼ਾਨੇ ਵਿਚੋਂ ਵਰਤੇ ਹਨ ਜੋ ਸਰਕਾਰ ਨੇ ਹਾਲੇ ਤੱਕ ਨਹੀਂ ਦਿੱਤੇ। ਮਾਨਸਾ ਵਿਚ ਬਣਾਏ ਗਏ ਬਹੁਮੰਤਵੀ ਸਟੇਡੀਅਮ 'ਤੇ ਚਾਰ ਕਰੋੜ

## ਪੰਜਾਬ ਮੰਡੀ ਬੋਰਡ ਨੂੰ ਵੀ ਰਗੜਾ

ਰੁਪਏ ਤੋਂ ਜ਼ਿਆਦਾ ਖਰਚ ਹੋਇਆ ਜਿਸ ਵਿਚੋਂ ਸਰਕਾਰ ਨੇ ਤਿੰਨ ਕਰੋੜ 10 ਲੱਖ ਰੁਪਏ ਦਿੱਤੇ। ਮੰਡੀ ਬੋਰਡ ਨੇ ਅਦਾਇਗੀਆਂ ਕਰਨ ਵਾਸਤੇ 70 ਲੱਖ ਰੁਪਏ ਆਪਣੇ ਖ਼ਜ਼ਾਨੇ ਵਿਚੋਂ ਦਿੱਤੇ ਪਰ 20 ਲੱਖ ਦੇ ਬਕਾਏ ਠੇਕੇਦਾਰਾਂ ਦੇ ਸਰਕਾਰ ਵੱਲ ਹਾਲੇ ਵੀ ਖੜ੍ਹੇ ਹਨ। ਫਰੀਦਕੋਟ ਵਿਚ ਜੋ ਬਹੁਮੰਤਵੀ ਸਟੇਡੀਅਮ ਬਣਾਇਆ ਗਿਆ ਹੈ, ਉਸ ਦੀ ਲਾਗਤ ਛੇ ਕਰੋੜ ਰੁਪਏ ਸੀ। ਮੰਡੀ ਬੋਰਡ ਵੱਲੋਂ ਇਸ ਸਟੇਡੀਅਮ ਵਿਚ ਢਾਈ ਕਰੋੜ ਰੁਪਏ ਦੇ ਕੰਮ ਕਰਾਏ ਗਏ ਹਨ ਜਿਸ ਵਿਚੋਂ ਸਰਕਾਰ ਨੇ ਸਿਰਫ ਡੇਢ ਕਰੋੜ ਰੁਪਏ ਦਿੱਤੇ। ਸਟੇਡੀਅਮ ਦੀ ਉਸਾਰੀ ਕਰਨ ਵਾਲੀਆਂ ਫਰਮਾਂ ਦੇ 50 ਲੱਖ ਦੇ ਬਕਾਏ ਹਾਲੇ ਖੜ੍ਹੇ ਹਨ। ਹਾਸਲ ਜਾਣਕਾਰੀ ਅਨੁਸਾਰ ਸਟੇਡੀਅਮ ਦੀ ਉਸਾਰੀ ਲਈ ਮਗਰੋਂ ਚਾਰ ਕਰੋੜ, 30 ਲੱਖ ਦੀ ਯੋਜਨਾ ਤਿਆਰ ਕੀਤੀ ਸੀ ਜਿਸ ਨੂੰ ਸਰਕਾਰ ਨੇ ਪ੍ਰਵਾਨ ਹੀ ਨਹੀਂ ਕੀਤਾ। ਸੰਗਰੂਰ ਵਿਚ ਵਾਰ ਹੀਰੋਜ਼ ਸਟੇਡੀਅਮ ਬਣਾਇਆ ਗਿਆ। ਇਸ ਦੀ ਉਸਾਰੀ 'ਤੇ 2 ਕਰੋੜ, 30 ਲੱਖ ਰੁਪਏ ਖਰਚੇ ਗਏ ਹਨ। ਸਰਕਾਰ ਨੇ ਇਸ ਸਟੇਡੀਅਮ ਲਈ 1 ਕਰੋੜ, 69 ਲੱਖ ਰੁਪਏ ਦਿੱਤੇ ਹਨ। ਸੂਤਰਾਂ ਮੁਤਾਬਕ ਉਸਾਰੀ ਕਰਨ ਵਾਲੀਆਂ ਫਰਮਾਂ ਦੇ ਤਕਰੀਬਨ 50 ਲੱਖ ਰੁਪਏ ਹਾਲੇ ਵੀ ਸਰਕਾਰ ਵੱਲ ਖੜ੍ਹੇ ਹਨ। ਲੁਧਿਆਣਾ ਦੇ ਦੋ ਸਟੇਡੀਅਮਾਂ ਲਈ ਗਲਾਡਾ ਨੇ ਪੈਸਾ ਦਿੱਤਾ ਹੈ। ਜਲੰਧਰ ਦੇ ਸਟੇਡੀਅਮ ਲਈ ਜੇ.ਆਈ.ਟੀ. ਨੇ ਪੈਸਾ ਦਿੱਤਾ ਹੈ। ਮੁਹਾਲੀ ਸਟੇਡੀਅਮ ਦੀ ਉਸਾਰੀ ਲਈ ਗਮਾਡਾ ਨੇ ਪੈਸਾ ਦਿੱਤਾ ਹੈ। ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਸਟੇਡੀਅਮਾਂ 'ਤੇ ਪੀ.ਆਈ.ਡੀ. ਬੀ. ਨੇ ਖਰਚ ਕੀਤਾ ਹੈ।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਗੁਰੂ ਨਾਨਕ ਪੁਰਬ 'ਤੇ ਸਮਾਗਮ

**ਫਰਿਜ਼ਨੋ (ਬਿਊਰੋ):** ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਦਿਹਾੜਾ ਇਥੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਗੁਰੂ ਘਰ ਦੇ ਕੀਰਤਨੀਏ ਭਾਈ ਅਵਤਾਰ ਸਿੰਘ ਅਤੇ ਭਾਈ ਰਣਜੀਤ ਸਿੰਘ ਨੇ ਸਾਥੀਆਂ ਸਮੇਤ ਗੁਰਬਾਣੀ ਦਾ ਮਨੋਹਰ ਕੀਰਤਨ ਕਰਦਿਆਂ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਉਪਰੰਤ ਬੱਚਿਆਂ ਨੇ ਵੱਖ-ਵੱਖ ਕੀਰਤਨੀ ਜਥਿਆਂ ਦੇ ਰੂਪ ਵਿਚ ਗੁਰੂ ਕੀ ਮਹਿਮਾ ਕੀਤੀ। ਛੋਟੇ ਬੱਚਿਆਂ ਨੇ ਵੀ ਇਕੱਲੇ ਇਕੱਲੇ ਕੰਠ ਕੀਤੀ ਗੁਰਬਾਣੀ ਸੰਗਤਾਂ ਨੂੰ ਸਰਵਣ ਕਰਵਾਈ।



*ਭਾਈ ਅਵਤਾਰ ਸਿੰਘ ਦਾ ਕੀਰਤਨੀ ਜਥਾ ਸ਼ਬਦ ਕੀਰਤਨ ਕਰਦੇ ਹੋਏ*

ਇੰਗਲੈਂਡ ਤੋਂ ਪਹੁੰਚੇ ਪ੍ਰਸਿੱਧ ਕਥਾਵਾਚਕ ਭਾਈ ਅਮਰਜੀਤ ਸਿੰਘ ਨੇ ਵੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨਾਲ ਸਬੰਧਤ ਇਤਿਹਾਸ ਸਰਵਣ ਕਰਵਾਉਂਦਿਆਂ ਸੰਗਤਾ ਨੂੰ ਗੁਰੂ ਦੇ ਦਰਸਾਏ ਮਾਰਗ 'ਤੇ ਚਲਣ ਦੀ ਪ੍ਰੇਰਨਾ ਕੀਤੀ। ਗੁਰਦੁਆਰਾ ਸਾਹਿਬ ਨੂੰ ਲਾਈਟਾਂ ਨਾਲ ਪੂਰੀ ਤਰ੍ਹਾਂ ਸਜਾਇਆ ਗਿਆ ਸੀ। ਸ਼ਰਧਾਵਾਨਾਂ ਨੇ ਦੇਸੀ ਘਿਉ ਤੇ ਸਰੋਂ ਦੇ ਤੇਲ ਦੇ ਦੀਵੇ ਅਤੇ ਮੋਮਬੱਤੀਆਂ ਜਗਾ ਕੇ ਆਪਣੀ ਸ਼ਰਧਾ ਪ੍ਰਗਟਾਈ। ਲੰਗਰ ਵਿਚ ਵੱਖ-ਵੱਖ ਤਰ੍ਹਾਂ ਦੇ ਪੀਜ਼ੇ ਸੰਗਤਾਂ ਲਈ ਹਾਜ਼ਰ ਸਨ।

# ਪਰਵਾਸੀ ਭਾਰਤੀ ਨੇ ਮਾਨਵ ਤਸਕਰੀ ਦੇ ਦੋਸ਼ ਕਬੂਲੇ

**ਵਾਸ਼ਿੰਗਟਨ:** ਪਰਵਾਸੀ ਭਾਰਤੀ ਨੇ ਭਾਰਤ ਤੋਂ ਗੈਰ-ਕਾਨੂੰਨੀ ਪਰਵਾਸੀਆਂ ਨੂੰ ਅਮਰੀਕਾ ਵਿਚ ਦਾਖਲ ਕਰਾਉਣ ਦੇ ਦੋਸ਼ ਪ੍ਰਵਾਨ ਕਰ ਲਏ ਹਨ। ਸੰਘੀ ਅਧਿਕਾਰੀਆਂ ਨੇ ਇਹ ਗੱਲ ਦੱਸੀ ਹੈ। ਕੌਸ਼ਿਕ ਜੈਅੰਤੀ ਭਾਈ ਠੱਕਰ ਨੂੰ ਵੱਧ ਤੋਂ ਵੱਧ 15 ਸਾਲ ਦੀ ਕੈਦ ਤੇ 5 ਲੱਖ ਰੁਪਏ ਦੇ ਜੁਰਮਾਨੇ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਸ ਨੂੰ 22 ਫਰਵਰੀ ਨੂੰ ਸਜ਼ਾ ਸੁਣਾਈ ਜਾਵੇਗੀ।

33 ਸਾਲਾ ਠੱਕਰ ਨੂੰ ਲੰਘੀ 8 ਅਪਰੈਲ ਨੂੰ ਦੱਖਣੀ ਟੈਕਸਾਸ ਜ਼ਿਲ੍ਹੇ ਵਿਚ ਦਾਇਰ ਕੀਤੀ ਗਈ ਇਕ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ 'ਤੇ ਗੈਰ-ਕਾਨੂੰਨੀ ਢੰਗ ਨਾਲ ਪਰਵਾਸੀਆਂ ਨੂੰ ਅਮਰੀਕਾ ਵਿਚ ਲਿਆਉਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਆਇਦ ਕੀਤਾ ਗਿਆ ਸੀ। ਹਿਊਸਟਨ ਵਿਚ ਜ਼ਿਲ੍ਹਾ ਜੱਜ ਈਵਿੰਗ ਵਰਲੀਨ ਜੂਨੀਅਰ ਸਾਹਮਣੇ ਹੋਏ ਸੁਣਵਾਈ ਦੌਰਾਨ ਠੱਕਰ ਨੇ ਆਪਣੇ ਫਾਇਦੇ ਖਾਤਰ ਪਰਵਾਸੀਆਂ ਨੂੰ ਬਿਨਾਂ ਦਸਤਾਵੇਜ਼ਾਂ ਤੋਂ ਲੈ ਕੇ ਆਉਣ ਤੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਕਬੂਲ ਕਰ ਲਿਆ ਹੈ।

ਉਸ ਦੀ ਅਪੀਲ ਦੇ ਆਧਾਰ 'ਤੇ ਹੁਣ ਸਰਕਾਰ ਉਸ ਦੇ ਖ਼ਿਲਾਫ਼ ਮਾਨਵ ਤਸਕਰੀ ਦੇ ਹੋਰ ਦੋਸ਼ ਖਾਰਜ ਕਰ ਦੇਵੇਗੀ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਠੱਕਰ ਤੇ ਉਸ ਦੇ ਸਾਥੀਆਂ ਨੇ ਲਾਹਾ ਕਮਾਉਣ ਦੀ ਪੂਰੀ ਇਕ ਯੋਜਨਾ ਘੜੀ ਹੋਈ ਸੀ। ਨਿਆਂ ਵਿਭਾਗ ਨੇ ਅਦਾਲਤ ਨੂੰ ਦੱਸਿਆ ਕਿ ਠੱਕਰ ਤੇ ਉਸ ਦੇ ਸਾਥੀਆਂ ਨੇ ਭਾਰਤ ਵਿਚ ਪੂਰਾ ਇਕ ਤਾਣਾ-ਬਾਣਾ ਬੁਣਿਆ ਹੋਇਆ ਸੀ ਤੇ ਭਾਰਤੀ ਨਾਗਰਿਕ ਅਮਰੀਕਾ ਪਹੁੰਚਣ ਲਈ ਉਸ ਨੂੰ ਅੱਛੀ ਖਾਸੀ ਰਕਮ ਦੇਣ ਲਈ ਤਿਆਰ ਹੋ ਜਾਂਦੇ ਸਨ।

ਇਸ ਮਾਨਵ ਤਸਕਰੀ ਦੇ ਇਸ ਧੰਦੇ ਲਈ ਠੱਕਰ ਅਤੇ ਉਸ ਦੇ ਸਾਥੀ ਦੱਖਣੀ ਅਮਰੀਕਾ, ਮੱਧ ਅਮਰੀਕਾ, ਕੈਰੇਬਿਆਈ ਦੇਸ਼ਾਂ ਤੇ ਟੈਕਸਾਸ ਸੂਬੇ ਸਣੇ ਅਮਰੀਕਾ ਵਿਚਲੇ ਆਪਣੀ ਨੈੱਟਵਰਕ ਦਾ ਇਸਤੇਮਾਲ ਕਰਦੇ ਸਨ। ਨਿਆਂ ਵਿਭਾਗ ਨੇ ਦੱਸਿਆ, "ਆਪਣੇ ਇਸ ਨੈੱਟਵਰਕ ਰਾਹੀਂ ਠੱਕਰ ਤੇ ਉਸ ਦੇ ਸਾਥੀਆਂ ਨੇ ਭਾਰਤ ਤੋਂ ਦਸਤਾਵੇਜ਼ਾਂ ਤੋਂ ਬਗੈਰ ਬਹੁਤ ਸਾਰੇ ਪਰਵਾਸੀ ਦੱਖਣੀ ਅਮਰੀਕਾ, ਮੱਧ ਅਮਰੀਕਾ, ਕੈਰੇਬੀਆਈ ਤੇ ਫੇਰ ਅਮਰੀਕਾ ਵਿਚ ਲਿਆਂਦੇ ਸਨ। ਇਸ ਲਈ ਉਹ ਹਵਾਈ, ਆਟੋਮੋਬਾਈਲ, ਜਲ ਤੇ ਪੈਦਲ ਹਰ ਤਰ੍ਹਾਂ ਦਾ ਵਸੀਲਾ ਵਰਤਦੇ ਸਨ।

**visit us on the web: www.punjabtimesusa.com**

PANNU'S Legal Services
We provide services in
Bring US passport & proof of residence by 9:00 am at SF location we prepare your papers & get visa on sameday for $99 only. Call for details
G.S. Pannu
Immigration Consultant - LDA
IMMIGRATION CITIZENSHIP
DIVORCE CHILD SUPPORT
INDIAN PASSPORT
INDIAN VISA
OCI/PIO, Renunciation, Power of Attorney and related matters
We also handle Property and Divorce cases in Punjab
Serving you at Three Locations
FREMONT: 4127 Bay St., Unit 7, Fremont, CA 94538 (Near Fremont Bharat Bazar)
SAN FRANCISCO: 965 Mission St., Unit 102, San Francisco, CA 94103 (Near India Visa Center)
MANTECA: 1381 E. Yosemite Ave, Manteca, CA 95336 (off 99 & 120 Hwy - beside Dollar Tree store)
Call (510) 677-5200 (209) 679-8025
E-mail: indiavisa123@yahoo.com • Fax: (510) 279-7624

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 3,000 Minutes
$50 • $100 Available
✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ
ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!
ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
Limited Time Offer. Restrictions & Fees Apply.
800-914-1013 • 408-726-6103

Noble Dental Care
Family and Cosmetic Dentistry
ਸਪੈਸ਼ਲ ਆਫਰ Special Offer
$50 Dental X-Rays, Examination Consultation and Cleaning (Cash Patients Only)* *Conditions Apply
Shital Shah, DDS
Up to 50% off Cash Patients. Senior and Student Discounts
*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children
*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ
ਵਿਆਜ ਰਹਿਤ ਪੇਮੈਂਟ ਪਲੈਨ
Invisalign
Starting at $2,950*
*Limitided time offer may end without notice. Restrictions apply. Not valid with any other offer.
Emergency Patients Welcome
Evening/Saturday Appointments Available
State of the Art Dental Technology
Most Dental PPO Plans Accepted
Interest Free Payment Plans Available
Ph:510-493-2130
www.1nobledentalcare.com
34603 Alvarado Niles Rd., Union City, CA (Alvarado Niles & Decoto Rd., Behind Taco Bell)


The Anu Attorney Immigration Law Firm
Law offices of Anu Peshawaria
*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court
*Bankruptcy Consultation and Filing
Visa: Students, Athletes, Musicians, Journalists, Nurses, Teachers, Cooks, Religious & other professionals
Woman of the year award 1991 – India
US acclaimed extraordinary ability
Awarded for outstanding community service
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Weekends & Evening Appointments Available
Call:1-866-586-6297, 510-353-0102
46560 Fremont Blvd., STE#205, Fremont, CA 94538
anu@anuattorney.com www.anuattorney.com


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ
ਸਟਾਕਟਨ ਇਲਾਕੇ 'ਚ ਰਹਿੰਦੇ
ਟਰੱਕਾਂ ਵਾਲੇ ਵੀਰਾਂ ਦੀਆਂ
ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ
ਇਸ ਮਹੀਨੇ ਸਪੈਸ਼ਲ ਆਫ਼ਰ
Full Oil Change
$189 + Tax
One Axle Brake
$179 + Tax (23000 lbs)
Repair Shop
ਟਰੱਕ 'ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work,Tune Up, Transmission & Clutch ਆਦਿ ਦੀ ਮੁਰੰਮਤ ਤਸੱਲੀਬਖ਼ਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ-ਟਰੇਲਰ Wash ਵੀ ਕੀਤਾ ਜਾਂਦਾ ਹੈ।
Tel: 209.547.9210
Fax: 209.547.9211
Dispatch
ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁਕਾਉਂਦੇ ਹਾਂ। Calgary ਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।
Tel: 209.547.9210
Fax: 209.547.9211
Registration Services
ਹਰ ਤਰ੍ਹਾਂ ਦੇ ਟਰੱਕਿੰਗ ਨਾਲ ਸਬੰਧਤ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਅਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮੱਦਦ ਕਰਦੇ ਹਾਂ।
Tel: 209.982.9996
Fax: 209.982.9997
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ Stockton ਵਿਚ Highway 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Tel: 209.547.9210
Fax: 209.547.9211
www.gfbontime.com
email: raj@gfbontime.com
ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

# ਖਾੜਕੂਵਾਦ ਬਾਰੇ ਫ਼ਿਲਮ 'ਸਾਡਾ ਹੱਕ' ਨੂੰ ਹਰੀ ਝੰਡੀ

**ਅੰਮ੍ਰਿਤਸਰ:** ਪੰਜਾਬੀ ਫ਼ਿਲਮ 'ਸਾਡਾ ਹੱਕ' ਉੱਤੇ ਫਿਲਮ ਸੈਂਸਰ ਬੋਰਡ ਵੱਲੋਂ ਲਾਏ ਗਏ ਇਤਰਾਜ਼ਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਪੰਜ ਮੈਂਬਰੀ ਜਾਂਚ ਕਮੇਟੀ ਨੇ ਦੇਖਣ ਮਗਰੋਂ ਹਰੀ ਝੰਡੀ ਦੇ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਇਹ ਫ਼ਿਲਮ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਕੋਈ ਖ਼ਤਰਾ ਨਹੀਂ। ਇਸ ਲਈ ਸੈਂਸਰ ਬੋਰਡ ਨੂੰ ਇਸ ਫ਼ਿਲਮ 'ਤੇ ਬੇਲੋੜਾ ਇਤਰਾਜ਼ ਨਹੀਂ ਲਾਉਣਾ ਚਾਹੀਦਾ।

ਫ਼ਿਲਮ ਦੇ ਨਿਰਮਾਤਾ ਕੁਲਜਿੰਦਰ ਸਿੰਘ ਸਿੱਧੂ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਸੀ ਕਿ ਫਿਲਮ 'ਸਾਡਾ ਹੱਕ' ਉੱਤੇ ਲਾਏ ਗਏ ਇਤਰਾਜ਼ਾਂ ਨੂੰ ਦੇਖਿਆ ਜਾਵੇ ਤੇ ਇਸ ਬਾਰੇ ਆਪਣੀ ਰਾਇ ਦਿੱਤੀ ਜਾਵੇ। ਇਹ ਫ਼ਿਲਮ ਪੰਜਾਬ ਵਿਚ ਖਾੜਕੂਵਾਦ ਵੇਲੇ ਵਾਪਰੀਆਂ ਘਟਨਾਵਾਂ ਨੂੰ ਦਰਸਾਉਂਦੀ ਹੈ ਜਿਸ 'ਤੇ ਸੈਂਸਰ ਬੋਰਡ ਨੇ ਤਕਰੀਬਨ 22 ਇਤਰਾਜ਼ ਦਰਸਾਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਫ਼ਿਲਮ ਦੀ ਜਾਂਚ ਲਈ ਪੰਜ




ਮੈਂਬਰੀ ਕਮੇਟੀ ਬਣਾਈ ਗਈ ਸੀ। ਜਾਂਚ ਕਮੇਟੀ ਨੇ ਫ਼ਿਲਮ ਦੇਖੀ ਤੇ ਇਸ ਬਾਰੇ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਭੇਜ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਜਾਂਚ ਕਮੇਟੀ ਨੇ ਫ਼ਿਲਮ ਸੈਂਸਰ ਬੋਰਡ ਵੱਲੋਂ ਲਾਏ ਇਤਰਾਜ਼ ਬੇਲੋੜੇ ਦੱਸੇ ਹਨ ਤੇ ਫਿਲਮ ਵਿੱਚ ਕੁਝ ਦ੍ਰਿਸ਼ਾਂ ਵਿਚ ਵਰਤੀ ਗਈ ਸ਼ਬਦਾਵਲੀ ਬਦਲਣ ਦਾ ਸੁਝਾਅ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਜਾਂਚ ਕਮੇਟੀ ਵੱਲੋਂ ਭੇਜੀ ਗਈ ਰਿਪੋਰਟ ਭਲਕੇ ਮਿਲੇਗੀ ਪਰ ਜਾਂਚ ਕਮੇਟੀ ਨੇ ਦੱਸਿਆ ਕਿ ਫ਼ਿਲਮ ਇਤਰਾਜ਼ਯੋਗ ਨਹੀਂ ਹੈ ਤੇ ਨਾ ਹੀ ਇਸ ਦੇ ਪ੍ਰਸਾਰਣ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕੋਈ ਖ਼ਤਰਾ ਨਹੀਂ ਹੋਵੇਗਾ। ਉਨ੍ਹਾਂ ਫ਼ਿਲਮ ਸੈਂਸਰ ਬੋਰਡ ਨੂੰ ਅਪੀਲ ਕੀਤੀ ਹੈ ਕਿ ਇਸ ਫ਼ਿਲਮ ਨੂੰ ਬੇਲੋੜੇ ਇਤਰਾਜ਼ਾਂ ਦੇ ਘੇਰੇ ਵਿਚ ਨਾ ਲਿਆਂਦਾ ਜਾਵੇ। ਇਸ ਦੌਰਾਨ ਜਾਂਚ ਕਮੇਟੀ ਦੇ ਕੁਝ ਮੈਂਬਰਾਂ ਨੇ ਦੱਸਿਆ ਕਿ ਫ਼ਿਲਮ ਪੰਜਾਬ ਵਿਚ ਖਾੜਕੂਵਾਦ ਦੇ ਵੇਲੇ ਵਾਪਰੀਆਂ ਘਟਨਾਵਾਂ ਦੀ ਪੇਸ਼ਕਾਰੀ ਹੈ ਜਿਸ ਨੂੰ ਚੰਗੇ ਢੰਗ ਨਾਲ ਫ਼ਿਲਮਾਇਆ ਗਿਆ ਹੈ। ਫ਼ਿਲਮ ਵਿਚ ਕੁਝ ਥਾਵਾਂ 'ਤੇ ਸ਼ਬਦਾਵਲੀ ਬਦਲਣ ਦੀ ਲੋੜ ਹੈ।

## ਲਖ ਖੁਸ਼ੀਆ ਪਾਤਸ਼ਾਹੀਆ ਜੇ ਸਤਿਗੁਰ ਨਦਰਿ ਕਰੇ





**ਸੈਕਰਾਮੈਂਟੋ: ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਦੇ ਬਾਨੀ ਸ. ਰਛਪਾਲ ਸਿੰਘ ਫਰਵਾਲਾ ਅਤੇ ਮਨਦੀਪ ਕੌਰ ਫਰਵਾਲਾ ਦੇ ਸਪੁੱਤਰ ਵਰਿੰਦਰ ਸਿੰਘ ਦੀ ਸ਼ਾਦੀ ਬਲਵਿੰਦਰ ਸਿੰਘ ਗਰੇਵਾਲ ਦੀ ਲੜਕੀ ਜਸਮੀਨ ਕੌਰ ਨਾਲ 17 ਨਵੰਬਰ 2012 ਨੂੰ ਸਿੱਖੀ ਰਹਿਤ ਮਰਿਆਦਾ ਅਨੁਸਾਰ ਹੋਈ। ਅਨੰਦ ਕਾਰਜ ਦੀਆਂ ਰਸਮਾਂ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਠੱਕਰਵਾਲ ਵਿਖੇ ਹੋਈਆਂ। ਇਸ ਵਿਆਹ ਸਮਾਗਮ ਵਿਚ ਪੰਜਾਬੀ ਸਭਿਆਚਾਰ ਨੂੰ ਪਿਆਰ ਕਰਨ ਵਾਲੇ ਅਤੇ ਅਗਾਂਹਵਧੂ ਖਿਆਲਾਂ ਵਾਲੇ ਬਹੁਤ ਸਾਰੇ ਸੱਜਣਾਂ ਨੇ ਸ਼ਿਰਕਤ ਕੀਤੀ। ਵਾਹਿਗੁਰੂ ਸੁਭਾਗ ਜੋੜੀ ਦੀ ਝੋਲੀ ਖੁਸ਼ੀਆਂ ਨਾਲ ਭਰੇ। ਸ. ਫਰਵਾਲਾ ਨਾਲ ਸੰਪਰਕ ਫੋਨ 516-880-0531 ਉਤੇ ਕੀਤਾ ਜਾ ਸਕਦਾ ਹੈ।**

## ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਦੀ ਗੋਲੀ ਮਾਰ ਕੇ ਹੱਤਿਆ

**ਜਗਰਾਉਂ:** ਟਰੱਕ ਯੂਨੀਅਨ ਜਗਰਾਉਂ ਦੇ ਸਾਬਕਾ ਪ੍ਰਧਾਨ ਦੇ ਮੱਥੇ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਜਿਸ ਦੀ ਲਾਸ਼ ਉਜਾੜ ਭੱਠੇ ਤੋਂ ਮਿਲੀ। ਪੁਲਿਸ ਨੇ ਦੋ ਫਾਇਨਾਂਸਰਾਂ ਸਮੇਤ ਤਿੰਨ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ। ਪਿੰਡ ਸਵੱਦੀ ਖੁਰਦ ਵਾਸੀ ਠੇਕੇਦਾਰ ਦਰਸ਼ਨ ਸਿੰਘ ਸਵੱਦੀ ਸਵੇਰੇ ਸੈਰ ਕਰਨ ਲਈ ਗਿਆ ਸੀ। ਜਦੋਂ ਉਹ ਕਾਫ਼ੀ ਦੇਰ ਤੱਕ ਘਰ ਵਾਪਸ ਨਾ ਪਰਤਿਆ ਤਾਂ ਉਨ੍ਹਾਂ ਦਾ ਲੜਕਾ ਜਗਦੀਪ ਸਿੰਘ ਉਨ੍ਹਾਂ ਦੀ ਭਾਲ ਕਰਨ ਲੱਗਾ।

ਇਸ ਦੌਰਾਨ ਪ੍ਰਧਾਨ ਦਰਸ਼ਨ ਸਿੰਘ ਦੀ ਲਾਸ਼ ਜਗਰਾਉਂ-ਸਿੱਧਵਾ ਬੇਟ ਰੋਡ 'ਤੇ ਇਕ ਬੇਅਬਾਦ ਭੱਠੇ 'ਤੇ ਪਈ ਹੋਣ ਦੀ ਕਿਸੇ ਨੇ ਸੂਚਨਾ ਦਿੱਤੀ ਜਿਸ ਦੇ ਮੱਥੇ 'ਤੇ ਗੋਲੀ ਮਾਰੀ ਹੋਈ ਸੀ। ਪੁਲਿਸ ਨੇ ਜਗਦੀਪ ਸਿੰਘ ਜੱਗੀ ਦੇ ਬਿਆਨਾਂ 'ਤੇ ਫਾਈਨਾਂਸਰ ਗੁਰਪ੍ਰੀਤ ਸਿੰਘ ਚੌਜੀ, ਜਤਿੰਦਰ ਸਿੰਘ ਚੱਢਾ ਤੇ ਗੁਰਸੇਵਕ ਸਿੰਘ ਰਿੰਪੀ ਖਿਲਾਫ਼ ਕਤਲ ਦਾ ਮੁਕੱਦਮਾ ਨੰਬਰ 262 ਧਾਰਾ 302-404-120 ਬੀ ਧਾਰਾਵਾਂ ਅਧੀਨ ਕੇਸ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਦਰਸ਼ਨ ਸਿੰਘ ਦਾ ਕਥਿਤ ਦੋਸ਼ੀਆਂ ਨਾਲ ਪਹਿਲਾਂ ਸ਼ਰਾਬ ਤੇ ਫਾਈਨਾਂਸ ਦਾ ਸਾਂਝਾ ਕਾਰੋਬਾਰ ਸੀ। ਕੁਝ ਸਮਾਂ ਪਹਿਲਾਂ ਕਿਸੇ ਗੱਲ ਤੋਂ ਦੋਵਾਂ ਪਾਰਟੀਆਂ ਵਿਚਕਾਰ ਕੋਈ ਲੈਣ-ਦੇਣ ਸਬੰਧੀ ਝਗੜਾ ਹੋ ਗਿਆ ਜਿਸ ਕਾਰਨ ਜਗਦੀਪ ਜੱਗੀ ਵੱਲੋਂ ਫਾਈਨਾਂਸਰ ਗੁਰਪ੍ਰੀਤ ਸਿੰਘ ਚੌਜੀ ਖਿਲਾਫ਼ 29 ਲੱਖ ਰੁਪਏ ਹੜੱਪਣ ਦਾ ਮੁਕੱਦਮਾ ਦਰਜ ਕਰਵਾ ਦਿੱਤਾ। ਇਹੀ ਝਗੜਾ ਕਤਲ ਦਾ ਕਾਰਨ ਮੰਨਿਆ ਜਾ ਰਿਹਾ ਹੈ।

## ਵੈਨਕੂਵਰ 'ਚ ਪੰਜਾਬੀ ਸਣੇ ਦੋ ਦਾ ਕਤਲ

**ਵੈਨਕੂਵਰ:** ਕੈਨੇਡਾ ਵਿਚ ਕੁਝ ਲੋਕਾਂ ਵੱਲੋਂ ਢੱਕ ਗਰੋਹ ਨਾਲ ਸਬੰਧਤ ਸੁੱਖ ਢੱਕ ਦੀ ਉਸ ਦੇ ਸਹਾਇਕ ਸਮੇਤ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਦੋ ਸਾਲ ਪਹਿਲਾਂ ਸੁਖਬੀਰ ਉਰਫ ਸੁੱਖ ਦੇ ਵੱਡੇ ਭਰਾ ਗੁਰਮੀਤ ਢੱਕ ਨੂੰ ਵੀ ਵਿਰੋਧੀ ਧੜੇ ਵੱਲੋਂ ਮੈਟਰੋ ਟਾਊਨ ਵਿਚ ਕਤਲ ਕਰ ਦਿੱਤਾ ਗਿਆ ਸੀ।

ਰਾਇਲ ਕੈਨੇਡੀਅਨ ਮਾਓਂਟਿਡ ਪੁਲਿਸ ਦੀ ਬੁਲਾਰੀ ਜੈਨੇਵਰ ਪੌਂਡ ਨੇ ਦੱਸਿਆ ਕਿ ਹਮਲਾਵਰ ਐਗਜ਼ੈਕਟਿਵ ਹੋਟਲ ਦੇ ਬਾਹਰ ਸਨ ਤੇ ਜਿਉਂ ਹੀ ਸੁੱਖ ਢੱਕ ਤੇ ਉਸ ਦਾ ਸਾਥੀ ਰੱਖਿਅਕ ਥਾਮਸ ਮੇਂਟਲ ਹੋਟਲ ਅੰਦਰ ਵੜਨ ਲੱਗੇ ਤਾਂ ਹਮਲਾਵਰਾਂ ਨੇ ਗੋਲੀਆਂ ਦੀ ਬੋਛਾੜ ਕਰਕੇ ਮੌਕੇ 'ਤੇ ਹੀ ਦੋਵਾਂ ਨੂੰ ਮਾਰ ਮੁਕਾਇਆ। ਪੰਜਾਬ ਤੋਂ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਢੱਕ ਭਰਾਵਾਂ ਦੀ ਹੱਤਿਆ ਪਿੱਛੇ ਰੈੱਡ ਸਕਾਰਪੀਅਨ ਗਰੋਹ ਦੇ ਬੇਕਨ ਭਰਾਵਾਂ ਦੇ ਧੜੇ ਦਾ ਹੱਥ ਦੱਸਿਆ ਜਾ ਰਿਹਾ ਹੈ ਜਿਸ ਦੇ ਸਰਗਨੇ ਦਾ ਬੀਤੇ ਸਮੇਂ ਕਲੋਨਾ ਵਿਚ ਕਤਲ ਕਰ ਦਿੱਤਾ ਗਿਆ ਸੀ।

## ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 15 ਦਸੰਬਰ ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-42




*ਘਾਹ ਉਗ ਆਇਆ ਪਿੰਡੇ ਉਤੇ ਚੁਪ ਪਸਰ ਗਈ ਸਾਰੇ।*
*ਮੈਨੂੰ ਵੀ ਨਹੀਂ ਛੱਡਿਆ ਸੱਚੀਂ ਤੂੰ ਜ਼ਾਲਮ ਸਰਕਾਰੇ।*
*ਰੋਣ ਮਿਸਤਰੀ ਜਾਨ ਮੇਰੀ ਨੂੰ, ਭੁੱਖੇ ਨੇ ਮਜ਼ਦੂਰ।*
*ਨਿੱਕਲਦਾ ਨਹੀਂ ਹੁਣ ਬੜੇ ਚਿਰਾਂ ਤੋਂ ਇੱਟਾਂ ਦਾ ਪੂਰ।*
*ਕੋਰਟ-ਕਚਹਿਰੀ ਪਿਛੇ ਪੈ ਗਏ ਦੱਸੇ ਮਾਲਕ ਚੱਠਾ।*
*ਖੌਰੇ ਕੀਹਨੇ ਬਿਠਾ ਸੁੱਟਿਆ ਏ ਇਸ ਭੱਠੇ ਦਾ ਭੱਠਾ।*

### ਕੈਪਸ਼ਨ ਮੁਕਾਬਲਾ-40



ਖੇਲ ਖੇਲ ਵਿਚ ਰੀਸ ਲਗਾਵੇ,
ਨਿੱਕੀ ਉਮਰੇ ਕੰਮ ਲੱਗ ਜਾਵੇ।
ਹਰ ਦਮ ਮਾਂ ਦਾ ਹੱਥ ਵਟਾਵੇ,
ਫਿਰ ਵੀ ਕਦਰ ਕੋਈ ਨਾ ਪਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਨੰਨ੍ਹੀ ਪਰੀ ਬਣਾਵੇ ਰੋਟੀ ਗੋਲ,
ਭਾਵੇਂ ਹਾਲੇ ਬੋਲਦੀ ਤੋਤਲੇ ਬੋਲ।
ਖੁਸ਼ੀਆਂ-ਹਾਸੇ ਸਭ ਨੂੰ ਵੰਡੇ,
ਸਭ ਦਾ ਰੱਖੇ ਖਿਆਲ ਅਨਭੋਲ।
ਫਿਰ ਵੀ ਕੁੜੀਆਂ ਨੂੰ ਭੰਡੇ,
ਸਮਾਜ ਦਾ ਇਹ ਭੈੜਾ ਰੋਲ।
ਲੋਕੀਂ ਧੀਆਂ ਕੁੱਖਾਂ 'ਚ ਮਾਰਦੇ,
ਕਹਿੰਦੇ, ਪੁੱਤ ਹੁੰਦੇ ਅਨਮੋਲ।
***-ਗੋਰਾ ਪ੍ਰਜਾਪਤ, ਨਿਊ ਯਾਰਕ।***
***ਫੋਨ: 646-721-1964***

---

ਨਾ ਮੰਗੀਆਂ ਜ਼ਮੀਨਾਂ
ਨਾ ਮੈਂ ਮੰਗੀਆਂ ਨੇ ਕੋਠੀਆਂ।
ਫਿਰ ਕਿਉਂ ਖਿਲਾਰੀਆਂ
ਤੂੰ ਮੇਰੀਆਂ ਮਾਂ ਬੋਟੀਆਂ।
ਸੀਤਾ ਬਣ ਕੇ ਰਹੂੰਗੀ ਤੇਰੇ ਕੋਲ,
ਨੀ ਮਾਏ ਮੈਨੂੰ ਐਵੇਂ ਨਾ
ਕੂੜੇ ਵਿਚ ਰੋਲ।
***-ਹਰਨਾਮ ਸਿੰਘ ਸਿਆਟਲ***

---

ਥੱਪ ਥੱਪ ਰੋਟੀਆਂ
ਤੂੰ ਵੀਰਾਂ ਨੂੰ ਛਕਾਈ ਜਾਹ।
ਗੂੜ੍ਹਾ ਰੰਗ ਮੋਹ ਦੀਆਂ
ਤੰਦਾਂ ਨੂੰ ਚੜ੍ਹਾਈ ਜਾਹ।
***-ਫਕੀਰ ਚੰਦ ਸੈਂਪਲਾ***
***ਐਲ ਏ, ਕੈਲੀਫੋਰਨੀਆ।***

---

ਰੋਟੀ ਟੁੱਕ ਜੇ ਤੂੰ ਧੀਏ
ਹੁਣੇ ਸਿੱਖ ਜਾਏਂਗੀ,
ਪਹੁੰਚ ਕੇ ਬੇਗਾਨੇ ਘਰ
ਦੂਣੀ ਸੋਭਾ ਪਾਏਂਗੀ।
***-ਨਰਿੰਦਰ ਸਿੰਘ***
***ਫਰੀਮਾਂਟ।***






# Anaya Kaur Gill

**Daughter of Ranjit Singh Gill & Mandeep Kaur Gill**
**(Ph. 408-775-0975)**

**From: Relatives & Friends**





# M.K. Nijjar DDS
# Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

**WWW.DRNIJJAR.COM**


*(Across From Washigton Hospital & Bart)*
*1895 Mowry Ave. Ste 104 Fremont*


## United Sports Club of California

33272 Palomino Common, Fremont, CA, USA 94555
Phone: 510-468-9381
Website: http://usportsca.org/

ਨਸ਼ੇ ਛੱਡੋ। **ਨਸ਼ਾ ਵਿਰੋਧੀ ਅਪੀਲ** ਕੋਹੜ ਵੱਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।









ਭਾਰਤ ਸਰਕਾਰ ਦੁਆਰਾ ਮੰਨਜੂਰਸ਼ੁਦਾ ਮੁਫਤ ਨਸ਼ਾ ਛਡਾਊ ਕੇਦਰਾਂ ਵਿੱਚ ਲੋੜਵੰਦ ਵਲੰਟੀਅਰ ਬਣਕੇ ਅੱਗੇ ਆਉਣ- ਸ. ਗੁਰਮੁੱਖ ਸਿੰਘ (98555-82239)

**ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)**

ਅਮੋਲਕ ਸਿੰਘ ਗਾਖ਼ਲ (ਚੇਅਰਮੈਨ) ਬਲਵੀਰ ਸਿੰਘ ਭਾਟੀਆ (ਪ੍ਰਧਾਨ) ਗੁਰਦਾਵਰ ਸਿੰਘ ਮਹੇੜੂ ਜੁਗਰਾਜ ਸਿੰਘ ਸਹੋਤਾ

831-247-4637 510-677-6248 2gsmann@gmail.com 510-673-0825

Makhan S. Bains, Narinder S. Sahota, Palwinder S. Gakhal, Kuldip S. Mann
Iqbal S. Gakhal, Parmjit S. Sandhu, Dalvinder S. Padda, Sadhu S. Khalour

**www.punjabtimesusa.com**

Radio Chardi Kala
Listen Live 24/7
www.radiock.com
Dial To Listen
832-551-5038

***Promotes Healthy Enviornment***

ਮਾਂ ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸਾਸ਼ਨ, ਖੇਡ ਪ੍ਰਮੋਟਰ ਅਤੇ ਰਾਜਨੀਤੀਵਾਨਾ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ।

**ਲੱਚਰ ਗਾਇਕੀ ਰਾਹੀ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗਾਇਕਾਂ ਦਾ ਸਮਾਜਕ ਬਾਈਕਾਟ ਕਰੋ।**

# ਸਿਰਸੇ ਵਾਲਾ ਡੇਰਾ ਹੁਣ ਨਵੇਂ ਵਿਵਾਦ ਵਿਚ ਘਿਰਿਆ

## ਭਾਈ ਗੁਰਦਾਸ ਰਚਿਤ ਤੁਕ ਨਾਲ ਛੇੜਛਾੜ




**ਚੰਡੀਗੜ੍ਹ:** ਡੇਰਾ ਸਿਰਸਾ ਨੇ ਹੁਣ ਨਵਾਂ ਵਿਵਾਦ ਖੜ੍ਹਾ ਕਰ ਲਿਆ ਹੈ ਜਿਸ ਨੂੰ ਲੈ ਕੇ ਸਿੱਖ ਸੰਗਤਾਂ ਵਿਚ ਵੱਡਾ ਰੋਸ ਹੈ। ਡੇਰਾ ਸਿਰਸਾ ਦੇ ਮੁਖੀ ਵੱਲੋਂ ਕੁਝ ਸਮਾਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਣ ਕਰਕੇ ਦੋਵਾਂ ਧਿਰਾਂ ਵਿਚਾਲੇ ਅਜੇ ਤੱਕ ਤਣਾਅ ਬਣਿਆ ਹੋਇਆ ਸੀ ਕਿ ਹੁਣ ਡੇਰਾ ਸਿਰਸਾ ਵੱਲੋਂ ਭਾਈ ਗੁਰਦਾਸ ਵੱਲੋਂ ਰਚਿਤ ਪਿੰਕਤੀ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ ਜਿਸ ਦਾ ਸਿੱਖ ਸੰਗਤਾ ਵੱਲੋਂ ਸਖ਼ਤ ਨਟਿਸ ਲਿਆ ਗਿਆ ਹੈ।

ਡੇਰਾ ਸਿਰਸਾ ਦੇ ਪ੍ਰਬੰਧਕਾਂ ਵੱਲੋਂ ਭਾਈ ਗੁਰਦਾਸ ਰਚਿਤ ਪੰਗਤੀ 'ਸਤਿਗੁਰੁ ਨਾਨਕ ਪ੍ਰਗਟਿਆ ਮਿਟੀ ਧੁੰਦੁ ਜਗਿ ਚਾਨਣੁ ਹੋਆ' ਨੂੰ ਵਿਗਾੜ ਕੇ ਆਪਣੇ ਪਹਿਲੇ ਡੇਰਾ ਮੁਖੀ ਸ਼ਾਹ ਮਸਤਾਨਾ ਨਾਲ ਜੋੜਿਆ ਗਿਆ ਹੈ ਜਿਸਦਾ ਸਿੱਖ ਭਾਈਚਾਰੇ ਨੇ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਡੇਰਾ ਸਿਰਸਾ ਦੀ ਇਹ ਚਾਲ ਸਿੱਖਾਂ ਦੀ ਮਾਣ-ਮਰਿਯਾਦਾ ਨੂੰ ਢਾਹ ਲਾਉਣ ਵਾਲੀ ਹੈ। ਉਨ੍ਹਾਂ ਕਿਹਾ ਕਿ ਭਾਈ ਗੁਰਦਾਸ ਜੀ ਵੱਲੋਂ ਉਚਾਰੀ ਗਈ ਸਬੰਧਤ ਪੰਕਤੀ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦੀ ਉਸਤਤ ਵਿਚ ਉਚਾਰੀ ਗਈ ਹੈ ਤੇ ਕਿਸੇ ਨੂੰ ਵੀ ਇਹ ਹੱਕ ਨਹੀ ਹੈ ਕਿ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨਾਲ ਛੇੜ-ਛਾੜ ਕਰੇ। ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨੂੰ 'ਗੁਰਬਾਣੀ ਦੀ ਕੁੰਜੀ' ਦਾ ਦਰਜਾ ਪ੍ਰਾਪਤ ਹੈ।

ਉਨ੍ਹਾਂ ਦੋਸ਼ ਲਾਇਆ ਕਿ ਡੇਰਾ ਸਿਰਸਾ ਵੱਲੋਂ ਪਿਛਲੇ ਸਮਿਆਂ ਦੌਰਾਨ ਕੀਤੀਆਂ ਜਾ ਰਹੀਆਂ ਆਪ ਹੁਦਰੀਆਂ ਕਾਰਨ ਸੂਬੇ ਦੇ ਸ਼ਾਤਮਈ ਮਾਹੌਲ ਵਿਚ ਲਗਾਤਾਰ ਤਣਾਅ ਪੈਦਾ ਹੋਇਆ ਹੈ। ਜੇਕਰ ਡੇਰਾ ਪ੍ਰਬੰਧਕਾਂ ਨੇ ਅਜਿਹੀਆਂ ਹਰਕਤਾਂ ਬੰਦ ਨਾ ਕੀਤੀਆਂ ਤਾਂ ਮਾਹੌਲ ਖਰਾਬ ਹੋ ਸਕਦਾ ਹੈ ਜਿਸ ਲਈ ਸਿੱਧੇ ਤੌਰ 'ਤੇ ਕੇਂਦਰ ਤੇ ਹਰਿਆਣਾ ਦੀ ਕਾਂਗਰਸ ਸਰਕਾਰ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਮੰਗ ਕੀਤੀ ਕਿ ਡੇਰੇ ਖ਼ਿਲਾਫ਼ ਤੁਰੰਤ ਸਖਤ ਕਾਰਵਾਈ ਹੋਣੀ ਚਾਹੀਦੀ ਹੈ ਤੇ ਡੇਰਾ ਮੁਖੀ ਨੂੰ ਤੁਰੰਤ ਮੁਆਫ਼ੀ ਮੰਗਣੀ ਚਾਹੀਦੀ ਹੈ।

ਉਧਰ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਮੰਗ ਕੀਤੀ ਹੈ ਕਿ ਡੇਰਾ ਮੁਖੀ ਵਿਰੁੱਧ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਨਿਰਾਦਰ ਕਰਨ ਦੇ ਦੋਸ਼ ਤਹਿਤ ਪੁਲਿਸ ਕੇਸ ਦਰਜ ਕੀਤਾ ਜਾਵੇ। ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਭਾਈ ਗੁਰਦਾਸ, ਸਿੱਖ ਧਰਮ ਵਿਚ ਅਹਿਮ ਅਸਥਾਨ ਰੱਖਦੇ ਹਨ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਖਿਲਾਫ ਕਤਲ ਬਲਾਤਕਾਰ ਵਰਗੇ ਸੰਗੀਨ ਜੁਰਮਾਂ ਤਹਿਤ ਕੇਸ ਵੀ ਚਲ ਰਹੇ ਹਨ ਪਰ ਉਹ ਸੰਗੀਨਾਂ ਦੇ ਸਾਏ ਹੇਠ ਵਾਰ ਵਾਰ ਆਪਣੇ ਕੂੜ ਪ੍ਰਚਾਰ ਨਾਲ ਸਿੱਖ ਕੌਮ ਦੇ ਜਜ਼ਬਾਤਾਂ ਨਾਲ ਖੇਡ ਰਿਹਾ ਹੈ ਜਿਸ ਨੂੰ ਹੋਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਬਾਬਾ ਹਰਨਾਮ ਸਿੰਘ ਖਾਲਸਾ ਨੇ ਸੂਬਾਈ ਤੇ ਕੇਂਦਰੀ ਸਰਕਾਰਾਂ ਨੂੰ ਵੀ ਅਪੀਲ ਕੀਤੀ ਕਿ ਡੇਰਾ ਮੁਖੀ ਨੂੰ ਇਸ ਤਰ੍ਹਾਂ ਮਾਹੌਲ ਵਿਗਾੜਨ ਦੀ ਖੁੱਲ੍ਹ ਨਾ ਦਿੱਤੀ ਜਾਵੇ ਤੇ ਉਸ ਖਿਲਾਫ਼ ਤੁਰੰਤ ਕੇਸ ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸਿੱਖ ਧਰਮ ਦੇ ਉੱਘੇ ਪ੍ਰਚਾਰਕ ਤੇ ਪੰਥਕ ਸੇਵਾ ਲਹਿਰ ਦੇ ਚੇਅਰਮੈਨ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਦੋਸ਼ ਲਾਇਆ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਪੰਜਾਬ ਦੇ ਹਰਿਆਣਾ ਸਰਕਾਰ ਦੀ ਸ਼ਹਿ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਡੇਰਾ ਮੁਖੀ ਨੂੰ ਜ਼ੈਡ ਸ਼੍ਰੇਣੀ ਸੁਰੱਖਿਆ ਮੁਹਈਆ ਕਰਵਾ ਕੇ ਦੋਵੇਂ ਸਰਕਾਰਾਂ ਆਪੋ ਆਪਣੇ ਸੁਰੱਖਿਆ ਗਾਰਡ ਵੀ ਦੇ ਰਹੀਆਂ ਹਨ ਪਰ ਦੂਸਰੇ ਪਾਸੇ ਸਿਰਸਾ ਨੇੜਲੇ ਪਿੰਡਾਂ ਦੇ ਸਿੱਖਾਂ ਦੇ ਹਥਿਆਰ ਜਬਰੀ ਜਮਾਂ ਕਰਵਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪੰਥਕ ਕਹਾਉਣ ਵਾਲੀ ਸਰਕਾਰ ਡੇਰਿਆਂ ਦੀ ਸੁਰੱਖਿਆ 'ਤੇ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਹੋਏ ਹਨ ਤੇ ਕਿਸੇ ਵੀ ਗੁਰਦੁਆਰੇ ਦਾ ਸੇਵਾਦਾਰ ਦਾ ਅਸਲਾ ਲਾਇਸੰਸ ਨਹੀਂ ਬਣਾਇਆ ਜਾ ਰਿਹਾ। ਉਨ੍ਹਾਂ ਮੰਗ ਕੀਤੀ ਕਿ ਸੰਤ ਗੁਰਮੀਤ ਸਿੰਘ ਤਿਲੋਕੇ ਵਾਲਾ ਤੇ ਹੋਰ ਸਿੰਘਾਂ 'ਤੇ ਹਮਲਾ ਕਰਨ ਵਾਲੇ ਅਨਸਰਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਤੇ ਡੇਰਾ ਮੁਖੀ ਖ਼ਿਲਾਫ਼ ਚੱਲ ਰਹੇ ਸੰਗੀਨ ਮੁਕੱਦਮਿਆਂ ਦੀ ਕਾਰਵਾਈ ਤੇਜ਼ ਕੀਤੀ ਜਾਵੇ।

# ਹਰਿਆਣਾ 'ਚ ਸਿੱਖ ਕਤਲੇਆਮ ਕੇਸ ਦੀ ਸੁਣਵਾਈ ਸ਼ੁਰੂ

**ਚੰਡੀਗੜ੍ਹ:** ਹੋਦ ਚਿੱਲੜ ਤੋਂ ਬਾਅਦ ਪਟੌਦੀ ਤੇ ਗੁੜਗਾਉਂ ਸਿੱਖ ਕਤਲੇਆਮ ਕੇਸ ਦੀ ਸੁਣਵਾਈ ਸ਼ੁਰੂ ਹੋ ਗਈ ਹੈ। ਜਸਟਿਸ ਟੀ.ਪੀ. ਗਰਗ ਅੱਗੇ 118 ਪਟੀਸ਼ਨਰਾਂ ਨੇ ਬਿਆਨ ਦਰਜ ਕਰਵਾਏ। ਗੁੜਗਾਉਂ ਨਾਲ ਲੱਗਦੇ ਪਿੰਡ ਬਾਦਸ਼ਾਹਪੁਰ ਦੇ ਸਤਨਾਮ ਸਿੰਘ ਨੇ ਕਮਿਸ਼ਨ ਨੂੰ ਦੱਸਿਆ ਕਿ ਦੋ ਨਵੰਬਰ 1984 ਨੂੰ ਉਸ ਦੀਆਂ ਅੱਖਾਂ ਸਾਹਮਣੇ ਉਸ ਦੇ ਛੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਹਮਲਾਵਰਾਂ ਨੇ ਮਾਰ ਦਿੱਤਾ ਸੀ। ਉਸ ਨੇ ਦੱਸਿਆ ਕਿ ਉਸ ਦੇ ਮਾਮਾ ਜੋਗਿੰਦਰ ਸਿੰਘ, ਮਾਮੇ ਦੇ ਪੁੱਤਰ ਸੰਤ ਪ੍ਰਕਾਸ਼ ਸਿੰਘ ਤੇ ਹਰਵਿੰਦਰ ਸਿੰਘ, ਚੌਦਾਂ ਸਾਲ ਦਾ ਬੱਚਾ ਰਜਿੰਦਰਪਾਲ ਸਿੰਘ ਤੇ ਮਾਮੀਆਂ ਸੁੰਦਰ ਕੌਰ ਤੇ ਦਇਆ ਕੌਰ ਦੀਆਂ ਲਾਸ਼ਾਂ ਦੋ ਦਿਨ ਗਲੀਆਂ ਵਿਚ ਰੁਲਦੀਆਂ ਰਹੀਆਂ ਸਨ। ਉਸ ਨੇ ਕਾਂਗਰਸ ਦੇ ਸਾਬਕਾ ਜਨਰਲ ਸਕੱਤਰ ਪੰਡਿਤ ਰਤਨ ਲਾਲ 'ਤੇ ਹਮਲਾਵਾਰ ਟੀਮ ਦੀ ਅਗਵਾਈ ਕਰਨ ਦਾ ਦੋਸ਼ ਲਾਇਆ ਹੈ। ਇਕ ਹੋਰ ਪਟੀਸ਼ਨਰ ਸੰਤੋਖ ਸਿੰਘ ਸਾਹਨੀ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ ਭੀੜ ਨੇ ਉਸ ਦੇ ਪਿਤਾ ਜੋਧ ਸਿੰਘ ਨੂੰ ਉਸ ਦੇ ਸਾਹਮਣੇ ਕਤਲ ਕਰ ਦਿੱਤਾ ਸੀ। ਉਸ ਦੇ ਪਿਤਾ ਪਿੰਡ ਦੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸਨ। ਉਨ੍ਹਾਂ ਦੇ ਇਕ ਜਾਣਕਾਰ ਸੇਵਾ ਸਿੰਘ ਨੂੰ ਦਰਖਤ ਨਾਲ ਬੰਨ੍ਹ ਕੇ ਜਿੰਦਾ ਸਾੜ ਦਿੱਤਾ ਗਿਆ ਸੀ। ਉਹ ਰਿਜ਼ਰਵ ਬੈਂਕ ਵਿੱਚ ਸੀਨੀਅਰ ਅਧਿਕਾਰੀ ਵਜੋਂ ਗੁੜਗਾਉਂ ਵਿਚ ਤਾਇਨਾਤ ਸਨ। ਉਸ ਨੇ ਦੋਸ਼ ਲਾਇਆ ਕਿ ਭੀੜ ਨੂੰ ਤਤਕਾਲੀ ਡਿਪਟੀ ਕਮਿਸ਼ਨਰ ਭਗਤੀ ਪ੍ਰਸ਼ਾਦਿ ਤੇ ਵਿਧਾਇਕ ਧਰਮਬੀਰ ਗਾਭਾ ਦੀ ਸ਼ਹਿ ਪ੍ਰਾਪਤ ਸੀ। ਗੁੜਗਾਉਂ ਤੋਂ ਪਟੀਸ਼ਨਰ ਦਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਸੋਹਨਾ ਚੌਕ ਸਥਿਤ ਆਰਾ ਮਸ਼ੀਨ ਨੂੰ ਹਮਲਾਵਰਾਂ ਨੇ ਅੱਗ ਲਾ ਦਿੱਤੀ ਤੇ ਇਹ ਤਿੰਨ ਦਿਨ ਤੱਕ ਧੁਖਦੀ ਰਹੀ ਸੀ। ਉਸ ਨੂੰ ਬਚਾਅ ਲਈ ਕੈਂਪ ਭੇਜ ਦਿੱਤਾ ਗਿਆ ਪਰ ਪਿੱਛੋਂ ਸ਼ਰਾਰਤੀਆਂ ਨੇ ਉਸ ਦੇ ਘਰ ਦਾ 'ਤੀਲਾ ਤੀਲਾ' ਚੁਗ ਲਿਆ ਸੀ। ਪੁਲਿਸ ਵੱਲੋਂ ਛੋਟੇ ਥਾਣੇਦਾਰ ਮੋਹਣ ਸਿੰਘ ਨੇ ਜਵਾਬਨਾਮਾ ਦਾਇਰ ਕੀਤਾ ਹੈ। ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ 31 ਦਸੰਬਰ ਲਈ ਮੁਲਤਵੀ ਕਰ ਦਿੱਤੀ ਹੈ।

ਜਸਟਿਸ ਗਰਗ ਵੱਲੋਂ 118 ਬਿਆਨ ਦਰਜ



ਜ਼ਿਕਰਯੋਗ ਹੈ ਕਿ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਨਵੰਬਰ 1984 ਦੇ ਪਹਿਲੇ ਹਫ਼ਤੇ ਸਿੱਖਾਂ ਨੂੰ ਹਮਲੇ ਦਾ ਨਿਸ਼ਾਨਾ ਬਣਾਇਆ ਗਿਆ ਸੀ ਤੇ ਇਸ ਵਿਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਭਾਰਤ ਸਰਕਾਰ ਵੱਲੋਂ ਸਿੱਖ ਕਤਲੇਆਮ ਦੀ ਜਾਂਚ ਲਈ ਨਾਨਾਵਤੀ ਕਮਿਸ਼ਨ ਬਣਾਇਆ ਗਿਆ ਸੀ ਪਰ ਬਾਅਦ ਵਿਚ ਹਰਿਆਣਾ ਦੇ ਪਿੰਡ ਹੋਦ ਚਿਲੜ ਦਾ ਮਾਮਲਾ ਸਾਹਮਣੇ ਆਉਣ 'ਤੇ ਰਾਜ ਸਰਕਾਰ ਨੇ ਜਾਂਚ ਲਈ ਜਸਟਿਸ ਗਰਗ ਕਮਿਸ਼ਨ ਦਾ ਗਠਨ ਕਰ ਦਿੱਤਾ। ਜਸਟਿਸ ਗਰਗ ਨੂੰ ਹੋਦ ਚਿਲੜ ਮਾਮਲੇ ਦੀ ਜਾਂਚ ਸੌਂਪੀ ਗਈ ਸੀ ਪਰ ਬਾਅਦ ਵਿਚ ਗੁੜਗਾਉਂ ਤੇ ਇਸ ਨਾਲ ਲੱਗਦੇ ਪਿੰਡ ਪਟੌਦੀ ਦੇ ਤਿੰਨ ਸੌ ਪਰਿਵਾਰਾਂ 'ਤੇ ਹਮਲੇ ਦਾ ਮਾਮਲਾ ਪ੍ਰਕਾਸ਼ ਵਿਚ ਆਉਣ 'ਤੇ ਜਾਂਚ ਦਾ ਘੇਰਾ ਵਧਾ ਕੇ ਦੋਹਾਂ ਥਾਵਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ।

# ਲਾਹੌਰ 'ਚੋਂ ਅਜੇ ਵੀ ਨਹੀਂ ਲੱਭੀ ਸੁਖਬੀਰ ਬਾਦਲ ਦੀ ਰਿਸ਼ਤੇਦਾਰ

**ਲਾਹੌਰ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਨਜ਼ਦੀਕੀ ਰਿਸ਼ਤੇਦਾਰ ਜੋ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿਚ ਲਾਪਤਾ ਹੋ ਗਈ ਸੀ, ਦਾ ਅਜੇ ਤਕ ਸੁਰੱਖਿਆ ਏਜੰਸੀਆਂ ਕੋਈ ਥਹੁ-ਪਤਾ ਨਹੀਂ ਲਾ ਸਕੀਆਂ। ਕੋਈ ਤਿੰਨ ਮਹੀਨੇ ਪਹਿਲਾਂ ਭਾਰਤੀ ਮੂਲ ਦੀ ਕੈਨੇਡੀਅਨ ਨਾਗਰਿਕ ਰਾਜਵਿੰਦਰ ਕੌਰ ਗਿੱਲ ਆਪਣੇ ਜੈਮਜ਼ ਕਾਰੋਬਾਰ ਸਬੰਧੀ ਅਗਸਤ ਮਹੀਨੇ ਲਾਹੌਰ ਆਈ ਸੀ ਤੇ ਉਹ ਜਲਦੀ ਹੀ ਲਾਪਤਾ ਹੋ ਗਈ ਸੀ। ਸ. ਸੁਖਬੀਰ ਸਿੰਘ ਬਾਦਲ ਵੱਲੋਂ ਇਹ ਮਾਮਲਾ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਕੋਲ ਉਠਾਉਣ ਤੋਂ ਬਾਅਦ ਜਾਂਚ ਏਜੰਸੀਆਂ ਨੇ ਰਾਜਵਿੰਦਰ ਕੌਰ ਗਿੱਲ ਦੀ ਭਾਲ ਤੇਜ਼ ਕਰ ਦਿੱਤੀ ਹੈ। ਜਾਂਚ ਏਜੰਸੀਆਂ ਵੱਲੋਂ ਪਾਕਿਸਤਾਨੀ ਪੰਜਾਬ ਦੇ ਪੁਲਿਸ ਮੁਖੀ ਕੋਲ ਪੇਸ਼ ਕੀਤੀ ਰਿਪੋਰਟ ਅਨੁਸਾਰ ਰਾਜਵਿੰਦਰ ਕੈਨੇਡਾ ਤੋਂ ਦੁਬਈ ਰਸਤੇ ਅਗਸਤ ਦੇ ਅੱਧ ਵਿਚ ਲਾਹੌਰ ਆਈ ਸੀ।




ਇਸ ਦੌਰਾਨ ਉਹ ਮਾਲ ਰੋਡ 'ਤੇ ਆਵਾਰੀ ਹੋਟਲ, ਰੇਲਵੇ ਸਟੇਸ਼ਨ ਨੇੜੇ ਸ਼ੋਬਰਾ ਹੋਟਲ ਤੇ ਉਮਰ ਹੋਟਲ ਵਿਚ ਠਹਿਰੀ ਸੀ ਤੇ ਕੁਝ ਨਾਮਾਲੂਮ ਲੋਕਾਂ ਨੂੰ ਮਿਲੀ ਸੀ। ਜਾਂਚ ਅਧਿਕਾਰੀ ਨੇ ਆਪਣਾ ਨਾਂ ਨਾ ਨਸ਼ਰ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਉਹ ਇਨ੍ਹਾਂ ਲੋਕਾਂ ਦੀ ਭਾਲ ਕਰ ਰਹੇ ਹਨ। ਹਾਸਲ ਜਾਣਕਾਰੀ ਅਨੁਸਾਰ ਰਾਜਵਿੰਦਰ 31 ਅਗਸਤ ਨੂੰ ਲਾਪਤਾ ਹੋ ਗਈ ਸੀ। ਉਸ ਦਿਨ ਉਹ ਨਿਊਜ਼ ਵਨ ਚੈਨਲ ਦੇ ਪੱਤਰਕਾਰ ਇਕਬਾਲ ਹੁਸੈਨ ਨੂੰ ਮਿਲਣ ਲਈ ਕਰਾਚੀ ਰਵਾਨਾ ਹੋਈ ਸੀ।

ਪੰਜਾਬ ਪੁਲਿਸ ਦੇ ਇਕ ਸੂਤਰ ਨੇ ਦੱਸਿਆ ਕਿ ਰਾਜਵਿੰਦਰ ਦੇ ਸੁਰੱਖਿਆ ਏਜੰਸੀਆਂ ਦੀ ਹਿਰਾਸਤ ਵਿਚ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ।

# ਡੇਰਾ ਬਿਆਸ ਤੇ ਸਿੱਖਾਂ ਵਿਚਾਲੇ ਵਿਵਾਦ ਸ਼ਾਂਤ ਹੋਣ ਦਾ ਦਾਅਵਾ

## ਗੁਰਦੁਆਰਾ ਵੜੈਚ ਦੇ ਮਾਮਲੇ 'ਤੇ ਪੰਥਕ ਧਿਰਾਂ ਦੋਫਾੜ



**ਅੰਮ੍ਰਿਤਸਰ:** ਬਿਆਸ ਨੇੜਲੇ ਪਿੰਡ ਵੜੈਚ ਵਿਚ ਗੁਰਦੁਆਰੇ ਦੀ ਇਮਾਰਤ ਢਾਹੁਣ ਬਾਰੇ ਛਿੜਿਆ ਵਿਵਾਦ ਸ਼ਾਂਤਮਈ ਢੰਗ ਨਾਲ ਹੱਲ ਕਰ ਲੈਣ ਦਾ ਦਾਅਵਾ ਕੀਤਾ ਗਿਆ ਹੈ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਬਾਈਕਾਟ ਕਰਕੇ ਕੁਝ ਜਥੇਬੰਦੀਆਂ ਵੱਲੋਂ ਬਣਾਏ ਸ੍ਰੀ ਅਕਾਲ ਤਖ਼ਤ ਸੇਵਕ ਜਥਾ ਨੇ ਡੇਰਾ ਬਿਆਸ ਨਾਲ ਸੁਲਝਾਏ ਗਏ ਫੈਸਲੇ ਨੂੰ ਉਦੋਂ ਤਕ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਜਦੋਂ ਤਕ ਇਸ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਨਹੀਂ ਲੱਗਦੀ। ਜ਼ਿਕਰਯੋਗ ਹੈ ਕਿ ਮਾਮਲੇ ਦਾ ਹੱਲ ਕਰ ਲੈਣ 'ਤੇ ਪੰਥਕ ਜਥੇਬੰਦੀਆਂ ਵੱਲੋਂ ਸ਼ੁਕਰਾਨੇ ਵਜੋਂ ਅਕਾਲ ਤਖ਼ਤ ਵਿਖੇ ਅਰਦਾਸ ਕੀਤੀ ਗਈ ਹੈ।

ਜਥੇਬੰਦੀਆਂ ਦੇ ਆਗੂਆਂ ਨੇ ਐਲਾਨ ਕੀਤਾ ਕਿ ਢਹਿ ਢੇਰੀ ਕੀਤੇ ਗਏ ਇਸ ਗੁਰਦੁਆਰੇ ਦੀ ਮੁੜ ਉਸਾਰੀ ਦਾ ਕਾਰਜ ਉਸੇ ਸਥਾਨ 'ਤੇ ਜਲਦੀ ਹੀ ਗੁਰਮਤਿ ਰੁਹ-ਰੀਤਾਂ ਮੁਤਾਬਕ ਆਰੰਭ ਹੋਵੇਗਾ। ਇਸ ਗੁਰਦੁਆਰੇ ਦੀ ਇਮਾਰਤ ਨੂੰ ਢਹਿ ਢੇਰੀ ਕਰਨ 'ਤੇ ਸਿੱਖ ਜਥੇਬੰਦੀਆਂ ਤੇ ਡੇਰਾ ਬਿਆਸ ਦੇ ਪ੍ਰਬੰਧਕਾਂ ਵਿਚਾਲੇ ਤਣਾਅ ਬਣ ਗਿਆ ਸੀ। ਹੁਣ ਇਸ ਮਾਮਲੇ ਵਿਚ ਗਰਮਖਿਆਲੀ ਜਥੇਬੰਦੀਆਂ ਵੱਲੋਂ ਸ਼ਾਂਤਮਈ ਢੰਗ ਨਾਲ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਗੱਲਬਾਤ ਕਰਕੇ ਮਸਲਾ ਹੱਲ ਕੀਤਾ ਗਿਆ ਹੈ। ਇਸ ਦੌਰਾਨ ਇਸ ਫੈਸਲੇ 'ਤੇ ਦੋਹਾਂ ਧਿਰਾਂ ਨੇ ਸਹਿਮਤੀ ਜਤਾਈ ਕਿ ਢਹਿ ਢੇਰੀ ਕੀਤੇ ਗੁਰਦੁਆਰੇ ਦੀ ਇਮਾਰਤ ਪਿੰਡ ਵੜੈਚ ਵਿਚ ਪਹਿਲਾਂ ਵਾਲੀ ਥਾਂ 'ਤੇ ਹੀ ਉਸਾਰੀ ਜਾਵੇਗੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸੇਵਕ ਜਥੇ ਦੇ ਆਗੂਆਂ ਨੇ ਇਸ ਫੈਸਲੇ ਨੂੰ ਇਤਿਹਾਸਕ ਫੈਸਲਾ ਕਰਾਰ ਦਿੱਤਾ ਜਦੋਂਕਿ ਇਸੇ ਹੀ ਜਥੇ ਵਿਚ ਸ਼ਾਮਲ ਦਮਦਮੀ ਟਕਸਾਲ ਅਜਨਾਲਾ ਧੜੇ ਦੇ ਮੁਖੀ ਭਾਈ ਅਮਰੀਕ ਸਿੰਘ ਨੇ ਇਸ ਨੂੰ ਇਤਿਹਾਸਕ ਕਲੰਕ ਕਰਾਰ ਦੇ ਦਿੱਤਾ ਹੈ। ਦਮਦਮੀ ਟਕਸਾਲ ਦੇ ਮੁਖੀ ਭਾਈ ਹਰਨਾਮ ਸਿੰਘ ਖਾਲਸਾ ਨੇ ਕਿਹਾ ਹੈ ਕਿ ਜਿੰਨਾ ਚਿਰ ਤਕ ਇਸ ਫੈਸਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਨਹੀਂ ਲੱਗਦੀ ਤਦ ਤਕ ਇਹ ਫੈਸਲਾ ਸਿੱਖ ਕੌਮ ਨੂੰ ਕਦੇ ਵੀ ਪ੍ਰਵਾਨ ਨਹੀਂ ਹੋ ਸਕਦਾ।


ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ੁਕਰਾਨਾ ਅਰਦਾਸ ਕਰਨ ਤੋਂ ਬਾਅਦ ਸੇਵਕ ਜਥਾ ਦੇ ਆਗੂ ਸੰਤ ਬਲਜੀਤ ਸਿੰਘ ਦਾਦੂਵਾਲ, ਖਾਲਸਾ ਐਕਸ਼ਨ ਕਮੇਟੀ ਦੇ ਮੁਖੀ ਭਾਈ ਮੋਹਕਮ ਸਿੰਘ ਖਾਲਸਾ, ਪੰਚ ਪ੍ਰਧਾਨੀ ਦੇ ਆਗੂ ਤੇ ਸਾਬਕਾ ਐਮ.ਪੀ. ਧਿਆਨ ਸਿੰਘ ਮੰਡ, ਜਰਨੈਲ ਸਿੰਘ ਸਖੀਰਾ, ਹਰਬੀਰ ਸਿੰਘ ਸੰਧੂ, ਅਮਰੀਕ ਸਿੰਘ ਨੰਗਲ ਤੇ ਹੋਰ ਆਗੂਆਂ ਨੇ ਕਿਹਾ ਕਿ ਜਲਦ ਹੀ ਡੇਰੇ ਵਿਚ ਗੁਰਦੁਆਰੇ ਦਾ ਨੀਂਹ ਪੱਥਰ ਰੱਖ ਦਿੱਤਾ ਜਾਵੇਗਾ ਤੇ ਇਹ ਜਥੇਬੰਦੀ ਭਵਿੱਖ ਵਿਚ ਵੀ ਸਿੱਖ ਕੌਮ ਦੇ ਮਸਲਿਆਂ ਤੇ ਪੰਜਾਬ ਦੇ ਵਡੇਰੇ ਹਿੱਤਾਂ ਲਈ ਆਪਣਾ ਰੋਲ ਨਿਭਾਉਂਦੀ ਰਹੇਗੀ। ਉਨ੍ਹਾਂ ਨੇ ਅਸਿੱਧੇ ਸ਼ਬਦਾਂ ਵਿਚ ਕਿਹਾ ਕਿ ਉਨ੍ਹਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਕੀਤਾ ਬਾਈਕਾਟ ਜਾਰੀ ਰਹੇਗਾ ਤੇ ਜਥੇਦਾਰ ਨੂੰ ਹੁਣ ਕੌਮ ਨੂੰ ਇਹ ਦੱਸਣਾ ਪਵੇਗਾ ਕਿ ਉਨ੍ਹਾਂ ਵੱਲੋਂ ਡੇਰੇ ਨੂੰ ਦਿੱਤੀ ਗਈ ਕਲੀਨ ਚਿੱਟ ਸਹੀ ਸੀ ਜਾਂ ਗਲਤ? ਉਨ੍ਹਾਂ ਨੇ ਇਸ ਗੱਲ ਦਾ ਵੀ ਸੰਕੇਤ ਦਿੱਤਾ ਕਿ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨਾਲ ਵੀ ਚੱਲ ਰਿਹਾ ਮਸਲਾ ਗੱਲਬਾਤ ਰਾਹੀਂ ਹੱਲ ਕਰਵਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਬਿਆਸ ਡੇਰੇ ਵਿਚ ਜਾ ਕੇ ਡੇਰਾ ਮੁਖੀ ਨੂੰ ਨਹੀਂ ਮਿਲੇ ਸਗੋਂ ਡੇਰਾ ਮੁਖੀ ਨੇ ਖੁਦ ਹੀ ਉਨ੍ਹਾਂ ਨਾਲ ਚੰਡੀਗੜ੍ਹ ਵਿਚ ਤੇ ਫਿਰ ਉਨ੍ਹਾਂ ਦੇ ਡੇਰੇ ਵਿਚ ਆ ਕੇ ਮੁਲਾਕਾਤ ਕੀਤੀ ਜਿਸ ਦੇ ਬਾਅਦ ਇਸ ਫੈਸਲੇ ਨੂੰ ਹੱਲ ਕਰਨ ਲਈ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੋਇਆ।

ਉਨ੍ਹਾਂ ਕਿਹਾ ਕਿ ਫੈਸਲਾਕੁੰਨ ਮੀਟਿੰਗ 29 ਨਵੰਬਰ ਨੂੰ ਦਿੱਲੀ ਵਿਚ ਹੋਈ ਜਿਸ ਵਿਚ ਲਿਖਤੀ ਤੌਰ 'ਤੇ ਫੈਸਲਾ ਹੋਇਆ ਹੈ। ਗੁਰਦੁਆਰਾ ਡੇਰੇ ਅੰਦਰ ਉਸੇ ਅਸਥਾਨ 'ਤੇ ਬਣੇਗਾ ਤੇ ਇਕ ਕਮੇਟੀ ਦੀ ਅਗਵਾਈ ਹੇਠ ਉਸਾਰੀ ਸ਼ੁਰੂ ਹੋਵੇਗੀ ਜਿਸ ਵਿਚ ਸੇਵਕ ਜਥੇ ਦੇ ਦੋ, ਸ਼੍ਰੋਮਣੀ ਕਮੇਟੀ ਦਾ ਇਕ ਤੇ ਡੇਰਾ ਬਿਆਸ ਦੇ ਦੋ ਮੈਂਬਰ ਸ਼ਾਮਲ ਹੋਣਗੇ। ਇਸ ਸਮੇਂ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼ੁਕਰਾਨਾ ਅਰਦਾਸ ਤੇ ਸੰਗਤਾਂ ਦਾ ਧੰਨਵਾਦ ਕਰਨ ਤੋਂ ਇਲਾਵਾ ਡੇਰਾ ਬਿਆਸ ਮੁਖੀ ਵਲੋਂ ਕੀਤੇ ਗਏ ਫੈਸਲੇ 'ਤੇ ਤਸੱਲੀ ਦਾ ਪ੍ਰਗਟਾਵਾ ਕਰਨ ਲਈ ਇਥੇ ਪਹੁੰਚੇ ਹਨ।

# ਮਲੇਸ਼ੀਅਨ ਸਿੱਖ ਵੱਲੋਂ ਹੱਥ ਲਿਖਤ ਸਰੂਪ ਅਕਾਲ ਤਖ਼ਤ ਨੂੰ ਭੇਟ

**ਅੰਮ੍ਰਿਤਸਰ:** ਮਲੇਸ਼ੀਆ ਦੇ ਵਸਨੀਕ ਜਸਵੰਤ ਸਿੰਘ ਖੋਸਾ (76) ਵੱਲੋਂ ਗੁਰੂ ਗ੍ਰੰਥ ਸਾਹਿਬ ਦਾ ਹੱਥ ਲਿਖਤ ਪਾਵਨ ਸਰੂਪ ਸ੍ਰੀ ਅਕਾਲ ਤਖ਼ਤ ਵਿਖੇ ਭੇਟ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੇ ਹੱਥ ਲਿਖਤ ਸਰੂਪ ਭੇਟ ਕੀਤਾ ਸੀ ਜਿਸ ਦਾ ਇਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਹਰਿ ਕੀ ਪਉੜੀ ਵਿਖੇ ਪ੍ਰਕਾਸ਼ ਕੀਤਾ ਹੋਇਆ ਹੈ।

19 ਇੰਚ ਆਕਾਰ ਦੇ ਇਸ ਪਾਵਨ ਸਰੂਪ ਦਾ ਭਾਰ ਤਕਰੀਬਨ 50 ਕਿਲੋ ਹੈ ਤੇ ਇਸ ਦੇ ਪ੍ਰਮਾਣਤ ਸਰੂਪਾਂ ਵਾਂਗ 1430 ਅੰਗ (ਪੰਨੇ) ਹਨ। ਮਲੇਸ਼ੀਆ ਵਿਚ ਧਾਰਮਿਕ ਪੁਸਤਕਾਂ ਦੀ ਸ਼੍ਰੇਣੀ ਵਿਚ ਇਹ ਸਰੂਪ ਸਭ ਤੋਂ ਵਧੇਰੇ ਭਾਰਾ ਹੋਣ ਕਾਰਨ ਇਸ ਨੂੰ 'ਮਲੇਸ਼ੀਆ ਬੁੱਕ ਆਫ ਰਿਕਾਰਡਸ' ਵਿਚ ਥਾਂ ਦਿੱਤੀ ਗਈ ਹੈ। ਇਸ ਪਾਵਨ ਸਰੂਪ ਵਿਚ ਹੋਰ ਪ੍ਰਕਾਸ਼ਤ ਤੇ ਪ੍ਰਮਾਣਤ ਸਰੂਪਾਂ ਵਾਂਗ ਹੀ ਗੁਰਮੁਖੀ ਅੱਖ਼ਰਾਂ ਵਿਚ ਲਿਖਿਆ ਹੋਇਆ ਹੈ ਤੇ ਹਰ ਅੰਗ 'ਤੇ 19 ਪੰਗਤੀਆਂ ਹਨ। ਇਸ ਵਾਸਤੇ ਅਮਰੀਕਾ ਦੀ ਵਿਸ਼ੇਸ਼ ਕੋਹੇਨੂਰ ਸਿਆਹੀ ਤੇ ਵਧੀਆ ਸਫੇਦ ਪੇਪਰ ਵਰਤਿਆ ਗਿਆ ਹੈ। ਇਸ ਕਾਗਜ਼ 'ਤੇ ਪਾਣੀ ਦਾ ਕੋਈ ਅਸਰ ਨਹੀਂ ਹੁੰਦਾ ਤੇ ਇਸ ਦੀ ਉਮਰ ਤਕਰੀਬਨ 300 ਸਾਲ ਹੈ।



### ਸਾਕਾ ਨੀਲਾ ਤਾਰਾ ਨੇ ਬਦਲਿਆ ਨਜ਼ਰੀਆ

ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਹੱਥ ਨਾਲ ਲਿਖਣ ਦੀ ਮਿਲੀ ਪ੍ਰੇਰਣਾ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਾਪਰੇ ਸਾਕਾ ਨੀਲਾ ਤਾਰਾ ਤੋਂ ਬਾਅਦ ਜਦੋਂ ਉਹ ਇੱਥੇ ਆਏ ਤਾਂ ਉਨ੍ਹਾਂ ਇੱਥੇ ਹੋਈ ਤਬਾਹੀ ਦੇ ਦ੍ਰਿਸ਼ ਦੇਖੇ। ਉਸ ਵੇਲੇ ਉਨ੍ਹਾਂ ਸਿੱਖ ਰੈਫਰੇਂਸ ਲਾਈਬਰੇਰੀ ਵੀ ਦੇਖੀ ਜਿਸ ਵਿਚੋਂ ਸਮੁੱਚਾ ਅਮੁੱਲਾ ਖਜ਼ਾਨਾ ਖਾਲੀ ਹੋ ਗਿਆ ਸੀ। ਉਸ ਵੇਲੇ ਉਨ੍ਹਾਂ ਗੁਰੂ ਘਰ ਵਿਚ ਅਰਦਾਸ ਕੀਤੀ ਸੀ ਕਿ ਗੁਰੂ ਸਾਹਿਬ ਉਸਨੂੰ ਬਲ ਬਖਸ਼ਣ ਤਾਂ ਜੋ ਉਹ ਹੱਥ ਲਿਖਤ ਸਰੂਪ ਤਿਆਰ ਕਰ ਸਕੇ। ਹੱਥ ਲਿਖਤ ਸਰੂਪ ਲਿਖਣ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਸ ਨੇ ਅੰਮ੍ਰਿਤ ਵੀ ਛਕਿਆ।

ਮਲੇਸ਼ੀਆ ਵਾਸੀ ਜਸਵੰਤ ਸਿੰਘ ਖੋਸਾ ਨੇ ਦੱਸਿਆ ਕਿ ਗੁਰੂ ਘਰ ਦੀ ਕ੍ਰਿਪਾ ਸਦਕਾ ਹੀ ਉਸ ਨੇ ਹੁਣ ਤਕ ਪੰਜ ਸਰੂਪ ਹੱਥ ਨਾਲ ਲਿਖੇ ਹਨ ਤੇ ਛੇਵੇਂ ਸਰੂਪ ਨੂੰ ਲਿਖਣ ਦਾ ਕੰਮ ਜਾਰੀ ਹੈ। ਸ. ਖੋਸਾ ਰੋਜ਼ ਸਵੇਰੇ ਚਾਰ ਵਜੇ ਉਠ ਕੇ ਇਸ਼ਨਾਨ ਕਰਨ ਮਗਰੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਲਿਖਣ ਵਿਚ ਜੁੱਟ ਜਾਂਦੇ ਹਨ। ਉਹ ਰੋਜ਼ਾਨਾ 10 ਤੋਂ 12 ਘੰਟੇ ਲਿਖਣ ਦਾ ਕੰਮ ਕਰਦੇ ਹਨ। ਪਿਛਲੇ ਦੋ ਦਹਾਕਿਆਂ ਤੋਂ ਵਧੇਰੇ ਸਮੇਂ ਵਿਚ ਉਨ੍ਹਾਂ ਹੁਣ ਤੱਕ ਪੰਜ ਸਰੂਪ ਲਿਖਣ ਦਾ ਕੰਮ ਮੁਕੰਮਲ ਕੀਤਾ ਹੈ। ਸ. ਖੋਸਾ ਦਾ ਜਨਮ ਮਲੇਸ਼ੀਆ ਵਿਚ ਹੀ ਹੋਇਆ ਸੀ ਪਰ ਉਨ੍ਹਾਂ ਆਪਣੇ ਸਕੂਲੀ ਪੜ੍ਹਾਈ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਮੁਕੰਮਲ ਕੀਤੀ। ਇਸ ਵੇਲੇ ਉਨ੍ਹਾਂ ਦੇ ਚਾਰ ਬੱਚੇ ਹਨ ਤੇ ਸਾਰਾ ਪਰਿਵਾਰ ਮਲੇਸ਼ੀਆ ਵਿਚ ਵਸਿਆ ਹੋਇਆ ਹੈ।

ਸ੍ਰੀ ਅਕਾਲ ਤਖ਼ਤ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਦੱਸਿਆ ਕਿ ਸ੍ਰੀ ਖੋਸਾ ਵੱਲੋਂ ਪਾਵਨ ਸਰੂਪ ਬੜੇ ਅਦਬ ਸਤਿਕਾਰ ਨਾਲ ਲਿਆਂਦਾ ਗਿਆ ਹੈ। ਸਰੂਪ ਭੇਟ ਕਰਨ ਸਮੇਂ ਪੰਜ ਪਿਆਰੇ ਅਤੇ ਪੰਜ ਨਿਸ਼ਾਨਚੀ ਵੀ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਇਸ ਪਾਵਨ ਸਰੂਪ ਨੂੰ ਫਿਲਹਾਲ ਸ੍ਰੀ ਅਕਾਲ ਤਖ਼ਤ ਵਿਖੇ ਰੱਖਿਆ ਗਿਆ ਹੈ। ਇਸ ਦੌਰਾਨ ਉਹ ਪਾਵਨ ਸਰੂਪ ਦੇ ਸਮੂਹ ਅੰਗਾਂ ਦੇ ਦਰਸ਼ਨ ਕਰਕੇ ਪ੍ਰਮਾਣਤ ਸਰੂਪ ਦੇ ਨਾਲ ਇਸ ਦੀਆਂ ਲਗਾਂ ਮਾਤਰਾਂ ਦਾ ਮੇਲ ਕਰਨਗੇ। ਮਗਰੋਂ ਇਸ ਦਾ ਹਰਿ ਕੀ ਪਉੜੀ ਵਿਖੇ ਪ੍ਰਕਾਸ਼ ਹੋਵੇਗਾ।

### ਪੰਜਵਾਂ ਹੱਥ ਲਿਖਤ ਸਰੂਪ

ਸ. ਜਸਵੰਤ ਸਿੰਘ ਖੋਸਾ ਨੇ ਦੱਸਿਆ ਕਿ ਇਹ ਉਨ੍ਹਾਂ ਦਾ ਪੰਜਵਾਂ ਹੱਥ ਲਿਖਤ ਸਰੂਪ ਹੈ ਜਿਸ ਨੂੰ ਮੁਕੰਮਲ ਕਰਨ ਮਗਰੋਂ ਇਥੇ ਸ੍ਰੀ ਅਕਾਲ ਤਖ਼ਤ ਵਿਖੇ ਭੇਟ ਕੀਤਾ ਗਿਆ। ਹੁਣ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦਾ ਛੇਵਾਂ ਸਰੂਪ ਹੱਥ ਨਾਲ ਲਿਖਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਹੱਥ ਲਿਖਤ ਸਰੂਪ ਲੰਡਨ ਦੇ ਸਾਊਥ ਹਾਲ ਸਥਿਤ ਗੁਰਦੁਆਰੇ ਵਿਖੇ ਪ੍ਰਕਾਸ਼ ਕੀਤਾ ਹੋਇਆ ਹੈ ਜਦੋਂਕਿ ਦੂਜਾ ਹੱਥ ਲਿਖਤ ਸਰੂਪ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਰਿ ਕੀ ਪਉੜੀ ਵਿਖੇ ਪ੍ਰਕਾਸ਼ ਕੀਤਾ ਹੋਇਆ ਹੈ। ਤੀਜਾ ਹੱਥ ਲਿਖਤ ਸਰੂਪ ਐਡਮਿੰਟਨ ਦੇ ਗੁਰਦੁਆਰੇ ਤੇ ਚੌਥਾ ਕੈਲੀਫੋਰਨੀਆ ਦੇ ਗੁਰਦੁਆਰਾ ਫਰੀਮਾਂਟ ਵਿਚ ਪ੍ਰਕਾਸ਼ ਕੀਤਾ ਹੋਇਆ ਹੈ।

# ਉਤਰਾਖੰਡ ਸਰਕਾਰ ਵੱਲੋਂ ਸਿੱਖ ਯਾਤਰੀਆਂ ਨਾਲ ਸਖਤੀ

## ਸੰਤ ਦਾਦੂਵਾਲ ਤੇ ਬੱਬਰ ਸਣੇ 700 ਸ਼ਰਧਾਲੂ ਗ੍ਰਿਫ਼ਤਾਰ

**ਚੰਡੀਗੜ੍ਹ:** ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮਨਾਉਣ ਤੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਨਵਉਸਾਰੀ ਨੂੰ ਲੈ ਕੇ ਸਿੱਖ ਜਥੇਬੰਦੀਆਂ ਪੰਥਕ ਸੇਵਾ ਲਹਿਰ, ਆਲ ਇੰਡੀਆ ਸਿੱਖ ਕਾਨਫਰੰਸ, ਉੱਤਰਾਖੰਡ ਪੰਜਾਬੀ ਕ੍ਰਾਂਤੀ ਮੋਰਚਾ ਵੱਲੋਂ ਲੰਬੇ ਸਮੇਂ ਤੋਂ ਕੀਤੇ ਜਾ ਰਹੇ ਸੰਘਰਸ਼ ਤਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਹਰਿਦੁਆਰ ਰਵਾਨਾ ਹੋਈ ਯਾਤਰਾ ਨੂੰ ਉੱਤਰਾਖੰਡ ਸਰਕਾਰ ਨੇ ਰੋਕ ਲਿਆ ਤੇ ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਾਬਾ ਬਲਜੀਤ ਸਿੰਘ ਖਾਲਸਾ ਦਾਦੂਵਾਲ, ਆਲ ਇੰਡੀਆ ਸਿੱਖ ਕਾਨਫਰੰਸ ਦੇ ਮੁਖੀ ਗੁਰਚਰਨ ਸਿੰਘ ਬੱਬਰ, ਉੱਤਰਾਖੰਡ ਪੰਜਾਬੀ ਕ੍ਰਾਂਤੀ ਮੋਰਚਾ ਦੇ ਕੰਵਰ ਜੁਪਿੰਦਰ ਸਿੰਘ ਸਮੇਤ ਤਕਰੀਬਨ 700 ਸਿੰਘਾਂ ਨੂੰ ਹਿਰਾਸਤ ਵਿਚ ਲੈ ਗਏ।



ਗੁਰਦੁਆਰਾ ਗਿਆਨ ਗੋਦੜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਦੀ ਪਹਿਲੀ ਯਾਤਰਾ ਵੇਲੇ ਦਾ ਇਤਿਹਾਸਕ ਸਥਾਨ ਹੈ ਜਿਸ ਨੂੰ 1984 ਵੇਲੇ ਸਿੱਖਾਂ 'ਤੇ ਹੋਏ ਹਿੰਸਕ ਹਮਲਿਆਂ ਦੌਰਾਨ ਢਹਿ-ਢੇਰੀ ਕਰ ਦਿੱਤਾ ਸੀ। ਇਸ ਦੀ ਨਵ-ਉਸਾਰੀ ਲਈ ਪੰਥਕ-ਜਥੇਬੰਦੀਆਂ ਵੱਲੋਂ ਪਿਛਲੇ ਸਮੇਂ ਵਿਚ ਫੈਸਲਾ ਕੀਤਾ ਸੀ। ਇਹ ਯਾਤਰਾ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਈ ਸੀ। ਦੂਜੇ ਪਾਸੇ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਉੱਤਰਾਖੰਡ ਸਰਕਾਰ ਨੇ ਯਾਤਰਾ ਦੇ ਉੱਤਰਾਖੰਡ ਵਿਚ ਦਾਖਲ ਨਾ ਹੋਣ ਦੇਣ ਦੀ ਗੱਲ ਆਖੀ ਸੀ ਪਰ ਸੰਗਤਾਂ ਫਿਰ ਵੀ ਵੱਡੀ ਗਿਣਤੀ ਵਿਚ ਯਾਤਰਾ ਵਿਚ ਸ਼ਾਮਲ ਹੋਈਆਂ।

ਇਹ ਯਾਤਰਾ ਹਿਮਾਚਲ ਪ੍ਰਦੇਸ਼ ਦੇ ਗੁਰਦੁਆਰਾ ਪਾਉਂਟਾ ਸਾਹਿਬ ਰੁਕੀ ਤੇ ਉਥੋਂ ਅੱਗੇ ਰਵਾਨਾ ਹੋਣਾ ਸੀ। ਯਾਤਰਾ ਵਿਚ ਸ਼ਾਮਲ ਪੰਥਕ ਸੇਵਾ ਲਹਿਰ ਦੇ ਆਗੂਆਂ ਨੇ ਦੱਸਿਆ ਕਿ ਜਿਉਂ ਹੀ ਯਾਤਰਾ ਗੋਦਾਵਰੀ ਨਦੀ ਕੰਢੇ ਪੁੱਜੀ ਤੇ ਉੱਤਰਾਖੰਡ ਵਿਚ ਦਾਖਲ ਹੋਣ ਲੱਗੀ ਤਾਂ ਵੱਡੀ ਗਿਣਤੀ ਵਿਚ ਤਾਇਨਾਤ ਉੱਤਰਾਖੰਡ ਪੁਲਿਸ ਪ੍ਰਸ਼ਾਸਨ ਨੇ ਯਾਤਰਾ ਨੂੰ ਰੋਕ ਲਿਆ ਜਿਸ 'ਤੇ ਸੰਗਤਾਂ ਨੇ ਉੱਥੇ ਹੀ ਧਰਨਾ ਸ਼ੁਰੂ ਕਰ ਦਿੱਤਾ ਜੋ ਤਕਰੀਬਨ ਤਿੰਨ ਘੰਟੇ ਤੱਕ ਚੱਲਿਆ।

ਇਸ ਮੌਕੇ ਸੰਤ ਬਾਬਾ ਬਲਜੀਤ ਸਿੰਘ ਖਾਲਸਾ ਦਾਦੂਵਾਲ ਨੇ ਕਿਹਾ ਕਿ ਦੇਸ਼ ਦੇ ਕਿਸੇ ਵੀ ਕੋਨੇ ਵਿਚ ਜਦੋਂ ਸਿੱਖ ਕੋਈ ਸੰਘਰਸ਼ ਕਰਦੇ ਹਨ ਤਾਂ ਉਸ ਰਾਜ ਦੀਆਂ ਸਰਕਾਰਾਂ ਭਾਵੇਂ ਉਹ ਕਿਸੇ ਵੀ ਪਾਰਟੀ ਦੀਆਂ ਕਿਉਂ ਨਾ ਹੋਣ ਸੰਘਰਸ਼ ਨੂੰ ਤਾਰਪੀਡੋ ਕਰਨ ਦੀ ਪੂਰੀ ਵਾਹ ਲਾਉਂਦੀਆਂ ਹਨ ਤੇ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਹਿਮਾਚਲ-ਉਤਰਾਖੰਡ ਸਰਹੱਦ 'ਤੇ ਪੈਂਦੇ ਕਸਬਾ ਕੁਲਾਹਨ ਕੋਲ ਐਸ.ਪੀ. ਦੇਹਰਾਦੂਨ ਜਗਦੀਸ਼ ਚੰਦਰ ਦੀ ਅਗਵਾਈ ਵਿਚ ਤਾਇਨਾਤ ਸੈਂਕੜੇ ਪੁਲਿਸ ਕਰਮੀਆਂ ਨੇ ਯਾਤਰਾ ਨੂੰ ਰੋਕ ਕੇ ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ, ਗੁਰਚਰਨ ਸਿੰਘ ਬੱਬਰ, ਕੁੰਵਰ ਜੁਪਿੰਦਰ ਸਿੰਘ, ਬਾਬਾ ਪ੍ਰਦੀਪ ਸਿੰਘ ਚਾਂਦਪੁਰਾ, ਬਾਬਾ ਅਵਤਾਰ ਸਿੰਘ ਸਾਧਾਂਵਾਲਾ, ਗਿਆਨੀ ਰਾਜਪਾਲ ਸਿੰਘ ਦਾਦੂ ਸਮੇਤ ਕਰੀਬ 700 ਸਿੰਘਾਂ ਨੂੰ ਹਿਰਾਸਤ ਵਿਚ ਲੈ ਲਿਆ ਤੇ ਕਿਸੇ ਅਗਿਆਤ ਥਾਂ 'ਤੇ ਲੈ ਗਏ ਜਦੋਂਕਿ ਕੁਝ ਸਿੰਘਾਂ ਨੂੰ ਖਦੇੜ ਦਿੱਤਾ ਗਿਆ।

### ਸ਼੍ਰੋਮਣੀ ਕਮੇਟੀ ਵੱਲੋਂ ਨਿਖੇਧੀ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਗੁਰਦੁਆਰਾ ਗਿਆਨ ਗੋਦੜੀ ਹਰਿ ਕੀ ਪਉੜੀ ਹਰਿਦੁਆਰ ਵਿਚ ਨਤਮਸਤਕ ਹੋਣ ਜਾਣ ਵਾਲੇ ਸ਼ਰਧਾਲੂਆਂ ਨੂੰ ਪੁਲਿਸ ਵੱਲੋਂ ਹਿਰਾਸਤ ਵਿਚ ਲੈਣ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਬਾਰੇ ਉਤਰਾਖੰਡ ਦੇ ਮੁੱਖ ਮੰਤਰੀ ਨੂੰ ਪੱਤਰ ਵੀ ਭੇਜ ਰਹੇ ਹਨ। ਜਥੇਦਾਰ ਅਵਤਾਰ ਨੇ ਕਿਹਾ ਕਿ ਹਰੇਕ ਵਿਅਕਤੀ ਨੂੰ ਆਪਣੇ ਧਾਰਮਿਕ ਅਸਥਾਨ 'ਤੇ ਜਾਣ ਦਾ ਅਧਿਕਾਰ ਹੈ ਪਰ ਇਨ੍ਹਾਂ ਸ਼ਰਧਾਲੂਆਂ ਨੂੰ ਗ੍ਰਿਫ਼ਤਾਰ ਕਰਨਾ ਨਿੰਦਣਯੋਗ ਕਾਰਵਾਈ ਹੈ। ਉਨ੍ਹਾਂ ਦੱਸਿਆ ਕਿ ਉਥੋਂ ਦੀ ਸਰਕਾਰ ਨੇ ਮੰਨਿਆ ਹੈ ਕਿ ਉਸ ਥਾਂ 'ਤੇ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਆਏ ਸਨ ਤੇ ਉਨ੍ਹਾਂ ਦੇ ਨਾਂ 'ਤੇ ਉਸ ਜਗ੍ਹਾ ਗੁਰਦੁਆਰਾ ਸਥਾਪਤ ਕੀਤਾ ਗਿਆ ਸੀ। ਉਨ੍ਹਾਂ ਆਖਿਆ ਕਿ ਉਹ ਸਰਕਾਰ ਤੋਂ ਮੰਗ ਕਰ ਚੁੱਕੇ ਹਨ ਕਿ 1984 ਦੇ ਦੰਗਿਆਂ ਦੌਰਾਨ ਢਾਹੇ ਗਏ ਇਸ ਧਾਰਮਿਕ ਸਥਾਨ ਦੀ ਜਗ੍ਹਾ 'ਤੇ ਮੁੜ ਗੁਰਦੁਆਰਾ ਉਸਾਰਨ ਦੀ ਇਜਾਜ਼ਤ ਦਿੱਤੀ ਜਾਵੇ।

# ਨਨਕਾਣਾ ਸਾਹਿਬ ਵਿਚ ਪੰਜ ਵਰ੍ਹਿਆਂ ਬਾਅਦ ਸਜਿਆ ਨਗਰ ਕੀਰਤਨ

**ਲਾਹੌਰ:** ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸ਼ਰਧਾ ਨਾਲ ਮਨਾਇਆ ਗਿਆ। ਇਸ ਦੌਰਾਨ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਤੰਬੂ ਸਾਹਿਬ ਤਕ ਨਗਰ ਕੀਰਤਨ ਵੀ ਸਜਾਇਆ ਗਿਆ ਜੋ ਪਿਛਲੇ ਪੰਜ ਸਾਲਾਂ ਤੋਂ ਬੰਦ ਸੀ। ਇਸ ਮੌਕੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ ਗਏ। ਜ਼ਿਕਰਯੋਗ ਹੈ ਕਿ ਕਈ ਵਰ੍ਹਿਆਂ ਤੱਕ ਇਥੇ ਹੋਣ ਵਾਲੇ ਹਰ ਸਾਮਗਮ ਵਿਚ ਗਰਮ ਖਿਆਲੀਆਂ ਦਾ ਬੋਲਬਾਲਾ ਹੁੰਦਾ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਇਹ ਰੁਝਾਨ ਘਟਦਾ ਜਾ ਰਿਹਾ ਹੈ। ਪਾਕਿਸਤਾਨ ਸਰਕਾਰ ਵੀ ਇਸ ਗੱਲ ਦਾ ਖਿਆਲ ਰੱਖਦੀ ਹੈ ਕਿ ਧਾਰਮਿਕ ਸਮਾਗਮਾਂ ਵਿਚ ਸਿਆਸੀ ਜਾਂ ਗਰਮ ਤਕਰੀਰਾਂ ਨਾ ਹੋਣ ਤਾਂ ਚੰਗਾ ਹੈ।

ਭਾਰਤ ਵਿਚ ਪਾਕਿਸਤਾਨੀ ਅਤਿਵਾਦੀ ਅਜਮਲ ਕਸਾਬ ਨੂੰ ਫਾਂਸੀ ਦਿੱਤੇ ਜਾਣ ਤੋਂ ਬਾਅਦ ਤਾਲਿਬਾਨ ਵੱਲੋਂ ਦਿੱਤੀ ਧਮਕੀ ਦੇ ਬਾਵਜੂਦ ਸਿੱਖ ਸ਼ਰਧਾਲੂਆਂ ਦਾ ਵੱਡਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਗਿਆ। ਵੱਖ-ਵੱਖ ਦੇਸ਼ਾਂ ਤੋਂ ਪੁੱਜੇ ਸਿੱਖ ਸ਼ਰਧਾਲੂਆਂ ਨੇ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਸ਼ਰਧਾ ਭਾਵਨਾ ਨਾਲ ਗੁਰਪੁਰਬ ਮਨਾਇਆ। ਇਸ ਮੌਕੇ ਤਾਲਿਬਾਨ ਦੀ ਧਮਕੀ ਨੂੰ ਧਿਆਨ ਵਿਚ ਰੱਖਦਿਆਂ ਪਾਕਿਸਤਾਨ ਸਰਕਾਰ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਗੁਰਦੁਆਰੇ ਦੇ ਬਾਹਰ ਪੁਲੀਸ ਅਤੇ ਅੰਦਰ ਚਿੱਟ ਕੱਪੜੀਏ ਪੁਲਿਸ ਵਾਲੇ ਨਿਗਰਾਨੀ ਕਰ ਰਹੇ ਸਨ। ਸ਼ਰਧਾਲੂਆਂ ਤੇ ਹੋਰਾਂ ਨੂੰ ਤਲਾਸ਼ੀ ਲੈਣ ਮਗਰੋਂ ਅੰਦਰ ਜਾਣ ਦਿੱਤਾ ਜਾ ਰਿਹਾ ਸੀ।

ਪਿਛਲੇ ਪੰਜ ਸਾਲਾਂ ਤੋਂ ਬੰਦ ਕੀਤਾ ਨਗਰ ਕੀਰਤਨ ਵੀ ਸਜਾਇਆ ਗਿਆ। ਨਗਰ ਕੀਰਤਨ ਦੇ ਸਮੁੱਚੇ ਰਸਤੇ ਵਿਚ ਪਾਕਿਸਤਾਨੀ ਪੁਲਿਸ ਤਾਇਨਾਤ ਸੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਦੱਸਿਆ ਕਿ ਪਾਕਿਸਤਾਨ ਸਮੇਤ ਭਾਰਤ, ਅਫ਼ਗਾਨਿਸਤਾਨ, ਮਲੇਸ਼ੀਆ, ਦੁਬਈ, ਅਮਰੀਕਾ, ਕੈਨੇਡਾ ਤੇ ਹੋਰ ਮੁਲਕਾਂ ਤੋਂ ਆਏ ਤਕਰੀਬਨ 15000 ਸਿੱਖ ਸ਼ਰਧਾਲੂ ਗੁਰਪੁਰਬ ਸਮਾਗਮ ਵਿਚ ਸ਼ਾਮਲ ਹੋਏ ਹਨ ਤੇ ਨਗਰ ਕੀਰਤਨ ਵਿਚ ਵੀ ਹਿੱਸਾ ਲਿਆ।



ਇਹ ਨਗਰ ਕੀਰਤਨ ਗੁਰਦੁਆਰਾ ਜਨਮ ਅਸਥਾਨ ਤੋਂ ਸ਼ੁਰੂ ਹੋਇਆ ਤੇ ਗੁਰਦੁਆਰਾ ਤੰਬੂ ਸਾਹਿਬ ਵਿਖੇ ਸਮਾਪਤ ਹੋਇਆ। ਇਸ ਦੌਰਾਨ ਨਨਕਾਣਾ ਸਾਹਿਬ ਵਿਚ ਸਮੂਹ ਭਾਈਚਾਰੇ ਨੇ ਦੁਕਾਨਾਂ ਬੰਦ ਰੱਖੀਆਂ ਤੇ ਗੁਰਪੁਰਬ ਸਮਾਗਮਾਂ ਵਿਚ ਸ਼ਮੂਲੀਅਤ ਕੀਤੀ। ਮੁਸਲਿਮ ਭਾਈਚਾਰੇ ਨੇ ਵੀ ਆਪਣੇ ਘਰਾਂ ਵਿਚੋਂ ਬਾਹਰ ਆ ਕੇ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ ਤੇ ਗੁਰਪੁਰਬ ਦੀ ਵਧਾਈ ਦਿੱਤੀ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਗੁਰਪੁਰਬ ਸਬੰਧੀ ਸਮਾਗਮ ਹੋਇਆ। ਇਸ ਦੌਰਾਨ ਵੱਖ-ਵੱਖ ਥਾਵਾਂ 'ਤੇ ਲੰਗਰ ਵੀ ਲਾਏ ਗਏ। ਰਾਤ ਨੂੰ ਸਮਾਗਮ ਦੌਰਾਨ ਸ਼ਬਦ ਕੀਰਤਨ ਹੋਇਆ ਤੇ ਅਰਦਾਸ ਕੀਤੀ ਗਈ।

ਸਮਾਗਮ ਵਿਚ ਸ਼ਾਮਲ ਹੋਣ ਲਈ ਪੁੱਜੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਆਖਿਆ ਕਿ ਪਿਛਲੇ ਕੁਝ ਸਾਲਾਂ ਤੋਂ ਸੁਰੱਖਿਆ ਕਾਰਨਾਂ ਕਰਕੇ ਨਗਰ ਕੀਰਤਨ ਬੰਦ ਕਰ ਦਿੱਤਾ ਗਿਆ ਸੀ ਪਰ ਸਮੂਹਿਕ ਤੌਰ 'ਤੇ ਕੀਤੇ ਗਏ ਫੈਸਲੇ ਮਗਰੋਂ ਨਗਰ ਕੀਰਤਨ ਸਜਾਇਆ ਗਿਆ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਦੇਸ਼ਾਂ ਤੋਂ ਆਏ ਸਿੱਖ ਭਾਈਚਾਰੇ ਨੇ ਬੜੇ ਉਤਸ਼ਾਹ ਨਾਲ ਸਮਾਗਮ ਵਿਚ ਸ਼ਮੂਲੀਅਤ ਕੀਤੀ ਤੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ।

# ਸ਼ਾਦਮਾਨ ਚੌਕ ਬਾਰੇ ਰੇੜਕਾ ਬਰਕਰਾਰ



**ਲਾਹੌਰ:** ਪਾਕਿਸਤਾਨ ਵਿਚ ਸ਼ਾਦਮਾਨ ਚੌਕ ਭਗਤ ਸਿੰਘ ਨੂੰ ਸਮਰਪਿਤ ਕਰਨ ਬਾਰੇ ਰੇੜਕਾ ਬਰਕਰਾਰ ਹੈ। ਬੇਸ਼ੱਕ ਸਰਕਾਰ ਨੇ ਇਸ ਕਾਰਜ ਲਈ ਹਰੀ ਝੰਡੀ ਦੇ ਦਿੱਤੀ ਹੈ ਪਰ ਕੱਟੜਪੰਥੀ ਇਸ ਮਾਮਲੇ ਨੂੰ ਅਦਾਲਤ ਵਿਚ ਲੈ ਗਏ ਹਨ। ਉਧਰ, ਅਦਾਲਤ ਨੇ ਸ਼ਾਦਮਾਨ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਬਾਰੇ ਲਾਈ ਰੋਕ ਤਿੰਨ ਹਫ਼ਤਿਆਂ ਲਈ ਵਧਾ ਦਿੱਤੀ ਹੈ। ਲਾਹੌਰ ਹਾਈ ਕੋਰਟ ਦੇ ਜਸਟਿਸ ਨਾਸ਼ੀਰ ਸਈਦ ਸ਼ੇਖ ਨੇ ਚੌਕ ਦਾ ਨਾਂ ਤਬਦੀਲ ਕਰਨ ਦੇ ਮਾਮਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਬਾਰੇ ਪੰਜਾਬ ਸਰਕਾਰ ਤੇ ਲਾਹੌਰ ਦੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੋਈ ਜਵਾਬ ਦਾਖ਼ਲ ਨਾ ਕਰਨ 'ਤੇ ਇਸ ਮਾਮਲੇ ਨੂੰ ਤਿੰਨ ਹਫ਼ਤਿਆਂ ਲਈ ਟਾਲ ਦਿੱਤਾ।

ਜ਼ਿਕਰਯੋਗ ਹੈ ਕਿ ਜਮਾਤ-ਉਦ-ਦਵਾ ਵੱਲੋਂ ਚਲਾਈ ਮੁਹਿੰਮ ਤਹਿਰੀਕ-ਏ-ਹੁਰਮਤ-ਏ-ਰਸੂਲ ਵੱਲੋਂ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਸੰਸਥਾ ਵੱਲੋਂ ਇਕ ਵਪਾਰੀ ਜ਼ਾਹਿਦ ਬੱਟ ਨੇ ਪਟੀਸ਼ਨ ਦਾਇਰ ਕਰਕੇ ਕਿਹਾ ਸੀ ਕਿ ਭਾਰਤੀ ਖੁਫੀਆ ਏਜੰਸੀ ਰਾਅ ਭਗਤ ਸਿੰਘ ਫਾਊਂਡੇਸ਼ਨ ਨੂੰ ਅਜਿਹੇ ਮੁੱਦੇ ਉਭਾਰਨ ਲਈ ਫੰਡ ਮੁਹੱਈਆ ਕਰਵਾ ਰਹੀ ਹੈ। ਅਦਾਲਤ ਨੇ ਇਸ 'ਤੇ ਸਟੇਅ ਲਾ ਕੇ ਸਰਕਾਰ ਤੋਂ ਜਵਾਬ ਮੰਗਿਆ ਸੀ।

ਉਧਰ, ਸਮਾਜਿਕ ਕਾਰਕੁਨ ਤੈਮੂਰ ਰਹਿਮਾਨ ਤੇ ਸਾਇਦਾ ਦੀਪ ਨੇ ਆਪਣੇ ਵਕੀਲ ਯਾਸਿਰ ਲਾਤੀਫ਼ ਹਮਦਾਨੀ ਰਾਹੀਂ ਲਾਹੌਰ ਹਾਈ ਕੋਰਟ ਵਿਚ ਅਰਜ਼ੀਆਂ ਦਾਇਰ ਕਰਕੇ ਤਹਿਰੀਕ-ਏ-ਹੁਰਮਤ-ਏ-ਰਸੂਲ ਦੇ ਦਾਅਵੇ ਨੂੰ ਚੁਣੌਤੀ ਦਿੱਤੀ ਹੈ। ਇਨ੍ਹਾਂ ਅਰਜ਼ੀਆਂ ਵਿਚ ਕਿਹਾ ਗਿਆ ਹੈ ਕਿ ਤਹਿਰੀਕ-ਏ-ਹੁਰਮਤ-ਏ ਰਸੂਲ ਨੇ ਅਦਾਲਤ ਵਿਚ ਸ਼ਾਦਮਾਨ ਚੌਕ ਦੀ ਨਾਂ ਤਬਦੀਲੀ ਨੂੰ ਚੁਣੌਤੀ ਦੇ ਕੇ ਇਹ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਫੈਸਲਾ ਪਾਕਿਸਤਾਨ ਖ਼ਿਲਾਫ਼ ਸਾਜ਼ਿਸ਼ ਹੈ ਜਦੋਂਕਿ ਅਸਲੀਅਤ ਇਹ ਨਹੀਂ ਹੈ। ਉਂਜ ਹਾਈ ਕੋਰਟ ਦੇ ਰਜਿਸਟਰਾਰ ਨੇ ਇਨ੍ਹਾਂ ਅਰਜ਼ੀਆਂ 'ਤੇ ਇਤਰਾਜ਼ ਪ੍ਰਗਟਾਇਆ ਹੈ। ਇਨ੍ਹਾਂ ਅਰਜ਼ੀਆਂ ਵਿਚ ਕਿਹਾ ਗਿਆ ਹੈ ਕਿ ਸ਼ਾਦਮਾਨ ਚੌਕ ਦਾ ਨਾਂ ਭਗਤ ਸਿੰਘ ਨੂੰ ਸਮਰਪਿਤ ਕਰਨਾ ਦੇਸ਼ ਭਗਤੀ ਦਾ ਸਭ ਤੋਂ ਵੱਡਾ ਕਾਰਜ ਹੈ। ਉਨ੍ਹਾਂ ਦਲੀਲ ਦਿੱਤੀ ਹੈ ਕਿ ਭਗਤ ਸਿੰਘ ਗੈਰ-ਫਿਰਕੂ ਆਜ਼ਾਦੀ ਘੁਲਾਟੀਆ ਸੀ ਜੋ ਮੁਸਲਮਾਨਾਂ ਸਣੇ ਸਮੂਹ ਲੋਕਾਂ ਦੀ ਆਜ਼ਾਦੀ ਲਈ ਬਰਤਾਨਵੀ ਸਾਮਰਾਜ ਨਾਲ ਲੜਿਆ ਸੀ। ਜ਼ਿਕਰਯੋਗ ਹੈ ਕਿ ਸਰਕਾਰ ਨੇ ਸ਼ਾਦਮਾਨ ਚੌਕ ਭਗਤ ਸਿੰਘ ਨੂੰ ਸਮਰਪਿਤ ਕਰਨ ਦਾ ਫੈਸਲਾ ਕਰ ਲਿਆ ਹੈ ਪਰ ਕੁਝ ਫਿਰਕੂ ਜਥੇਬੰਦੀਆਂ ਇਸ ਦਾ ਵਿਰੋਧ ਕਰ ਰਹੀਆਂ ਹਨ।

# ਸੁਖਵਿੰਦਰ ਸਿੰਘ ਸੁੱਖੀ ਨੂੰ ਨਿਆਇਕ ਹਿਰਾਸਤ ਵਿਚ ਭੇਜਿਆ



**ਜਲੰਧਰ:** ਪੁਲਿਸ ਰਿਕਾਰਡ ਵਿਚ ਮਰ ਚੁੱਕੇ ਖਾਲਿਸਤਾਨ ਕਮਾਂਡੋ ਫੋਰਸ ਦੇ ਸਾਬਕਾ ਖਾੜਕੂ ਸੁਖਵਿੰਦਰ ਸਿੰਘ ਸੁੱਖੀ ਨੂੰ ਪੁਰਾਣੇ ਕੇਸ ਵਿਚ ਪੇਸ਼ਗੀ ਵਾਰੰਟ 'ਤੇ ਜਲੰਧਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ 14 ਦਿਨਾਂ ਲਈ ਜੁਡੀਸ਼ੀਅਲ ਹਿਰਾਸਤ ਵਿਚ ਭੇਜ ਦਿੱਤਾ। ਹਾਲਾਂਕਿ ਜਲੰਧਰ ਪੁਲਿਸ ਨੇ ਅਦਾਲਤ ਤੋਂ ਪੁਲਿਸ ਰਿਮਾਂਡ ਦੀ ਮੰਗ ਕੀਤੀ ਸੀ। ਖਾਲਿਸਤਾਨ ਕਮਾਂਡੋ ਫੋਰਸ ਦਾ ਇਹ ਸਾਬਕਾ ਖਾੜਕੂ ਸੁੱਖੀ ਪੁਲੀਸ ਰਿਕਾਰਡ ਵਿਚ ਮਰ ਚੁੱਕਾ ਸੀ ਤੇ ਉਹ ਹੁਣ ਹਰਜੀਤ ਸਿੰਘ ਕਾਹਲੋਂ ਦੇ ਨਾਂ 'ਤੇ ਪੁਲਿਸ ਕੈਟ ਬਣ ਕੇ ਰਹਿ ਰਿਹਾ ਸੀ। ਦਿੱਲੀ ਪੁਲਿਸ ਨੇ ਲੰਘੀ 26 ਸਤੰਬਰ ਨੂੰ ਆਈਸ ਕਿੰਗ ਰਾਜਾ ਕੰਦੋਲਾ ਨਾਲ ਉਸ ਨੂੰ ਜੈਸਲਮੇਰ ਤੋਂ ਗ੍ਰਿਫਤਾਰ ਕੀਤਾ ਸੀ। ਸੁੱਖੀ ਵਿਰੁੱਧ ਜਲੰਧਰ ਦੇ ਤਿੰਨ ਵੱਖ-ਵੱਖ ਥਾਣਿਆਂ ਵਿਚ ਮਾਮਲੇ ਦਰਜ ਹਨ। ਥਾਣਾ ਨੰਬਰ 6 ਵਿਚ ਉਸ ਵਿਰੁੱਧ 1986 ਵਿਚ ਕੀਤੀ ਗਈ ਗੋਲੀਬਾਰੀ ਦੌਰਾਨ ਇਕ ਵਿਅਕਤੀ ਦੀ ਮੌਤ ਹੋਣ ਜਾਣ ਦਾ ਮਾਮਲਾ ਦਰਜ ਕੀਤਾ ਗਿਆ ਸੀ। ਇਸੇ ਤਰ੍ਹਾਂ ਨਕੋਦਰ ਥਾਣੇ ਵਿਚ 8 ਜੂਨ, 1991 ਨੂੰ ਚੋਣ ਲੜ ਰਹੇ ਕਾਮਰੇਡ ਵਰਿੰਦਰ ਗਗਨ ਤੇ ਉਸ ਦੇ ਗੰਨਮੈਨਾਂ ਨੂੰ ਅੰਨ੍ਹੇਵਾਹ ਗੋਲੀਆਂ ਚਲਾ ਕੇ ਮਾਰਨ ਦਾ ਮਾਮਲਾ ਦਰਜ ਕੀਤਾ ਗਿਆ ਸੀ। ਪਾਸਪੋਰਟ ਅਧਿਕਾਰੀ ਅਮਰਜੀਤ ਸਿੰਘ ਨੇ ਥਾਣਾ ਨੰਬਰ ਚਾਰ ਵਿਚ ਉਸ ਵਿਰੁੱਧ ਸ਼ਿਕਾਇਤ ਕੀਤੀ ਸੀ ਕਿ ਉਹ ਆਪਣੀ ਪੁਰਾਣੀ ਪਛਾਣ ਛੁਪਾ ਕੇ ਪਾਸਪੋਰਟ ਬਣਾਉਣਾ ਚਾਹੁੰਦਾ ਸੀ। ਪਾਸਪੋਰਟ ਬਣਾਉਣ ਲਈ ਲਏ ਗਏ ਸਰਟੀਫਿਕੇਟ ਜਾਅਲੀ ਪਾਏ ਗਏ ਸਨ। ਜੱਜ ਹਰਪ੍ਰੀਤ ਕੌਰ ਰੰਧਾਵਾ ਦੀ ਅਦਾਲਤ ਵਿਚ ਪੇਸ਼ ਕੀਤੇ ਗਏ ਸੁਖਵਿੰਦਰ ਸਿੰਘ ਸੁੱਖੀ ਨੂੰ ਅਦਾਲਤ ਨੇ ਜੇਲ੍ਹ ਭੇਜਦਿਆਂ ਕਿਹਾ ਕਿ ਉਹ ਅਦਾਲਤ ਦਾ ਭਗੌੜਾ ਹੈ ਨਾ ਕਿ ਪੰਜਾਬ ਪੁਲੀਸ ਦਾ। ਇਸ ਲਈ ਉਸ ਨੂੰ 14 ਦਿਨਾਂ ਲਈ ਜੁਡੀਸ਼ੀਅਲ ਹਿਰਾਸਤ ਵਿਚ ਭੇਜਿਆ ਜਾਂਦਾ ਹੈ।

## ਸਿੱਖ ਅਗਵਾਕਾਰਾਂ ਵੱਲੋਂ ਹਾਈ ਕੋਰਟ ਕੋਲ ਪਹੁੰਚ

**ਨਵੀਂ ਦਿੱਲੀ:** 1981 ਵਿਚ ਏਅਰ ਇੰਡੀਆ ਦੇ ਜਹਾਜ਼ ਨੂੰ ਅਗਵਾ ਕਰਕੇ ਪਾਕਿਸਤਾਨ ਲਿਜਾਣ ਲਈ ਉਥੇ ਉਮਰ ਕੈਦ ਕੱਟਣ ਪਿੱਛੋਂ 2000 ਵਿਚ ਭਾਰਤ ਵਾਪਸ ਭੇਜੇ ਦੋ ਖਾੜਕੂਆਂ ਨੇ ਉਸ ਮਾਮਲੇ ਵਿਚ ਉਨ੍ਹਾਂ ਖ਼ਿਲਾਫ ਸ਼ੁਰੂ ਕੀਤੇ ਤਾਜ਼ਾ ਮਾਮਲੇ ਨੂੰ ਖ਼ਤਮ ਕਰਨ ਲਈ ਦਿੱਲੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਜਲੰਧਰ ਵਾਸੀ ਤੇਜਿੰਦਰ ਸਿੰਘ ਤੇ ਚੰਡੀਗੜ੍ਹ ਵਾਸੀ ਸਤਨਾਮ ਸਿੰਘ ਵੱਲੋਂ ਦਾਇਰ ਅਰਜ਼ੀ 'ਤੇ ਜਸਟਿਸ ਮਨਮੋਹਨ ਸਿੰਘ ਨੇ 8 ਅਪਰੈਲ, 2013 ਤਕ ਪੁਲਿਸ ਤੋਂ ਜਵਾਬ ਮੰਗਿਆ ਹੈ। ਦੋਵਾਂ ਨੂੰ ਤਿੰਨ ਹੋਰਾਂ ਗਜੇਂਦਰ ਸਿੰਘ, ਕਰਨ ਸਿੰਘ ਕਿਨੀ ਤੇ ਜਸਬੀਰ ਸਿੰਘ ਜਿਮਾ ਨਾਲ ਪਾਕਿਸਤਾਨ ਵਿਚ ਜਹਾਜ਼ ਅਗਵਾ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਭੁਗਤਣ ਪਿੱਛੋਂ 2000 ਵਿਚ ਭਾਰਤ ਨੂੰ ਵਾਪਸ ਭੇਜਿਆ ਸੀ। ਉਨ੍ਹਾਂ ਖ਼ਿਲਾਫ ਮਾਮਲਾ 29 ਸਤੰਬਰ, 1981 ਦਾ ਹੈ, ਜਦੋਂ ਨਵੀਂ ਦਿੱਲੀ ਤੋਂ ਅੰਮ੍ਰਿਤਸਰ ਰਸਤੇ ਸ੍ਰੀਨਗਰ ਜਾ ਰਹੇ ਜਹਾਜ਼ ਨੂੰ ਅਗਵਾ ਕਰਕੇ ਪਾਕਿਸਤਾਨ ਲਿਜਾਇਆ ਗਿਆ। ਇਸ ਕੇਸ ਵਿਚ ਉਨ੍ਹਾਂ ਨੂੰ ਉਮਰ ਕੈਦ ਦੀ ਹੋਈ ਸੀ।

# ਸਾਕਾ ਨੀਲਾ ਤਾਰਾ ਦੌਰਾਨ ਨੁਕਸਾਨੇ ਸ਼ਸਤਰਾਂ ਦੀ ਮੁਰੰਮਤ



**ਅੰਮ੍ਰਿਤਸਰ:** 1984 ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫੌਜੀ ਹਮਲੇ ਦੌਰਾਨ ਢਹਿ ਢੇਰੀ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਲਬੇ ਹੇਠਾਂ ਦੱਬੇ ਜਾਣ ਕਰਕੇ ਤੇ ਗੋਲਾ ਬਾਰੂਦ ਦੀਆਂ ਜ਼ਹਿਰੀਲੀਆਂ ਗੈਸਾਂ ਦੇ ਮਾੜੇ ਪ੍ਰਭਾਵ ਕਾਰਨ ਨੁਕਸਾਨੇ ਗਏ ਗੁਰੂ ਸਾਹਿਬਾਨ ਤੇ ਕੌਮ ਦੇ ਸੂਰਬੀਰ ਯੋਧਿਆਂ ਦੇ ਸ਼ਸਤਰਾਂ ਨੂੰ ਮੁੜ ਪਹਿਲੇ ਵਾਲੇ ਰੂਪ ਵਿਚ ਵਿਚ ਲਿਆਉਣ ਲਈ ਸ਼ਸਤਰਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚੱਲ ਰਹੀ ਸੇਵਾ ਦੇ ਪਹਿਲੇ ਪੜਾਅ ਦਾ ਕਾਰਜ ਲਗਭਗ ਮੁਕੰਮਲ ਹੋ ਗਿਆ ਹੈ।

ਇਹ ਸੇਵਾ ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਕਰਵਾਈ ਜਾ ਰਹੀ ਹੈ ਜਿਸ ਦੀ ਨਿਗਰਾਨੀ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ ਮੁੱਖ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਾਬਾ ਸ਼ਿੰਦਾ ਸਿੰਘ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਸਤਰਾਂ ਦੀ ਸੇਵਾ ਦੀ ਅਰੰਭਤਾ 13 ਸਤੰਬਰ, 2012 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਹੋਈ ਸੀ। ਇਨ੍ਹਾਂ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਸੰਗਤਾਂ ਨੂੰ ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਜਾਏ ਜਾਣ ਵਾਲੇ ਦੀਵਾਨ ਦੀ ਸਮਾਪਤੀ ਉਪਰੰਤ ਸ਼ਾਮ ਨੂੰ ਕਰਵਾਏ ਜਾਂਦੇ ਹਨ।

ਜ਼ਿਕਰਯੋਗ ਹੈ ਕਿ ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਮੌਕੇ ਭਾਰਤੀ ਸੈਨਾਂ ਵੱਲੋਂ ਕੀਤੀ ਗੋਲਾਬਾਰੀ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ। ਇਨ੍ਹਾਂ ਸ਼ਸਤਰਾਂ ਨੂੰ ਮੁੜ ਪਹਿਲੇ ਵਾਲਾ ਰੂਪ ਦੇਣ ਤੇ ਇਸ ਕੌਮੀ ਸਰਮਾਏ ਦੀ ਸਾਂਭ ਸੰਭਾਲ ਲਈ ਦੀ ਸੇਵਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ ਦੀ ਨਿਗਰਾਨੀ ਹੇਠ ਪੂਰਨ ਗੁਰਮਰਿਆਦਾ ਅਨੁਸਾਰ ਚੱਲ ਰਹੀ ਹੈ।

ਇਸ ਬਾਰੇ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪੀਰੀ ਦੀ ਸ੍ਰੀ ਸਾਹਿਬ ਦੀ ਮੁੱਠ ਦੀ ਸੇਵਾ ਕਰੀਬ ਮੁਕੰਮਲ ਹੋ ਗਈ ਹੈ। ਸਾਕਾ ਨੀਲਾ ਤਾਰਾ ਦੌਰਾਨ ਸ੍ਰੀ ਸਾਹਿਬ ਦੇ ਜਿਸ ਹਿੱਸੇ ਨੂੰ ਨੁਕਸਾਨ ਪਹੁੰਚਿਆ ਸੀ, ਉਸ ਨੂੰ ਮੁੜ ਪਹਿਲੇ ਵਾਲਾ ਰੂਪ ਦੇਣ ਲਈ ਦੁਨੀਆਂ ਦੇ ਸਭ ਤੋਂ ਮਹਿੰਗੇ ਤੇ ਤਜ਼ਰਬੇਕਾਰ ਕਾਰੀਗਰ ਦੀ ਸੇਵਾ ਲਈ ਗਈ ਹੈ ਜੋ ਉਜੈਨ ਸ਼ਹਿਰ ਨਾਲ ਸਬੰਧਤ ਹੈ। ਇਸ ਕਾਰੀਗਰ ਵੱਲੋਂ ਸ੍ਰੀ ਸਾਹਿਬ ਦੀ ਸੇਵਾ ਕਰਕੇ ਉਸ 'ਤੇ ਸੋਨੇ ਦੀ ਮੀਨਾਕਾਰੀ ਕੀਤੀ ਗਈ ਹੈ।


ਉਨ੍ਹਾਂ ਦੱਸਿਆ ਕਿ ਬਾਬਾ ਦੀਪ ਸਿੰਘ ਸ਼ਹੀਦ ਦੇ ਖੰਡੇ ਦੀ ਮੁਰੰਮਤ ਕਰ ਦਿੱਤੀ ਗਈ ਹੈ ਜਿਨ੍ਹਾਂ ਚੱਕਰਾਂ 'ਤੇ ਗੁਰਬਾਣੀ ਦੇ ਪਾਠ ਤੇ ਦਸ ਗੁਰੂ ਸਾਹਿਬਾਨ ਦੇ ਨਾਂ ਅੰਕਿਤ ਸਨ, ਨੂੰ ਮੁੜ ਪਹਿਲੇ ਵਰਗਾ ਰੂਪ ਦੇਣ ਲਈ ਉਨ੍ਹਾਂ ਉਪਰ ਲੇਜ਼ਰ ਤਕਨੀਕ ਨਾਲ ਸੋਨੇ ਨਾਲ ਗੁਰਬਾਣੀ ਤੇ ਦਸ ਗੁਰੂ ਸਾਹਿਬਾਨ ਦੇ ਨਾਂ ਅੰਕਿਤ ਕੀਤੇ ਜਾਣਗੇ। ਸਿੰਘ ਸਾਹਿਬ ਨੇ ਦੱਸਿਆ ਕਿ ਇਸ ਸੇਵਾ ਦੇ ਸੰਪੂਰਨ ਹੋਣ ਵਿਚ ਅਜੇ ਸੱਤ ਤੋਂ ਅੱਠ ਮਹੀਨੇ ਹੋਰ ਲੱਗ ਸਕਦੇ ਹਨ।

# ਮੁਹਾਲੀ ਵਿਚ 48 ਘੰਟਿਆਂ ਵਿਚ ਦਸ ਮੰਜ਼ਿਲਾ ਇਮਾਰਤ ਤਿਆਰ

**ਚੰਡੀਗੜ੍ਹ:** ਸਿਨਰਜੀ ਥ੍ਰਿਸਲਿੰਗਸਟਨ ਕੰਪਨੀ ਨੇ ਮੁਹਾਲੀ ਦੇ ਉਦਯੋਗਕ ਏਰੀਆ ਫੇਜ਼-1 ਵਿਚ 48 ਘੰਟਿਆਂ ਵਿਚ ਦੇਸ਼ ਦੀ ਆਪਣੀ ਕਿਸਮ ਦੀ ਪਹਿਲੀ ਤਕਰੀਬਨ 90 ਫੁੱਟ ਉੱਚੀ 10 ਮੰਜ਼ਿਲਾ ਇਮਾਰਤ ਖੜ੍ਹੀ ਕਰਕੇ ਨਵਾਂ ਇਤਿਹਾਸ ਸਿਰਜਿਆ ਹੈ। ਜ਼ਿਕਰਯੋਗ ਹੈ ਕਿ 29 ਨਵੰਬਰ ਨੂੰ ਸ਼ਾਮੀ ਤਕਰੀਬਨ 4.30 ਵਜੇ ਸੂਬੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਇਮਾਰਤ ਦਾ ਨੀਂਹ ਪੱਥਰ ਰੱਖਿਆ ਸੀ। ਇਸ ਦੇ ਨਾਲ ਹੀ ਇਹ ਰਿਕਾਰਡ ਲਿਮਕਾ ਬੁੱਕ ਵਿਚ ਦਰਜ ਹੋ ਗਿਆ ਹੈ।

ਸ਼ਹਿਰ ਦੇ ਉੱਘੇ ਸਨਅਤਕਾਰ ਤੇ ਇੰਜੀਨੀਅਰ ਹਰਪਾਲ ਸਿੰਘ ਦੀ ਸਿਨਰਜੀ ਕੰਪਨੀ ਦਾ ਨਾਂ ਲਿਮਕਾ ਬੁੱਕ ਵਿਚ ਦਰਜ ਹੋ ਗਿਆ ਹੈ। ਲਿਮਕਾ ਬੁੱਕ ਆਫ਼ ਰਿਕਾਰਡ ਦੀ ਐਡੀਟਰ ਵਿਜਯ ਘੋਸ਼ ਵੱਲੋਂ ਇੰਜ: ਹਰਪਾਲ ਸਿੰਘ ਨੂੰ ਸਰਟੀਫਿਕੇਟ ਜਾਰੀ ਕਰ ਦਿੱਤਾ ਹੈ। ਹਰਪਾਲ ਸਿੰਘ ਨੇ ਦੱਸਿਆ ਕਿ ਇਮਾਰਤ ਦੇ ਨਿਰਮਾਣ ਲਈ 30 ਸੁਪਰਵਾਈਜ਼ਰ, 40 ਇੰਜੀਨੀਅਰਾਂ ਸਮੇਤ ਕਰੀਬ 220 ਕਾਰੀਗਰਾਂ ਨੇ ਦਿਨ ਰਾਤ ਕੰਮ ਕਰਕੇ ਉਨ੍ਹਾਂ ਦਾ ਸਪਨਾ ਪੂਰਾ ਕੀਤਾ ਹੈ।

## ਲਿਮਕਾ ਬੁੱਕ ਵਿਚ ਰਿਕਾਰਡ ਦਰਜ



ਨਿਰਮਾਣ ਕਾਰਜਾਂ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡ ਕੇ ਕੀਤਾ ਗਿਆ ਹੈ ਤੇ ਇਸ ਬਾਰੇ ਕਾਰੀਗਰਾਂ ਨੂੰ ਵੀ ਕਈ ਗਰੁੱਪਾਂ ਵਿਚ ਵੰਡਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਦੀ ਯੋਜਨਾ ਤਕਰੀਬਨ ਸੱਤ ਮਹੀਨੇ ਪਹਿਲਾਂ ਉਲੀਕੀ ਗਈ ਸੀ। 29 ਨਵੰਬਰ ਨੂੰ ਸ਼ਾਮ 4.30 ਵਜੇ ਉਦਘਾਟਨ ਤੋਂ ਬਾਅਦ ਸ਼ੁਰੂ ਹੋਈ ਇਸ ਇਮਾਰਤ ਦਾ ਗਰਾਊਂਡ ਫਲੋਰ ਪਹਿਲੇ 52 ਮਿੰਟਾਂ ਵਿਚ ਬਣਾ ਲਿਆ ਗਿਆ ਸੀ ਤੇ ਸਾਢੇ 7 ਵਜੇ ਪਹਿਲੀ ਮੰਜ਼ਲ ਬਣ ਕੇ ਤਿਆਰ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਇਮਾਰਤ ਵਿਚ ਸੋਲਰ ਪਰਦੇ ਲਾਏ ਗਏ ਹਨ ਤੇ ਜਿਵੇਂ ਹੀ ਸੂਰਜ ਛੁਪੇਗਾ ਤਾਂ ਪਰਦੇ ਆਪਣੇ ਆਪ ਗਿਰ ਜਾਣਗੇ। ਆਮ ਇਮਾਰਤਾਂ ਦੇ ਮੁਕਾਬਲੇ ਇਸ ਇਮਾਰਤ ਵਿਚ ਬਿਜਲੀ ਦੀ ਖਪਤ ਪੰਜ ਗੁਣਾ ਘੱਟ ਹੋਵੇਗੀ।

ਦੇਸ਼ ਵਿਚ ਬੁਨਿਆਦੀ ਢਾਂਚੇ ਲਈ ਚਿਰਾਂ ਤੋਂ ਉਡੀਕੀ ਜਾਣ ਵਾਲੀ ਇਹ ਪੂਰੀ ਤਰ੍ਹਾਂ ਨਵੀਂ ਤਕਨੀਕ ਹੈ। ਇਸ ਦੇ ਨਾਲ ਵਪਾਰਕ ਟਾਵਰ, ਆਲੀਸ਼ਾਨ ਹੋਟਲ, ਉੱਚੀਆਂ ਇਮਾਰਤਾਂ, ਹਸਪਤਾਲ, ਵਿਦਿਅਕ ਅਦਾਰੇ, ਯੂਨੀਵਰਸਿਟੀਆਂ ਤੇ ਦੁਕਾਨਾਂ ਦੀ ਤੇਜ਼ੀ ਨਾਲ ਉਸਾਰੀ ਕੀਤੀ ਜਾ ਸਕਦੀ ਹੈ।

ਕੰਪਨੀ ਦੇ ਜਨਰਲ ਮੈਨੇਜਰ ਅਵਿਨਾਸ਼ ਗੁਪਤਾ ਨੇ ਇਸ ਗੱਲ ਦਾ ਵੀ ਖੁਲਾਸਾ ਕੀਤਾ ਹੈ ਕਿ ਇਸ ਅਨੋਖੀ ਇਮਾਰਤ ਵਿਚ ਕੋਈ ਵੀ ਵਿਅਕਤੀ ਆਪਣੀ ਮਰਜ਼ੀ ਨਾਲ ਬੇਸਮੈਂਟ ਵੀ ਬਣਾ ਸਕਦਾ ਹੈ ਪਰ ਬੇਸਮੈਂਟ ਸੀਮਿੰਟ ਦੀ ਬਣਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਫਿਲਹਾਲ ਇਮਾਰਤ ਵਿਚ ਉਪਰ ਹੇਠਾਂ ਆਉਣ ਜਾਣ ਲਈ ਪੌੜੀਆਂ ਹੀ ਬਣਾਈਆਂ ਗਈਆਂ ਹਨ ਪਰ ਲਿਫਟ ਦੀ ਵੀ ਵਿਵਸਥਾ ਕੀਤੀ ਗਈ ਹੈ। ਇਸ ਇਮਾਰਤ ਦੇ ਕਿਸੇ ਵੀ ਹਿੱਸੇ ਨੂੰ ਇਕ ਤੋਂ ਦੂਜੀ ਥਾਂ ਲਿਜਾਇਆ ਜਾ ਸਕਦਾ ਹੈ। ਜੇਕਰ ਕਿਸੇ ਕਾਰਨ ਦੀਵਾਰਾਂ ਵਿਚ ਕੋਈ ਨੁਕਸ ਪੈ ਜਾਵੇ ਤਾਂ ਬੜੇ ਸੌਖੇ ਤਰੀਕੇ ਨਾਲ ਪੂਰੀ ਜਾਂ ਲੋੜ ਅਨੁਸਾਰ ਕੰਧ ਨੂੰ ਬਦਲਿਆ ਜਾ ਸਕਦਾ ਹੈ।

ਕੰਪਨੀ ਦੇ ਸੀ.ਈ.ਓ. ਯਸ਼ਜੀਤ ਗੁਪਤਾ ਦਾ ਕਹਿਣਾ ਸੀ ਕਿ ਸੈਂਟਰ ਫਾਰ ਸਾਇੰਟਿਫਿਕ ਇੰਡਸਟਰੀਅਲ ਰਿਸਰਚ (ਸੀ.ਐਸ. ਆਈ. ਆਰ.) ਤੋਂ ਕੰਪਨੀ ਦਾ ਸਟੀਲ ਸਟੱਕਚਰ ਅਪਰੂਵ ਕਰਵਾਇਆ ਗਿਆ ਹੈ ਜਿਸ ਨੂੰ ਦੇਖਣ ਲਈ ਬੰਗਲੌਰ ਤੋਂ ਵੀ ਸਾਇੰਟਿਸਟ ਪਹੁੰਚੇ ਸਨ।

# ਯੇਡੀਯੂਰੱਪਾ ਨੇ ਭਾਜਪਾ ਨਾਲੋਂ ਨਾਤਾ ਤੋੜਿਆ

**ਬੰਗਲੌਰ:** ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਬੀ.ਐਸ. ਯੇਡੀਯੂਰੱਪਾ ਨੇ ਭਾਰਤੀ ਜਨਤਾ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਪਾਰਟੀ ਪ੍ਰਧਾਨ ਨਿਤਿਨ ਗਡਕਰੀ ਉੱਤੇ ਤਿੱਖੇ ਵਾਰ ਕਰਦਿਆਂ ਕਿਹਾ ਹੈ ਕਿ ਉਹ ਆਪਣੇ ਵਾਅਦੇ ਉੱਤੇ ਖਰਾ ਨਹੀਂ ਉਤਰਿਆ ਅਤੇ ਉਸ ਨਾਲ ਮਾੜਾ ਵਿਹਾਰ ਕੀਤਾ ਗਿਆ।

ਆਪਣੇ ਸਮਰਥਕਾਂ ਨਾਲ ਮੀਟਿੰਗ ਤੋਂ ਬਾਅਦ ਸ੍ਰੀ ਯੇਡੀਯੂਰੱਪਾ ਨੇ ਪਾਰਟੀ ਛੱਡਣ ਦਾ ਐਲਾਨ ਕੀਤਾ ਤੇ ਕਿਹਾ ਕਿ "ਉਨ੍ਹਾਂ 40 ਸਾਲ ਭਾਰਤੀ ਜਨਤਾ ਪਾਰਟੀ ਲਈ ਡਟ ਕੇ ਕੰਮ ਕੀਤਾ। 70 ਸਾਲਾ ਯੇਡੀਯੂਰੱਪਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਪਾਰਟੀ ਦੇ ਕੁਝ ਲੋਕ ਸਿਰਫ ਆਪਣੇ ਹਿੱਤਾਂ ਲਈ ਕੰਮ ਕਰ ਰਹੇ ਹਨ। ਇਨ੍ਹਾਂ ਲੋਕਾਂ ਨੇ ਇਨ੍ਹਾਂ ਸੌੜੇ ਹਿੱਤਾਂ ਕਰਕੇ ਉਨ੍ਹਾਂ ਦੀ ਪਿੱਠ ਵਿਚ ਛੁਰਾ



ਮਾਰਿਆ ਹੈ ਤੇ ਨਾਲ ਹੀ ਪਾਰਟੀ ਨਾਲ ਵੀ ਧੋਖਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਯੇਡੀਯੂਰੱਪਾ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਉਹ ਨਵੀਂ ਪਾਰਟੀ ਹਾਵੇਰੀ ਵਿਖੇ ਨੌਂ ਦਸੰਬਰ ਨੂੰ ਬਣਾਉਣ ਦਾ ਐਲਾਨ ਕਰਨਗੇ। ਇਸੇ ਦੌਰਾਨ ਸ੍ਰੀ ਯੇਡੀਯੂਰੱਪਾ ਨੇ ਆਪਣੇ ਹਮਾਇਤੀ ਵਿਧਾਇਕਾਂ ਤੇ ਮੰਤਰੀਆਂ ਨੂੰ ਫਿਲਹਾਲ ਅਸਤੀਫੇ ਨਾ ਦੇਣ ਲਈ ਕਿਹਾ ਹੈ ਤਾਂ ਕਿ ਪਾਰਟੀ ਦੀ ਸਰਕਾਰ ਆਪਣਾ ਕਾਰਜਕਾਲ ਪੂਰਾ ਕਰ ਸਕੇ। ਉਨ੍ਹਾਂ ਇਕ ਵਾਰ ਫਿਰ ਭਾਵੁਕ ਹੁੰਦਿਆਂ ਕਿਹਾ ਕਿ ਉਸ ਖ਼ਿਲਾਫ਼ ਕੁਝ ਲੀਡਰਾਂ ਵੱਲੋਂ ਬਾਕਾਇਦਾ ਸਾਜ਼ਿਸ਼ ਰਚੀ ਗਈ ਹੈ।

ਉਨ੍ਹਾਂ ਨੇ ਪਾਰਟੀ ਲਈ ਬਹੁਤ ਕੁਰਬਾਨੀ ਦਿੱਤੀ ਪਰ ਅੱਜ ਦੇ ਲੀਡਰਾਂ ਨੇ ਇਸ ਦਾ ਮੁੱਲ ਨਹੀਂ ਪਾਇਆ। ਗੌਰਤਲਬ ਹੈ ਕਿ ਕਰਨਾਟਕ ਵਿਚ ਅਗਲੇ ਸਾਲ ਮਈ ਵਿਚ ਚੋਣਾਂ ਹੋਣੀਆਂ ਹਨ। ਸ੍ਰੀ ਯੇਡੀਯੂਰੱਪਾ ਦਾ ਦਾਅਵਾ ਹੈ ਕਿ ਉਨ੍ਹਾਂ ਨਾਲ ਘੱਟੋ-ਘੱਟ 50 ਵਿਧਾਇਕ ਹਨ। ਸ੍ਰੀ ਯੇਡੀਯੂਰੱਪਾ 1983 ਵਿਚ ਪਹਿਲੀ ਵਾਰ ਵਿਧਾਨ ਸਭਾ ਚੋਣ ਜਿੱਤੇ ਸਨ।

# ਬੱਚੇ ਦੇ ਜਨਮ ਲਈ ਸਵਿਟਜ਼ਰਲੈਂਡ ਸਭ ਤੋਂ ਵਧੀਆ ਸਥਾਨ

**ਲੰਡਨ:** ਸਾਲ 2013 ਵਿਚ ਸਵਿਟਜ਼ਰਲੈਂਡ ਵਿਸ਼ਵ ਭਰ ਵਿਚ ਜਨਮ ਲੈਣ ਦੇ ਹਿਸਾਬ ਨਾਲ ਸਭ ਤੋਂ ਵਧੀਆ ਸਥਾਨ ਰਹੇਗਾ। ਹਾਲ ਹੀ ਵਿਚ ਕੀਤੇ ਗਏ ਨਿਰੀਖਣ ਮੁਤਾਬਕ ਇਸ ਸੂਚੀ ਵਿਚ ਭਾਰਤ ਨੂੰ 66ਵਾਂ ਤੇ ਬ੍ਰਿਟੇਨ ਨੂੰ 27ਵਾਂ ਸਥਾਨ ਮਿਲਿਆ ਹੈ। ਸਵਿਟਜ਼ਰਲੈਂਡ ਵਿਚ ਜਨਮ ਲੈਣ ਵਾਲੇ ਬੱਚੇ ਬਹੁਤ ਖੁਸ਼ ਰਹਿਣਗੇ ਤੇ ਚੰਗੀ ਸਿਹਤ ਦੇ ਨਾਲ ਜਨਤਕ ਸਥਾਨਾਂ 'ਚੋਂ ਵਿਸ਼ਵਾਸ ਦੇ ਮਾਮਲੇ ਵਿਚ ਵਿਸ਼ਵ ਦੀ ਸਭ ਤੋਂ ਚੰਗੀ ਗੁਣਵੱਤਾ ਪ੍ਰਾਪਤ ਕਰਨਗੇ।

ਇਸ ਤੋਂ ਇਲਾਵਾ ਨਾਰਵੇ, ਸਵੀਡਨ ਤੇ ਡੈਨਮਾਰਕ ਨੂੰ ਵੀ ਅਗਲੇ ਸਾਲ ਜਨਮ ਲੈਣ ਵਾਲੇ ਬੱਚਿਆਂ ਦੀ ਜੀਵਨ ਸ਼ੈਲੀ ਬਾਰੇ ਗੁਣਵੱਤਾ ਦੇ ਮਾਮਲੇ ਵਿਚ ਪਹਿਲੇ ਪੰਜ ਸਥਾਨਾਂ ਵਿਚ ਰੱਖਿਆ ਗਿਆ ਹੈ। ਇਕੋਨੋਮਿਸਟ ਇੰਟੈਲੀਜੈਂਸ ਯੂਨਿਟ (ਈ.ਆਈ.ਯੂ) ਨੇ ਇਹ ਪਤਾ ਲਾਉਣ ਦਾ ਯਤਨ ਕੀਤਾ ਹੈ ਕਿ ਕਿਹੜਾ ਦੇਸ਼ ਆਉਣ ਵਾਲੇ ਦਿਨਾਂ ਵਿਚ ਸਿਹਤ, ਸੁਰੱਖਿਆ ਤੇ ਖੁਸ਼ਹਾਲ ਜੀਵਨ ਦੇ ਮਾਮਲੇ ਵਿਚ ਸਭ ਤੋਂ ਵਧੀਆ ਮੌਕੇ ਪ੍ਰਦਾਨ ਕਰੇਗਾ।

ਇਸ ਸਰਵੇ ਵਿਚ ਲੋਕਾਂ ਨੇ ਦੇਸ਼ਾਂ 'ਚ ਜੀਵਨ ਦੀ ਗੁਣਵੱਤਾ ਬਾਰੇ ਦੱਸਿਆ ਕਿ ਇਥੇ ਅਮੀਰ ਬਣਨਾ ਸਭ ਤੋਂ ਮਹੱਤਵਪੂਰਨ ਕੰਮ ਹੈ ਪਰ ਇਸ 'ਚ ਅਪਰਾਧ ਸਮੇਤ ਜਨਤਕ ਸੰਸਥਾਵਾਂ 'ਚ ਵਿਸ਼ਵਾਸ ਅਤੇ ਪਰਿਵਾਰਕ ਜੀਵਨ ਦੀ ਸਿਹਤ ਅਤੇ ਹੋਰ ਤੱਥ ਸ਼ਾਮਲ ਹਨ।

ਇਹ ਨਤੀਜੇ ਇਕਨਾਮਿਸਟ ਇੰਟੈਲੀਜੈਂਸ ਯੂਨਿਟ ਵੱਲੋਂ ਕਰਵਾਏ ਗਏ ਸਰਵੇਖਣ ਦੌਰਾਨ ਸਾਹਮਣੇ ਆਏ ਹਨ ਜਿਸ ਵਿਚ ਅੰਦਾਜ਼ਾ ਲਾਇਆ ਗਿਆ ਹੈ ਕਿ ਆਉਂਦੇ ਸਾਲਾਂ ਤੱਕ ਕਿਹੜਾ ਮੁਲਕ ਸਿਹਤ, ਸੁਰੱਖਿਆ ਤੇ ਵਿਕਾਸ ਦੇ ਪੱਖ ਤੋਂ ਕਿੰਨੇ ਕੁ ਵਧੀਆ ਮੌਕੇ ਪ੍ਰਦਾਨ ਕਰੇਗਾ। ਇਹ ਸਰਵੇਖਣ ਕਰਨ ਲੱਗਿਆਂ ਕਰੀਬ 11 ਵੱਖ-ਵੱਖ ਪੱਖਾਂ ਨੂੰ ਆਧਾਰ ਬਣਾਇਆ ਗਿਆ ਜਿਸ ਵਿਚ ਆਰਥਿਕ ਪੱਧਰ, ਜਨਤਕ ਸੰਸਥਾਵਾਂ ਵਿਚ ਵਿਸ਼ਵਾਸ, ਪਰਿਵਾਰਕ ਜੀਵਨ, ਭੂਗੋਲ, ਸਮਾਜਿਕ ਤੇ ਸੱਭਿਆਚਾਰਕ ਲੱਛਣ ਸ਼ਾਮਲ ਸਨ।

ਇਸ ਸੂਚੀ ਵਿਚ ਪਹਿਲੇ ਦਸਾਂ ਵਿਚ ਆਸਟਰੇਲੀਆ, ਨਿਊਜ਼ੀਲੈਂਡ, ਸਵੀਡਨ, ਨਾਰਵੇ ਵਰਗੀਆਂ ਛੋਟੀਆਂ ਆਰਥਿਕ ਸ਼ਕਤੀਆਂ ਦੀ ਪ੍ਰਧਾਨਤਾ ਹੈ। ਇਨ੍ਹਾਂ ਪਹਿਲੇ 10 ਮੁਲਕਾਂ ਵਿਚੋਂ ਅੱਧੇ ਯੂਰਪੀ ਮੁਲਕ ਹਨ। ਇਸ ਸੂਚੀ ਵਿਚ ਅਨੁਕੂਲ ਵਾਤਾਵਰਨ ਹੋਣ ਦੇ ਬਾਵਜੂਦ ਪੁਰਤਗਾਲ, ਸਪੇਨ, ਵਰਗੇ ਮੁਲਕ ਕਾਫੀ ਪਿੱਛੇ ਰਹਿ ਗਏ ਹਨ। ਅਮਰੀਕਾ ਦਾ 16ਵਾਂ ਤੇ ਚੀਨ ਦਾ 49ਵਾਂ ਸਥਾਨ ਹੈ।

# ਵਿਦੇਸ਼ੀ ਫੰਡਾਂ 'ਤੇ ਖੁਫੀਆ ਏਜੰਸੀਆਂ ਦੀ ਨਜ਼ਰ

ਨਵੀਂ ਦਿੱਲੀ: ਭਾਰਤ ਦੇ ਗ਼ੈਰਸਰਕਾਰੀ ਸੰਗਠਨਾਂ (ਐਨਜੀਓਜ਼) ਨੂੰ ਵਿਦੇਸ਼ਾਂ ਵਿਚੋਂ ਦਾਨ ਦੇ ਰੂਪ ਵਿਚ 10,334 ਕਰੋੜ ਰੁਪਏ ਸਾਲਾਨਾ ਮਿਲਣ 'ਤੇ ਹੁਣ ਦੇਸ਼ ਦੇ ਗ੍ਰਹਿ ਮੰਤਰਾਲੇ ਵੱਲੋਂ ਅਜਿਹੇ ਸਾਰੇ ਨਕਦੀ ਤਬਾਦਲਿਆਂ 'ਤੇ ਬਾਰੀਕੀ ਨਾਲ ਨਿਗ੍ਹਾ ਰੱਖੀ ਜਾ ਰਹੀ ਹੈ ਤੇ ਸੀ.ਬੀ.ਆਈ. ਨੂੰ 24 ਕੇਸਾਂ ਵਿਚ ਜਾਂਚ ਕਰਨ ਲਈ ਕਿਹਾ ਹੈ। ਇਸ ਦੇ ਨਾਲ ਹੀ 10 ਕੇਸ ਸੂਬਿਆਂ ਦੀ ਪੁਲਿਸ ਦੀ ਨਿਗਰਾਨੀ ਵਿਚ ਦਿੱਤੇ ਗਏ ਹਨ।

ਇਨ੍ਹਾਂ ਐਨਜੀਓਜ਼ ਵਿਚ ਧੂਰੀ ਤੋਂ ਕਾਂਗਰਸ ਦੇ ਵਿਧਾਇਕ ਅਰਵਿੰਦ ਖੰਨਾ ਦੀ ਐਨਜੀਓ ਵੀ ਸ਼ਾਮਲ ਹੈ। ਕੇਂਦਰੀ ਗ੍ਰਹਿ ਮਾਮਲਿਆਂ ਦੇ ਰਾਜ ਮੰਤਰੀ ਐਮ. ਰਾਮਾਚੰਦਰਨ ਨੇ 27 ਨਵੰਬਰ ਨੂੰ ਲੋਕ ਸਭਾ ਵਿਚ ਲਿਖਤੀ ਜਵਾਬ ਦਿੰਦਿਆਂ ਦੱਸਿਆ ਸੀ ਕਿ ਐਨਜੀਓਜ਼ ਸਮੇਤ ਕਿਸੇ ਵੀ ਵਿਅਕਤੀ ਨੂੰ ਜੇਕਰ ਵਿਦੇਸ਼ਾਂ ਵਿਚੋਂ ਕੋਈ ਰਾਸ਼ੀ ਮਿਲਦੀ ਹੈ ਤਾਂ ਸਰਕਾਰ ਇਸ ਦੀ ਨਿਗਰਾਨੀ ਰੱਖਦੀ ਹੈ। ਲੋਕ ਸਭਾ ਵਿਚ ਦੱਸਿਆ ਗਿਆ ਸੀ ਕਿ ਰਿਪੋਰਟਾਂ ਆ ਰਹੀਆਂ ਸਨ ਕਿ ਕੁਝ ਐਨਜੀਓਜ਼ ਮੁਲਕ ਵਿਰੋਧੀ ਤੇ ਸਿਆਸੀ ਸਰਗਰਮੀਆਂ ਵਿਚ ਸ਼ਾਮਲ ਸਨ। ਸ਼ਿਕਾਇਤਾਂ ਤੇ ਜਾਂਚ ਦੇ ਆਧਾਰ 'ਤੇ 24 ਕੇਸ ਜਾਂਚ ਲਈ ਸੀਬੀਆਈ ਨੂੰ ਸੌਂਪੇ ਗਏ ਹਨ।

ਪਾਰਲੀਮੈਂਟ ਵਿਚ ਰਾਮਾਚੰਦਰਨ ਨੇ ਦੱਸਿਆ ਸੀ ਕਿ ਸਾਲ 2008-09 ਵਿਚ ਭਾਰਤ ਭਰ ਦੀਆਂ 23,172 ਐਨਜੀਓਜ਼ ਨੂੰ ਵਿਦੇਸ਼ਾਂ ਤੋਂ 16,997 ਕਰੋੜ ਰੁਪਏ, 2009-10 ਦੌਰਾਨ 22,275 ਐਨਜੀਓਜ਼ ਨੂੰ 10,432 ਕਰੋੜ ਰੁਪਏ ਤੇ 2010-11 ਵਿਚ 22,735 ਐਨਜੀਓਜ਼ ਨੂੰ 10,334 ਕਰੋੜ ਰੁਪਏ ਆਏ ਸਨ। ਇਸ ਤਰ੍ਹਾਂ ਇੰਨੀ ਵੱਡੀ ਰਾਸ਼ੀ ਨਾਲ ਇਕ ਸਮਾਂਤਰ ਆਰਥਿਕਤਾ ਚਲਾਈ ਜਾ ਰਹੀ ਸੀ। ਐਨਜੀਓਜ਼ ਨੂੰ ਆ ਰਹੀ ਵਿਦੇਸ਼ੀ ਸਾਲਾਨਾ ਰਾਸ਼ੀ ਦੇਸ਼ ਦੇ ਕਈ ਛੋਟੇ ਸੂਬਿਆਂ ਦੇ ਬਜਟ ਤੋਂ ਵੀ ਵੱਧ ਹੈ।

2010-11 ਦੌਰਾਨ 161 ਦੇਸ਼ਾਂ ਤੋਂ ਭਾਰਤ ਵਿਚ ਵਿੱਤੀ ਮੱਦਦ ਆਈ ਤੇ ਇਨ੍ਹਾਂ ਵਿਚੋਂ ਕੁਝ ਦਾਨੀ ਮੁਲਕ ਅਜਿਹੇ ਸਨ ਜਿਨ੍ਹਾਂ ਨੂੰ ਖੁਦ ਕਈ ਕੌਮਾਂਤਰੀ ਬਾਡੀਆਂ ਵਿੱਤੀ ਮਦਦ ਦੇ ਕੇ ਚਲਾ ਰਹੀਆਂ ਹਨ। ਇਨ੍ਹਾਂ ਮੁਲਕਾਂ ਦੀ ਭਾਰਤ ਨਾਲ



ਕੋਈ ਭਾਵੁਕ ਸਾਂਝ ਵੀ ਨਜ਼ਰ ਨਹੀਂ ਆਉਂਦੀ।


ਪੰਜਾਬ ਦੀਆਂ ਐਨਜੀਓਜ਼ ਨੂੰ 78 ਕਰੋੜ ਤੇ ਚੰਡੀਗੜ੍ਹ ਦੀਆਂ ਐਨਜੀਓਜ਼ ਨੂੰ ਅੱਠ ਕਰੋੜ ਰੁਪਏ ਵਿਦੇਸ਼ੀ ਮਦਦ ਮਿਲੀ ਸੀ। ਇਸ ਤੋਂ ਇਲਾਵਾ ਉੱਤਰੀ ਭਾਰਤ ਦੇ ਸੂਬਿਆਂ ਹਿਮਾਚਲ ਪ੍ਰਦੇਸ਼ ਨੂੰ 117 ਕਰੋੜ, ਹਰਿਆਣਾ ਨੂੰ 14 ਕਰੋੜ ਤੇ ਜੰਮੂ ਕਸ਼ਮੀਰ ਨੂੰ 25 ਕਰੋੜ ਰੁਪਏ ਵਿਦੇਸ਼ੀ ਵਿੱਤੀ ਮਦਦ ਮਿਲੀ ਦੱਸੀ ਜਾਂਦੀ ਹੈ।

ਗ੍ਰਹਿ ਮੰਤਰਾਲੇ ਵੱਲੋਂ ਲੋਕ ਸਭਾ ਵਿਚ ਪੇਸ਼ ਜਿਹੜੇ 24 ਕੇਸ ਸੀਬੀਆਈ ਨੂੰ ਜਾਂਚ ਲਈ ਸੌਂਪੇ ਗਏ ਹਨ, ਉਨ੍ਹਾਂ ਵਿਚੋਂ ਪੰਜਾਬ ਦੇ ਧੂਰੀ ਹਲਕੇ ਤੋਂ ਕਾਂਗਰਸੀ ਵਿਧਾਇਕ ਅਰਵਿੰਦ ਖੰਨਾ ਦਾ ਨਾਂ ਵੀ ਸ਼ਾਮਲ ਹੈ। ਹੋਰਾਂ ਵਿਚ ਤਾਮਿਲ ਮੁਸਲਿਮ ਮੁਨੇਤਰਾ ਕੜਗਮ ਕੋਇੰਬਟੂਰ-ਰੀਚ ਇਨ ਨੀਲਗਿਰੀਜ਼ ਤਾਮਿਲਨਾਡੂ, ਅਬਦੁਲ ਕਲਾਮ ਆਜ਼ਾਦ ਇਸਲਾਮਿਕ ਅਵੇਕਨਿੰਗ ਸੈਂਟਰ ਨਵੀਂ ਦਿੱਲੀ, ਖਵਾਜਾ ਖੁਸ਼ਹਾਲ ਚੈਰੀਟੇਬਲ ਟਰਸਟ, ਮੁਜ਼ੱਫਰਨਗਰ ਯੂ.ਪੀ., ਅੰਜੁਮਨ ਹੁਸਾਮੀਆ ਐਜੂਕੇਸ਼ਨਲ ਐਸੋਸੀਏਸ਼ਨ ਹੈਦਰਾਬਾਦ, ਪ੍ਰਗਤੀ ਅਨਾਥ ਘਰ, ਆਂਧਰਾ ਪ੍ਰਦੇਸ਼, ਅਵੇਅਰ ਏਪੀ., ਵਿਸ਼ਵ ਧਰਮਾਯਤਨ ਟਰੱਸਟ ਨਵੀਂ ਦਿੱਲੀ, ਰਤਨੇਸ਼ ਖੰਡੇਲਵਾਲ ਤੇ ਨੌਂ ਹੋਰ ਮੁੰਬਈ, ਪ੍ਰਕਾਸ਼ ਸੀ. ਭੱਟ ਤੇ ਚਾਰ ਹੋਰ ਮੁੰਬਈ, ਹਰਪਵਟ ਚੈਰੀਟੇਬਲ ਟਰੱਸਟ ਉਦੈਪੁਰ ਰਾਜਸਥਾਨ, ਕਲਕੱਤਾ ਅਰਬਨ ਸਰਵਿਸ, ਹੈਰੀਟੇਜ ਫਾਊਂਡੇਸ਼ਨ ਯੂਪੀ, ਯੇ ਚੇਨ ਚਖੋਰ ਕਾਗਯੱਪ ਮੱਠ ਦੇਹਰਾਦੂਨ, ਅਗਾਪੇ ਹੈਲਪਿੰਗ ਮਿਨੀਸਟ੍ਰੀਜ਼ ਏਪੀ, ਆਈਜੀਈਪੀ ਫਾਊਂਡੇਸ਼ਨ ਨਿਊ ਦਿੱਲੀ, ਸਮਸਤ ਮੁਸਲਿਮ ਖਲੀਫਾ ਸੁੰਨਤਵਾਲ ਜਮਾਤ ਨਵਸਾਰੀ, ਗੁਜਰਾਤ, ਇਵੈਂਜਲੀਕਲ ਲੂਥਰਾ ਚਰਚ ਮੱਧ ਪ੍ਰਦੇਸ਼, ਕ੍ਰਿਸਚੀਅਨ ਆਊਟਰੀਚ ਸੈਂਟਰ ਏਪੀ, ਕ੍ਰਿਸਚੀਅਨ ਆਊਟਰੀਚ ਪ੍ਰਾਪਰਟੀਜ਼ ਟਰੱਸਟ ਏਪੀ, ਕ੍ਰਿਸਚੀਅਨ ਆਊਟਰੀਚ ਮਿਨੀਸਟਰੀਜ਼ ਏਪੀ, ਟਿਊਟੀ ਕੋਇਰਿਨ ਡਾਇਓਸੀਜ਼ ਐਸੋਸੀਏਸ਼ਨ ਟਿਊਟੀਕੋਰਿਨ ਤੇ ਰੂਰਲ ਅਪ ਲਿਫਟਮੈਂਟ ਸੈਂਟਰ ਤਾਮਿਲਨਾਡੂ ਹਨ।

ਲਾਭ ਲੈਣ ਵਾਲੀਆਂ ਹੋਰ ਐਨਜੀਓਜ਼ ਵਿਚ ਦਿੱਲੀ ਦੀਆਂ 244 ਐਨਜੀਓਜ਼ ਨੂੰ 1724 ਕਰੋੜ, ਤਾਮਿਲਨਾਡੂ ਦੀਆਂ 274 ਐਨਜੀਓਜ਼ ਨੂੰ 1215 ਕਰੋੜ, ਆਂਧਰਾ ਪ੍ਰਦੇਸ਼ ਦੀ 207 ਐਨਜੀਓਜ਼ ਨੂੰ 926 ਕਰੋੜ, ਕਰਨਾਟਕ ਦੀਆਂ 211 ਐਨਜੀਓਜ਼ ਨੂੰ 779 ਕਰੋੜ ਰੁਪਏ ਮਿਲੇ। ਮਹਾਂਰਾਸ਼ਟਰ ਦੀਆਂ 179 ਐਨਜੀਓਜ਼ ਨੂੰ 672 ਕਰੋੜ, ਕੇਰਲਾ ਦੀਆਂ 143 ਨੂੰ 680 ਕਰੋੜ ਤੇ ਪੱਛਮੀ ਬੰਗਾਲ ਦੀਆਂ 119 ਐਨਜੀਓਜ਼ ਨੂੰ 501 ਕਰੋੜ ਰੁਪਏ ਮਿਲੇ।

# ਔਕਸਫੋਰਡ ਡਿਕਸ਼ਨਰੀ 'ਚ ਹਜ਼ਾਰਾਂ ਸ਼ਬਦਾਂ 'ਤੇ ਫੇਰਿਆ ਕੁਹਾੜਾ

**ਲੰਡਨ:** ਇਕ ਨਵੀਂ ਲਿਖੀ ਕਿਤਾਬ ਵਿਚ ਦਾਅਵਾ ਕੀਤਾ ਗਿਆ ਹੈ ਕਿ ਔਕਸਫੋਰਡ ਇੰਗਲਿਸ਼ ਡਿਕਸ਼ਨਰੀ ਦਾ ਇਕ ਸਾਬਕਾ ਸੰਪਾਦਕ ਇਸ ਨੂੰ ਮੁੜ ਲਿਖ ਕੇ ਇਸ ਵਿਚੋਂ ਵਿਦੇਸ਼ੀ ਮੂਲ ਦੇ ਸ਼ਬਦ ਬਾਹਰ ਕੱਢਦਾ ਰਿਹਾ ਸੀ। ਇਨ੍ਹਾਂ ਸ਼ਬਦਾਂ ਵਿਚ ਭਾਰਤੀ ਮੂਲ ਦੇ ਵੀ ਸ਼ਬਦ ਸ਼ਾਮਲ ਸਨ। ਇਹ ਸਭ ਉਸ ਨੇ ਬੜੇ ਹੀ ਗੁਪਤ ਢੰਗ ਨਾਲ ਕੀਤਾ ਤੇ ਕਿਸੇ ਨੂੰ ਭਿਣਕ ਵੀ ਨਾ ਲੱਗਣ ਦਿੱਤੀ। ਡੇਲੀ ਮੇਲ ਵਿਚ ਛਪੀ ਰਿਪੋਰਟ ਮੁਤਾਬਕ 'ਦਿ ਔਕਸਫੋਰਡ ਇੰਗਲਿਸ਼ ਡਿਕਸ਼ਨਰੀ (ਓਈਡੀ) ਵੱਲੋਂ ਹੁਣ ਉਨ੍ਹਾਂ ਸ਼ਬਦਾਂ ਦੀ ਮੁੜ ਪੜਤਾਲ ਕੀਤੀ ਜਾ ਰਹੀ ਹੈ ਜੋ 70ਵਿਆਂ ਤੇ 80ਵਿਆਂ ਵਿਚ ਬਰਚਫੀਲਡ ਨੇ ਇਸ ਸ਼ਬਦਕੋਸ਼ ਵਿਚੋਂ ਹਟਾ ਦਿੱਤੇ ਹਨ। ਬਰਚਫੀਲਡ ਦਾ 2004





ਵਿਚ 81 ਸਾਲ ਦੀ ਉਮਰੇ ਦੇਹਾਂਤ ਹੋ ਗਿਆ ਸੀ। ਇਹ ਵਿਅਕਤੀ ਬੜੀ ਨਿਰਲੱਜਤਾ ਨਾਲ ਤੇ ਬੜੇ ਹੈਰਾਨੀਕੁਨ ਢੰਗ ਨਾਲ ਇਹ ਦੋਸ਼ ਪਿਛਲੇ ਸੰਪਾਦਕਾਂ ਸਿਰ ਮੜਦਾ ਰਿਹਾ ਹੈ ਤੇ ਉਸ ਨੂੰ ਉਹ ਸੰਪਾਦਕ ਸਮਝਿਆ ਜਾਂਦਾ ਰਿਹਾ ਹੈ ਜਿਸ ਨੇ ਇਹ ਸ਼ਬਦਕੋਸ਼ ਵਡੇਰੇ ਸੰਸਾਰ ਲਈ ਖੋਲ੍ਹਿਆ ਸੀ। ਇਕ ਸਾਬਕਾ ਓਈਡੀ ਸੰਪਾਦਕ ਸਾਰਾਹ ਓਜਾਈਲਵੀ ਨੇ ਆਪਣੀ ਨਵੀਂ ਪੁਸਤਕ 'ਵਰਡਜ਼ ਆਫ ਦਿ ਵਰਲਡ' 'ਚ ਖੁਲਾਸਾ ਕੀਤਾ ਕਿ ਕਿਵੇਂ ਬਰਚਫੀਲਡ ਨੇ ਇਹ ਅਫਵਾਹ ਫੈਲਾਉਣੀ ਸ਼ੁਰੂ ਕਰ ਦਿੱਤੀ ਸੀ ਕਿ ਉਸ ਤੋਂ ਪਹਿਲੇ ਸੰਪਾਦਕ ਇੰਗਲਿਸ਼ ਪੱਖੀ ਸ਼ਬਦਕੋਸ਼ ਅੰਤਰਝਾਤ ਲਈ ਯਤਨਸ਼ੀਲ ਸਨ ਜਦਕਿ ਅਸਲ ਹਾਲਤ ਇਸ ਤੋਂ ਉਲਟ ਸੀ। ਸਰਾਹਾ ਨੇ 1972 ਤੋਂ 1986 ਤੱਕ ਬਰਚਫੀਲਡ ਦੇ ਕਾਰਜਕਾਲ 'ਚ ਛਪੇ ਚਾਰ ਸ਼ਬਦਕੋਸ਼ਾਂ ਦੀ ਤੁਲਨਾ 1933 ਦੇ ਇਕ ਸ਼ਬਦਕੋਸ਼ ਨਾਲ ਕੀਤੀ ਤੇ ਦੇਖਿਆ ਕਿ ਬਾਹਰਲੀਆਂ ਭਾਸ਼ਾਵਾਂ ਦੇ 17 ਫੀਸਦੀ ਸ਼ਬਦ ਇਸ ਵਿਚੋਂ ਕੱਢੇ ਹੋਏ ਸਨ।

# ਆਇਰਲੈਂਡ ਨਰਮ ਕਰੇਗਾ ਗਰਭਪਾਤ ਬਾਰੇ ਕਾਨੂੰਨ

**ਲੰਡਨ:** ਗਰਭਪਾਤ ਬਾਰੇ ਦੇਸ਼ ਦੇ ਸਖ਼ਤ ਕਾਨੂੰਨਾਂ ਨੂੰ ਨਰਮ ਕਰਨ ਬਾਰੇ ਆਇਰਲੈਂਡ ਦੀ ਸਰਕਾਰ ਇਸ ਸਾਲ ਦੇ ਅੰਤ ਤੋਂ ਪਹਿਲਾਂ-ਪਹਿਲਾਂ ਫੈਸਲਾ ਕਰੇਗੀ। ਦੰਦਾਂ ਦੀ ਡਾਕਟਰ ਭਾਰਤੀ ਮੁਟਿਆਰ ਸਵਿਤਾ ਹੱਲਪਨਵਾਰ ਦਾ ਆਪਣੇ ਆਪ ਗਰਭ ਡਿੱਗਣ ਦੇ ਬਾਵਜੂਦ ਉਸ ਦਾ ਗਰਭਪਾਤ ਕਰਨ ਤੋਂ ਇਨਕਾਰ ਮਗਰੋਂ ਹੋਈ ਉਸ ਦੀ ਮੌਤ ਤੋਂ ਕਈ ਹਫ਼ਤਿਆਂ ਬਾਅਦ ਸਰਕਾਰ ਵੱਲੋਂ ਇਹ ਖੁਲਾਸਾ ਹੋਇਆ ਹੈ। ਸਿਹਤ ਮੰਤਰੀ ਜੇਮਜ਼ ਰਿਐਲੀ ਨੇ ਮੰਤਰੀ ਮੰਡਲ ਅੱਗੇ ਇਹ ਰਿਪੋਰਟ ਪੇਸ਼ ਕਰਦਿਆਂ ਯੂਰਪੀ ਅਦਾਲਤ ਦਾ ਫੈਸਲਾ ਲਾਗੂ ਕਰਨ ਬਾਰੇ ਕਈ ਰਾਹ ਪੇਸ਼ ਕੀਤੇ, ਨਾਲ ਹੀ ਮੰਤਰੀ ਨੇ ਸੰਵਿਧਾਨ ਦੀਆਂ ਲੋੜਾਂ ਦਾ ਖੁਲਾਸਾ ਕੀਤਾ। ਜ਼ਿਕਰਯੋਗ ਹੈ ਕਿ 31 ਸਾਲਾ ਸਵਿਤਾ ਦੀ ਗਾਲਵੇਅ ਯੂਨੀਵਰਸਿਟੀ ਹਸਪਤਾਲ 'ਚ ਗਰਭ ਡਿੱਗਣ 'ਤੇ ਸਰੀਰ 'ਚ ਜ਼ਹਿਰ ਫੈਲਣ ਨਾਲ ਮੌਤ ਹੋ ਗਈ ਸੀ ਤੇ ਡਾਕਟਰਾਂ ਨੇ ਇਹ ਕਹਿ ਕੇ ਉਸ ਨੂੰ ਡਾਕਟਰੀ ਸਹਾਇਤਾ ਦੇਣੋਂ ਇਨਕਾਰ ਕਰ ਦਿੱਤਾ ਸੀ ਕਿ ਇਹ ਕੈਥੋਲਿਕ ਮੁਲਕ ਹੈ ਤੇ ਉਸ ਦਾ ਗਰਭਪਾਤ ਨਹੀਂ ਕੀਤਾ ਜਾ ਸਕਦਾ। ਸਿਹਤ ਮੰਤਰੀ ਨੇ ਕਿਹਾ ਕਿ ਇਹ ਸਾਲ ਖਤਮ ਹੋਣ ਤੋਂ ਪਹਿਲਾਂ ਸਰਕਾਰ ਇਸ ਬਾਰੇ ਫੈਸਲਾ ਕਰ ਲਏਗੀ।

# ਹਿਲੇਰੀ ਖ਼ਿਲਾਫ਼ ਫ਼ਲਸਤੀਨ ਨੂੰ ਵਿੱਤੀ ਸਹਾਇਤਾ ਦੇਣ 'ਤੇ ਮੁਕੱਦਮਾ

**ਵਾਸ਼ਿੰਗਟਨ:** ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਤੇ ਵਿਦੇਸ਼ ਮੰਤਰਾਲੇ ਖ਼ਿਲਾਫ਼ ਫਲਸਤੀਨ ਨੂੰ ਬਿਨਾਂ ਕਿਸੇ ਸ਼ਰਤ ਵਿੱਤੀ ਸਹਾਇਤਾ ਦੇਣ ਦੇ ਮਾਮਲੇ 'ਚ ਮੁਕੱਦਮਾ ਦਾਇਰ ਕੀਤਾ ਗਿਆ ਹੈ। ਇਹ ਮੁਕੱਦਮਾ ਇਸਰਾਈਲ ਵਿਚ ਰਹਿੰਦੇ 24 ਅਮਰੀਕੀ ਨਾਗਰਿਕਾਂ ਨੇ ਦਾਇਰ ਕੀਤਾ ਹੈ। ਇਨ੍ਹਾਂ ਨਾਗਰਿਕਾਂ ਨੇ ਤਲ ਅਵੀਵ ਦੇ ਕਾਨੂੰਨੀ ਗਰੁੱਪ 'ਇਸਰਾਈਲ ਲਾਅ ਸੈਂਟਰ' ਦੇ ਜ਼ਰੀਏ ਇਹ ਮੁਕੱਦਮਾ ਕੀਤਾ ਹੈ।



ਇਹ ਗਰੁੱਪ ਅਤਿਵਾਦੀ ਜਥੇਬੰਦੀਆਂ ਤੇ ਉਨ੍ਹਾਂ ਦੀ ਹਮਾਇਤ ਕਰਦੀਆਂ ਸਰਕਾਰਾਂ ਖ਼ਿਲਾਫ਼ ਕਾਨੂੰਨੀ ਲੜਾਈ ਲੜਨ ਦਾ ਮਾਹਿਰ ਹੈ। ਇਸ ਮੁਕੱਦਮੇ 'ਚ ਦਾਅਵਾ ਕੀਤਾ ਗਿਆ ਹੈ ਕਿ ਅਮਰੀਕੀ ਸਰਕਾਰ ਵੱਲੋਂ ਫ਼ਲਸਤੀਨ ਨੂੰ ਦਿੱਤੀ ਗਈ ਵਿੱਤੀ ਸਹਾਇਤਾ ਦੀ ਹਮਾਸ ਵਰਗੇ ਲੜਾਕੂ ਗਰੁੱਪਾਂ ਵੱਲੋਂ ਵਰਤੋਂ ਕੀਤੀ ਜਾ ਰਹੀ ਹੈ। ਮੁਕੱਦਮੇ 'ਚ ਕਿਹਾ ਗਿਆ ਹੈ ਕਿ ਇਸ ਤਰ੍ਹਾਂ ਟੈਕਸ ਵਜੋਂ ਦਿੱਤਾ ਗਿਆ ਅਮਰੀਕੀਆਂ ਦਾ ਧਨ ਅਤਿਵਾਦੀ ਗਰੁੱਪਾਂ ਵੱਲੋਂ ਵਰਤਿਆ ਜਾ ਰਿਹਾ ਹੈ। ਇਸ ਮੁਕੱਦਮੇ 'ਚ ਮੰਗ ਕੀਤੀ ਗਈ ਹੈ ਕਿ ਜਿੰਨਾ ਚਿਰ ਫ਼ਲਸਤੀਨ ਅਤਿਵਾਦੀਆਂ ਖ਼ਿਲਾਫ਼ ਕਾਰਵਾਈ ਨਹੀਂ ਕਰਦਾ, ਓਨਾ ਚਿਰ ਵਿੱਤੀ ਸਹਾਇਤਾ ਰੋਕੀ ਜਾਵੇ।

# ਆਮ ਲੋਕਾਂ ਦੇ ਹੱਥ ਆਇਆ 'ਆਕਾਸ਼'

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ-ਮੂਨ ਨੇ ਭਾਰਤ ਵਿਚ ਆਪਣੀ ਕਿਸਮ ਦੇ ਵਿਲੱਖਣ ਤੇ ਪਹਿਲੇ ਬਣੇ ਟੈਬਲੈਟ 'ਆਕਾਸ਼-2' ਦੇ ਉਦਘਾਟਨ ਦੌਰਾਨ ਭਾਰਤ ਦੀ ਪ੍ਰਸ਼ੰਸਾ ਕਰਦਿਆਂ ਉਸ ਨੂੰ ਸੂਚਨਾ ਤਕਨਾਲੋਜੀ ਦੇ ਖੇਤਰ ਵਿਚ 'ਸੁਪਰ ਪਾਵਰ' ਕਰਾਰ ਦਿੱਤਾ। ਜ਼ਿਕਰਯੋਗ ਹੈ ਕਿ ਆਕਾਸ਼-2 ਟੈਬਲੈਟ ਬੇਹੱਦ ਸਸਤਾ ਵੀ ਹੈ। ਇਸ ਦੀ ਕੀਮਤ ਚਾਲੀ ਅਮਰੀਕੀ ਡਾਲਰ ਹੈ। ਸੁਰੱਖਿਆ ਕੌਂਸਲ ਵਿਚ ਭਾਰਤ ਦੀ ਮੌਜੂਦਾ ਪ੍ਰਧਾਨਗੀ ਅਧੀਨ ਆਕਾਸ਼-2 ਦਾ ਸੰਯੁਕਤ ਰਾਸ਼ਟਰ ਦੇ ਹੈੱਡਕੁਆਰਟਰ ਵਿਖੇ ਪ੍ਰਦਰਸ਼ਨ ਵੀ ਕੀਤਾ ਗਿਆ। ਆਕਾਸ਼ ਟੈਬਲੈਟ ਨੂੰ ਬਣਾਉਣ ਵਾਲੀ ਕੰਪਨੀ ਡਾਟਾਵਿੰਡ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੁਨੀਤ ਸਿੰਘ ਤੁਲੀ ਨੇ ਆਕਾਸ਼-2 ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ-ਮੂਨ ਨੂੰ ਭੇਟ ਕੀਤਾ। ਉਨ੍ਹਾਂ ਨੇ ਟੈਬਲੈਟ ਦੀ ਇਸ ਗੱਲੋਂ ਵਿਸ਼ੇਸ਼ ਪ੍ਰਸ਼ੰਸਾ ਕੀਤੀ ਕਿ ਇਹ ਬੇਹੱਦ ਛੋਟਾ ਤੇ ਹੱਥ ਵਿਚ ਫੜਨ ਵਾਲਾ ਹੈ। ਭਾਰਤ ਦੀ ਪ੍ਰਸ਼ੰਸਾ ਕਰਦਿਆਂ ਬਾਨ ਕੀ-ਮੂਨ ਨੇ ਕਿਹਾ ਕਿ ਭਾਰਤ ਸੁਰੱਖਿਆ ਮਾਮਲਿਆਂ ਵਿਚ ਵੀ ਸੰਯੁਕਤ ਰਾਸ਼ਟਰ ਦਾ ਅਹਿਮ ਭਾਈਵਾਲ ਹੈ ਪਰ ਇਸ ਦੇ ਨਾਲ ਹੀ ਉਹ ਵਿਕਾਸ ਤੇ ਟੈਕਨਾਲੋਜੀ ਵਿਚ ਵੀ ਮੋਹਰੀ ਆਗੂ ਹੈ। ਇਸ ਕਰਕੇ ਹੀ ਭਾਰਤ ਸੂਚਨਾ ਟੈਕਨਾਲੋਜੀ ਖੇਤਰ ਵਿਚ 'ਸੁਪਰ ਪਾਵਰ' ਹੈ। ਉਨ੍ਹਾਂ ਦੇ ਭਾਰਤ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਕਰਕੇ ਹੀ ਹੈਦਰਾਬਾਦ ਹੀ 'ਸੈਬਰਾਬਾਦ' ਕਰਕੇ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉਹ ਜਾਣਦੇ ਹਨ ਕਿ ਆਕਾਸ਼ ਦਾ ਹਿੰਦੀ ਭਾਸ਼ਾ ਵਿਚ ਅਰਥ 'ਸਕਾਈ' ਹੈ। ਉਨ੍ਹਾਂ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਦੇਸ਼ਾਂ ਦੀ ਨੌਜਵਾਨ ਪੀੜ੍ਹੀ ਦੇ ਆਕਾਸ਼ ਵਿਚ ਉਡਾਰੀਆਂ ਮਾਰਨ ਦੇ ਸੁਪਨੇ ਦੀ ਪੂਰਤੀ ਲਈ ਸੰਯੁਕਤ ਰਾਸ਼ਟਰ ਨਾਲ ਮਿਲ ਕੇ ਕੰਮ ਕਰਨ।

## 'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਯਾਦਾਂ ਦੀ ਲੜੀ

# ਪਰੂਫ ਰੀਡਿੰਗ ਸੈਕਸ਼ਨ ਦੇ ਨਿਰਾਲੇ ਸਾਥੀ-2


*ਸਿਆਣਿਆਂ ਸੱਚ ਕਿਹਾ ਹੈ ਕਿ ਵਰਤਮਾਨ ਤੋਂ ਬੰਦਾ ਅਕਸਰ ਅਸੰਤੁਸ਼ਟ ਹੁੰਦਾ ਹੈ। ਭਵਿੱਖ ਵਿਚ ਕੀ ਵਾਪਰਨਾ ਹੈ, ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ। ਇਉਂ ਅਤੀਤ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਕਿਸੇ ਦਾ ਅਤੀਤ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਉਸ ਵਿਚੋਂ ਚਾਨਣ ਦੀਆਂ ਕੁਝ ਕਿਰਨਾਂ ਦਿਸ ਹੀ ਪੈਂਦੀਆਂ ਹਨ ਜੋ ਵਰਤਮਾਨ ਦੇ ਹਨੇਰੇ ਨੂੰ ਰੋਸ਼ਨ ਕਰਨ ਲਈ ਕਾਫੀ ਹੁੰਦੀਆਂ ਹਨ। 'ਕਮਲਿਆਂ ਦਾ ਟੱਬਰ' ਲਿਖਤ ਤੋਂ ਬਾਅਦ ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਨਿਗ੍ਹਾ ਬੀਤੇ ਵੱਲ ਗਈ ਤਾਂ ਕੁਝ ਚੀਜ਼ਾਂ ਨੇ ਮਨ 'ਤੇ ਜ਼ੋਰ ਪਾਇਆ ਤੇ ਮੇਰੀ ਕਲਮ ਇਨ੍ਹਾਂ ਨੂੰ ਝਰੀਟਣ ਤੁਰ ਪਈ। ਹੋ ਸਕਦਾ ਹੈ ਕਿ ਕੁਝ ਪਾਠਕਾਂ ਨੂੰ ਇਹ ਸਭ ਯੱਭਲੀਆਂ ਹੀ ਜਾਪਣ ਪਰ ਅਜਿਹੇ ਪਾਠਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਇਹ ਚੀਜ਼ਾਂ ਪੜ੍ਹ ਕੇ ਆਪਣੇ ਅਤੀਤ ਦਾ ਕਈ ਕੁਝ ਚੇਤੇ ਆ ਗਿਆ ਹੈ। ਮੈਂ ਆਪਣੇ ਅਤੀਤ ਦੀਆਂ ਇਨ੍ਹਾਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਿਹਤ ਦੀਆਂ ਮਜਬੂਰੀਆਂ ਕਰ ਕੇ ਹੋ ਸਕਦਾ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਹਰ ਹਫਤੇ ਹਾਜ਼ਰ ਨਾ ਹੋ ਸਕਾਂ।*

**ਅਮੋਲਕ ਸਿੰਘ ਜੰਮੂ**
**ਫੋਨ: 847-359-0746**

'ਪੰਜਾਬੀ ਟ੍ਰਿਬਿਊਨ' ਵਿਚ ਪਰੂਫ ਰੀਡਰੀ ਦੇ ਸਮੇਂ ਦੀ ਗੱਲ ਕਰਦਿਆਂ ਮੈਂ ਦੱਸ ਹੀ ਚੁੱਕਾ ਹਾਂ ਕਿ ਸਾਡੇ ਸੈਕਸ਼ਨ ਦਾ ਇੰਚਾਰਜ ਪ੍ਰੇਮ ਗੋਰਖੀ ਸੀ। ਅਦਾਰੇ ਵਿਚ ਮੁਲਾਜ਼ਮ ਯੂਨੀਅਨ ਬਣਨ ਅਤੇ ਜਲਦੀ ਬਾਅਦ ਜਗਤਾਰ ਸਿੱਧੂ ਅਤੇ ਸੁਰਿੰਦਰ ਸਿੰਘ ਵੱਲੋਂ ਯੂਨੀਅਨ ਨੂੰ ਕਾਬੂ ਕਰ ਲੈਣ ਸਮੇਂ ਹਰਭਜਨ ਹਲਵਾਰਵੀ, ਪ੍ਰੋ. ਸ਼ਾਮ ਸਿੰਘ, ਸ਼ਮਸ਼ੇਰ ਸੰਧੂ, ਅਮਰੀਕ ਸਿੰਘ ਬਨਵੈਤ ਅਤੇ ਕੁਝ ਹੋਰਨਾਂ ਵਾਂਗੂ ਗੋਰਖੀ ਨੇ ਵੀ 'ਸਿਆਣਪ' ਵਰਤਦਿਆਂ ਆਪਣੇ ਸਾਰੇ ਆਂਡੇ ਜਗਤਾਰ ਹੋਰਾਂ ਵਾਲੀ ਟੋਕਰੀ ਵਿਚ ਧਰ ਦਿੱਤੇ।

ਗੁਰਦਿਆਲ ਬੱਲ ਨੂੰ ਸ਼ੁਰੂ ਤੋਂ ਹੀ ਦੋਸਤਾਂ-ਮਿੱਤਰਾਂ ਨੂੰ ਤੋਹਫੇ ਵਜੋਂ ਕਿਤਾਬਾਂ ਦੇਣ ਦੀ ਆਦਤ ਹੈ। ਪਿਛਲੇ ਸਾਲ ਜਦੋਂ ਸ਼ਿਕਾਗੋ ਮਿਲਣ ਆਇਆ ਤਾਂ ਉਹ 'ਪੰਜਾਬ ਟਾਈਮਜ਼' ਦੀ ਲਾਇਬ੍ਰੇਰੀ ਲਈ ਪੰਜਾਬੀ ਦੀਆਂ 5-7 ਪੁਸਤਕਾਂ ਲੈ ਆਇਆ। ਇਨ੍ਹਾਂ ਵਿਚ ਗੋਰਖੀ ਦੀ ਥੋੜ੍ਹਾ ਕੁ ਸਮਾਂ ਪਹਿਲਾਂ ਛਪੀ ਸਵੈ-ਜੀਵਨੀ 'ਗੈਰ-ਹਾਜ਼ਰ ਆਦਮੀ' ਵੀ ਸੀ। ਪਿਛਲੇ ਹਫਤੇ ਹੀ ਮੈਂ ਆਪਣੀ ਪਤਨੀ ਜਸਪ੍ਰੀਤ ਦੀ ਮੱਦਦ ਨਾਲ ਇਸ ਕਿਤਾਬ ਦੇ ਅਰੰਭ ਅਤੇ ਅਖੀਰ ਦੇ ਕੁਝ ਕਾਂਡ ਪੜ੍ਹੇ। ਕਿਤਾਬ ਦਾ 'ਜਿੰਨ ਨਹੀਂ ਦੇਵਤਾ' ਸਿਰਲੇਖ ਹੇਠਲਾ ਦੂਜਾ ਕਾਂਡ ਬੜਾ ਦਿਲਚਸਪ ਲੱਗਾ। ਕਥਾ ਦਾ ਗਰੀਬ ਨਾਇਕ ਜੀਵਨ ਸੰਗਰਾਮ ਨੂੰ ਸਰ ਕਰਨ ਲਈ ਪਿੰਡ ਦੇ ਸਿਵਿਆਂ 'ਚ ਜਾ ਕੇ ਸ਼ਿਲਾ ਕੱਟ ਕੇ ਯੋਗ ਸ਼ਕਤੀਆਂ ਪ੍ਰਾਪਤ ਕਰਨ ਦਾ ਰਸਤਾ ਅਖਤਿਆਰ ਕਰਦਾ ਹੈ। ਲੱਭਦਾ ਲਭਾਉਂਦਾ ਉਸ ਦਾ ਬਾਪ ਆ ਕੇ ਛਿੱਤਰਾਂ ਨਾਲ ਉਸ ਦੀ ਭੁਗਤ ਸਵਾਰ ਦਿੰਦਾ ਹੈ। ਬਾਪ ਨੂੰ ਆਪਣੇ ਪੁੱਤਰ 'ਤੇ ਤਰਸ ਵੀ ਆਉਂਦਾ ਹੈ ਅਤੇ ਦੁਖੀ ਮਨ ਨਾਲ ਆਖਦਾ ਹੈ-'ਕੁੱਤੇ ਦਿਆ ਪੁੱਤਰਾ, ਇਨ੍ਹਾਂ ਹੱਥਾਂ ਨਾਲ ਮਿਹਨਤ ਕਰੇ ਬਿਨਾਂ ਨਹੀਂ ਸਰਨਾ। ਇਹ ਕੰਮ ਹਾਰੇ ਲੋਕ ਕਰਦੇ ਹਨ ਜਾਂ ਕੰਜਰ ਕਰਦੇ ਹਨ।' ਇੱਕ ਹੋਰ ਕਾਂਡ ਵਿਚ ਲੇਖਕ ਨੇ ਆਪਣੇ ਨਾਂ ਪਿੱਛੇ 'ਗੋਰਖੀ' ਲਿਖਣ ਦਾ ਪਿਛੋਕੜ ਦੱਸਿਆ ਹੈ। ਗੋਰਖੀ ਦੀ ਜ਼ਿੰਦਗੀ ਦੇ ਮੁੱਢਲੇ ਮੁਸ਼ੱਕਤੀ ਵਰ੍ਹਿਆਂ ਬਾਰੇ ਮੈਨੂੰ ਪਹਿਲਾਂ ਵੀ ਪਤਾ ਸੀ ਪਰ ਇਸ ਪੁਸਤਕ ਦੇ ਕੁਝ ਕਾਂਡ ਪੜ੍ਹ ਕੇ ਉਸ ਦਾ ਜੀਵਨ ਸੰਘਰਸ਼ ਹੋਰ ਵੀ ਦਿਲਚਸਪ ਲੱਗਾ।

ਆਪਣੀ ਸਵੈ-ਜੀਵਨੀ ਦੇ ਅਖੀਰ ਵਿਚ ਗੋਰਖੀ ਨੇ 'ਪੰਜਾਬੀ ਟ੍ਰਿਬਿਊਨ' ਵਿਚ ਆਪਣੇ ਮੁੱਢਲੇ ਦਿਨਾਂ ਦੀ ਗੱਲ ਕਰਦਿਆਂ ਪ੍ਰੋ. ਸ਼ਾਮ ਸਿੰਘ,




ਜਗਤਾਰ ਸਿੱਧੂ ਅਤੇ ਹਲਵਾਰਵੀ ਦੇ ਨਾਲ ਮੇਰਾ ਵੀ ਜ਼ਿਕਰ ਕੀਤਾ ਹੈ। ਜਸਪ੍ਰੀਤ ਦਾ ਕਹਿਣਾ ਸੀ ਕਿ ਗੋਰਖੀ ਦੀ ਕਿਸੇ ਚੰਗਿਆਈ ਦਾ ਤੁਸੀਂ ਕਦੀ ਜ਼ਿਕਰ ਨਹੀਂ ਕੀਤਾ ਪਰ ਉਸ ਨੇ ਤਾਂ ਤੁਹਾਡੀ ਗੱਲ ਅਪਣੱਤ ਭਾਵ ਨਾਲ ਕੀਤੀ ਹੋਈ ਹੈ। ਮੈਂ ਜਸਪ੍ਰੀਤ ਨੂੰ ਤਾਂ ਕੋਈ ਜਵਾਬ ਨਾ ਦਿੱਤਾ ਪਰ ਮੇਰੇ ਮਨ ਵਿਚ ਸੋਚ ਆਈ ਕਿ ਗੋਰਖੀ ਦੀ ਤਾਂ ਜਲੰਧਰ ਦੇ ਅਖਬਾਰੀ ਮਾਹੌਲ ਤੋਂ ਜਾਨ ਛੁੱਟ ਗਈ ਸੀ, ਪਰ ਸਾਨੂੰ ਕਰੀਬ-ਕਰੀਬ ਸਾਰਿਆਂ ਨੂੰ ਉਸ ਜਲੰਧਰ ਵਾਲੇ ਮਾਹੌਲ ਵਾਲੀ ਕੈਦ ਵਿਚ ਰੱਖੀ ਰੱਖਿਆ। ਉਹ ਖੁਸ਼ ਸੀ ਕਿ ਤਨਖਾਹ ਉਸ ਨੂੰ ਦੁੱਗਣੀ ਤੋਂ ਵੀ ਵੱਧ ਮਿਲਣ ਲੱਗ ਪਈ ਸੀ, 16-16 ਜਮਾਤਾਂ ਪਾਸ ਕਰ ਕੇ ਆਏ ਸਾਥੀਆਂ ਦਾ ਉਹ ਬੌਸ ਬਣ ਗਿਆ ਸੀ। ਫਿਰ ਵੀ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਉਸ ਵਿਚ ਕੰਮ ਕਰਨ ਦੀ ਲਗਨ ਤੇ ਪੂਰੀ ਸਮਰਥਾ ਸੀ। ਸਾਡੇ ਸਾਥੀਆਂ ਵਿਚੋਂ ਰਜਿੰਦਰ ਸੋਢੀ ਅਤੇ ਰਣਜੀਤ ਰਾਹੀ ਵੀ ਕਹਾਣੀਕਾਰ ਸਨ ਪਰ ਗੋਰਖੀ ਆਪਣੇ ਇਨ੍ਹਾਂ ਦੋਵਾਂ ਸਾਥੀਆਂ ਨਾਲੋਂ ਬਿਹਤਰ ਬਿਰਤਾਂਤਕਾਰ ਸੀ। ਸੁਣਿਐ, ਤਰਲੋਚਨ ਸ਼ੇਰਗਿੱਲ ਦੀ ਜੀਵਨ ਦੇ ਆਖਰੀ ਵਰ੍ਹਿਆਂ 'ਚ ਹੰਢਾਈ ਘੋਰ ਪਰਿਵਾਰਕ ਤਰਾਸਦੀ ਬਾਰੇ 'ਜੜ੍ਹਾਂ' ਨਾਂ ਦੀ ਕਹਾਣੀ ਵਿਚ ਉਸ ਨੇ ਬੜਾ ਮਾਰਮਿਕ ਚਿਤਰਨ ਕੀਤਾ ਹੈ, ਪਰ ਤਰਲੋਚਨ ਨੂੰ ਵੀ ਉਸ ਨੇ ਖੁਦ ਕਿੰਨਾ ਪ੍ਰੇਸ਼ਾਨ ਕੀਤਾ, ਉਸ ਤੋਂ ਦੋਸ਼ ਮੁਕਤੀ ਲਈ ਇਹ ਜੈਸਚਰ ਕਾਫੀ ਨਹੀਂ ਮੰਨਿਆ ਜਾ ਸਕਦਾ।



*ਰਾਜਿੰਦਰ ਸੋਢੀ, ਗੁਰਦੇਵ ਭੁੱਲਰ ਅਤੇ ਰਣਜੀਤ ਰਾਹੀ ਰੰਗਾਂ ਦੇ ਮੂਡ ਵਿਚ*

ਹਾਂ, ਸੱਚ ਪਿਛਲੇ ਅੰਕ ਵਿਚ ਪ੍ਰੇਮ ਗੋਰਖੀ ਦਾ ਜ਼ਿਕਰ ਕਰਦਿਆਂ 'ਦ੍ਰਿਸ਼ਟੀ' ਰਸਾਲੇ ਵਿਚ ਛਪੇ ਉਸ ਦੇ ਨਾਵਲਿਟ ਦਾ ਜ਼ਿਕਰ ਕਰਦਿਆਂ ਗਲਤੀ ਨਾਲ ਮੈਂ ਇਸ ਨੂੰ 'ਕੰਮੀਆਂ ਦਾ ਵਿਹੜਾ' ਲਿਖ ਦਿੱਤਾ। ਅਸਲ ਵਿਚ ਇਹ 'ਤਿੱਤਰ ਖੰਭੀ ਜੂਹ' ਸੀ।

ਸਾਡੇ ਸਾਥੀ ਰਣਜੀਤ ਰਾਹੀ ਦੀਆਂ 'ਕਾਲਾ ਇਲਮ' ਅਤੇ 'ਰੁੱਤਾਂ ਦੇ ਪ੍ਰਛਾਵੇਂ' ਨਾਂ ਦੀਆਂ ਕਹਾਣੀਆਂ ਦੀਆਂ ਦੋ ਕਿਤਾਬਾਂ ਪੰਜਾਬੀ ਟ੍ਰਿਬਿਊਨ' ਵਿਚ ਆਉਣ ਤੋਂ ਕਈ ਸਾਲ ਪਹਿਲਾਂ ਦੀਆਂ ਛਪੀਆਂ ਹੋਈਆਂ ਸਨ। ਹੁਣ ਉਸ ਦਾ ਨਾਵਲ 'ਮਾਧਵੀ' ਛਪਿਆ ਹੈ। ਉਸ ਦੀ ਇੱਕ ਹੋਰ ਕਿਤਾਬ 'ਟੁੱਟੇ ਹੋਏ ਪੁਲ' 1990 ਦੇ ਗੇੜ ਵਿਚ ਛਪੀ। 'ਟੁੱਟੇ ਹੋਏ ਪੁਲ' ਨਾਂ ਦੀ ਕਹਾਣੀ ਮੈਨੂੰ ਅੱਜ ਵੀ ਮੱਧਮ ਜਿਹੀ ਯਾਦ ਹੈ ਜਿਸ ਵਿਚ ਉਸ ਨੇ ਗਰੀਬ ਕਿਸਾਨੀ ਦੇ ਸੰਕਟ ਅਤੇ ਥੁੜਾਂ-ਤੰਗੀਆਂ ਦਾ ਚੰਗਾ ਚਿਤਰਨ ਕੀਤਾ ਹੈ। ਕਹਾਣੀ ਦੋ ਸਕੇ ਭਾਈਆਂ ਦੇ ਆਪਸੀ ਵੰਡ-ਵੰਡਾਰੇ ਬਾਰੇ ਹੈ। ਪੰਜਾਬੀ ਕਹਾਣੀ ਦਾ ਇਹ ਰਵਾਇਤੀ ਵਿਸ਼ਾ ਰਿਹਾ ਹੈ। ਰਾਹੀ ਦਾ ਬਿਰਤਾਂਤ ਠੀਕ ਸੀ ਪਰ ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ ਜਾਂ ਸੰਤੋਖ ਸਿੰਘ ਧੀਰ ਦੀਆਂ ਕਈ ਕਹਾਣੀਆਂ ਵਿਚ ਆਉਂਦੇ ਅਜਿਹੇ ਥੀਮ ਦੀ ਦੁਹਰਾਈ ਤੋਂ ਉਹ ਮੁਕਤ ਨਹੀਂ ਸੀ। ਇਨਸਾਨ ਦੇ ਤੌਰ 'ਤੇ ਰਾਹੀ ਬੜਾ ਖਰਾ ਆਦਮੀ ਹੈ।

ਰਜਿੰਦਰ ਸੋਢੀ ਬੜਾ ਖਰਾ ਬੰਦਾ ਸੀ। ਉਸ ਨੂੰ ਕਾਦਰ, ਉਸ ਦੀ ਕੁਦਰਤ ਜਾਂ ਕਿਸੇ ਨਾਲ ਵੀ ਕੋਈ ਸ਼ਿਕਾਇਤ ਨਹੀਂ ਸੀ। ਸੋਢੀ ਦਾ 'ਖੁੱਲ੍ਹਾ ਅਕਾਸ਼' ਨਾਂ ਦਾ ਕਹਾਣੀ ਸੰਗ੍ਰਹਿ ਉਸ ਦੇ ਟ੍ਰਿਬਿਊਨ ਵਿਚ ਆਉਣ ਤੋਂ ਕਾਫੀ ਸਮਾਂ ਬਾਅਦ 1986-87 ਵਿਚ ਛਪਿਆ। ਮੈਨੂੰ ਉਸ ਦੀ ਕਿਸੇ ਵੀ ਕਹਾਣੀ ਦਾ ਵਿਸ਼ਾ ਵਸਤੂ ਹੁਣ ਯਾਦ ਨਹੀਂ। ਸੋਢੀ ਨੂੰ ਕਵਿਤਾ ਲਿਖਣ ਦਾ ਵੀ ਝੱਸ ਸੀ। ਉਸ ਦਾ 'ਤਾਰਾਗਣ, ਸਮੁੰਦਰ ਤੇ ਬੋਧ ਬ੍ਰਿਖ' ਨਾਂ ਦਾ ਕਾਵਿ ਸੰਗ੍ਰਹਿ ਕਾਫੀ ਲੇਟ ਛਪਿਆ ਸੀ। ਮੈਨੂੰ ਉਸ ਦੀ 1993-94 ਦੇ ਆਸ-ਪਾਸ ਕਿਸੇ ਰਸਾਲੇ ਵਿਚ ਛਪੀ ਇੱਕ ਨਿੱਕੀ ਜਿਹੀ ਕਵਿਤਾ 'ਤੂੰ ਮੇਰੇ ਤਪਦੇ ਮੱਥੇ 'ਤੇ ਹੱਥ ਤਾਂ ਰੱਖ' ਦੀਆਂ ਦੋ ਲਾਈਨਾਂ ਚੇਤੇ ਆਉਂਦੀਆਂ ਹਨ:

ਹੌਲੀ ਹੌਲੀ ਸਿੱਖ ਹੀ ਗਏ ਹਾਂ
ਅਸੀਂ ਆਪਣੇ ਅੰਦਰਲੇ ਸ਼ੋਰ ਨੂੰ
ਹਾਸਿਆਂ ਤੇ ਕਹਿਕਹਿਆਂ ਦੇ
ਨਕਾਬ ਚੜ੍ਹਾਉਣੇ।

ਇਹ ਤਾਂ ਪਤਾ ਨਹੀਂ ਕਿ ਉਹ ਨਕਾਬ ਚੜ੍ਹਾਉਣੇ ਕਿੰਨੇ ਕੁ ਸਿੱਖ ਗਿਆ ਸੀ ਪਰ ਇਹ ਗੱਲ ਪੱਕੀ ਹੈ ਕਿ ਉਸ ਦੇ ਅੰਦਰ ਕਹਿਕਹਿਆਂ ਦੇ ਅੰਬਾਰ ਜਮ੍ਹਾਂ ਸਨ।

ਰਜਿੰਦਰ ਸੋਢੀ ਅਦਾਰੇ ਵਿਚ ਆਉਣ ਤੋਂ ਪਹਿਲਾਂ ਵਿਆਹਿਆ ਹੋਇਆ ਸੀ ਪਰ ਉਸ ਦੀ ਆਪਣੀ ਪਤਨੀ ਨਾਲ ਬਣੀ ਨਹੀਂ ਸੀ। ਸੋਢੀ ਬੜਾ ਹੀ ਤੰਗ ਸੀ। ਉਸ ਦੀ ਕਿਸਮਤ ਚੰਗੀ ਸੀ ਕਿ ਕੋਈ ਬੱਚਾ ਹੋਣ ਤੋਂ ਪਹਿਲਾਂ ਹੀ ਉਸ ਦੀ ਪਹਿਲੀ ਪਤਨੀ ਤਲਾਕ ਦੇ ਉਸ ਦੀ ਜਾਨ ਛੱਡ ਗਈ। ਛੇਤੀ ਪਿੱਛੋਂ ਹੀ ਉਸ ਨੇ ਦੂਜਾ ਵਿਆਹ ਕਰਵਾ ਲਿਆ। ਇਹ ਵਿਆਹ ਬਹੁਤ ਹੀ ਸਫਲ ਰਿਹਾ। ਸੋਢੀ ਨੇ 1985 ਜਾਂ 86 ਵਿਚ 'ਖੁੱਲ੍ਹਾ ਅਕਾਸ਼' ਨਾਂ ਦੀ ਕਹਾਣੀਆਂ ਦੀ ਜੋ ਕਿਤਾਬ ਛਪਵਾਈ, ਉਹ ਆਪਣੀ ਪਤਨੀ ਤੇਜਿੰਦਰ ਅਤੇ ਬੱਚਿਆਂ ਨੂੰ ਸਮਰਪਿਤ ਕੀਤੀ। ਸੋਢੀ ਦਾ ਲੜਕਾ ਬੜਾ ਹੀ ਹੋਣਹਾਰ ਨਿਕਲਿਆ। ਉਹ ਬਚਪਨ ਵਿਚ ਹੀ ਕ੍ਰਿਕਟ ਦਾ ਬੜਾ ਵਧੀਆ ਖਿਡਾਰੀ ਸੀ। ਸੋਢੀ ਦੀ ਰੀਝ ਸੀ ਕਿ ਉਹ ਘੱਟੋ-ਘੱਟ ਕੌਮੀ ਪੱਧਰ ਦਾ ਖਿਡਾਰੀ ਜ਼ਰੂਰ ਬਣੇ ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਰਜਿੰਦਰ ਸੋਢੀ ਆਪਣੇ ਇਸ ਸੁਪਨੇ ਨੂੰ ਪੂਰਾ ਹੋਇਆ ਦੇਖਣ ਤੋਂ ਪਹਿਲਾਂ ਹੀ ਕਈ ਸਾਲ ਪਹਿਲਾਂ ਸੜਕ ਹਾਦਸੇ ਵਿਚ ਇਸ ਜਹਾਨੋਂ ਤੁਰਦਾ ਬਣਿਆ। ਉਹਦੀ ਧੀ ਅੱਜਕੱਲ੍ਹ ਟ੍ਰਿਬਿਊਨ ਅਦਾਰੇ ਵਿਚ ਹੈ।

ਉਂਜ ਰਾਜਿੰਦਰ ਸੋਢੀ ਵੀ ਮੇਰੇ ਬਾਕੀ ਸਾਥੀਆਂ ਵਾਂਗ ਆਪਣੇ ਆਪ ਵਿਚ ਇਕ ਨਮੂਨਾ ਸੀ। ਜ਼ਿੰਦਗੀ ਬਾਰੇ ਉਹ ਬਹੁਤ ਹੀ ਆਸ਼ਾਵਾਦੀ ਸੀ। ਤਰਲੋਚਨ ਨੇ ਕਿਹਾ ਕਰਨਾ ਕਿ ਜੇ ਇਸ ਦੀ ਲੱਤ ਵੀ ਟੁੱਟ ਜਾਵੇ ਤਾਂ ਵੀ ਇਹ ਇਹੋ ਕਹੇਗਾ, ਚੰਗਾ ਹੋਇਆ ਹੁਣ ਚਾਰ ਦਿਨ ਬਹਿ ਕੇ ਕੁਝ ਪੜ੍ਹਾਂ-ਲਿਖਾਂਗਾ, ਨਹੀਂ ਐਵੇਂ ਸਾਰਾ ਦਿਨ ਕੁੱਤੇ-ਭਕਾਈ ਕਰੀ ਜਾਈਦੀ ਸੀ। 'ਪੰਜਾਬੀ ਟ੍ਰਿਬਿਊਨ' ਵਿਚ ਆਉਣ ਤੋਂ ਦੋ ਕੁ ਸਾਲ ਬਾਅਦ ਉਹ ਇਕ ਰਾਤ ਕਿਤਿਓਂ ਘੁੱਟ ਲਾ ਕੇ ਪਰਤ ਰਿਹਾ ਸੀ ਕਿ ਰਾਸਤੇ ਵਿਚ ਘਰਾਂ ਅੱਗੇ ਪਾਰਕ ਵਿਚ ਤੰਬੂਆਂ-ਕਨਾਤਾਂ ਹੇਠ ਵਿਆਹ ਦੀ ਕੋਈ ਪਾਰਟੀ ਚੱਲ ਰਹੀ ਸੀ। ਸੋਢੀ ਵੀ ਵਿਆਹ ਦੀ ਪਾਰਟੀ ਵਿਚ ਜਾ ਰਲਿਆ। ਵਿਆਹ ਵਿਚ ਕਿਸੇ ਨੂੰ ਕੀ ਪਤਾ ਲੱਗਣਾ ਸੀ! ਸੋਢੀ ਨੇ ਰੱਜ ਕੇ ਸ਼ਰਾਬ ਪੀਤੀ। ਲੋਕ ਨੱਚ ਰਹੇ ਸਨ ਤੇ ਨਾਲ ਉਹ ਵੀ ਨੱਚਣ ਲੱਗਾ। ਜਦੋਂ ਪਾਰਟੀ ਖਤਮ ਹੋਣ ਦਾ ਵੇਲਾ ਹੋਇਆ ਤਾਂ ਸੰਗੀਤ ਬੰਦ ਕਰ ਦਿੱਤਾ ਗਿਆ। ਸੋਢੀ ਨੇ ਰੌਲਾ ਪਾ ਲਿਆ, "ਵਾਜਾ ਚਲਾਓ...ਵਾਜਾ ਚਲਾਓ...।" ਪਹਿਲਾਂ ਤਾਂ ਕੁਝ ਲੋਕਾਂ ਨੇ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਪਰ ਜਦੋਂ ਸੋਢੀ ਨੇ ਲੋਰ ਵਿਚ ਆਏ ਨੇ ਕਿਸੇ ਦੇ ਘਸੁੰਨ ਜੜ ਦਿੱਤਾ, ਤਾਂ ਇਹ ਪੜਤਾਲ ਹੋਣੀ ਸ਼ੁਰੂ ਹੋ ਗਈ ਕਿ ਇਹ ਹੈ ਕੌਣ? ਸੱਚ ਪਤਾ ਲੱਗਣ 'ਤੇ ਘਰ ਵਾਲਿਆਂ ਨੇ ਸੋਢੀ ਦੀ ਚੰਗੀ ਮੁਰੰਮਤ ਕਰ ਦਿੱਤੀ। ਅਗਲੇ ਦਿਨ ਦਫਤਰ ਆਏ ਦਾ ਮੂੰਹ-ਸਿਰ ਸੁੱਜਿਆ ਵੇਖ ਸਾਥੀਆਂ ਪੁੱਛਿਆ, ਕੀ ਹੋਇਆ? ਤਾਂ ਜਵਾਬ ਸੀ-ਦਾਰੂ ਪੀਤੀ ਵਿਚ ਸਾਈਕਲ ਤੋਂ ਡਿੱਗ ਪਿਆ। ਉਸੇ ਸ਼ਾਮ ਤਰਲੋਚਨ ਨੇ ਦਾਰੂ ਦੇ ਚਾਰ ਪੈੱਗ ਪਿਆ ਕੇ ਸੋਢੀ ਤੋਂ ਸਾਰਾ ਸੱਚ ਕਢਵਾ ਲਿਆ ਪਰ ਰਾਜਿੰਦਰ ਸੋਢੀ ਦੇ ਆਸ਼ਾਵਾਦੀ ਤੇ ਸ਼ੁਗਲੀ ਸੁਭਾਅ ਵਿਚ ਇਹ ਇਕ ਨਵਾਂ ਕਾਂਡ ਜੁੜ ਗਿਆ।

ਮੇਰੇ ਇਨ੍ਹਾਂ ਸਾਥੀਆਂ ਦੇ ਵਹਿਬਤੀ ਜਾਂ ਮੁਲਾਮਤੀ ਹੋਣ ਦੀਆਂ ਗੱਲਾਂ ਚੱਲ ਹੀ ਪਈਆਂ ਹਨ ਤਾਂ ਚੰਗਾ ਰਹੇਗਾ ਕਿ ਇਨ੍ਹਾਂ ਦੀ ਸਿਰੇ ਦੀ ਗੱਲ ਵੀ ਸੁਣਾ ਹੀ ਦਿੱਤੀ ਜਾਵੇ। ਮੈਂ ਦੱਸ ਚੁੱਕਾ ਹਾਂ ਕਿ ਤਰਲੋਚਨ, ਮੂਹਰਜੀਤ, ਰਾਹੀ, ਰਜਿੰਦਰ ਸੋਢੀ ਸਾਰੇ ਸਿਰੇ ਦੇ ਨਮੂਨੇ ਜਾਂ ਕਲਾਕਾਰ ਸਨ ਅਤੇ ਦਾਰੂ ਪੀਣ ਦੀ ਵਾਦੀ ਵੀ ਸਾਰਿਆਂ ਨੂੰ ਇਕ ਦੂਜੇ ਤੋਂ ਵਧ ਕੇ ਸੀ। ਇਸ ਕਰ ਕੇ ਪੈਸੇ ਧੇਲੇ ਦੇ ਪੱਖੋਂ ਸਾਰੇ ਸਦਾ ਟੁੱਟੇ ਹੀ ਰਹਿੰਦੇ ਸਨ। 2 ਅਕਤੂਬਰ ਦਾ ਗਾਂਧੀ ਜਯੰਤੀ ਦਾ ਦਿਨ ਸੀ। ਸ਼ਹਿਰ ਦੇ ਸਾਰੇ ਠੇਕੇ ਬੰਦ ਸਨ ਪਰ ਸੈਕਟਰ 30 ਦੇ ਠੇਕੇ ਵਾਲੇ ਪਿਛੋਂ ਦੀ ਖਿੜਕੀ ਰਾਹੀਂ ਚੋਰੀ ਸ਼ਰਾਬ ਵੇਚੀ ਜਾਂਦੇ ਸਨ। ਤਰਲੋਚਨ ਕੋਲ ਯੈਜ਼ਦੀ ਮੋਟਰਸਾਈਕਲ ਹੁੰਦਾ ਸੀ। ਤਰਲੋਚਨ, ਰਾਹੀ ਤੇ ਸੋਢੀ ਨੇ ਪੈਸੇ ਪਾ ਕੇ ਸ਼ਰਾਬ ਦੀ ਬੋਤਲ ਲਈ। ਬੋਤਲ ਮੋਟਰਸਾਈਕਲ ਦੀ ਲੋਹੇ ਦੀ ਟੋਕਰੀ ਵਿਚ ਰੱਖੀ ਤੇ ਤਿੰਨੇ ਤਰਲੋਚਨ ਦੇ ਕਮਰੇ ਵੱਲ ਚੱਲ ਪਏ। ਰਾਸਤੇ ਵਿਚ ਮੋਟਰਸਾਈਕਲ ਟੋਏ ਵਿਚ ਵੱਜਾ ਅਤੇ ਬੋਤਲ ਟੁੱਟ ਗਈ। ਲੋਹੇ ਦੀ ਟੋਕਰੀ ਵਿਚੋਂ ਟੁੱਟੀ ਬੋਤਲ 'ਚੋਂ ਦਾਰੂ ਥੱਲੇ ਵਗਦੀ ਜਾਵੇ। ਹੁਣ ਤਿੰਨਾਂ ਕੋਲ ਨਾ ਤਾਂ ਹੋਰ ਪੈਸੇ ਸਨ ਤੇ ਨਾ ਹੀ ਹੋਰ ਦਾਰੂ ਮਿਲਣ ਦੀ ਸੰਭਾਵਨਾ ਸੀ। ਤਰਲੋਚਨ ਨੂੰ ਹੋਰ ਤਾਂ ਕੁਝ ਸੁੱਝੀ ਨਾ, ਉਹ ਮੋਟਰਸਾਈਕਲ ਦੀ ਟੋਕਰੀ ਥੱਲੇ ਮੂੰਹ ਖੋਲ੍ਹ ਕੇ ਲੰਮਾ ਪੈ ਗਿਆ ਤੇ ਤੁਪਕਾ-ਤੁਪਕਾ ਦਾਰੂ ਉਸ ਦੇ ਮੂੰਹ ਵਿਚ ਚੋਣ ਲੱਗ ਪਈ। ਇਹੋ ਕੁਝ ਫਿਰ ਦੂਜਿਆਂ ਕੀਤਾ। ਡੰਗ ਲਾਹੁਣ ਜੋਗੀ ਦਾਰੂ ਉਨ੍ਹਾਂ ਦੇ ਅੰਦਰ ਜਾ ਹੀ ਚੁੱਕੀ ਸੀ।

ਇਸ ਮਾਮਲੇ ਵਿਚ ਰਣਜੀਤ ਰਾਹੀ ਦੀ ਵੀ ਸੁਣ ਲਓ। ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ

## ਰੰਗ-ਬੇਰੰਗ

ਇਕ ਦਿਨ ਪੰਜਾਬੀ ਪਰੂਫ ਰੀਡਰਾਂ ਦੇ ਕਮਰੇ ਵਿਚ ਹੀ ਬੈਠਦੇ ਹਿੰਦੀ ਅਖਬਾਰ 'ਦੈਨਿਕ ਟ੍ਰਿਬਿਊਨ' ਦੇ ਕਿਸੇ ਮੁੰਡੇ ਨੇ ਚਿੜਾਉਣ ਲਈ ਸੰਤ ਭਿੰਡਰਾਂਵਾਲੇ 'ਤੇ ਕੋਈ ਗਲਤ ਟਿੱਪਣੀ ਕਰ ਦਿੱਤੀ। ਰਣਜੀਤ ਰਾਹੀ ਦਾ ਉਂਜ ਖਾੜਕੂ ਸਿਆਸਤ ਨਾਲ ਕੋਈ ਲਾਗਾ-ਦੇਗਾ ਨਹੀਂ ਸੀ ਪਰ ਖਿਝੇ ਹੋਏ ਨੇ ਇੰਦਰਾ ਗਾਂਧੀ ਅਤੇ ਸੰਤ ਭਿੰਡਰਾਂਵਾਲਿਆਂ ਬਾਰੇ ਨੋਕ-ਝੋਕ ਦੀ ਕਵਿਤਾ ਲਿਖ ਮਾਰੀ ਜਿਸ ਵਿਚ ਕੁਝ ਬੰਦ ਤਰਲੋਚਨ ਨੇ ਵੀ ਜੋੜ ਦਿਤੇ। ਇਸ ਕਵਿਤਾ ਦਾ ਪਾਠ ਉਹ ਹਿੰਦੀ ਵਾਲਿਆਂ ਨੂੰ ਸੁਣਾ-ਸੁਣਾ ਕੇ ਦਿਨ ਵਿਚ ਕਈ ਕਈ ਵਾਰ ਕਰਦੇ। ਇਹ ਲਿਖਤ ਹਾਜ਼ਰੀ ਵਾਲੇ ਰਜਿਸਟਰ ਵਿਚ ਹੀ ਪਈ ਹੁੰਦੀ। ਹਿੰਦੀ ਵਾਲੇ ਚਿੜਦੇ ਵੀ ਬਹੁਤ। ਕਵਿਤਾ ਦੇ ਅਰਥ ਕੁਝ ਇਸ ਤਰ੍ਹਾਂ ਬਣਦੇ ਸਨ ਕਿ ਜਦ ਤੱਕ ਸਾਡਾ ਜਰਨੈਲ ਸਿੰਘ ਜਿਉਂਦਾ ਰਿਹਾ, ਉਦੋਂ ਤੱਕ ਇੰਦਰਾ ਤੇਰਾ ਦਰਕ ਨਿਕਲਦਾ ਸੀ, ਅੱਜ ਤੂੰ ਰੋਹਬ ਪਾਉਂਦੀ ਏਂ। ਹੋਇਆ ਇਹ ਕਿ ਇਸ ਤੋਂ ਕੁਝ ਦਿਨ ਬਾਅਦ ਹੀ ਇੰਦਰਾ ਦਾ ਕਤਲ ਹੋ ਗਿਆ। ਫਿਰ ਦੋਵੇਂ ਉਹ ਕਾਗਜ਼ ਲਭਦੇ ਫਿਰਨ ਜਿਸ ਉਤੇ ਇਹ ਕਵਿਤਾ ਲਿਖੀ ਸੀ, ਮਤੇ ਕਿਸੇ ਦੇ ਹੱਥ ਆ ਜਾਵੇ!

ਇਨ੍ਹਾਂ ਸਾਥੀਆਂ ਬਾਰੇ ਗੱਲਾਂ ਕਰਦਿਆਂ ਇਹ ਦੱਸਣਾ ਕੁੱਥਾਂ ਨਹੀਂ ਹੋਵੇਗਾ ਕਿ ਪ੍ਰੇਮ ਗੋਰਖੀ ਤੋਂ ਬਗੈਰ ਸਾਡੀ ਰਾਮ ਕਹਾਣੀ ਵਿਚ ਆਏ ਬਾਕੀ ਪਾਤਰਾਂ ਵਿਚੋਂ ਕੋਈ ਵੀ ਜਗਤਾਰ ਸਿੱਧੂ ਕਿਆਂ ਦੀ ਮੁਲਾਜ਼ਮ ਯੂਨੀਅਨ ਦਾ ਮੈਂਬਰ ਨਹੀਂ ਸੀ। ਹਾਂ, ਸੱਚ ਯਾਦ ਆ ਗਿਆ। ਸਾਡਾ ਇੱਕ ਹੋਰ ਪੁਰਾਣਾ ਸਾਥੀ ਸੀ, ਗੁਰਦੇਵ ਸਿੰਘ ਭੁੱਲਰ। ਉਹ ਸਿੱਧੂ ਹੋਰਾਂ ਦਾ ਚੇਲਾ ਤਾਂ ਜ਼ਰੂਰ ਸੀ ਪਰ ਉਸ ਨੇ ਕਦੀ ਕਿਸੇ ਦਾ ਮਨ ਨਹੀਂ ਸੀ ਦੁਖਾਇਆ। ਉਸ ਦਾ ਪਿੰਡ ਮੁਹਾਲੀ ਨਜ਼ਦੀਕ ਧਰਮਗੜ੍ਹ ਹੈ। ਪੰਜਾਬੀ ਦੀ ਐਮ.ਏ. ਕਰਦਿਆਂ ਉਹ ਮੈਥੋਂ ਇਕ ਸਾਲ ਸੀਨੀਅਰ ਸੀ। ਪਿਛਲੇ ਸਾਲ ਉਹ ਅਤੇ ਰਾਹੀ ਇਕੱਠੇ ਹੀ 'ਪੰਜਾਬੀ ਟ੍ਰਿਬਿਊਨ' ਤੋਂ ਚੀਫ ਸਬ ਐਡੀਟਰ ਵਜੋਂ ਰਿਟਾਇਰ ਹੋਏ। ਭੁੱਲਰ ਦਾ ਜ਼ਿਕਰ ਕਰਦਿਆਂ ਮੈਨੂੰ ਖੁਸ਼ਵੰਤ ਸਿੰਘ ਵੱਲੋਂ ਅੰਮ੍ਰਿਤਾ ਪ੍ਰੀਤਮ ਬਾਰੇ ਕਿਹਾ ਫਿਕਰਾ ਯਾਦ ਆ ਰਿਹਾ ਹੈ ਕਿ ਅੰਮ੍ਰਿਤਾ ਦੀ ਜ਼ਿੰਦਗੀ ਇੰਨੀ ਸੰਜਮੀ ਸੀ ਕਿ 'ਰਸੀਦੀ ਟਿਕਟ' ਉਤੇ ਲਿਖੀ ਜਾ ਸਕਦੀ ਸੀ। ਭੁੱਲਰ ਬਾਰੇ ਵੀ ਇਹ ਗੱਲ ਆਖੀ ਜਾ ਸਕਦੀ ਹੈ। ਉਹ ਕਦੀ ਕਿਸੇ ਮਾੜੀ ਚੰਗੀ ਵਿਚ ਬਹੁਤਾ ਨਹੀਂ ਸੀ ਆਇਆ। ਸ਼ਾਇਦ ਇਸੇ ਕਰ ਕੇ ਸਾਥੀ ਉਸ ਨੂੰ ਜਲਦੀ ਹੀ ਸੀਨੀਅਰ ਸਿਟੀਜ਼ਨ ਕਹਿਣ ਲੱਗ ਪਏ ਸਨ। ਗੁਰਦੇਵ ਭੁੱਲਰ ਸ਼ਿਕਾਗੋ ਵਸਦੇ ਪੰਜਾਬੀ ਹੈਰੀਟੇਜ਼ ਆਰਗੇਨਾਈਜੇਸ਼ਨ ਦੇ ਸਾਬਕਾ ਪ੍ਰਧਾਨ ਪਰਸ਼ਨ ਸਿੰਘ ਮਾਨ ਦਾ ਜੀਜਾ ਹੈ।

ਸਾਡਾ ਇਕ ਹੋਰ ਸਾਥੀ ਮਨਜੀਤ ਸਿੰਘ ਕਾਪੀ ਹੋਲਡਰ ਸੀ। ਬੜਾ ਨਿਰਮਲ ਅਤੇ ਨਿਰਛਲ। ਉਹ ਵੀ ਕਦੇ ਕਿਸੇ ਚੰਗੀ-ਮਾੜੀ ਵਿਚ ਆਉਂਦਾ ਹੀ ਨਹੀਂ ਸੀ। ਚਿਰਾਂ ਬਾਅਦ ਉਹਦੀ ਪਲੇਠੀ ਧੀ




ਜਦੋਂ ਪੱਤਰਕਾਰੀ ਦਾ ਕੋਰਸ ਕਰ ਕੇ ਵਿਦਿਆਰਥੀਆਂ ਲਈ ਜ਼ਰੂਰੀ ਲੋੜੀਂਦੀ ਟ੍ਰੇਨਿੰਗ ਲਈ ਟ੍ਰਿਬਿਊਨ ਅਦਾਰੇ ਵਿਚ ਆਈ ਤਾਂ ਅਦਾਰੇ ਵਾਲਿਆਂ ਉਹਦਾ ਚੰਗਾ ਕੰਮ ਭਾਂਪਦਿਆਂ ਉਹਦੇ ਹੱਥ 'ਨਿਯੁਕਤੀ ਪੱਤਰ' ਫੜਾ ਦਿੱਤਾ। ਸੁਣਿਆ ਹੈ, ਅੱਜਕੱਲ੍ਹ ਮਨਜੀਤ ਕੁਝ ਢਿੱਲਾ-ਮੱਠਾ ਰਹਿੰਦਾ ਹੈ, ਇਹ ਵੀ ਕਿ ਉਸ ਦੀ ਇਸ ਢਿੱਲ-ਮੱਠ ਦਾ ਕਾਰਨ ਪਰੂਫ ਰੀਡਿੰਗ ਸੈਕਸ਼ਨ ਦੀ ਅੰਦਰਲੀ ਖਿੱਚੋਤਾਣ ਹੈ। ਖੈਰ!

'ਪੰਜਾਬੀ ਟ੍ਰਿਬਿਊਨ' ਦੀਆਂ ਕੁਝ ਹੋਰ ਯਾਦਾਂ ਅਗਲੀ ਵਾਰ।

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਚਲੋ ਇੱਲਾਂ ਤਾਂ ਗਈਆਂ ਪਰ...

***ਬੰਦਾ ਮਰਦਾ ਉਦੋਂ ਹੈ ਜਦੋਂ ਜ਼ਮੀਰ ਮਰ ਜਾਂਦੀ ਹੈ। ਹਾਰ ਉਦੋਂ ਝੱਲਣੀ ਔਖੀ ਹੁੰਦੀ ਹੈ ਜਦੋਂ ਮੁਕੱਦਰ ਸਾਥ ਨਾ ਦੇਣ ਅਤੇ ਤਕਦੀਰ ਹੱਥ ਖੜ੍ਹੇ ਕਰ ਜਾਵੇ। ਜਿਹੜੇ ਬਿਨਾਂ ਕੰਮ ਤੋਂ ਰੁੱਝੇ ਹੋਣ ਦਾ ਪਾਖੰਡ ਕਰਦੇ ਨੇ, ਉਨ੍ਹਾਂ ਨੂੰ ਵਕਤ ਦੇ ਥਪੇੜਿਆਂ ਨੇ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਕਰਨਾ ਹੁੰਦਾ ਹੈ। ਹਾਲੇ ਤਕ ਪਜਾਮੇ ਦੀ ਹੀ ਨਿੱਕਰ ਬਣੀ ਹੈ; ਕਿਸੇ ਤੋਂ ਵੀ ਕਛਹਿਰੇ ਤੋਂ ਪਜਾਮਾ ਬਣਾਉਣ ਦਾ ਯਤਨ ਸਫ਼ਲ ਨਹੀਂ ਹੋਇਆ। ਇਕ ਪ੍ਰੇਮੀ ਨੇ ਇਕ ਵਿਦਵਾਨ ਨੂੰ ਪੁੱਛਿਆ, ਮੈਂ ਆਪਣੀ ਪ੍ਰੇਮਿਕਾ ਨੂੰ ਤੋਹਫ਼ਾ ਕੀ ਦਿਆਂ; ਤਾਂ ਉਹਨੇ ਜਵਾਬ ਦਿੱਤਾ, 'ਜੀਹਦੇ ਨਾਲ ਤੂੰ ਉਹਨੂੰ ਸਾਰੀ ਉਮਰ ਲਈ ਆਪਣੀ ਬਣਾ ਸਕੇਂ।' ਇਸ ਦੁਨੀਆਂ ਵਿਚ ਫ਼ਿਕਰ, ਚਿੰਤਾਵਾਂ ਤੇ ਬੀਮਾਰੀਆਂ ਤੋਂ ਮੁਕਤ ਕੌਣ ਨੇ? ਤਾਂ ਉਤਰ ਹੋਵੇਗਾ, ਇਹ ਸਾਰੀਆਂ ਲੱਗੀਆਂ ਹੀ ਮਨੁੱਖ ਨੂੰ ਹਨ। ਮਨੁੱਖ ਤੋਂ ਸਿਵਾਏ ਦੁਨੀਆਂ ਦਾ ਹਰ ਜੀਵ ਆਨੰਦਮਈ ਅਵਸਥਾ ਵਿਚ ਹੈ ਤੇ ਕਿਤੇ ਪ੍ਰੇਸ਼ਾਨ ਹੋਇਆ ਹੈ ਤਾਂ ਮਨੁੱਖ ਦੇ ਧੱਕੇ ਤੇ ਸ਼ੈਤਾਨੀਆਂ ਕਰਕੇ। ਜਿਹੜੇ ਪਤੀ-ਪਤਨੀ ਸਾਰੀ ਉਮਰ ਮਾਂ-ਪਿਉ ਨਹੀਂ ਬਣ ਸਕੇ, ਉਨ੍ਹਾਂ ਦੀ ਨਬਜ਼ ਤਾਂ ਚੱਲਦੀ ਰਹੀ ਪਰ ਸਾਹ ਨ੍ਹੀਂ ਆਇਆ। ਜੇ ਮਰਦਾਨਾ ਤਾਕਤ ਵੰਡਣ ਵਾਲੇ ਡਾਕਟਰਾਂ ਦੀ ਗਿਣਤੀ ਵਧੀ ਹੈ ਤਾਂ ਯਕੀਨਨ ਮਨੁੱਖ ਦੇ ਮਰਦ ਨਾ ਹੋਣ ਦੀਆਂ ਗੱਲਾਂ ਸੱਚੀਆਂ ਹਨ; ਪਰ ਜਿਹੜੇ ਮਰਦ ਨਹੀਂ ਰਹੇ, ਉਨ੍ਹਾਂ ਨੂੰ ਸਮਾਜ ਠੋਡੇ ਨਹੀਂ, ਧੱਕੇ ਮਾਰ-ਮਾਰ ਜ਼ਖ਼ਮੀ ਕਰਦਾ ਆਇਆ ਹੈ। ਪਤਨੀ ਦੀਆਂ ਨਜ਼ਰਾਂ ਵਿਚ ਪਤੀ ਦਾ ਸਤਿਕਾਰ ਉਹਦੇ ਮਰਦ ਹੋਣ ਦੀ ਨਿਸ਼ਾਨੀ ਹੇਠ ਹੀ ਛੁਪਿਆ ਹੋਇਆ ਹੈ, ਵਰਨਾ ਉਹਨੂੰ ਵਿਧਵਾ ਹੋਣ ਦਾ ਵੀ ਝੋਰਾ ਨਹੀਂ ਹੋਵੇਗਾ। ਕਈ ਬੰਦੇ ਆਪ ਭ੍ਰਿਸ਼ਟ ਨਹੀਂ ਹੁੰਦੇ ਪਰ ਉਹ ਦੂਜਿਆਂ ਨੂੰ ਭ੍ਰਿਸ਼ਟ ਕਰਨ ਦਾ ਸਬੱਬ ਜ਼ਰੂਰ ਬਣਦੇ ਹਨ। ਸੁੱਕ ਕੇ ਭਾਂਬੜ ਵਾਂਗ ਮਚਣ ਦਾ ਯਤਨ ਕਰੋ, ਗਿੱਲੀਆਂ ਲੱਕੜਾਂ ਵਿਚੋਂ ਸਿਰਫ਼ ਧੂੰਆਂ ਹੀ ਨਿਕਲਦਾ ਹੈ। ਕਿਸੇ ਨੇ ਠੱਗੀ ਮਾਰੀ ਹੋਵੇ, ਕੋਈ ਲੁੱਟਿਆ ਗਿਆ ਹੋਵੇ ਤਾਂ ਆਮ ਕਹਿ ਦਿੰਨੇ ਆਂ, 'ਇਹਦੇ ਮੋਟਾ ਟੀਕਾ ਲੱਗੇ' ਪਰ ਜਿਹੜਾ ਟੀਕਾ ਤੁਹਾਡੇ ਲੱਗਾ ਹੋਇਐ, ਲੱਗ ਰਿਹੈ, ਉਹਦੀ ਸੂਈ ਬਾਹਰ ਹੈ ਅਤੇ ਦਵਾਈ ਅੰਦਰ ਚਲੇ ਗਈ ਹੈ। ਵਿਚਾਰ ਕੇ ਵੇਖੋ, ਗੱਲ ਠੀਕ ਨ੍ਹੀਂ ਲੱਗਦੀ...***

***ਐਸ ਅਸ਼ੋਕ ਭੌਰਾ ਦਾ ਇਹ ਲੇਖ ਪੰਜਾਬ ਟਾਈਮਜ਼ ਦੇ ਕੁਝ ਪਾਠਕਾਂ ਵਲੋਂ ਵਾਰ ਵਾਰ ਜੋਰ ਦੇਣ ਉਤੇ ਅਸੀਂ ਮੁੜ ਛਾਪ ਰਹੇ ਹਾਂ ਹਾਲਾਂਕਿ ਅਦਾਰੇ ਦੀ ਆਮ ਰਵਾਇਤ ਲੇਖ ਦੁਬਾਰਾ ਨਾ ਛਾਪਣ ਦੀ ਹੈ। ਉਮੀਦ ਹੈ ਪਾਠਕ ਇਸ ਲੇਖ ਨੂੰ ਮੁੜ ਪੜ੍ਹਨਾ ਪਸੰਦ ਕਰਨਗੇ। -ਸੰਪਾਦਕ***

ਪੰਛੀ ਆਸਮਾਨ ਵਿਚ ਉਡਦੇ ਹਨ ਪਰ ਰਹਿੰਦੇ ਦਰਖ਼ਤਾਂ 'ਤੇ ਹਨ। ਆਪਣੇ ਆਪ ਨੂੰ ਵਿਕਸਤ ਹੋਣ ਦੇ ਭਰਮ ਵਿਚ ਮਨੁੱਖ ਜਦੋਂ ਦਾ ਅੰਬਰੀ ਉਡਾਰੀਆਂ ਮਾਰਨ ਦੀ ਗੱਲ ਕਰ ਰਿਹਾ ਹੈ, ਧਰਤੀ ਨਾਲੋਂ ਲਗਾਤਾਰ ਟੁੱਟਦਾ ਜਾ ਰਿਹਾ ਹੈ। ਇਸੇ ਲਈ ਮੋਹ ਘਟਦਾ ਜਾ ਰਿਹਾ ਹੈ, ਈਰਖਾ ਵਧ ਰਹੀ ਹੈ ਅਤੇ ਪਿਆਰ ਮੁੱਕ ਰਿਹਾ ਹੈ। ਜਿਸ ਵਿਗਿਆਨ ਦੀ ਤਰੱਕੀ ਨੂੰ ਵੇਖ ਕੇ ਕੱਛਾਂ ਵਜਾ ਰਹੇ ਹਾਂ, ਉਸ ਵਿਗਿਆਨ ਨੇ ਤਬਾਹ ਵੀ ਬੜਾ ਕੁਝ ਕਰ ਦਿੱਤਾ ਹੈ। ਬੀਮਾਰੀਆਂ ਵਧਦੀਆਂ ਹੀ ਜਾ ਰਹੀਆਂ ਹਨ, ਨਵੀਆਂ ਆ ਰਹੀਆਂ ਹਨ। ਚਿੰਤਾਵਾਂ ਘਟੀਆਂ ਨਹੀਂ ਅਤੇ ਤਣਾਓ ਵਿਚ ਹਰ ਮਨੁੱਖ ਡੁੱਬਿਆ ਪਿਆ ਹੈ। ਪੈਸਾ ਹਰ ਯੁੱਗ ਵਿਚ ਪ੍ਰਧਾਨ ਰਿਹਾ ਹੈ ਪਰ ਜਦੋਂ ਦਾ ਇਹ ਚੇਅਰਮੈਨ ਬਣ ਗਿਆ ਹੈ, ਆਪਣੇ-ਪਰਾਏ ਤੇ ਰਿਸ਼ਤੇ-ਨਾਤਿਆਂ ਦੀਆਂ ਪਸਲੀਆਂ ਭੰਨ ਸੁੱਟੀਆਂ ਹਨ। ਸੁੱਤੀ ਪਈ ਕਿਸਮਤ ਨੂੰ ਜਗਾਉਣ ਲਈ ਆਲ-ਪਤਾਲ ਹੱਥ ਮਾਰੇ ਜਾ ਰਹੇ ਹਨ। ਸੱਚ ਇਹ ਹੈ ਕਿ ਅਸੀਂ ਜ਼ਿੰਦਗੀ ਨੂੰ ਲੰਮਾ ਕਰਨ ਵਿਚ ਰੁੱਝੇ ਪਏ ਹਾਂ ਪਰ ਜਿਉਣ ਦਾ ਸਾਨੂੰ ਇਕ ਦਿਨ ਵੀ ਮੌਕਾ ਨਹੀਂ ਮਿਲਦਾ। ਮਨੁੱਖ ਰੱਬ ਤੋਂ ਮੁੱਢ-ਕਦੀਮ ਤੋਂ ਭੁੱਖਿਆਂ ਵਾਂਗ ਮੰਗਦਾ ਹੀ ਆਇਆ ਹੈ ਪਰ ਉਸ ਨੇ ਆਮ ਕੁਦਰਤ ਜਾਂ ਰੱਬ ਨਾਲ ਜਿਸ ਤਰ੍ਹਾਂ ਦੀ ਧੱਕਾ-ਮੁੱਕੀ ਕੀਤੀ ਹੈ, ਉਹਦਾ ਹਰਜਾਨਾ ਕਿੰਨਾ ਭਰਨਾ ਪਵੇਗਾ, ਇਹ ਗੱਲ ਚੇਤੇ ਵਿਚੋਂ ਵਿਸਾਰ ਦਿੱਤੀ ਹੈ। ਹਾਲਾਤ ਦਾ ਤਕਾਜ਼ਾ ਇਹ ਹੈ ਕਿ ਰਾਂਝਾ ਸੱਸੀ ਨੂੰ ਲੱਭਣ ਨਿਕਲਿਆ ਹੋਇਐ ਤੇ ਮਿਰਜ਼ਾ ਲੈਲਾ ਨੂੰ ਭਾਲ ਰਿਹੈ!

ਇਹ ਫ਼ਾਰਮੂਲਾ ਜਾਂ ਸਿਧਾਂਤ ਹੁਣ ਸ਼ਾਇਦ ਕਿਸੇ 'ਤੇ ਹੀ ਲਾਗੂ ਹੁੰਦਾ ਹੋਵੇ ਕਿ 'ਜਿੰਨੀ ਬੀਤੀ ਚੰਗੀ ਬੀਤੀ' ਕਿਉਂਕਿ ਜਿਸ ਪ੍ਰਦੂਸ਼ਤ ਆਬੋ-ਹਵਾ ਵਿਚ ਅਸੀਂ ਸਾਹ ਲੈ ਰਹੇ ਹਾਂ, ਉਹਦੇ ਵਿਚ ਚੰਗੀ ਬੀਤਣ ਦੇ ਆਸਾਰ ਬਚੇ ਹੀ ਕਿੱਥੇ ਹਨ? ਮਾਨਵ ਜਾਤੀ ਵਰਤਮਾਨ ਯੁੱਗ ਨੂੰ 'ਕਲਯੁੱਗ' ਕਹਿ ਕੇ ਮਨ ਨੂੰ ਸਮਝਾ ਰਹੀ ਹੈ ਕਿ ਹਾਲੇ ਬਹੁਤ ਕੁਝ ਮਾੜਾ ਵਾਪਰਨ ਦੇ ਸੰਸੇ ਹਨ। ਸਾਡੇ ਪਿੰਡ ਦਾ ਇਕ ਬਜ਼ੁਰਗ ਹਾਲ ਹੀ ਵਿਚ ਇਕ ਸੌ ਚਾਰ ਵਰ੍ਹਿਆਂ ਦੀ ਉਮਰ ਭੋਗ ਕੇ ਪੂਰਾ ਹੋਇਆ ਹੈ। ਪਿਛਲੀ ਸਾਰੀ ਸਦੀ ਦਾ ਉਸ ਨੇ ਸਵਾਦ ਵੇਖਿਆ ਹੈ। ਮੈਂ ਉਸ ਬਜ਼ੁਰਗ ਦੀ ਬਹੁਤ ਸੰਗਤ ਕੀਤੀ ਹੈ। ਸੰਨ 1979 ਵਿਚ ਜਦੋਂ ਮੈਂ ਕਾਲਜ ਪੜ੍ਹਨ ਲੱਗਾ, ਉਹ ਬੋਹੜ ਹੇਠ ਬੈਠ ਕੇ 'ਜ਼ਿੰਦਗੀ ਬਿਲਾਸ' ਪੜ੍ਹ ਕੇ ਸੁਣਾਉਂਦਿਆਂ ਕਲਯੁੱਗ ਦੀਆਂ ਗੱਲਾਂ ਵੀ ਕਰਿਆ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਮੈਂ ਪੁੱਛਿਆ ਕਿ ਕਲਯੁੱਗ ਦੀ ਕਿਆ ਸਥਿਤੀ ਹੈ ਤਾਂ ਉਹਦਾ ਜਵਾਬ ਹੁੰਦਾ ਸੀ 'ਹਾਲੇ ਛਿਲੇ ਵਿਚ ਹੈ।' ਯਾਨੀ ਕਿ ਸਵਾ ਮਹੀਨੇ ਤੋਂ ਵੀ ਘੱਟ। ਉਦੋਂ ਸਾਰੇ ਇਲਾਕੇ ਵਿਚ ਇਕ ਪਿੰਡ ਦਾ ਮੁੰਡਾ ਚਾਚੇ ਦੀ ਕੁੜੀ ਉਧਾਲ ਕੇ ਲੈ ਗਿਆ ਸੀ ਅਤੇ ਪਿਉ ਨੇ ਜ਼ਮੀਨੀ ਲਾਲਚ ਵਿਚ ਪੁੱਤਰ ਵੱਢ ਸੁੱਟਿਆ ਸੀ। ਮੇਰਾ ਅਗਲਾ ਸਵਾਲ ਸੀ, 'ਕਲਯੁੱਗ ਦੀ ਸਿਖ਼ਰ ਕੀ ਹੋਵੇਗੀ?' ਫਿਰ ਉਹ ਆਖਦਾ ਹੁੰਦਾ ਸੀ, 'ਜਦੋਂ ਤੇਰਾਂ ਸਾਲਾਂ ਦੀ ਬੱਚੀ ਦੀ ਗੋਦ ਵਿਚ ਬੱਚਾ ਖੇਡਣ ਲੱਗ ਪਵੇਗਾ।' ਨਵੀਂ ਸਦੀ ਦੇ ਚੜ੍ਹਨ ਵਾਲੇ ਮਹੀਨੇ ਵਿਚ ਜਦੋਂ ਉਸ ਬਜ਼ੁਰਗ ਨੂੰ ਇਹ ਖ਼ਬਰ ਅਖ਼ਬਾਰ ਵਿਚੋਂ ਪੜ੍ਹ ਕੇ ਸੁਣਾਈ ਕਿ ਬਾਰਾਂ ਸਾਲਾਂ ਦੀ ਕੁੜੀ ਦੇ ਬੱਚਾ ਹੋ ਗਿਆ ਹੈ ਤੇ ਨਾਲ ਪੁੱਛਿਆ, 'ਹੁਣ ਕਲਯੁੱਗ ਦੀ ਉਮਰ ਕਿੰਨੀ ਹੋ ਗਈ?' ਤੇ ਜਦੋਂ ਉਹਨੇ ਕਿਹਾ, 'ਹਾਲੇ ਤਾਂ ਰੁੜ੍ਹਨ ਵੀ ਨਹੀਂ ਲੱਗਾ।' ਤੇ ਬਜ਼ੁਰਗ ਦੇ ਕਹਿਣ ਵਾਂਗ ਜੇ ਕਲਯੁੱਗ ਹਾਲੇ ਸੱਚੀਂ ਨਿਆਣਾ ਹੀ ਹੈ ਤੇ ਧਰਤੀ 'ਤੇ ਪਾਪ ਦੀ ਹਨ੍ਹੇਰੀ ਵਗਣ ਲੱਗ ਪਈ ਹੈ, ਫਿਰ ਜਦੋਂ ਜਵਾਨ ਤੇ ਬੁੱਢਾ ਹੋਇਆ ਤਾਂ ਕੀ ਬਣੇਗਾ? ਤੇ ਨਾਲ ਹੀ ਇਹ ਵੀ ਖ਼ਿਆਲ ਆਇਆ ਕਿ ਜੇ ਭਾਰਤ ਜਾਂ ਪਾਕਿਸਤਾਨ ਨੇ ਪ੍ਰਮਾਣੂ ਬੰਬ ਚਲਾਏ ਤਾਂ ਫਿਰ ਕਲਯੁੱਗ ਵੀ ਛੇਤੀ ਅਕਾਲ ਚਲਾਣਾ ਕਰ ਜੂ। ਖ਼ੈਰ! ਬੱਚੀਆਂ ਦੇ ਬੱਚੇ ਹੋਣ ਦੀ ਅਨੋਖੀ ਗੱਲ ਅਗਲੀਆਂ ਘਟਨਾਵਾਂ ਤੋਂ ਪਤਾ ਲੱਗ ਜਾਵੇਗੀ ਕਿ ਇਹ ਹਾਲਾਤ ਦੀ ਦੇਣ ਨਹੀਂ, ਵਿਗਿਆਨ ਦੀ ਤਰੱਕੀ ਦਾ ਕਾਰਾ ਹੈ।

ਇਕ ਮਿੱਤਰ ਨੇ ਪਿੱਛੇ ਜਿਹੇ ਸਵਾਲ ਕੀਤਾ ਕਿ 'ਭਲਾ ਪੰਜਾਬ ਵਿਚੋਂ ਇੱਲਾਂ ਕਿੱਥੇ ਗਈਆਂ?' ਮੈਂ ਖਿਝ ਕੇ ਕਿਹਾ, 'ਮਰ ਗਈਆਂ, ਮੁੱਕ ਗਈਆਂ ਇੱਲਾਂ ਦਾ ਝੋਰਾ ਛੱਡ ਮਿੱਤਰਾ ਜੋ ਹੋਰ ਬਹੁਤ ਕੁਝ ਜਾਣ ਵਾਲਾ ਹੈ, ਉਹਦੀ ਚਿੰਤਾ ਕਰੋ।' ਤੇ ਉਹਨੇ ਬੜੀ ਉਤਸੁਕਤਾ ਨਾਲ ਕਿਹਾ, 'ਮੈਂ ਤਾਂ ਇੱਲਾਂ ਬਾਰੇ ਸਾਧਾਰਨ ਸਵਾਲ ਕੀਤੈ, ਤੂੰ ਹੋਰ ਬਾਰੇ ਤਾਂ ਦੱਸ?' ਘਟਨਾਵਾਂ ਤੁਹਾਡੀਆਂ ਅੱਖਾਂ ਸਾਹਮਣੇ ਵਾਪਰ ਰਹੀਆਂ ਪਰ ਰਾਜਨੀਤਕ ਤੰਤਰ ਨੇ ਆਮ ਲੋਕਾਂ ਨੂੰ ਅਜਿਹਾ 'ਹਿਪਨੋਟਾਈਜ਼ ਕੀਤਾ ਹੋਇਐ ਕਿ ਬੰਦਾ ਉਲੂ ਨੂੰ ਕਾਂ ਕਹਿਣ ਦੀ ਗੁਸਤਾਖ਼ੀ ਕਰੀ ਜਾ ਰਿਹੈ। ਖ਼ੈਰ! ਉਸ ਮਿੱਤਰ ਦੇ ਪਹਿਲੇ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਦੇ ਹਾਂ ਤੇ ਹੋਰ ਕੀ ਹੋਣ ਵਾਲੈ, ਇਹਦੇ ਬਾਰੇ ਇਸ ਤੋਂ ਪਿੱਛੋਂ।

ਪਸ਼ੂਆਂ ਦੇ ਸ਼ਮਸ਼ਾਨਘਾਟ ਨੂੰ ਹੱਡਾ-ਰੋੜੀ ਆਖਦੇ ਹਨ ਤੇ ਇੱਲਾਂ ਦੇ ਦਰਸ਼ਨ ਵਧੇਰੇ ਕਰਕੇ ਇਥੇ ਹੀ ਹੋਇਆ ਕਰਦੇ ਸਨ। ਹੱਡਾ-ਰੋੜੀਆਂ ਤਾਂ ਹਾਲੇ ਹੈਗੀਆਂ ਪਰ ਇੱਲਾਂ ਦੀ ਹੋਂਦ ਮੁੱਕ ਗਈ ਹੈ। ਕਿਉਂ? ਸ਼ਾਇਦ ਇਸ ਕਿਉਂ ਬਾਰੇ ਕਿਸੇ ਨੇ ਸੋਚਿਆ ਹੀ ਨਹੀਂ ਹੋਵੇਗਾ। ਪਹਿਲਾਂ-ਪਹਿਲ ਜਦੋਂ ਮੱਝਾਂ-ਗਾਵਾਂ ਦੇ ਕੱਟ੍ਹ-ਵੱਛ ਮਰ ਜਾਂਦੇ ਸਨ ਜਾਂ ਉਂ ਕਈ ਵਾਰ ਭੁੱਖਣ-ਭਾਣਾ ਜਾਂ ਕੋਡ ਪਸ਼ੂ ਦੁੱਧ ਦੇਣ ਤੋਂ ਭੰਨ-ਤੜੱਕੇ ਕਰਨ ਲੱਗ ਪੈਂਦਾ ਸੀ ਤਾਂ ਆਟੇ ਦੇ ਪੇੜੇ ਨਾਲ ਜਾਂ ਹਰਾ ਚਾਰਾ ਵਧ ਪਾ ਕੇ, ਚਾਰੇ 'ਤੇ ਆਟਾ ਪਾ ਕੇ ਪਸ਼ੂ ਨੂੰ ਵਰਾ ਲਿਆ ਜਾਂਦਾ ਸੀ ਪਰ ਵਿਗਿਆਨ ਨੇ ਜਦੋਂ ਇਸ ਸਮੱਸਿਆ ਦਾ ਹੱਲ ਕੀਤਾ ਤਾਂ ਇਹ ਵਿਚਾਰੀਆਂ ਇੱਲਾਂ ਦੀ ਹੋਂਦ ਹੀ ਖ਼ਤਮ ਕਰ ਗਿਆ ਹੈ। ਇਹ ਹੱਲ ਸੀ ਟੀਕੇ ਦੇ ਰੂਪ ਵਿਚ ਜਿਸ ਨੂੰ ਨਾਂ ਦਿੱਤਾ ਗਿਆ ਔਕਸੀਟੋਸਿਨ। ਪਹਿਲੇ ਝੱਬੇ ਤਾਂ ਬੰਦਾ ਸੋਚਦੈ ਕਿ ਟੀਕੇ ਦਾ ਸਬੰਧ ਇੱਲਾਂ ਨਾਲ ਕੀ? ਇਹ ਦੁੱਧ ਉਤਾਰਨ ਵਾਲਾ ਟੀਕਾ ਹੈ।

ਤੇ ਜਦੋਂ ਦੀ ਪੰਜਾਬ ਦੀ ਚਿੱਟੀ ਕ੍ਰਾਂਤੀ ਗੁੱਜਰਾਂ ਦੇ ਹੱਥਾਂ ਵਿਚ ਚਲੇ ਗਈ ਹੈ, ਇਸ ਟੀਕੇ ਦੀ ਵਰਤੋਂ ਆਮ ਗੱਲ ਹੋ ਗਈ ਹੈ। ਜਦੋਂ ਇਹ ਟੀਕਾ ਮੱਝ ਜਾਂ ਗਾਂ ਦੇ ਲੱਗਦਾ ਹੈ ਤਾਂ ਉਨ੍ਹਾਂ ਦੇ ਹਾਰਮੋਨਜ਼ ਇੰਨੇ ਵਧ ਜਾਂਦੇ ਨੇ ਕਿ ਕੋਡ ਪਸ਼ੂ ਵੀ ਥਣਾਂ 'ਤੇ ਫਿਰਦੇ ਹੱਥਾਂ ਨਾਲ ਆਨੰਦਮਈ ਤੇ ਇਸ਼ਕਈ ਲੁਤਫ਼ ਵਿਚ ਇਕ ਤਰ੍ਹਾਂ ਨਾਲ ਮਸਤ ਹੋ ਜਾਂਦਾ ਹੈ। ਤੇ ਮੱਝਾਂ-ਗਾਵਾਂ ਦੇ ਹਾਰਮੋਨਜ਼ ਇਸ ਟੀਕੇ ਨਾਲ ਇੰਨੇ ਵਧ ਗਏ ਕਿ ਜਦੋਂ ਉਹ ਮਰ ਕੇ ਹੱਡਾ-ਰੋੜੀ ਗਈਆਂ ਤਾਂ ਉਨ੍ਹਾਂ ਦਾ ਮਾਸ ਤਾਂ ਵਿਚਾਰੀਆਂ ਇੱਲਾਂ ਨੇ ਹੀ ਖਾਣਾ ਸੀ! ਤੇ ਨਤੀਜਾ ਇਹ ਨਿਕਲਿਆ ਕਿ ਮਾਦਾ ਇੱਲਾਂ ਤਾਂ ਇਹ ਮਾਸ ਖਾ ਕੇ ਹੋਰ ਤਕੜੀਆਂ ਹੋ ਗਈਆਂ ਤੇ ਨਰ ਇੱਲ ਨੂੰ ਮੇਲ ਦੀ ਥਾਂ ਫ਼ੀਮੇਲ ਹਾਰਮੋਨਜ਼ ਮਿਲਦੇ ਗਏ। ਤੇ ਭਾਣਾ ਇਹ ਵਰਤਿਆ ਕਿ ਨਰ ਇੱਲ ਫਿਰ ਇਨ੍ਹਾਂ ਹਾਰਮੋਨਜ਼ ਕਰਕੇ ਨਿਪੁੰਸਕ ਹੁੰਦੇ ਗਏ। ਫਿਰ ਭੋਲੀਆਂ ਜਿੰਨੀਆਂ ਇੱਲਾਂ ਨੇ ਬੱਚੇ ਕਿੱਥੋਂ ਦੇਣੇ ਸਨ। ਹੌਲੀ-ਹੌਲੀ ਜਿੰਨੀਆਂ ਕੁ ਇੱਲਾਂ ਸਨ, ਉਹ ਖ਼ਤਮ ਹੀ ਹੋ ਗਈਆਂ ਨੇ ਜਾਂ ਫਿਰ ਅਫ਼ਗਾਨਿਸਤਾਨ ਜਾਂ ਚੀਨ ਚਲੇ ਗਈਆਂ ਹਨ।

ਇਸ ਗੱਲ ਨੂੰ ਆਪਾਂ ਸਾਧਾਰਨ ਜਿਹੀ ਘਟਨਾ ਮੰਨ ਕੇ ਸੋਚਾਂਗੇ ਕਿ ਚਲੋ ਇੱਲਾਂ ਨਹੀਂ ਵੀ ਰਹੀਆਂ ਤਾਂ ਕਿਹੜਾ ਕਿਲਾ ਢਹਿ ਗਿਆ? ਪਰ ਇਸ ਟੀਕੇ ਨਾਲ ਜਿਹੜਾ ਕਿਲਾ ਅੱਗੇ ਢਹਿਣ ਵਾਲਾ ਹੈ, ਉਹ ਹਰ ਇਕ ਨੂੰ ਹੈਰਾਨ ਕਰ ਦੇਵੇਗਾ। ਸੜਕ 'ਤੇ ਜਿਹੜਾ ਵੀ ਮਰਿਆ ਹੈ, ਆਪ ਨਹੀਂ ਮੋਟਰਾਂ-ਗੱਡੀਆਂ ਨੇ ਮਾਰਿਆ ਹੈ ਜਿਸ ਨੂੰ ਅਸੀਂ ਦੁਰਘਟਨਾ ਆਖਦੇ ਹਾਂ ਪਰ ਇੱਲਾਂ ਦੀ ਘਟਨਾ ਤੋਂ ਬਾਅਦ ਜਿਹੜੀ ਦੁਰਘਟਨਾ ਆਪਣੇ ਨਾਲ ਹੋ ਰਹੀ ਹੈ, ਹਾਲੇ ਹੋਰ ਤੇਜ਼ੀ ਨਾਲ ਹੋਵੇਗੀ। ਧਿਆਨ ਨਾਲ ਦੇਖੋ ਤਾਂ ਯਕੀਨ ਆ ਜਾਵੇਗਾ ਕਿ ਅੱਖਾਂ ਤੋਂ ਵੱਡਾ ਕੋਈ ਕੈਮਰਾ ਨਹੀਂ ਹੁੰਦਾ।

ਪੰਜਾਬ ਜੀਹਨੂੰ ਹੁਣ ਆਪਣਾ ਘੱਟ, ਬਾਦਲ ਜਾਂ ਅਮਰਿੰਦਰ ਦਾ ਵੱਧ ਕਹਿਣ ਨੂੰ ਜੀਅ ਕਰਦੈ; ਉਥੇ ਮਿਲਣ ਵਾਲਾ ਵਧੇਰੇ ਦੁੱਧ ਟੀਕਿਆਂ ਨਾਲ ਚੋਇਆ ਜਾਂਦਾ ਹੈ। ਗੱਲ ਇਥੇ ਮੁੱਕ ਜਾਂਦੀ ਤਾਂ ਸ਼ਾਇਦ ਕੁਝ ਬਚਿਆ ਰਹਿੰਦਾ, ਗੱਲ ਤਾਂ ਬੂਰੇ ਦੇ ਘਰ ਤਕ ਅੱਪੜ ਗਈ ਹੈ। ਜਿਹੜੀਆਂ ਸਬਜ਼ੀਆਂ ਖਾਣ ਨੂੰ ਨਸੀਬ ਹੋ ਰਹੀਆਂ ਨੇ, ਉਨ੍ਹਾਂ ਵਿਚ ਵੀ ਇਸੇ ਔਕਸੀਟੋਸਿਨ ਟੀਕੇ ਦਾ ਜ਼ਹਿਰ ਹੈ। ਬੈਂਗਣਾਂ ਦੇ ਬੂਟੇ ਵਿਚ ਆਥਣੇ ਜਦੋਂ ਜ਼ਿਮੀਂਦਾਰ ਇਹ ਟੀਕਾ ਲਗਾਉਂਦਾ ਹੈ ਤਾਂ ਇਹ ਬੈਂਗਣ ਸਵੇਰ ਨੂੰ ਖ਼ਰਬੂਜ਼ੇ ਵਰਗੇ ਹੁੰਦੇ ਹਨ। ਇਵੇਂ ਹੀ ਹੋਰ ਸਬਜ਼ੀਆਂ/ ਉਤਪਾਦਨਾਂ ਵਿਚ ਵੀ ਅਤੇ ਹਰ ਖਾਣੇ ਵਿਚ ਵਰਤਿਆ ਜਾਣ ਵਾਲਾ ਟਮਾਟਰ ਵੀ ਇਸੇ ਦੀ ਮਾਰ ਹੇਠ ਹੈ। ਨਕਲੀ ਜਾਂ ਅਸਲੀ ਸ਼ਰਾਬ ਦੀ ਮਿਕਦਾਰ ਵਧਾਉਣ ਲਈ ਵੀ ਇਸੇ ਟੀਕੇ ਦੀ ਵਰਤੋਂ ਕੀਤੀ ਜਾ ਰਹੀ ਹੈ।

ਜੇ ਸਭਿਆਚਾਰ ਅਤੇ ਵਿਰਾਸਤ ਦੀਆਂ ਦੁਹਾਈਆਂ ਦੇਣ ਵਾਲੇ ਪੰਜਾਬ ਵਿਚੋਂ ਸਮਲਿੰਗੀਆਂ ਦੇ ਵਿਆਹ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ; ਜੇ ਨਿਆਣੀ ਉਮਰੇ ਬਾਲੜੀਆਂ ਦੇ ਕੁਰਾਹੇ ਪੈਣ ਦੀ ਗੱਲ ਹੋ ਰਹੀ ਹੈ; ਜੇ ਖੇਡਣ-ਮੱਲ੍ਹਣ ਦੀ ਉਮਰੇ ਬੱਚੀ, ਬੱਚੇ ਪੈਦਾ ਕਰਨ ਲੱਗ ਪਈ ਹੈ ਜਾਂ ਪੰਜਾਬ ਵਿਚ ਮੁੰਡਿਆਂ ਨਾਲੋਂ ਕੁੜੀਆਂ ਜੰਮਣ ਦੀ ਦਰ ਵੱਧ ਹੈ ਅਤੇ ਜੇ ਗੱਭਰੂਆਂ ਦੇ ਚਿਹਰੇ ਝੁਲਸੇ ਹੋਏ ਹਨ ਜਾਂ ਨਿੱਕੀ ਉਮਰੇ ਕੁੜੀਆਂ ਮੁਟਿਆਰਾਂ ਹੋ ਰਹੀਆਂ ਹਨ ਤਾਂ ਯਕੀਨ ਕਰ ਲਵੋ ਕਿ ਇਹ ਸਾਰੇ ਪੁਆੜੇ ਇਸ ਟੀਕੇ ਦੇ ਹੀ ਹਨ।

ਵਿਗਿਆਨਕ ਨਜ਼ਰੀਏ ਨਾਲ ਵੇਖੋ ਤਾਂ ਜਿਸ ਢਾਈ ਦਰਿਆਵਾਂ ਵਾਲੇ ਰੰਗਲੇ ਪੰਜਾਬ ਨੂੰ ਨਸ਼ਿਆਂ ਨੇ ਗ੍ਰਿਫ਼ਤ ਵਿਚ ਲਿਆ ਹੋਇਐ; ਜਿਥੋਂ ਦੇ ਕੁੱਲ ਰਕਬੇ ਵਿਚੋਂ ਤੇਰਾਂ ਫ਼ੀਸਦ ਜ਼ਮੀਨ ਨੂੰ ਕੈਂਸਰ ਹੋ ਗਿਐ; ਜਿਥੇ ਮੋੜਾਂ 'ਤੇ ਆਪਣੇ ਬਜ਼ੁਰਗਾਂ ਦੀਆਂ ਨਹੀਂ, ਵੈਲੀ ਪੁੱਤਾਂ ਦੀਆਂ ਢਾਣੀਆਂ ਜੁੜਦੀਆਂ; ਜਿਥੇ ਨਾ ਧੀ ਤੇ ਨਾ ਭੈਣ ਸੁਰੱਖਿਅਤ ਰਹੀ ਹੈ; ਜਿਥੇ ਪਿੰਡ ਦੇ ਪਿੰਡ ਵਿਚ ਵਿਆਹ ਹੋਣ ਲੱਗ ਪਏ ਨੇ; ਜਿਥੇ ਸਰਕਾਰ ਨੂੰ ਸਭ ਤੋਂ ਵੱਧ ਆਮਦਨ ਸ਼ਰਾਬ ਦੀ ਆਬਕਾਰੀ ਨੀਤੀ ਨਾਲ ਹੋ ਰਹੀ ਹੈ; ਜਿਥੇ ਕੁੜੀਆਂ ਦੇ ਰੋਜ਼ ਘਰੋਂ ਭੱਜਣ ਦੀਆਂ ਖ਼ਬਰਾਂ ਆ ਰਹੀਆਂ ਨੇ; ਜਿਥੇ ਹੋਟਲਾਂ ਵਿਚ ਸ਼ਬਾਬ ਵਿਕ ਰਿਹੈ, ਉਥੇ ਇਸ ਟੀਕੇ ਦੀ ਕਰਾਮਾਤ ਕਿਆ ਹੈ! ਨਜ਼ਰ ਦਾ ਘੋੜਾ ਦੱਬ ਕੇ ਦੇਖੋ...

ਇਹ ਕਹਿਣ ਨੂੰ ਜੀਅ ਤਾਂ ਨਹੀਂ ਕਰਦਾ ਤੇ ਸੁਣਦਿਆਂ ਵੀ ਸ਼ਰਮ ਆਉਂਦੀ ਹੈ ਕਿ ਦਸ ਵਰ੍ਹਿਆਂ ਦੀ ਕੁੜੀ ਦਾ ਸਰੀਰ ਵਿਕਸਤ ਕਿਉਂ ਹੋ ਗਿਐ? ਉਹਦੀ ਹਿੱਕ ਉਮਰ ਤੋਂ ਪਹਿਲਾਂ ਹੀ, ਜਵਾਨੀ ਨਾਲੋਂ ਵੀ ਭਾਰੀ ਕਿਉਂ ਹੋ ਰਹੀ ਹੈ? ਇਸ ਕਰਕੇ ਕਿ ਕੁੜੀਆਂ ਜਿਨ੍ਹਾਂ ਕੋਲ ਪਹਿਲਾਂ ਹੀ ਫ਼ੀਮੇਲ ਹਾਰਮੋਨਜ਼ ਹਨ, ਉਨ੍ਹਾਂ ਨੂੰ ਹੋਰ ਹਾਰਮੋਨਜ਼ ਇਹ ਟੀਕਾ, ਸਬਜ਼ੀਆਂ ਜਾਂ ਦੁੱਧ ਜ਼ਰੀਏ ਤੋਹਫ਼ੇ ਵਜੋਂ ਪੇਸ਼ ਕਰ ਰਿਹੈ। ਇਹ ਬੇਲੋੜੇ ਹਾਰਮੋਨਜ਼ ਕੱਚੀ ਉਮਰੇ ਮਰਦ ਦਾ ਸੰਗ ਭਾਲਣ ਲਈ ਕਾਹਲੇ ਇਸੇ ਕਰਕੇ ਪੈ ਰਹੇ ਹਨ। ਡਾਕਟਰ ਫਿਲਾਸਫੀ ਚਿੰਤਤ ਹੈ ਕਿ ਗਿਆਰ੍ਹਵੇਂ ਵਰ੍ਹੇ ਦੀ ਉਮਰ ਵਿਚ ਜੇ ਮਹਾਂਵਾਰੀ ਆਉਣ ਲੱਗ ਪਈ ਹੈ ਤਾਂ ਨਿਸ਼ਚੇ ਹੀ ਵਿਗਿਆਨ ਨੇ ਸਮਾਜਿਕ ਢਾਂਚੇ ਦੀ ਚੂਲ ਢਿੱਲੀ ਹੀ ਨਹੀਂ ਕੀਤੀ, ਤੋੜ ਹੀ ਸੁੱਟੀ ਹੈ। ਜੇ ਪਿੰਡਾਂ ਦਿਆਂ ਕਮਾਦਾਂ ਤੋਂ ਲੈ ਕੇ ਵੱਡੇ ਸ਼ਹਿਰਾਂ ਦੇ ਪੰਜ-ਤਾਰਾ ਹੋਟਲਾਂ ਤਕ ਜਿਸਮਫ਼ਰੋਸ਼ੀ ਦਾ ਜਾਲ ਫੈਲ ਰਿਹਾ ਹੈ, ਜੇ ਅਫ਼ਸਰਸ਼ਾਹੀ ਜਾਂ ਰਾਜਨੀਤਕ ਲੋਕ ਕੰਮ ਕਰਾਉਣ ਦੇ ਬਹਾਨੇ ਸਰੀਰਕ ਸ਼ੋਸ਼ਣਾਂ ਦੇ ਇਲਜ਼ਾਮ ਵਿਚ ਫਸ ਰਹੇ ਹਨ ਅਤੇ ਜੇ ਸਰੀਰਕ ਸਬੰਧ ਬਣਾਉਣ ਵਿਚ ਅੱਲ੍ਹੜ ਕੁੜੀਆਂ ਨੱਕ ਨਹੀਂ ਵੱਟ ਰਹੀਆਂ ਤਾਂ ਯਕੀਨਨ ਲਾਇਲਾਜ ਬੀਮਾਰੀ ਦਾ ਹੱਲ ਛੇਤੀ ਲੱਭਣ ਦੀ ਜ਼ਰੂਰਤ ਹੈ ਤਾਂ ਇਹ ਲੱਭਿਆ ਵੀ ਛੇਤੀ ਜਾਣਾ ਚਾਹੀਦਾ ਹੈ।

ਤਸਵੀਰ ਦਾ ਦੂਜਾ ਪਾਸਾ ਵੇਖੋ। ਮਰਦ ਨੂੰ ਦੁੱਧ ਤੇ ਸਬਜ਼ੀਆਂ ਜ਼ਰੀਏ ਜਿਹੜੇ ਮਾਦਾ ਹਾਰਮੋਨਜ਼ ਮਿਲ ਰਹੇ ਹਨ, ਉਹ ਉਹਦੀ ਮਰਦਾਨਗੀ ਵਿਚ ਵਿਸ ਘੋਲ ਰਹੇ ਹਨ। ਇਸੇ ਕਰਕੇ ਇਹ ਅੰਕੜੇ ਵੀ ਸਾਹਮਣੇ ਆ ਰਹੇ ਹਨ ਕਿ ਨਸ਼ੇ ਦੀਆਂ ਗੋਲੀਆਂ, ਟੀਕਿਆਂ ਜਾਂ ਪੇਨ-ਕਿਲਰ ਦਵਾਈਆਂ ਤੋਂ ਬਾਅਦ ਸਭ ਤੋਂ ਵੱਧ ਕਾਮ-ਵਧਾਊ ਜਾਂ ਕਾਮ-ਉਕਸਾਊ ਦਵਾਈਆਂ ਵਿਕ ਰਹੀਆਂ ਹਨ ਤਾਂ ਯਕੀਨ ਕਰ ਲੈਣਾ ਚਾਹੀਦਾ ਹੈ ਕਿ ਇਸ ਟੀਕੇ ਦੇ ਹੱਥ ਬੜੇ ਲੰਮੇ ਹੁੰਦੇ ਜਾ ਰਹੇ ਹਨ।

ਪੰਜਾਬ ਦੀ ਸਿਹਤ ਮੰਤਰੀ ਬੀਬੀ ਲਕਸ਼ਮੀ ਕਾਂਤਾ ਚਾਵਲਾ ਨੇ ਹਾਲ ਹੀ ਵਿਚ ਲੁਧਿਆਣਾ ਦੀ ਇਕ ਵੀਰਾਨ ਅਤੇ ਖੰਡਰ ਇਮਾਰਤ ਵਿਚੋਂ ਤਿੰਨ ਕਰੋੜ ਤੋਂ ਵੱਧ ਮੁੱਲ ਦੀਆਂ ਨਸ਼ੇ ਦੀਆਂ ਪਾਬੰਦੀਸ਼ੁਦਾ ਦਵਾਈਆਂ ਫੜੇ ਜਾਣ ਦਾ ਦਾਅਵਾ ਕੀਤਾ ਹੈ ਤਾਂ ਚੰਗੀ ਗੱਲ ਹੈ ਪਰ ਉਸ ਸਿਹਤ ਵਿਭਾਗ ਨੂੰ ਇਸ ਗੱਲ ਦੀ ਹਰਗਿਜ਼ ਚਿੰਤਾ ਨਹੀਂ ਕਿ ਪੰਜਾਬ ਦੀ ਸੰਸਕ੍ਰਿਤੀ ਨੂੰ ਨਿਗਲ ਜਾਣ ਵਾਲੇ ਟੀਕੇ 'ਤੇ ਪਾਬੰਦੀ ਯੂ.ਐਨ.ਓ. ਨੇ ਲਗਾਉਣੀ ਹੈ? ਲੱਗਦਾ ਨਹੀਂ ਕਿ ਅਸੀਂ ਖੰਡ ਦੇ ਭੁਲੇਖੇ ਜ਼ਹਿਰ ਵੀ ਖੀਰ ਨਾਲ ਖਾਈ ਜਾ ਰਹੇ ਹਾਂ। ਕਿਸੇ ਨੇ ਜਮਦੂਤ ਵੇਖੇ ਜਾਂ ਨਹੀਂ ਪਰ ਔਕਸੀਟੋਸਿਨ ਦੇ ਰੂਪ 'ਚ ਇਹ ਹਰ ਘਰ ਦੇ ਦੁਆਲੇ ਚੌਤੇ-ਪਹਿਰ ਕੁੰਡਾ ਖੜਕਾਉਣ ਲੱਗੇ ਹੋਏ ਹਨ। ਜਾਪਦਾ ਨਹੀਂ ਕਿ ਝਾਂਜਰਾਂ ਤੋਂ ਬਿਨਾਂ ਵੀ ਛਣਕਾਟਾ ਪੈ ਰਿਹਾ ਹੈ।

ਜਿਹੜੇ ਹੋਰ ਹੈਰਾਨੀਕੁਨ ਅੰਕੜੇ ਸਾਹਮਣੇ ਆ ਰਹੇ ਨੇ, ਉਹ ਇਹ ਕਿ ਔਰਤ ਤਾਂ ਮਰਦ ਅੰਦਰ ਬੱਚਾ ਪੈਦਾ ਕਰਨ ਦੀ ਸ਼ਕਤੀ ਘਟ ਰਹੀ ਹੈ, ਜੇ ਮਾੜੀ-ਮੋਟੀ ਹੈ ਵੀ ਤਾਂ ਪੁੱਤਰ ਲਈ ਨਹੀਂ। ਕਿਉਂ ਪੁੱਤਰ ਪੈਦਾ ਕਰਨ ਦਾ ਗੁਣ ਸਿਰਫ਼ ਮਰਦ ਕੋਲ ਹੈ ਜੀਹਦੇ ਕੋਲ 'ਐਕਸ' ਤੇ 'ਵਾਈ' ਦੋਵੇਂ ਤਰ੍ਹਾਂ ਦੇ ਸ਼ੁਕਰਾਣੂੰ ਹੁੰਦੇ ਹਨ। ਇਸੇ ਲਈ ਔਰਤ ਨੂੰ ਕੁੜੀਆਂ ਜੰਮਣ 'ਤੇ ਪੱਥਰ ਜੰਮਣ ਦੇ ਤਾਅਨੇ ਦੇਣ ਵਾਲਾ ਮਰਦ ਅਸਲ ਵਿਚ ਆਪਣੀ ਕਮਜ਼ੋਰੀ 'ਤੇ ਕੱਪੜਾ ਸੁੱਟ ਰਿਹਾ ਹੈ।

ਬੱਚੀ ਦੇ ਬੱਚਾ ਜੰਮਣ ਦਾ ਵਰਤਾਰਾ ਕਲਯੁੱਗ ਦਾ ਹੈ ਜਾਂ ਵਿਗਿਆਨ ਦਾ, ਇਹ ਫ਼ੈਸਲਾ ਆਪਾਂ ਕਰ ਵੀ ਲਈਏ ਤਾਂ ਕੁਝ ਫ਼ਰਕ ਨਹੀਂ ਪੈਣਾ ਕਿਉਂਕਿ ਪੰਜਾਂ ਸਾਲਾਂ ਬਾਅਦ ਹਕੂਮਤ ਹਥਿਆਉਣ ਦੇ ਬਾਕੀ ਫ਼ਾਰਮੂਲਿਆਂ ਤੋਂ ਵਿਹਲ ਮਿਲਦੀ ਹੀ ਕਿੱਥੇ ਹੈ! ਸਬਜ਼ੀਆਂ ਪੈਦਾ ਕਰਨ ਵਾਲਾ ਜਿਹੜਾ ਜ਼ਿਮੀਂਦਾਰ ਇਸ ਟੀਕੇ ਦੇ ਨਤੀਜਿਆਂ ਨੂੰ ਜਾਣਦਾ ਹੈ, ਉਹ ਆਪਣੇ ਲਈ ਤਾਂ ਇਹ ਵਸਤਾਂ ਅਲੱਗ ਰੂੜੀ ਖਾਦ ਨਾਲ ਪੈਦਾ ਕਰ ਰਿਹਾ ਹੈ ਪਰ ਲਾਲਚ ਨੇ ਉਸ ਤੋਂ ਬਾਕੀਆਂ ਦੀ ਪ੍ਰਵਾਹ ਕਰਨ ਦੀ ਸ਼ਕਤੀ ਖੋਹ ਲਈ ਹੈ।

ਪੰਜਾਬ ਦਾ ਇਖ਼ਲਾਕੀ ਵਿਕਾਸ ਰੁਕਣ ਲਈ ਸੰਭਾਵਨਾਵਾਂ ਬਣ ਗਈਆਂ ਹਨ। ਅਦਾਲਤਾਂ ਇਹ ਦੱਸ ਰਹੀਆਂ ਹਨ ਕਿ ਤਲਾਕ ਦੇ ਮੁਕੱਦਮਿਆਂ ਦਾ ਇਕ ਕਾਰਨ ਇਹ ਵੀ ਹੈ ਕਿ ਪਤਨੀਆਂ ਇਲਜ਼ਾਮ ਲਗਾ ਰਹੀਆਂ ਹਨ ਕਿ ਉਨ੍ਹਾਂ ਦੇ ਪਤੀ ਘਟੀਆ ਸ਼ਰਾਬ ਤਾਂ ਪੀ ਲੈਣ, ਉਹ ਜਰ ਲੈਣਗੀਆਂ ਪਰ ਉਹ 'ਮਰਦ' ਨਹੀਂ ਰਹੇ, ਇਸ ਗੱਲ ਨੂੰ ਕਿਵੇਂ ਸਵੀਕਾਰ ਕਰਨ। ਦਰਅਸਲ ਭੇਤ ਇਹੋ ਹੈ ਕਿ ਇਹ ਭੋਲੀਆਂ ਬੀਬੀਆਂ ਨਹੀਂ ਜਾਣਦੀਆਂ ਕਿ ਘਟੀਆ ਸ਼ਰਾਬ ਵਿਚ ਲਗਾਏ ਦੁੱਧ ਉਤਾਰਨ ਵਾਲੇ ਟੀਕੇ ਨੇ ਉਨ੍ਹਾਂ ਦੀ ਮਰਦਾਨਗੀ ਅੰਦਰੋਂ ਖਾ ਲਈ ਹੈ ਅਤੇ ਉਨ੍ਹਾਂ ਨੂੰ ਤਾਕਤ ਵੰਡਣ ਵਾਲਾ ਡਾਕਟਰ ਬਾਦਸ਼ਾਹ ਲੱਭ ਨਹੀਂ ਰਿਹਾ। ਇਸਤਰੀ ਨੂੰ ਕੁਰਬਾਨ ਹੋਣਾ ਆਉਂਦਾ ਹੈ ਅਤੇ ਉਹ ਰਿਸ਼ਤੇ ਨੂੰ ਕਾਇਮ ਰੱਖਣ ਵਿਚ ਤਿਆਗ ਕਰ ਸਕਦੀ ਹੈ ਪਰ ਉਹ ਨਾ-ਮਰਦ ਮਨੁੱਖ ਨਾਲ ਹਰਗਿਜ਼ ਜ਼ਿੰਦਗੀ ਬਸਰ ਕਰਨ ਲਈ ਤਿਆਰ ਨਹੀਂ ਹੁੰਦੀ। ਪਤੀ ਦੇ ਜਿਉਂਦੇ ਜੀਅ ਓਪਰੀਆਂ ਸੇਜਾਂ ਮਾਣਨ ਪਿੱਛੇ ਇਹ ਟੀਕੇ ਵਾਲਾ ਰਹੱਸ ਵੀ ਹੋ ਸਕਦਾ ਹੈ। ਮਾਂ-ਬਾਪ ਪੁੱਤਰ ਨੂੰ ਜਨਮ ਦੇ ਕੇ ਖ਼ੁਸ਼ ਤਾਂ ਹੋਈ ਜਾਂਦੇ ਨੇ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਜਿਸ ਦੁੱਧ ਨਾਲ ਬੱਚਾ ਪਲ ਰਿਹਾ ਹੈ, ਉਹਨੂੰ ਜਵਾਨੀ ਦੇ ਨਾਲ ਮਰਦਾਨਗੀ ਵੀ ਨਾ ਦੇਵੇ। ਫਿਰ ਇਸ ਗੱਲ 'ਤੇ ਵੀ ਵਿਸ਼ਵਾਸ ਕਰ ਲਵੋ ਕਿ ਦੋਧੀਆਂ ਦੇ ਡਰੰਮਾਂ ਵਿਚ ਜਾਂ ਗੁੱਜਰਾਂ ਦੀਆਂ ਦੁੱਧ ਵਾਲੀਆਂ ਗਾਗਰਾਂ ਵਿਚ ਪਾਣੀ ਦੀ ਮਿਲਾਵਟ ਹੀ ਨਹੀਂ ਸਗੋਂ ਮਰਦ ਨੂੰ ਮਰਦ ਨਾ ਰਹਿਣ ਦੇਣ ਦੀ ਚਾਲ ਵੀ ਲੁੱਕੀ ਹੋਈ ਹੈ। ਸਰਕਾਰਾਂ ਅਨਜਾਣ ਨੇ ਜਾਂ ਖ਼ਾਮੋਸ਼ ਨੇ; ਜਾਂ ਮਨੁੱਖ ਅਗਿਆਨੀ ਹੈ, ਇਹ ਤਾਂ ਤੁਸੀਂ ਸੋਚਿਓ ਪਰ ਇਹ ਦੁੱਖ ਓਨਾ ਹੀ ਵੱਡਾ ਹੈ ਕਿ ਲਾੜਾ ਵਿਆਹੁਣ ਤਾਂ ਘੋੜੀ 'ਤੇ ਗਿਆ ਸੀ ਪਰ ਪਰਤਿਆ ਐਂਬੂਲੈਂਸ ਵਿਚ। ਇਸ ਲਈ ਇੱਲਾਂ ਦਾ ਫ਼ਿਕਰ ਛੱਡੋ, ਫ਼ਿਕਰ ਕਾਰਨ ਵਾਲੀ ਗੱਲ ਦਾ ਫ਼ਿਕਰ ਕਰੋ।

**ਅੰਤਿਕਾ:**

ਤਾਹੀਓਂ ਅਕਲ ਤੋਂ ਰਿਹਾ ਮਹਿਰੂਮ ਖ਼ਾਕੀ,
ਖਾਧੀ ਕਿਸੇ ਉਸਤਾਦ ਦੀ ਘੂਰ ਹੈ ਨੀ।
ਹਰਣ-ਵਹਿਰਿਆ ਹੱਟੀਆਂ ਵਿਕੇ ਸਸਤਾ,
ਤੇਰੇ ਵਿਚ ਤਾਂ ਮੱਲਾ ਕਪੂਰ ਹੈ ਨੀ।
ਤੈਨੂੰ ਰੱਬ ਨੇ ਰੱਖਿਆ ਯਾਦ ਬੰਦੇ,
ਤੂੰ ਰੱਖਿਆ ਰੱਬ ਜ਼ਰੂਰ ਹੈ ਨੀ।
ਝੂਠਿਆ ਕਾਫ਼ਰਾ ਕੁਫ਼ਰ ਦੀ ਪੰਡ ਤੋਲੇਂ,
ਇਹੋ ਜ਼ਿੰਦਗੀ ਦਾ ਦਸਤੂਰ ਹੈ ਨੀ।
ਬੈਠਾ ਸ਼ਾਹ ਮਨਸੂਰ ਦੀਆਂ ਕਰੇ ਬਾਤਾਂ,
ਤੇ ਅੱਖੀਂ ਵੇਖਿਆ ਕਦੇ ਲੰਗੂਰ ਹੈ ਨੀ।

*('ਜ਼ਿੰਦਗੀ ਦੇ ਸੱਚ' ਵਿਚੋਂ)*

### ਦੁਨਿਆਵੀ ਕੈਦ ਤੋਂ ਰਿਹਾ ਹੋਣਾ

ਦੁਨਿਆਵੀ ਕੈਦ ਤੋਂ ਰਿਹਾ ਹੋਣਾ
ਬਾਕੀ ਹੈ ਅਜੇ।
ਆਦਮੀ ਤੋਂ ਖ਼ੁਦਾ ਹੋਣਾ
ਬਾਕੀ ਹੈ ਅਜੇ।
ਬੰਦਾ ਬੇਸ਼ੱਕ ਚੰਦ ਉਪਰ
ਪਹੁੰਚ ਗਿਆ ਹੈ, ਪਰ
ਖ਼ੁਦਗਰਜ਼ੀਆਂ ਤੋਂ ਉਤਾਂਹ ਹੋਣਾ
ਬਾਕੀ ਹੈ ਅਜੇ।
ਗੱਲੀਬਾਤੀਂ ਮੈਥੋਂ ਨੇਕ
ਕੋਈ ਹੋਰ ਨਹੀਂ, ਪਰ
ਗੱਲ ਦਾ ਅਮਲ 'ਚ ਤਰਜਮਾ ਹੋਣਾ,
ਬਾਕੀ ਹੈ ਅਜੇ।
ਮੇਰੀ ਸ਼ਾਇਰੀ ਦਾ ਹਲਕਾਪਣ
ਦੱਸਦਾ ਹੈ ਕਿ,
ਤੇਰੇ ਹਿਜਰ 'ਚ ਸੜ ਕੇ
ਸੁਆਹ ਹੋਣਾ, ਬਾਕੀ ਹੈ ਅਜੇ।
ਹਰ ਗੱਲ ਮੁੱਕਦੀ ਹੈ ਮੇਰੀ
ਤੇਰੇ 'ਤੇ ਆ ਕੇ,
ਨਹੁੰ ਦਾ ਮਾਸੋਂ ਜੁਦਾ ਹੋਣਾ,
ਬਾਕੀ ਹੈ ਅਜੇ।

-ਬਲਕਾਰ ਦਾਨਿਸ਼

# ਖੰਡਾ ਸਾਰ ਦਾ ਅਸਾਂ ਤੋਂ ਲੋਪ ਹੋਇਆ, ਬਿਜਲੀ ਲਸ਼ਕਦੀ ਹਥ ਕਰਪਾਨ ਕਿਉਂ ਨੀ?



ਡਾ. ਗੁਰਨਾਮ ਕੌਰ, ਕੈਨੇਡਾ

ਇਹ ਸਤਰਾਂ ਮਹਾਨ ਗ਼ਦਰੀ ਡਾ. ਭਗਵਾਨ ਸਿੰਘ ਗਿਆਨੀ 'ਪ੍ਰੀਤਮ' (ਪ੍ਰਧਾਨ, ਗ਼ਦਰ ਪਾਰਟੀ 1914-1920) ਦੀ ਪੁਸਤਕ 'ਗ਼ਦਰੀ ਗੂੰਜਾਂ' ਵਿਚ ਦਰਜ ਕਵਿਤਾ 'ਸੱਚੀ ਪੁਕਾਰ' ਵਿਚੋਂ ਹਨ। ਗ਼ਦਰੀ ਭਗਵਾਨ ਸਿੰਘ ਨੇ ਆਪਣੀ ਪੁਸਤਕ ਨੂੰ ਸਮਰਪਿਤ ਕਰਦਿਆਂ ਲਿਖਿਆ ਹੈ, "ਮੇਰੀ ਆਜ਼ਾਦ ਕੌਮ ਅਤੇ ਲਾਸਾਨੀ ਵਤਨ ਜੋ ਤਰੱਕੀ, ਅਮਨ ਤੇ ਉਚ ਇਨਸਾਨੀਅਤ ਦੇ ਰਾਗ ਵਿਚ ਮਸਤ ਹੋ ਕੇ ਆਪਣੀ ਮਹੱਤਤਾ ਤੋਂ ਮਨੁੱਖ ਜਾਤੀ ਨੂੰ ਜਾਣੂ ਕਰਾ ਰਹੇ ਹਨ। ਪ੍ਰਦੇਸੀ ਹਿੰਦੀਆਂ ਦੇ ਇਹ, ਦਰਦ ਭਰੀਆਂ ਚੀਸਾਂ ਤੇ ਪ੍ਰੀਤ ਹੁਲਾਰੇ ਨਿਮਰਤਾ ਸਹਿਤ ਭੇਟਾ ਕਰਦਾ ਹਾਂ। ਕੀ ਇਹ ਤੁੱਛ ਸੇਵਾ ਮੇਰੀ ਕੌਮ ਪ੍ਰਵਾਨ ਕਰਕੇ ਸਾਨੂੰ ਅਪਨਾ ਲਏਗੀ। ਜੈ ਹਿੰਦ!"

ਡਾ. ਭਗਵਾਨ ਸਿੰਘ ਜੇ ਇੱਕ ਪਾਸੇ ਉਪਰ ਦੱਸੀ ਕਵਿਤਾ ਵਿਚ ਹਿੰਦੁਸਤਾਨੀਆਂ ਦੀ ਤਤਕਾਲੀਨ ਹਾਲਤ ਤੇ ਅਫਸੋਸ ਕਰਦੇ ਹਨ ਕਿ ਸਾਡੇ ਹੱਥ ਵਿਚ ਲੋਹੇ ਦਾ ਖੰਡਾ (ਖੰਡਾ ਸ਼ਹੀਦ ਬਾਬਾ ਦੀਪ ਸਿੰਘ ਦੀ ਯਾਦ ਦੁਆਉਂਦਾ ਹੈ ਅਤੇ ਜ਼ੁਲਮ ਦੇ ਖਿਲਾਫ ਸੀਸ ਤਲੀ 'ਤੇ ਧਰ ਕੇ ਲੜਨ ਦੀ ਪ੍ਰੇਰਨਾ ਕਰਦਾ ਹੈ) ਕਿਉਂ ਨਹੀਂ ਹੈ ਅਤੇ ਹੱਥ ਵਿਚ ਬਿਜਲੀ ਵਾਂਗ ਲਿਸ਼ਕਦੀ-ਕੜਕਦੀ ਕ੍ਰਿਪਾਨ ਕਿਉਂ ਨਹੀਂ ਹੈ (ਗੁਰੂ ਗੋਬਿੰਦ ਸਿੰਘ ਨੇ ਪੰਜ ਕਕਾਰਾਂ ਵਿਚ ਸਿੰਘ ਨੂੰ ਕ੍ਰਿਪਾਨ ਬਖਸ਼ਿਸ਼ ਕੀਤੀ ਹੈ। ਇਹ ਸਧਾਰਨ ਤਲਵਾਰ ਨਹੀਂ, ਇਸ ਵਿਚ ਕ੍ਰਿਪਾ/ਨਦਰਿ ਸ਼ਾਮਲ ਹੈ ਇਸ ਲਈ ਇਹ ਗ਼ਰੀਬਾਂ-ਮਜ਼ਲੂਮਾਂ ਦੀ ਰੱਖਿਆ ਲਈ ਮਿਆਨ ਤੋਂ ਬਾਹਰ ਆਉਂਦੀ ਹੈ, ਕਿਸੇ ਨਿਰਦੋਸ਼ ਤੇ ਵਾਰ ਨਹੀਂ ਕਰਦੀ), ਤਾਂ ਇੱਕ ਹੋਰ ਕਵਿਤਾ ਵਿਚ ਇਸੇ ਖੰਡੇ ਦੀ ਯਾਦ ਦੁਆ ਕੇ ਦੇਸ਼-ਵਾਸੀਆਂ ਨੂੰ ਮੁਲਕ ਨੂੰ ਅਜ਼ਾਦ ਕਰਾਉਣ ਲਈ ਉਸ ਦੁਸ਼ਮਣ ਦੇ ਖ਼ਿਲਾਫ ਉਠਣ ਦੀ ਪ੍ਰੇਰਨਾ ਕਰਦੇ ਹਨ, ਜੋ ਨਾ ਸਿਰਫ਼ ਹਿੰਦੁਸਤਾਨ ਦਾ ਸਗੋਂ ਸਾਰੇ ਏਸ਼ੀਆ ਦਾ ਵੈਰੀ ਬਣਿਆ ਬੈਠਾ ਹੈ,

ਖੰਡਾ ਪਕੜੋ ਸਾਰ ਦਾ ਮੈਦਾਨ ਤਪਾਵੋ,<br>
ਵੈਰੀ ਸਾਰੇ ਏਸ਼ੀਆ ਦਾ ਮਾਰ ਮੁਕਾਵੋ।<br>
(ਗ਼ਦਰੀ ਗੂੰਜਾਂ/64)

'ਗ਼ਦਰੀ ਗੂੰਜਾਂ' ਦੇ 'ਆਦਿ ਕਥਨ' ਵਿਚ ਕ੍ਰਿਪਾਲ ਸਿੰਘ ਕਸੇਲ ਨੇ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਗ਼ਦਰ ਲਹਿਰ ਦੇ ਅਹਿਮ ਯੋਗਦਾਨ ਦਾ ਜ਼ਿਕਰ ਕਰਦਿਆਂ ਲਿਖਿਆ ਹੈ, "ਭਾਰਤੀ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਗ਼ਦਰ ਲਹਿਰ ਦਾ ਸ਼ਾਨਦਾਰ ਸਥਾਨ ਹੈ। ਇਸ ਪਾਰਟੀ ਦਾ ਪੱਤਰ 'ਗ਼ਦਰ ਹਿੰਦੋਸਤਾਨ' ਜੋ ਸਾਨ ਫਰਾਂਸਿਸਕੋ ਦੇ ਯੁਗਾਂਤਰ ਆਸ਼ਰਮ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਛਪ ਕੇ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਮੁਫ਼ਤ ਪਹੁੰਚਾਇਆ ਜਾਂਦਾ ਸੀ, ਨੇ ਗ਼ਦਰ ਪਾਰਟੀ ਦੇ ਸੰਦੇਸ਼ ਨੂੰ ਹਜ਼ਾਰਾਂ ਲੋਕਾਂ ਤੱਕ ਪਹੁੰਚਾਇਆ ਅਤੇ ਇਨਕਲਾਬੀ ਸੰਗਰਾਮ ਲਈ ਤਿਆਰ ਕੀਤਾ। ਭਾਵੇਂ ਗ਼ਦਰ ਦੇ ਲੇਖਾਂ ਵਿਚ ਬਹੁਤ ਸਾਰੀ ਖੋਜ ਭਰਪੂਰ ਜਾਣਕਾਰੀ ਅਤੇ ਅੰਕੜਿਆਂ ਤੇ ਤੱਥਾਂ ਸਹਿਤ ਸਾਮਰਾਜੀ ਲੁੱਟ-ਖਸੁੱਟ ਦੇ ਅਨੇਕ ਪ੍ਰਮਾਣ ਦਿੱਤੇ ਜਾਂਦੇ ਸਨ, ਪਰ ਜੋ ਭੂਮਿਕਾ ਗ਼ਦਰ ਦੀ ਕਵਿਤਾ ਦੀ 'ਗ਼ਦਰੀ ਗੂੰਜ' ਨੇ ਨਿਭਾਈ, ਉਹ ਤਾਂ ਹਰ ਗ਼ੁਲਾਮ ਹਿੰਦੋਸਤਾਨੀ ਦੇ ਦਿਲਾਂ ਨੂੰ ਅਜਿਹਾ ਜੋਸ਼ ਦਿਵਾਉਣ ਵਾਲੀ ਹੁੰਦੀ ਸੀ ਕਿ ਉਹ ਆਜ਼ਾਦੀ ਪ੍ਰਾਪਤ ਕਰਨ ਲਈ ਸਿਰ ਧੜ ਦੀ ਬਾਜ਼ੀ ਲਾਉਣ ਲਈ ਕਮਰਕੱਸੇ ਕਰ ਲੈਂਦੇ ਸਨ। ਭਾਵੇਂ ਉਹ ਫ਼ੌਜੀ ਹੋਣ ਜਾਂ ਕਿਰਤੀ ਕਾਮੇ, ਦੁਕਾਨਦਾਰ ਤੇ ਵਪਾਰੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੱਖਣ ਪੂਰਬ ਏਸ਼ੀਆ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿਚ ਉਸ ਤੋਂ ਪਹਿਲਾਂ ਜਰਨੈਲ ਮੋਹਣ ਸਿੰਘ ਵੱਲੋਂ ਤਿਆਰ ਕੀਤੀ ਗਈ 'ਆਜ਼ਾਦ ਹਿੰਦ ਫ਼ੌਜ' ਵੀ ਗ਼ਦਰ ਲਹਿਰ ਦੀ ਸਵਾਰੀ ਹੋਈ ਭੂਮੀ ਵਿਚੋਂ ਹੀ ਪੈਦਾ ਹੋਈ ਸੀ। ਗ਼ਦਰ ਦੀ ਗੂੰਜ ਦੀਆਂ ਕਵਿਤਾਵਾਂ ਵਿਚ ਆਪ ਦਾ ਯੋਗਦਾਨ ਸ਼ਾਇਦ ਸਭ ਤੋਂ ਵੱਧ ਹੈ।" (ਗ਼ਦਰੀ ਗੂੰਜਾਂ/7)।

ਸੋਹਣ ਸਿੰਘ ਪੂੰਨੀ ਅਨੁਸਾਰ ਕੈਨੇਡਾ ਅਮਰੀਕਾ ਤੇ ਦੂਸਰੇ ਦੇਸਾਂ 'ਚ ਵੱਸਦੇ ਹਿੰਦੁਸਤਾਨੀਆਂ ਨੂੰ ਸਿਆਸੀ ਤੌਰ 'ਤੇ ਜਾਗ੍ਰਿਤ ਕਰ ਕੇ ਦੇਸ਼ ਦੀ ਅਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦੇ ਰਾਹ ਪਾਉਣ ਵਾਲੇ ਭਾਈ ਭਗਵਾਨ ਸਿੰਘ ਦਾ ਜਨਮ ਜ਼ਿਲ੍ਹਾ ਤਰਨ ਤਾਰਨ (ਉਦੋਂ ਅੰਮ੍ਰਿਤਸਰ) ਵਿਚ ਸਰਹਾਲੀ ਨੇੜੇ ਪਿੰਡ ਵੜਿੰਗ 'ਚ ਮਾਤਾ ਹਰ ਕੌਰ ਅਤੇ ਪਿਤਾ ਸਰਮੁਖ ਸਿੰਘ ਦੇ ਘਰ 27 ਜੁਲਾਈ 1884 ਨੂੰ ਹੋਇਆ। ਉਨ੍ਹਾਂ ਦੇ ਵਡੇਰੇ ਕਸ਼ਮੀਰੀ ਬ੍ਰਾਹਮਣ ਸਨ, ਜੋ 17ਵੀਂ ਸਦੀ 'ਚ ਪੰਜਾਬ ਆ ਕੇ ਵੱਸ ਗਏ ਸਨ।

ਪ੍ਰਾਇਮਰੀ ਸਕੂਲ ਵਿਚ ਪੜ੍ਹਦਿਆਂ ਭਾਈ ਭਗਵਾਨ ਸਿੰਘ ਨੂੰ ਕਿਸੇ ਗੱਲ 'ਤੇ ਸੱਚ ਬੋਲਣ ਪਿੱਛੇ ਉਸਤਾਦ ਤੋਂ ਮਾਰ ਖਾਣੀ ਪਈ ਜਿਸ ਕਰਕੇ ਸਕੂਲ ਤੋਂ ਮਨ ਖੱਟਾ ਹੋ ਗਿਆ ਅਤੇ ਸਕੂਲ ਛੱਡ ਦਿੱਤਾ। ਇਸ ਬਾਗ਼ੀ ਬਿਰਤੀ ਨੇ ਹੀ ਅੱਗੇ ਚੱਲ ਕੇ ਇਨਕਲਾਬੀ ਰਾਹ ਫੜਿਆ। ਗੁਜਰਾਂ ਵਾਲੇ ਦੀ ਉਪਦੇਸ਼ਕ ਸੰਸਥਾ ਤੋਂ ਭਾਈ ਭਗਵਾਨ ਸਿੰਘ ਨੇ ਵਿਦਵਾਨੀ, ਬੁੱਧੀਮਾਨੀ ਤੇ ਗਿਆਨੀ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਸਿੱਖ ਇਤਿਹਾਸ ਅਤੇ ਸਾਹਿਤ ਦਾ ਅਧਿਐਨ ਵੀ ਇਥੇ ਹੀ ਕੀਤਾ ਅਤੇ ਭਾਸ਼ਣ ਕਲਾ ਵਿਚ ਖਾਸ ਮੁਹਾਰਤ ਹਾਸਲ ਕੀਤੀ। 1907 ਵਿਚ ਪੰਜਾਬ ਕਿਸਾਨ ਲਹਿਰ 'ਪੱਗੜੀ ਸੰਭਾਲ ਜੱਟਾ' ਵਿਚ ਇਨਕਲਾਬੀ ਦੇਸ਼ ਭਗਤ ਸ. ਅਜੀਤ ਸਿੰਘ ਨਾਲ ਸਾਂਝ ਪਾ ਲਈ ਅਤੇ ਫਿਰ ਇਨਕਲਾਬੀ ਸੰਗਰਾਮਾਂ ਵਿਚ ਜ਼ੋਰ-ਸ਼ੋਰ ਨਾਲ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਜਿਸ ਕਰਕੇ ਵਾਰੰਟ ਨਿਕਲ ਗਏ। ਗਿਆਨੀ ਜੀ ਨੇ 1908 ਤੋਂ 1909 ਦੌਰਾਨ ਸਿਆਲਕੋਟ ਜ਼ਿਲ੍ਹੇ ਦੇ ਡਸਕਾ ਸਕੂਲ ਵਿਚ ਫਰਜ਼ੀ ਨਾਂ ਥੱਲੇ ਪੜ੍ਹਾਇਆ ਅਤੇ ਸਾਧੂ ਹਰਬਿਲਾਸ ਤੋਂ ਵੇਦਾਂਤ ਦੀ ਪੜ੍ਹਾਈ ਕੀਤੀ। ਇਥੇ ਪੜ੍ਹਾਉਂਦਿਆਂ ਹੀ ਤਾਰਾ ਸਿੰਘ ਨਾਮ ਦੇ ਪੁਲਿਸ ਟਾਊਟ ਨੂੰ ਭਾਈ ਭਗਵਾਨ ਸਿੰਘ ਤੇ ਸ਼ੱਕ ਹੋ ਗਿਆ ਅਤੇ ਉਹ ਭਾਈ ਸਾਹਿਬ ਨੂੰ ਫੜਾਉਣਾ ਚਾਹੁੰਦਾ ਸੀ। ਇਸ ਗੱਲ ਦਾ ਪਤਾ ਲੱਗਣ ਤੇ ਭਾਈ ਭਗਵਾਨ ਸਿੰਘ ਨੇ ਬਾਹਰ ਜਾਣ ਦਾ ਫੈਸਲਾ ਕਰ ਲਿਆ ਅਤੇ ਸੰਨ 1909 ਦੇ ਸ਼ੁਰੂ ਵਿਚ ਮਲਾਇਆ ਚਲੇ ਗਏ, ਜਿਥੇ ਉਨ੍ਹਾਂ ਨੇ ਪੀਨਾਂਗ ਦੇ ਗੁਰਦੁਆਰੇ 'ਚ ਗ੍ਰੰਥੀ ਦੀ ਸੇਵਾ ਨਿਭਾਈ। ਇਨਕਲਾਬੀ ਵਿਚਾਰਾਂ ਅਤੇ ਸਰਗਰਮੀਆਂ ਕਾਰਨ ਛੇਤੀ ਹੀ ਗ੍ਰੰਥੀ ਦੀ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ।

ਭਾਈ ਭਗਵਾਨ ਸਿੰਘ ਮਲਾਇਆ, ਜਾਵਾ, ਸੁਮਾਟਰਾ, ਬੋਰਨੀਓ ਅਤੇ ਸਿੰਘਾਪੁਰ ਵਿਚ ਕੌਮੀ ਵਿਚਾਰਾਂ ਦਾ ਪ੍ਰਚਾਰ ਕਰਦੇ ਹੋਏ ਮਾਰਚ 1910 ਵਿਚ ਹਾਂਗਕਾਂਗ ਪਹੁੰਚ ਗਏ ਜਿਥੇ ਸੈਂਟਰਲ ਸਿੱਖ ਟੈਂਪਲ ਵਿਚ ਗ੍ਰੰਥੀ ਸਿੰਘ ਦੀ ਸੇਵਾ ਨਿਭਾਉਣ ਲੱਗੇ। ਬਾਹਰਲੇ ਟਾਪੂਆਂ ਵਿਚ ਬਣੇ ਇਹ ਗੁਰਦੁਆਰੇ ਪੰਜਾਬੀਆਂ ਅਤੇ ਹਿੰਦੁਸਤਾਨ ਵਿਚੋਂ ਆਉਂਦੇ ਜਾਂਦੇ ਮੁਸਾਫਰਾਂ ਲਈ ਜਿਥੇ ਠਹਿਰਨ ਦੀ ਥਾਂ ਸਨ, ਉਥੇ ਨਾਲ ਹੀ ਅੰਤਰਰਾਸ਼ਟਰੀ ਸੂਚਨਾ ਕੇਂਦਰ ਵੀ ਸਨ। ਜਲਦੀ ਹੀ ਭਾਈ ਭਗਵਾਨ ਸਿੰਘ ਨੇ ਆਪਣਾ ਪਰਿਵਾਰ ਵੀ ਹਾਂਗਕਾਂਗ ਬੁਲਾ ਲਿਆ ਅਤੇ 7 ਜਨਵਰੀ 1912 ਨੂੰ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ। ਭਾਈ ਭਗਵਾਨ ਸਿੰਘ ਬੱਚਿਆਂ ਨੂੰ ਕੌਮ ਦਾ ਸਰਮਾਇਆ ਸਮਝਦੇ ਸਨ ਅਤੇ ਉਨ੍ਹਾਂ ਦਾ ਖਿਆਲ ਸੀ ਕਿ ਬੱਚਿਆਂ ਦੀ ਪਾਲਣਾ-ਪੋਸਣਾ ਅਤੇ ਪੜ੍ਹਾਈ ਖੁਲ੍ਹੇ ਅਤੇ ਅਜ਼ਾਦ ਮਾਹੌਲ ਵਿਚ ਹੋਣੀ ਚਾਹੀਦੀ ਹੈ। ਹਾਂਗਕਾਂਗ ਵਿਚ ਭਾਈ ਭਗਵਾਨ ਸਿੰਘ ਨੇ ਉਥੇ ਰਹਿੰਦੇ ਹਿੰਦੁਸਤਾਨੀਆਂ ਅਤੇ ਲਗਪਗ 7 ਹਜ਼ਾਰ ਹਿੰਦੁਸਤਾਨੀ ਫ਼ੌਜੀਆਂ ਵਿਚ ਅੰਗਰੇਜ਼ਾਂ ਦੇ ਖ਼ਿਲਾਫ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਗੁਰਦੁਆਰੇ ਦਾ ਪ੍ਰਧਾਨ ਲਾਲ ਸਿੰਘ ਹਾਂਗਕਾਂਗ ਪੁਲਿਸ ਵਿਚ ਜਮਾਦਾਰ ਸੀ ਅਤੇ ਅੰਗਰੇਜ਼ਪ੍ਰਸਤ ਸੀ। ਇਸ ਲਈ ਉਹ ਭਾਈ ਭਗਵਾਨ ਸਿੰਘ ਦੇ ਲੈਕਚਰਾਂ ਅਤੇ ਫ਼ੌਜਾਂ ਵਿਚ ਪ੍ਰਚਾਰ ਤੋਂ ਬਹੁਤ ਔਖਾ ਸੀ। ਸਨ 1911-12 ਵਿਚ ਭਾਈ ਭਗਵਾਨ ਸਿੰਘ ਨੂੰ ਦੋ ਵਾਰ ਮੁਕੱਦਮੇ ਵਿਚ ਫਸਾਇਆ ਗਿਆ ਜਿਸ ਵਿਚ ਉਹ ਦੋਨੋਂ ਵਾਰ ਬਰੀ ਹੋ ਗਏ। ਭਾਈ ਭਗਵਾਨ ਸਿੰਘ ਨੇ ਹਾਂਗਕਾਂਗ ਛੱਡ ਕੇ ਕੈਨੇਡਾ ਜਾਣ ਦਾ ਫੈਸਲਾ ਕਰ ਲਿਆ। ਉਸ ਵੇਲੇ ਉਨ੍ਹਾਂ ਦੀਆਂ ਬੱਚੀਆਂ ਸਤਵੰਤ ਕੌਰ ਛੇ ਸਾਲ, ਜੋਗਿੰਦਰ ਕੌਰ ਚਾਰ ਸਾਲ ਅਤੇ ਪੁੱਤਰ ਹਰਭਜਨ ਸਿੰਘ ਡੇਢ ਕੁ ਸਾਲ ਦੇ ਸਨ। ਕੈਨੇਡਾ ਜਾਣ 'ਤੇ ਪਤਨੀ ਬੱਚਿਆਂ ਨੂੰ ਲੈ ਕੇ ਹਿੰਦੁਸਤਾਨ ਚਲੀ ਗਈ। (ਸੋਮੇ: ਕਿਰਪਾਲ ਸਿੰਘ ਕਸੇਲ 'ਆਦਿ ਕਥਨ/ਗ਼ਦਰੀ' ਗੂੰਜਾਂ ਅਤੇ ਸੋਹਣ ਸਿੰਘ ਪੂੰਨੀ 'ਕਨੇਡਾ ਦੇ ਗਦਰੀ ਯੋਧੇ')

ਭਾਈ ਭਗਵਾਨ ਸਿੰਘ ਨੇ ਕੈਨੇਡਾ ਪਹੁੰਚ ਕੇ ਵੀ ਆਪਣੀਆਂ ਇਨਕਲਾਬੀ ਗਤੀਵਿਧੀਆਂ ਜਾਰੀ ਰੱਖੀਆਂ। ਸੋਹਣ ਸਿੰਘ ਪੂੰਨੀ ਨੇ ਭਾਈ ਭਗਵਾਨ ਸਿੰਘ ਦੇ ਵਿਚਾਰਾਂ ਦਾ ਜ਼ਿਕਰ ਕਰਦਿਆਂ ਕਿਹਾ ਹੈ, "ਉਨ੍ਹਾਂ ਦਾ ਕਹਿਣਾ ਸੀ ਕਿ ਹਿੰਦੁਸਤਾਨ ਨੂੰ ਆਜ਼ਾਦ ਕਰਾਏ ਤੋਂ ਬਿਨਾਂ ਹਿੰਦੁਸਤਾਨੀਆਂ ਦੀ ਪ੍ਰਦੇਸਾਂ ਵਿਚ ਕੋਈ ਪੁੱਛ-ਗਿੱਛ ਨਹੀਂ ਹੋ ਸਕਦੀ। ਆਪਣੇ ਭਾਸ਼ਣਾਂ ਵਿਚ ਉਹ ਅੰਗਰੇਜ਼ਾਂ ਵੱਲੋਂ ਹਿੰਦੁਸਤਾਨ ਦੀ ਕੀਤੀ ਜਾ ਰਹੀ ਲੁੱਟ-ਖਸੁੱਟ ਨੂੰ ਖੋਲ੍ਹ ਕੇ ਦੱਸਦੇ ਸਨ। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਅਤੇ ਜੋਸ਼ੀਲੇ ਭਾਸ਼ਣਾਂ ਰਾਹੀਂ ਸਿੱਖਾਂ ਦੇ ਦਿਲ ਅਤੇ ਦਿਮਾਗ ਟੁੰਬੇ। ਗੁਰਦੁਆਰੇ ਹਫਤਾਵਾਰੀ ਦੀਵਾਨਾਂ ਅਤੇ ਬਾਹਰ ਹੁੰਦੇ ਜਲਸਿਆਂ ਵਿਚ ਭਗਵਾਨ ਸਿੰਘ ਸਿੱਖਾਂ ਨੂੰ ਭਾਸ਼ਣ ਦਿੰਦੇ ਕਿ ਦੂਸਰੇ ਹਿੰਦੁਸਤਾਨੀਆਂ ਨਾਲ ਏਕਤਾ ਦਰਸਾਉਣ ਲਈ ਉਹ ਬਾਹਰ ਇੱਕ ਦੂਜੇ ਨੂੰ ਮਿਲਣ ਵੇਲੇ ਬੰਗਾਲੀ ਇਨਕਲਾਬੀਆਂ ਵਾਂਗ 'ਵੰਦੇ ਮਾਤਰਮ' ਆਖਿਆ ਕਰਨ, ਮਿੰਨਤਾਂ-ਤਰਲਿਆਂ, ਅਰਜ਼ੀਆਂ ਅਤੇ ਡੈਪੂਟੇਸ਼ਨਾਂ ਦਾ ਰਾਹ ਛੱਡ ਕੇ ਤਲਵਾਰ ਚੁੱਕਣ ਅਤੇ ਦੇਸ਼ ਜਾ ਕੇ ਹਥਿਆਰਬੰਦ ਇਨਕਲਾਬ ਕਰਨ।" (ਪੰਨਾ 315)

ਸ. ਜਗਜੀਤ ਸਿੰਘ 'ਗ਼ਦਰ ਪਾਰਟੀ ਲਹਿਰ' ਪੁਸਤਕ ਵਿਚ ਗ਼ਦਰ ਪਾਰਟੀ ਦੀ ਕਾਇਮੀ ਬਾਰੇ ਲਿਖਦੇ ਹਨ, "ਅਮਰੀਕਾ-ਕੈਨੇਡਾ ਗਏ ਅੰਗਰੇਜ਼ੀ ਸਾਮਰਾਜ-ਵਿਰੋਧੀ ਉਪਰੋਕਤ ਹਿੰਦੀ ਅਨਸਰ ਨੇ ਗ਼ਦਰ ਪਾਰਟੀ ਲਹਿਰ ਦੀ ਅਮਲੀ ਤੌਰ ਉਤੇ ਸ਼ਕਲ ਕਿਵੇਂ ਫੜੀ?...ਇਤਿਹਾਸਕ ਨਜ਼ਰੀਏ ਤੋਂ ਇਸ ਸਬੰਧੀ ਸਭ ਤੋਂ ਪ੍ਰਮਾਣੀਕ ਮਸਾਲਾ ਗ਼ਦਰ ਪਾਰਟੀ ਲਹਿਰ ਸਬੰਧੀ ਚੱਲੇ ਮੁਕੱਦਮਿਆਂ ਦੇ ਫੈਸਲੇ ਹਨ। ਲਾਹੌਰ ਪਹਿਲੇ ਸਾਜ਼ਸ਼ ਕੇਸ ਦੇ ਫੈਸਲੇ (ਜਿਸ ਦੀ ਬਾਕੀ ਦੇ ਸਭ ਕੇਸਾਂ ਦੇ ਫੈਸਲੇ ਪੁਸ਼ਟੀ ਕਰਦੇ ਹਨ) ਦੇ ਆਪਣੇ ਲਫਜ਼ਾਂ ਵਿਚ 'ਹੁਣ ਵਾਲੀ ਸਾਜ਼ਸ਼ ਅਮਰੀਕਾ ਦੇ ਪੱਛਮੀ ਕੰਢੇ ਤੋਂ ਸ਼ੁਰੂ ਹੋਈ ਅਤੇ ਵੈਨਕੂਵਰ ਅਤੇ ਸਾਨ ਫਰਾਂਸਿਸਕੋ ਇਸ ਦੇ ਦੋ ਵੱਡੇ ਸੈਂਟਰ ਸਨ। ਸ਼ੁਰੂ ਵਿਚ ਵੈਨਕੂਵਰ ਸੈਂਟਰ ਸੀ, ਪਰ ਅਖੀਰ ਵਿਚ ਸਾਨ ਫਰਾਂਸਿਸਕੋ ਨੇ ਇਸ ਦੀ ਅਹਿਮੀਅਤ ਨੂੰ ਮੱਧਮ ਪਾ ਦਿੱਤਾ।'" ਜਗਜੀਤ ਸਿੰਘ ਨੇ ਭਾਈ ਭਗਵਾਨ ਸਿੰਘ ਦਾ ਜ਼ਿਕਰ ਇਸੇ ਕੇਸ ਦੇ ਹਵਾਲੇ ਨਾਲ ਇਸ ਤਰ੍ਹਾਂ ਕੀਤਾ ਹੈ, "ਨੰਦ ਸਿੰਘ ਦੀ ਗਵਾਹੀ ਤੋਂ ਸਾਨੂੰ ਪਤਾ ਹੈ (ਪੰਨਾ 407) ਕਿ ਇਕ ਮਸ਼ਹੂਰ ਬਾਗ਼ੀ ਭਗਵਾਨ ਸਿੰਘ ਉਥੇ 1912 ਦੇ ਅਖੀਰ ਜਾਂ 1913 ਦੇ ਸ਼ੁਰੂ ਵਿਚ ਆਇਆ ਅਤੇ ਹਿੰਦ ਵਿਚ ਅੰਗਰੇਜ਼ੀ ਹਕੂਮਤ ਦੇ ਬਰਖ਼ਿਲਾਫ ਲੈਕਚਰਾਂ ਦਾ ਸਿਲਸਿਲਾ ਆਰੰਭ ਦਿੱਤਾ। ਉਸ ਨੇ ਵੈਨਕੂਵਰ ਹਾਲ ਵਿਚ ਵੀ ਲੈਕਚਰ ਦੇਣੇ ਸ਼ੁਰੂ ਕੀਤੇ। ਤਿੰਨ ਮਹੀਨੇ ਉਥੇ ਰਿਹਾ ਅਤੇ ਜਿਸ ਤਰ੍ਹਾਂ ਨੰਦ ਸਿੰਘ ਕਹਿੰਦਾ ਹੈ, 'ਆਪਣੇ ਸ੍ਰੋਤਾ-ਗਣਾਂ ਵਿਚ ਇਨਕਲਾਬੀ ਖਿਆਲ ਭਰ ਦਿੱਤੇ। ਭਗਵਾਨ ਸਿੰਘ ਨੂੰ ਆਖ਼ਰ ਜਲਾਵਤਨ ਕੀਤਾ ਗਿਆ, ਪਰ ਇਸ ਤੋਂ ਪਹਿਲੋਂ ਵੈਨਕੂਵਰ ਦੇ ਹਿੰਦੀਆਂ ਵਿਚ ਫਤੂਰ ਦੇ ਬੀਜ ਬੀਜੇ ਜਾ ਚੁੱਕੇ ਸਨ।'"

ਸੋਹਣ ਸਿੰਘ ਪੂੰਨੀ ਨੇ ਆਪਣੀ ਪੁਸਤਕ 'ਕਨੇਡਾ ਦੇ ਗਦਰੀ ਯੋਧੇ' ਵਿਚ 42 ਗ਼ਦਰੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਵਿਚ ਇੱਕ ਹਿੰਦੂ ਭਾਈਚਾਰੇ ਵਿਚੋਂ ਬਾਬੂ ਤਾਰਕਨਾਥ ਦਾਸ, ਇੱਕ ਮੁਸਲਮਾਨ ਭਾਈਚਾਰੇ ਵਿਚੋਂ ਸੇਠ ਹੁਸੈਨ ਰਹੀਮ, ਦੋ ਕਾਮਰੇਡ ਇਕਬਾਲ ਹੁੰਦਲ (ਪਰਿਵਾਰਕ ਪਿਛੋਕੜ ਸਿੱਖ) ਅਤੇ ਦਰਸ਼ਨ ਸਿੰਘ ਕੈਨੇਡੀਅਨ (ਪਰਿਵਾਰਕ ਪਿਛੋਕੜ ਸਿੱਖ) ਹਨ ਅਤੇ ਬਾਕੀ ਦੇ 38 ਗ਼ਦਰੀ ਯੋਧੇ ਸਿੱਖੀ ਨੂੰ ਪ੍ਰਣਾਏ ਹੋਏ ਸਨ। ਕੈਨੇਡਾ ਨਾਲ ਸਬੰਧ ਰੱਖਣ ਵਾਲੇ ਗ਼ਦਰੀਆਂ ਵਿਚ ਸੋਹਣ ਸਿੰਘ ਪੂੰਨੀ ਨੇ 'ਖੂੰਡੇ ਵਾਲਾ ਗਦਰੀ: ਜਥੇਦਾਰ ਪਰਤਾਪ ਸਿੰਘ ਕੋਟ ਫਤੂਹੀ' ਦਾ ਜ਼ਿਕਰ ਕੀਤਾ ਹੈ ਜੋ ਆਪਣੇ ਆਪ ਵਿਚ ਇੱਕ ਗੁਰਸਿੱਖ ਦੀ ਨਿਰਭੈਤਾ ਦਾ ਪ੍ਰਤੱਖ ਪ੍ਰਮਾਣ ਹੈ। 23 ਮਈ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਕੈਨੇਡੀਅਨ ਇਮੀਗਰੇਸ਼ਨ ਵਿਭਾਗ ਨੇ ਜਹਾਜ਼ ਤੋਂ ਉਤਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਅਤੇ ਹਥਿਆਰਬੰਦ ਪੁਲਿਸ ਦੇ ਪਹਿਰੇ ਹੇਠ 'ਸਟੈਨਲੇ ਪਾਰਕ' ਦੇ ਚੜ੍ਹਦੇ ਪਾਸੇ ਇੱਕ ਮੀਲ ਦੇ ਫਾਸਲੇ ਤੇ ਖੜ੍ਹਾ ਕਰਾ ਦਿੱਤਾ ਸੀ।

ਸੋਹਣ ਸਿੰਘ ਅਨੁਸਾਰ 23 ਜੂਨ 1914 ਦੀ ਸ਼ਾਮ ਨੂੰ ਕੰਜ਼ਰਵੇਟਿਵ ਪਾਰਟੀ ਦੇ ਐਮ.ਪੀ. ਨੇ ਡੁਮੀਨੀਅਨ ਹਾਲ ਵਿਚ ਗੋਰਿਆਂ ਦੀ ਇੱਕ ਮੀਟਿੰਗ ਸੱਦੀ ਹੋਈ ਸੀ। ਹਾਲ ਭਰਿਆ ਹੋਣ ਕਰਕੇ ਕੋਈ ਦੋ ਹਜ਼ਾਰ ਤੋਂ ਵੱਧ ਗੋਰੇ ਬਾਹਰ ਸੜਕ 'ਤੇ ਖੜ੍ਹੇ ਖਰਮਸਤੀ ਕਰ ਰਹੇ ਸਨ ਤਾਂ ਅਚਾਨਕ ਪਰਤਾਪ ਸਿੰਘ ਕੋਟੀ ਫਤੂਹੀ ਉਧਰ ਆ ਨਿਕਲਿਆ ਜਿਸ ਨੇ ਸਿਰ 'ਤੇ ਚਿੱਟੀ ਦਸਤਾਰ ਸਜਾਈ ਹੋਈ ਸੀ, ਹੱਥ ਵਿਚ ਖੂੰਡਾ ਫੜਿਆ ਹੋਇਆ ਸੀ ਅਤੇ ਉਹ ਉਚੇ ਲੰਬੇ ਕੱਦ ਵਾਲਾ ਸਿੱਖ ਸੀ। ਗੋਰੇ ਉਸ ਦਾ ਮਖੌਲ ਉਡਾਉਣ ਅਤੇ ਨਸਲੀ ਬੋਲੀਆਂ ਮਾਰਨ ਲੱਗ ਪਏ। ਪਰਤਾਪ ਸਿੰਘ ਇਕ ਉੱਚੀ ਥਾਂ 'ਤੇ ਜਾ ਕੇ ਖੜ੍ਹਾ ਹੋ ਗਿਆ ਅਤੇ ਸੱਜੇ ਹੱਥ ਦੇ ਅੰਗੂਠੇ ਕੋਲ ਦੀ ਉਂਗਲ ਖੜ੍ਹੀ ਕਰਕੇ ਗੋਰਿਆਂ ਨੂੰ ਬੋਲਿਆ, "ਵੰਨ ਵਿਦ ਵੰਨ, ਐਨੀ ਵੰਨ" (ਕੱਲੇ ਨਾਲ ਕੱਲਾ, ਜਿਹੜਾ ਮਰਜ਼ੀ)। ਭਾਈ ਪਰਤਾਪ ਸਿੰਘ ਵਿਚ ਕੈਨੇਡਾ ਰਹਿੰਦਿਆਂ ਸਿਆਸੀ ਜਾਗ੍ਰਤੀ ਆਈ ਅਤੇ ਉਨ੍ਹਾਂ ਨੂੰ ਹਿੰਦੁਸਾਤਨ ਦੀ ਗ਼ੁਲਾਮੀ ਦਾ ਅਹਿਸਾਸ ਹੋਇਆ। ਗੋਰਿਆਂ ਵੱਲੋਂ 33 ਕਰੋੜ ਹਿੰਦੁਸਤਾਨੀਆਂ ਨੂੰ ਗ਼ੁਲਾਮ ਬਣਾ ਕੇ ਰੱਖਣ ਦੇ ਕਾਰਨਾਂ ਵਿਚ ਜਥੇਦਾਰ ਪਰਤਾਪ ਸਿੰਘ ਨੂੰ ਹਿੰਦੁਸਤਾਨੀਆਂ ਦੇ ਅਗਿਆਨ ਅਤੇ ਅਨਪੜ੍ਹਤਾ ਦਾ ਅਹਿਸਾਸ ਹੋਇਆ ਅਤੇ ਉਨ੍ਹਾਂ ਨੇ ਦਲੀਪ ਸਿੰਘ ਫਾਹਲੇ ਵਰਗੇ ਆਪਣੇ ਸਾਥੀਆਂ ਨਾਲ ਰਲ ਕੇ ਵਿਉਂਤ ਬਣਾਈ ਕਿ ਪੰਜਾਬੀਆਂ ਨੂੰ ਜਾਗ੍ਰਿਤ ਕਰਨ ਲਈ ਵਤਨ ਜਾ ਕੇ ਸਕੂਲ ਖੋਲ੍ਹੇ ਜਾਣ। ਦਸੰਬਰ 1913 ਵਿਚ ਵੈਨਕੂਵਰ ਤੋਂ ਹਿੰਦੁਸਤਾਨ ਆਉਂਦਿਆਂ ਸਿੰਘਾਪੁਰ ਪਹੁੰਚ ਕੇ ਆਪਣੇ ਸਾਥੀਆਂ ਹੀਰਾ ਸਿੰਘ ਨੰਗਲ ਕਲਾਂ, ਸਰਹਾਲ ਕਾਜ਼ੀਆਂ ਦੇ ਭਾਨ ਸਿੰਘ ਤੇ ਉਜਾਗਰ ਸਿੰਘ ਨਾਲ ਰਲ ਕੇ ਬੈਂਤ ਦੇ ਖੂੰਡੇ ਖਰੀਦੇ।

ਜਹਾਜ਼ ਉਤੇ ਕੁੱਝ ਪੰਜਾਬੀਆਂ ਨੇ ਸ਼ਰਾਬ ਪੀ ਕੇ ਕਪਤਾਨ ਅਤੇ ਹੋਰਾਂ ਨੂੰ ਤੰਗ ਕੀਤਾ ਸੀ। ਸਿੰਘਾਪੁਰ ਪਹੁੰਚ ਕੇ ਉਹ ਪੰਜਾਬੀ ਤਾਂ ਘੁੰਮਣ ਫਿਰਨ ਚਲੇ ਗਏ ਪਰ ਕਪਤਾਨ ਦੀ ਸ਼ਿਕਾਇਤ 'ਤੇ ਪਹੁੰਚੀ ਪੁਲਿਸ ਦੇ ਕਪਤਾਨ ਨੇ ਬਿਨਾਂ ਕੁੱਝ ਪੁੱਛੇ ਉਜਾਗਰ ਸਿੰਘ ਦੇ ਬੈਂਤਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਪਰਤਾਪ ਸਿੰਘ ਭੱਜੇ ਆਉਂਦੇ ਨੇ ਲਲਕਾਰਾ ਮਾਰਿਆ, "ਜਾਗਰ ਸਿਆਂ, ਸਾਹਿਬ ਹੁਣ ਸੁੱਕਾ ਨਾ ਜਾਵੇ।" ਉਜਾਗਰ ਸਿੰਘ ਨੇ ਮੁੱਕਿਆਂ ਨਾਲ ਪੁਲਿਸ ਕਪਤਾਨ ਦਾ ਮੂੰਹ ਭੰਨ ਦਿੱਤਾ। ਸੀਟੀ ਮਾਰਨ ਤੇ ਹੋਰ ਪੁਲਿਸ ਤੰਗ ਪੌੜੀ ਰਾਹੀਂ ਉਪਰ ਆਉਣ ਲੱਗੀ, ਜਿਸ ਉਪਰ ਪਰਤਾਪ ਸਿੰਘ ਹੋਰਾਂ ਨੇ ਖ਼ੂਬ ਖੂੰਡਾ ਖੜਕਾਇਆ। ਪਰਤਾਪ ਸਿੰਘ ਦੇ ਆਪਣੇ ਸ਼ਬਦਾਂ 'ਚ, "ਸ਼ਰਾਬਾਂ ਪੀਣ ਵਾਲੇ ਤੇ 'ਐਸ਼-ਇਸ਼ਰਤਾਂ' ਕਰਨ ਵਾਲੇ ਪੁਲਸੀਆਂ ਨੇ ਜਤੀ ਸਿੰਘਾਂ ਨਾਲ ਮੱਥਾ ਲਾ ਲਿਆ ਸੀ, ਹੁਣ ਬਚ ਕੇ ਜਾਣਾ ਕਿਹੜੀ ਮਾਂ ਕੋਲ ਸੀ।" (ਸੋਹਣ ਸਿੰਘ ਪੂੰਨੀ, ਪੰਨਾ 274)

ਇਸੇ ਤਰ੍ਹਾਂ ਜ਼ੈਲਦਾਰ ਚੰਦਾ ਸਿੰਘ ਦੇ ਕਤਲ ਕੇਸ ਵਿਚ ਜਦੋਂ ਡੀ.ਐਸ.ਪੀ. ਕਰਤਾਰ ਸਿੰਘ ਅਤੇ ਥਾਣੇਦਾਰ ਈਸ਼ਰ ਸਿੰਘ ਭਾਈ ਪਰਤਾਪ ਸਿੰਘ ਨੂੰ ਕਤਲ ਦੇ ਮੁਲਜ਼ਮਾਂ ਬਾਰੇ ਜਾਣਨ ਲਈ ਮੁਰੱਬਿਆਂ ਦਾ ਲਾਲਚ ਦੇਣ ਲੱਗੇ ਤਾਂ ਭਾਈ ਸਾਹਿਬ ਦਾ ਉਤਰ ਸੀ, "ਮੁਰੱਬੇ! ਇਨ੍ਹਾਂ 'ਤੇ ਮੈਂ ਥੁੱਕਦਾ ਵੀ ਨਹੀਂ। ਖਾਲਸੇ ਦਾ ਧਰਮ ਹੈ ਕਿਰਤ ਕਰਨਾ ਤੇ ਵੰਡ ਛਕਣਾ।" ਡੀ.ਐਸ.ਪੀ. ਨੇ ਸਿਪਾਹੀਆਂ ਨੂੰ ਹੁਕਮ ਦਿੰਦਿਆਂ ਕਿਹਾ, "ਇਸ ਨੂੰ ਅੰਦਰ ਲੈ ਜਾਵੋ ਤੇ ਚੰਗੀ ਤਰ੍ਹਾਂ ਅਕਲ ਦਿਓ। ਇਹਨੂੰ ਚੰਗੀ ਤਰ੍ਹਾਂ ਸਿੱਧਾ ਕਰਕੇ ਫਿਰ ਸਾਡੇ ਪਾਸ ਲਿਆਓ। ਇਸ ਨੂੰ ਅਜੇ ਪੁਲਿਸ ਦੇ ਹੱਥ ਨਹੀਂ ਲੱਗੇ। ਇਹਨੇ ਤਾਂ ਪਹਿਲੀ ਤੌਣੀ ਨਹੀਂ ਝੱਲਣੀ।" ਭਾਈ ਪਰਤਾਪ ਸਿੰਘ ਦਾ ਅੱਗੋਂ ਜਵਾਬ ਸੀ, "ਮੈਨੂੰ ਪੁਲਿਸ ਨੇ ਕੀ ਹੱਥ ਦਿਖਾਉਣੇ ਆਂ? ਮੈਂ ਤਾਂ ਸਿੰਘਾਪੁਰ 'ਚ ਪੁਲਿਸ ਨੂੰ ਹੱਥ ਦਿਖਾ ਆਇਆਂ। ਉਨ੍ਹਾਂ ਨੂੰ ਖੂੰਡੇ ਨਾਲ ਖੜਕਾਅ ਆਇਆਂ। ਸੱਚ ਨਹੀਂ ਆਉਂਦਾ ਤਾਂ ਤਾਰ ਪਾ ਕੇ ਪਤਾ ਕਰ ਲਓ।" (ਸੋਹਣ ਸਿੰਘ ਪੂੰਨੀ, ਪੰਨਾ 275)

(ਚਲਦਾ)

## ਬਾਹਰੁ ਧੋਇ ਅੰਤਰੁ ਮਨੁ ਮੈਲਾ

## ਗੁਰਬਾਣੀ ਗਿਆਨ

ਆਸਾ ਮਹਲਾ ੫<br>
ਬਾਹਰੁ ਧੋਇ ਅੰਤਰੁ ਮਨੁ ਮੈਲਾ<br>
ਦੁਇ ਠਉਰ ਅਪੁਨੇ ਖੋਏ॥<br>
ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ<br>
ਆਗੈ ਮੁਸਿ ਮੁਸਿ ਰੋਏ॥੧॥<br>
ਗੋਵਿੰਦ ਭਜਨ ਕੀ ਮਤਿ ਹੈ ਹੋਰਾ॥<br>
ਵਰਮੀ ਮਾਰੀ ਸਾਪੁ ਨ ਮਰਈ<br>
ਨਾਮੁ ਨ ਸੁਨਈ ਡੋਰਾ॥੧॥ਰਹਾਉ॥<br>
ਮਾਇਆ ਕੀ ਕਿਰਤਿ ਛੋਡਿ<br>
ਗਵਾਈ ਭਗਤੀ ਸਾਰ ਨ ਜਾਨੈ॥<br>
ਬੇਦ ਸਾਸਤ੍ਰ ਕਉ ਤਰਕਨਿ ਲਾਗਾ<br>
ਤਤੁ ਜੋਗੁ ਨ ਪਛਾਨੈ॥੨॥<br>
ਉਘਰਿ ਗਇਆ ਜੈਸਾ ਖੋਟਾ ਢਬੂਆ<br>
ਨਦਰਿ ਸਰਾਫਾ ਆਇਆ॥<br>
ਅੰਤਰਜਾਮੀ ਸਭੁ ਕਿਛੁ ਜਾਨੈ<br>
ਉਸ ਤੇ ਕਹਾ ਛਪਾਇਆ॥੩॥<br>
ਕੂੜਿ ਕਪਟਿ ਬੰਚਿ ਨਿੰਮੁਨੀਆਦਾ<br>
ਬਿਨਸਿ ਗਇਆ ਤਤਕਾਲੇ॥<br>
ਸਤਿ ਸਤਿ ਸਤਿ ਨਾਨਕਿ ਕਹਿ<br>
ਅਪਨੈ ਹਿਰਦੈ ਦੇਖੁ ਸਮਾਲੇ॥੪॥

ਸਤਿਗੁਰ ਜੀ ਆਖਦੇ ਹਨ ਕਿ ਹੇ ਭਾਈ, ਪ੍ਰਭੂ ਦਾ ਨਾਮ ਜਪਣ ਵਾਲੀ ਮਤ ਵਿਚ ਦਿਖਾਵੇ ਦੀ ਕੋਈ ਥਾਂ ਨਹੀਂ ਹੁੰਦੀ, ਜੋ ਆਦਮੀ ਪ੍ਰਭੂ ਦਾ ਨਾਮ ਨਹੀਂ ਸੁਣਦਾ ਤੇ ਜਾਣ ਕੇ ਬੋਲਾ ਬਣਿਆ ਰਹਿੰਦਾ ਹੈ, ਉਹਦੇ ਬਾਹਰਲੇ ਦਿਖਾਵੇ ਤਾਂ ਇਸ ਤਰ੍ਹਾਂ ਹਨ, ਜਿਵੇਂ ਕੋਈ ਸੱਪ ਨੂੰ ਮਾਰਨ ਦੀ ਥਾਂ ਤੇ ਸੱਪ ਦੀ ਖੁੱਡ ਨੂੰ ਹੀ ਕੁੱਟੀ ਜਾਵੇ। ਜੀਵ ਬਾਹਰੋਂ ਤਾਂ ਆਪਣੇ ਤਨ ਨੂੰ ਧੋਈ ਗਿਆ ਪਰ ਅੰਦਰੋਂ ਮਨ ਨੂੰ ਵਿਕਾਰਾਂ ਤੋਂ ਸਾਫ਼ ਨਹੀਂ ਕੀਤਾ ਤੇ ਲੋਕ ਪਰਲੋਕ ਦੋਵੇਂ ਹੀ ਗੁਆ ਲਏ। ਇਸ ਲੋਕ ਵਿਚ ਰਹਿ ਕੇ ਕਾਮ, ਕ੍ਰੋਧ, ਮੋਹ 'ਚ ਫਸਿਆ ਰਿਹਾ ਤੇ ਪਰਲੋਕ ਵਿਚ ਜਾ ਕੇ ਰੋਣਾ ਪਿਆ।

ਮਾਇਆ ਕੀ ਕਿਰਤਿ ਛੋਡਿ<br>
ਗਵਾਈ ਭਗਤੀ ਸਾਰ ਨ ਜਾਨੈ॥<br>
ਬੇਦ ਸਾਸਤ੍ਰ ਕਉ ਤਰਕਨਿ ਲਾਗਾ<br>
ਤਤੁ ਜੋਗੁ ਨ ਪਛਾਨੈ॥੨॥

ਇਥੇ ਗੁਰਦੇਵ ਪਿਤਾ ਜੀ ਆਖਦੇ ਹਨ ਕਿ ਹੇ ਭਾਈ, ਦਿਖਾਵੇ ਨਾਲ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ, ਜਿਵੇਂ ਕੋਈ ਆਦਮੀ ਦਿਖਾਵੇ ਲਈ ਤਿਆਗੀ ਬਣ ਜਾਵੇ ਤੇ ਆਪਣੇ ਜੀਵਨ ਦੇ ਨਿਰਬਾਹ ਲਈ ਕਿਰਤ ਕਰਨੀ ਹੀ ਛੱਡ ਦੇਵੇ। ਐਸੇ ਆਦਮੀ ਨੂੰ ਭਗਤੀ ਦੀ ਸਾਰ ਤਾਂ ਹੋ ਹੀ ਨਹੀਂ ਸਕਦੀ ਅਤੇ ਜੋ ਆਦਮੀ ਵੇਦ ਤੇ ਸ਼ਾਸਤਰ ਧਾਰਮਿਕ ਗ੍ਰੰਥਾਂ ਨੂੰ ਤਰਕ ਕਰਨ ਲਈ, ਭਾਵ ਸਿਰਫ਼ ਬਹਿਸ ਕਰਨ ਲਈ ਹੀ ਵਰਤਣ ਲੱਗ ਪਵੇ, ਤਤੁ ਜੋਗੁ ਭਾਵ ਉਹ ਅਸਲੀਅਤ ਤੋਂ ਦੂਰ ਚਲਾ ਜਾਂਦਾ ਹੈ ਅਤੇ ਪ੍ਰਭੂ ਮਿਲਾਪ ਨੂੰ ਪ੍ਰਾਪਤ ਨਹੀਂ ਕਰ ਸਕਦਾ।

ਉਘਰਿ ਗਇਆ ਜੈਸਾ ਖੋਟਾ ਢਬੂਆ<br>
ਨਦਰਿ ਸਰਾਫਾ ਆਇਆ॥<br>
ਅੰਤਰਜਾਮੀ ਸਭੁ ਕਿਛੁ ਜਾਨੈ<br>
ਉਸ ਤੇ ਕਹਾ ਛਪਾਇਆ॥੩॥

ਉਘਰਿ ਗਇਆ ਜੈਸਾ ਖੋਟਾ ਢਬੂਆ, ਭਾਵ ਚਾਂਦੀ ਦਾ ਖੋਟਾ ਰੁਪਿਆ ਜਦੋਂ ਸਰਾਫੇ ਦੇ ਸਾਹਮਣੇ ਆਇਆ ਤਾਂ ਉਘਰਿ, ਭਾਵ ਉਹ ਦਾ ਪਾਜ ਉਘੜ ਕੇ ਸਾਹਮਣੇ ਆ ਗਿਆ ਕਿ ਇਹ ਅਸਲੀ ਨਹੀਂ, ਖੋਟਾ ਹੈ। ਇਵੇਂ ਹੀ ਆਦਮੀ ਅੰਦਰੋਂ ਤਾਂ ਵਿਕਾਰਾਂ ਨਾਲ ਭਰਿਆ ਪਿਆ ਹੈ ਪਰ ਬਾਹਰੋਂ ਜੋ ਦਿਖਾਵਾ ਕਰਦਾ ਹੈ ਕਿ ਮੈਂ ਬਹੁਤ ਧਰਮੀ ਹਾਂ, ਪ੍ਰਭੂ ਦਾ ਭਗਤ ਹਾਂ, ਉਹ ਦੁਨੀਆ ਨੂੰ ਤਾਂ ਭੁਲੇਖੇ ਵਿਚ ਪਾ ਸਕਦਾ ਹੈ ਪਰ ਉਹ ਅੰਤਰਜਾਮੀ ਸਭ ਦੇ ਦਿਲਾਂ ਦੀਆਂ ਜਾਣਨ ਵਾਲੇ ਕੋਲੋਂ ਕਿਵੇਂ ਛੁਪਾਵੇਗਾ। ਉਹ ਤਾਂ ਸਭ ਦੇ ਦਿਲਾਂ ਦੀਆਂ ਜਾਣਦਾ ਹੈ।

ਕੂੜਿ ਕਪਟਿ ਬੰਚਿ ਨਿੰਮੁਨੀਆਦਾ<br>
ਬਿਨਸਿ ਗਇਆ ਤਤਕਾਲੇ॥<br>
ਸਤਿ ਸਤਿ ਸਤਿ ਨਾਨਕਿ ਕਹਿ<br>
ਅਪਨੈ ਹਿਰਦੈ ਦੇਖੁ ਸਮਾਲੇ॥੪॥

ਗੁਰਦੇਵ ਸਮਝਾਉਂਦੇ ਹਨ ਕਿ ਹੇ ਭਾਈ, ਇਹ ਜੀਵ ਝੂਠੀ ਮਾਇਆ ਦੇ ਮੋਹ ਵਿਚ ਫਸ ਕੇ ਠਗਿਆ ਜਾਂਦਾ ਹੈ ਅਤੇ ਝੂਠੇ ਫਰੇਬ ਵਿਚ ਫਸ ਕੇ ਆਪਣਾ ਆਤਮਕ ਜੀਵਨ ਲੁਟਾ ਬੈਠਦਾ ਹੈ। ਨਿੰਮੁਨੀਆਦਾ, ਭਾਵ ਬੇਬੁਨਿਆਦ ਐਸੇ ਜੀਵਨ ਨੂੰ ਲੁਟਾ ਕੇ ਤਤਕਾਲ ਹੀ ਆਤਮਿਕ ਮੌਤ ਮਰ ਜਾਂਦਾ ਹੈ। ਇੱਥੇ ਗੁਰਦੇਵ ਜੀ ਤਿੰਨ ਵਾਰੀ ਸਤਿ ਸ਼ਬਦ ਦਾ ਉਚਾਰਨ ਕਰਦੇ ਹਨ ਕਿ ਹੇ ਭਾਈ, ਨਾਨਕ ਇਹ ਗੱਲ ਯਕੀਨਨ ਹੀ ਸੱਚ ਆਖ ਰਿਹਾ ਹੈ ਕਿ ਪ੍ਰਭੂ ਦੇ ਨਾਮ ਨੂੰ ਆਪਣੇ ਅੰਦਰ ਸਾਂਭ ਕੇ ਰੱਖੀਏ, ਇਹੀ ਅਸਲ ਪ੍ਰਾਪਤੀ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਹਰਿੰਦਰ ਸਿੰਘ ਮਹਿਬੂਬ ਬਾਰੇ ਉਠ ਰਹੇ ਸਵਾਲ

'ਪੰਜਾਬ ਟਾਈਮਜ਼' ਨੇ ਸਵਰਗੀ ਹਰਿੰਦਰ ਸਿੰਘ ਮਹਿਬੂਬ ਅਤੇ ਉਸ ਦੀਆਂ ਲਿਖਤਾਂ ਸਬੰਧੀ ਉਠ ਰਹੇ ਸਵਾਲਾਂ ਨਾਲ ਵਰਤਮਾਨ ਪੰਜਾਬ ਦਾ ਅਤੀਤ ਦੇ ਪੰਜਾਬ ਨਾਲੋਂ ਇੱਕ ਵੱਡਾ ਫਰਕ ਦਿਖਾਇਆ ਹੈ; ਜਿਹੜਾ ਇਲਹਾਮ ਦੇ ਸਬੰਧ ਵਿਚ ਹੈ। ਅਤੀਤ ਵਿਚਲਾ ਪੰਜਾਬ ਆਪਣੀ ਭਰਪੂਰਤਾ ਸਦਕਾ ਵੇਦਾਂ, ਸਮ੍ਰਿਤੀਆਂ, ਸ਼ਾਸਤਰਾਂ ਅਤੇ ਦੁਨੀਆਂ ਭਰ ਦੇ ਮਹਾਨ ਗ੍ਰੰਥਾਂ ਦੇ ਜ਼ਖ਼ੀਰੇ (ਖਜ਼ਾਨੇ) ਨੂੰ ਸਾਂਭਦਿਆਂ ਹੀ, ਸੰਸਾਰ ਭਰ ਵਿਚ ਹਰ ਥਾਂ ਆਪਣੀ ਨਿਵੇਕਲੀ ਪਹਿਚਾਣ ਕਰਵਾਉਂਦਾ ਰਿਹਾ। ਇਸੇ ਧਰਤੀ ਤੋਂ ਹੀ ਪੈਗੰਬਰਾਂ ਦੇ ਸਿਰਤਾਜ ਗੁਰੂ ਨਾਨਕ ਸਾਹਿਬ ਨੇ ਜਿਥੇ ਅਸੰਖਾਂ ਸੂਰਜਾਂ, ਅਕਾਸ਼ਾਂ, ਪਤਾਲਾਂ, ਅਨੰਤ ਮੰਡਲਾਂ, ਅਨੇਕ ਧਰਤੀਆਂ ਅਤੇ ਬ੍ਰਹਿਮੰਡਾਂ ਦੀ ਪਹਿਚਾਣ ਮਨੁੱਖਤਾ ਨੂੰ ਕਰਵਾਈ ਉਥੇ 'ਕੀਤਾ ਪਸਾਉ ਏਕੋ ਕਵਾਉ॥' ਦੀ ਇਲਾਹੀ ਬਖਸ਼ਿਸ਼ ਨਾਲ ਵੀ ਨਿਵਾਜਿਆ। ਕੋਈ ਸ਼ੱਕ ਨਹੀਂ, ਪਰਮ ਸ਼ਕਤੀ ਦੀ ਬਖਸ਼ਿਸ਼ ਨੂੰ ਵੀ ਯੋਗਤਾ ਨਾਲ ਹੀ ਹਾਸਿਲ ਕੀਤਾ ਜਾਣਾ ਸੀ ਅਤੇ ਜੋ ਅਤੀਤ ਦੇ ਪੰਜਾਬ ਵਿਚ ਭਲੀਭਾਂਤ ਦਿਖਾਈ ਦਿੰਦਾ ਹੈ ਜਿੱਥੇ ਰਿਸ਼ੀਆਂ, ਮੁਨੀਆਂ, ਫਕੀਰਾਂ, ਸੰਤਾਂ ਅਤੇ ਪੈਗੰਬਰਾਂ ਦੀ ਅਦੁੱਤੀ ਦੇਣ ਸਦਕਾ, ਵੇਦਾਂ, ਸ਼ਾਸਤਰਾਂ, ਸਮ੍ਰਿਤੀਆਂ ਅਤੇ ਮਹਾਨ ਗ੍ਰੰਥਾਂ ਦਾ ਆਗਮਨ ਹੋਇਆ, ਜਿੱਥੋਂ ਦੇ ਲੋਕਾਂ ਨੇ ਵੀ ਲਿਖਣ ਦੇ ਸਾਧਨਾਂ ਦੀ ਕਮੀ ਹੋਣ ਕਰਕੇ 'ਰਿਗਵੇਦ' ਨੂੰ ਛੇ ਸਦੀਆਂ ਤੱਕ ਜ਼ੁਬਾਨੀ ਯਾਦ ਰੱਖਿਆ।

ਪਰ ਵਰਤਮਾਨ ਪੰਜਾਬ ਵਿਚ ਰਿਗਵੇਦ ਜਿਹੀਆਂ ਲਿਖਤਾਂ ਜਾਂ ਇਹਦੀਆਂ ਕੁੱਝ ਕੁ ਸਤਰਾਂ ਨੂੰ ਯਾਦ ਰੱਖਣਾ ਤਾਂ ਇਕ ਪਾਸੇ ਰਿਹਾ, ਸਗੋਂ ਜੇ ਕਿਤੇ ਹਰਿੰਦਰ ਸਿੰਘ ਮਹਿਬੂਬ ਜਿਹੇ ਮਹਾਨ ਸ਼ਾਇਰ ਅਤੇ ਵਿਦਵਾਨ ਲੇਖਕ ਨੇ ਰਿਗਵੇਦ ਦੇ ਅੰਤਰੀਵ ਤਾਲ ਦੀਆਂ ਗੁੱਝੀਆਂ ਰਮਜ਼ਾਂ ਨੂੰ ਆਪਣੇ ਲੇਖ 'ਰਿਗਵੇਦ ਦੀਆਂ ਆਵਾਜ਼ਾਂ' ਰਾਹੀਂ ਪੇਸ਼ ਵੀ ਕੀਤਾ ਤਾਂ ਉਸ ਨੂੰ ਸਮਝਣ ਦੀ ਥਾਂ, ਪੰਜਾਬੀ ਯੂਨੀਵਰਸਿਟੀ ਵਿਚ ਬੈਠੇ ਹੋਏ ਵਿਦਵਾਨ ਵੀ ਇਹੋ ਕਹਿ ਦੇਣਗੇ ਕਿ ਮੈਨੂੰ ਤਾਂ ਮਹਿਬੂਬ ਦਾ ਇਹ ਲੇਖ ਹੁਣ ਤੱਕ ਸਮਝ ਹੀ ਨਹੀਂ ਲੱਗਿਆ; ਤਾਂ ਯੂਨੀਵਰਸਿਟੀਆਂ ਕਿਹੜੇ ਗਿਆਨ ਦੇ ਚਾਨਣ ਨਾਲ ਆਉਣ ਵਾਲੀਆਂ ਪੀੜੀਆਂ ਦੀ ਝੋਲੀ ਭਰਨਗੀਆਂ? ਜੇ ਪੰਜਾਬ ਦੇ ਹੱਥੋਂ ਇੰਜ ਹੀ ਵਿਰਾਸਤ ਦਾ ਲੜ ਛੁਡਵਾਉਣਾ ਹੋਇਆ ਤਾਂ ਸਤਿਕਾਰਯੋਗ ਪ੍ਰੋ. ਹਰਪਾਲ ਸਿੰਘ ਪੰਨੂ ਜਿਹੇ ਵਿਦਵਾਨ ਵੀ ਨਿੱਜੀ ਸਵਾਲਾਂ ਵਿਚ ਉਲਝ ਕੇ ਅਜਿਹੀਆਂ ਲਿਖਤਾਂ ਨੂੰ ਸਮਝਣ ਤੋਂ ਇਨਕਾਰੀ ਹੀ ਹੋਣਗੇ। ਮੈਨੂੰ ਵੀ ਹਰਿੰਦਰ ਸਿੰਘ ਮਹਿਬੂਬ ਰਚਿਤ 'ਸਹਿਜੇ ਰਚਿਓ ਖਾਲਸਾ' ਪੁਸਤਕ ਉਤੇ ਪੰਜਾਬੀ ਯੂਨੀਵਰਸਿਟੀ ਤੋਂ ਪੀ. ਐਚ ਡੀ. ਸ਼ੁਰੂ

## ਸੰਪਾਦਕ ਦੀ ਡਾਕ

ਕਰਨ ਉਪਰੰਤ ਹੀ ਸਮਝ ਆਉਣ ਲੱਗੀ ਕਿ ਮੌਜੂਦਾ ਪੰਜਾਬ ਕਿਸ ਹੱਦ ਤੱਕ ਗਿਰਾਵਟ ਵੱਲ ਜਾ ਰਿਹਾ ਹੈ ਅਤੇ ਕਿਉਂ ਜਾ ਰਿਹਾ ਹੈ? ਅਤੀਤ ਦਾ ਪੰਜਾਬ ਦੁਨੀਆਂ ਭਰ ਵਿਚ ਖਿੱਚ ਦਾ ਕੇਂਦਰ ਕਿਉਂ ਰਿਹਾ ਹੈ?

ਫਲਸਰੂਪ, ਮੌਜੂਦਾ ਪੰਜਾਬ ਦੇ ਆਧਾਰ ਰੂਪ ਵਿਦਵਾਨ, ਪ੍ਰੋਫੈਸਰ ਅਤੇ ਯੂਨੀਵਰਸਿਟੀਆਂ ਭਵਿੱਖ ਦੀਆਂ ਕਿਹੋ ਜਿਹੀਆਂ ਨੀਹਾਂ ਨੂੰ ਉਸਾਰਨਗੇ; ਜਿਨ੍ਹਾਂ ਨੂੰ ਮੇਰੀ ਅਤੇ ਮੇਰੇ ਸਾਥੀ ਵਿਦਿਆਰਥੀਆਂ ਦੀ ਤਕਦੀਰ ਦਾ ਫ਼ਿਕਰ ਵੀ ਜਰੂਰ ਹੈ। ਮੌਜੂਦਾ ਸਮੇਂ ਪੰਜਾਬ ਦੇ ਸਾਰੇ ਪੱਖਾਂ ਉਤੇ ਅਸਰਦਾਰ ਯੂਨੀਵਰਸਿਟੀਆਂ ਦੇ ਅਜਿਹੇ ਰੰਗਾਂ ਕਰਕੇ ਹੀ, ਪੰਜਾਬੀ ਭਾਸ਼ਾ ਨੂੰ ਵੀ ਦੋਹਰੀ ਰੰਗਤ ਵਿਚ ਰੰਗਿਆ ਜਾ ਰਿਹਾ ਹੈ-ਚੜ੍ਹਦੇ ਪੰਜਾਬ ਦੀ ਪੰਜਾਬੀ ਅਤੇ ਲਹਿੰਦੇ ਪੰਜਾਬੀ ਦੀ ਵੱਖਰੀ ਪੰਜਾਬੀ ਜਾਂ ਸੰਸਕ੍ਰਿਤੀ ਰੰਗਤ ਵਾਲੀ ਪੰਜਾਬੀ ਅਤੇ ਉਰਦੂ ਰੰਗਤ ਵਾਲੀ ਪੰਜਾਬੀ, ਜਦਕਿ ਹਰਿੰਦਰ ਮਹਿਬੂਬ ਦੀ 'ਸਹਿਜੇ ਰਚਿਓ ਖਾਲਸਾ' ਅਤੇ ਉਨ੍ਹਾਂ ਦੀਆਂ ਹੋਰਨਾਂ ਲਿਖਤਾਂ ਦੀ ਅਸਲ ਪੰਜਾਬੀ ਨਾਲੋਂ ਵਿਹਾਜ ਜਾਣ ਦਾ ਉਦਮ ਵੀ ਤਾਂ ਕਿਸੇ ਹੋਰ ਦਾ ਨਹੀਂ।

ਉਚੇ ਆਦਾਰਿਆਂ ਵਿਚ ਬੈਠੇ ਇਨ੍ਹਾਂ ਵਿਦਵਾਨਾਂ ਦਾ ਤਾਂ ਕੋਈ ਨੁਕਸਾਨ ਨਹੀਂ ਹੋਣਾ ਹੁੰਦਾ ਪਰ ਮੇਰੇ ਜਿਹੇ ਵਿਦਿਆਰਥੀ ਇਸ ਦਾ ਸ਼ਿਕਾਰ ਜਰੂਰ ਹੁੰਦੇ ਹੋਣਗੇ ਅਤੇ ਅਜਿਹਾ ਖ਼ਮਿਆਜ਼ਾ ਵੀ ਭੁਗਤਦੇ ਹੋਣਗੇ। ਜੇ ਕਿਤੇ ਇਹੋ ਜਿਹੀ ਸੰਕੀਰਣ ਸੋਚ ਤੋਂ ਉਪਰ ਉਠ ਕੇ ਵਿਦਿਆਰਥੀਆਂ ਨੂੰ ਉਚੇ ਸਾਹਿਤ ਨਾਲ ਜੁੜਨ ਦਿੱਤਾ ਜਾਵੇ ਤਾਂ ਹੀ ਉਚੀ ਸੋਚ ਅਤੇ ਉਚੇ ਖਿਆਲ ਪੈਦਾ ਹੋਣਗੇ, ਤਦ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਨਾਲ ਨਿਪਟਿਆ ਵੀ ਜਾ ਸਕੇਗਾ। ਅਤੀਤ ਅਤੇ ਵਰਤਮਾਨ ਦੇ ਪੰਜਾਬ ਅੰਦਰ ਦ੍ਰਿਸ਼ਟਮਾਨ ਹੋ ਰਹੇ ਅਜਿਹੇ ਖਲਾਅ ਨੂੰ ਭਰਿਆ ਜਾ ਸਕਦਾ ਹੈ। ਪੰਜਾਬ ਨੂੰ ਚੁਣੌਤੀਆਂ ਦੇ ਰਹੀਆਂ ਭਵਿੱਖ ਦੀਆਂ ਸਾਰੀਆਂ ਹੀ ਸਮੱਸਿਆਵਾਂ ਦਾ ਇਕ ਕਾਰਨ ਅਤੀਤ ਅਤੇ ਵਰਤਮਾਨ ਦੇ ਪੰਜਾਬ ਦਾ ਇਹ ਖਲਾਅ ਵੀ ਹੈ। ਫੇਰ ਜਿਵੇਂ ਪੰਜਾਬੀ ਯੂਨੀਵਰਸਿਟੀ ਦਾ ਤਾਂ ਨਾਂ ਵੀ ਪੰਜਾਬੀ ਭਾਸ਼ਾ ਉਤੇ ਹੀ ਹੈ ਅਤੇ ਇਸੇ ਭਾਸ਼ਾ ਵਿਚ ਹੀ ਜਿਵੇਂ ਮਹਾਨ ਗੁਰੂ ਗ੍ਰੰਥ ਸਾਹਿਬ ਆਦਿ ਪਵਿੱਤਰ ਸਹਿਤ ਰਚਿਆ ਗਿਆ ਹੈ। ਫੇਰ ਕਿਉਂ ਪੰਜਾਬੀ ਭਾਸ਼ਾ ਦੇ ਪਵਿੱਤਰ ਸਾਹਿਤ ਨੂੰ ਅਣਗੌਲਿਆਂ ਕਰਨਾ ਹੋਇਆ, ਸਗੋਂ ਵਿਦਿਆਰਥੀਆਂ ਨੂੰ ਇਸ ਪਾਸੇ ਵੱਲ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ। ਸੋ ਲੋੜ ਤਾਂ ਇਹੋ ਜਿਹੇ ਖਲਾਅ ਨੂੰ ਭਰਨ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਦੀ ਹੈ ਤਾਂ ਕਿ ਵਿਦਿਆਰਥੀਆਂ ਨੂੰ ਨਿਰਾਸ਼ ਹੋ ਕੇ ਉਚੇ ਸਾਹਿਤ ਤੋਂ ਮੂੰਹ ਨਾ ਮੋੜਨਾ ਪਵੇ। ਮੈਨੂੰ ਵੀ ਕਿਤੇ ਨਾ ਕਿਤੇ ਮਹਿਬੂਬ ਰਚਿਤ 'ਸਹਿਜੇ ਰਚਿਓ ਖਾਲਸਾ' ਤੋਂ ਅਜਿਹੇ ਉਚੇ ਸਾਹਿਤ ਜਿਹੀ ਪ੍ਰੇਰਨਾ ਹੀ ਮਿਲੀ। ਮੈਂ ਹਰਿੰਦਰ ਮਹਿਬੂਬ ਦੀਆਂ ਪੁਸਤਕਾਂ ਤੋਂ ਪ੍ਰੇਰਿਤ ਹੋ ਕੇ ਕੁਝ ਕਵਿਤਾਵਾਂ ਵੀ ਲਿਖੀਆਂ ਹਨ।

ਭਵਿੱਖ ਦੌਰਾਨ ਸੰਭਾਵਨਾਵਾਂ ਹਨ ਕਿ ਇਕ ਨਾ ਇਕ ਦਿਨ ਵਿਦਿਆਰਥੀਆਂ ਦੇ ਹੱਥਾਂ ਵਿਚ ਉਚਾ ਸਾਹਿਤ ਜਰੂਰ ਆਵੇਗਾ ਅਤੇ ਪੰਜਾਬ ਵਿਚ ਪੈਦਾ ਹੋ ਰਿਹਾ ਖਲਾਅ ਵੀ ਭਰਿਆ ਜਾਵੇਗਾ। 'ਸਹਿਜੇ ਰਚਿਓ ਖਾਲਸਾ' ਵਿਚ ਵਰਨਿਤ ਵਿਸ਼ਵ ਧਰਮਾਂ ਦੇ ਨਾਲ ਵਿਸ਼ਵ ਸਮਾਜ, ਵਿਸ਼ਵ ਲੋਕ ਸਾਹਿਤ, ਵਿਸ਼ਵ ਸੱਭਿਅਤਾ ਅਤੇ ਵਿਸ਼ਵ ਚੇਤਨਾ ਆਦਿ ਨੂੰ ਵੀ ਪਹਿਚਾਣਿਆ ਜਾ ਸਕੇਗਾ। ਫਿਲਹਾਲ ਵਿਦਵਾਨਾਂ ਦੇ ਅਜਿਹੇ ਝਗੜੇ ਤੋਂ ਨਿਰਾਸ਼ ਹੀ ਹੋਈ ਹਾਂ।

**-ਬੇਅੰਤ ਕੌਰ, ਲੈਕਚਰਾਰ**
**ਗੁਰੂ ਹਰਿਕ੍ਰਿਸ਼ਨ ਗਰਲਜ਼ ਕਾਲਜ, ਫੱਲੇਵਾਲ ਖੁਰਦ, ਸੰਗਰੂਰ (ਪੰਜਾਬ)।**
**ਫੋਨ:91-99887-94880**

## ਬਾਤਾਂ ਕਮਲਿਆਂ ਦੇ ਟੱਬਰ ਦੀਆਂ

**ਅਮੋਲਕ ਪਿਆਰੇ ਗੁਰੂ ਫਤਿਹ।**

'ਪੰਜਾਬੀ ਟ੍ਰਿਬਿਊਨ ਵਿਚ ਸੰਘਰਸ਼ ਦੇ ਵਰ੍ਹੇ' ਪੜ੍ਹਨ ਬਾਅਦ ਮੈਨੂੰ ਲੱਗਿਆ ਹੈ ਕਿ ਇਸ ਦਾ ਸਿਰਲੇਖ 'ਕਮਲਿਆਂ ਦਾ ਟੱਬਰ' ਹੋਣਾ ਚਾਹੀਦਾ ਸੀ। ਅਸਲ ਵਿਚ ਮੇਰੀ ਇਹ ਰਾਏ ਤੇਰੇ ਲਿਖੇ ਅਤੇ ਪੰਜਾਬ ਟਾਈਮਜ਼ ਵਿਚ ਛਪ ਚੁਕੇ ਲੇਖ 'ਕਮਲਿਆਂ ਦੇ ਟੱਬਰ' ਨੂੰ ਯਾਦ ਕਰਕੇ ਹੀ ਬਣੀ ਹੈ। ਇਸ ਲੇਖ ਤੋਂ ਇਹ ਗੱਲ ਸਾਹਮਣੇ ਆ ਜਾਂਦੀ ਹੈ ਕਿ ਸਮਾਜਿਕ ਪਹਿਰੇਦਾਰੀ ਦੇ ਦਾਅਵੇਦਾਰ ਮੀਡੀਆ ਵਿਚ ਵੀ ਨੈਤਿਕ-ਨਿਘਾਰ ਉਸੇ ਤਰ੍ਹਾਂ ਵਿਆਪਕ ਰੂਪ ਵਿਚ ਵਾਪਰ ਰਿਹਾ ਹੈ, ਜਿਵੇਂ ਬਾਕੀ ਖੇਤਰਾਂ ਵਿਚ। ਇਸ ਨਾਲ ਸਮਾਜਿਕ ਨਿਘਾਰ ਵਲ ਉਂਗਲੀ ਤਾਂ ਉਠਦੀ ਹੈ, ਪਰ ਇਸ ਦਾ ਪ੍ਰਸੰਗਕ-ਉਸਾਰ ਸਾਹਮਣੇ ਨਹੀਂ ਆਉਂਦਾ। ਤੇਰਾ ਹਮਦਰਦ ਹੋਣ ਨਾਤੇ ਮੈਨੂੰ ਤੇਰੇ ਨਾਲ ਹੋਈਆਂ ਵਧੀਕੀਆਂ ਦੇ ਦਰਦ ਨੇ ਵਿਚਲਿਤ ਕੀਤਾ ਹੈ। ਲਿਖਣ ਨਾਲ ਜੇ ਤੇਰਾ ਕੈਥਾਰਸਿਸ ਹੋ ਗਿਆ ਹੋਵੇ ਤਾਂ ਠੀਕ ਹੈ ਪਰ ਮੈਨੂੰ ਅਜਿਹਾ ਨਹੀਂ ਲਗਦਾ? ਤੇਰੇ ਵਰਗੀਆਂ ਸੰਵੇਦਨਸ਼ੀਲ ਰੂਹਾਂ ਕੈਥਾਰਸਿਸ ਦੀਆਂ ਮੁਥਾਜ ਨਹੀਂ ਹੁੰਦੀਆਂ। ਢਕੀ ਰਿਝਣ ਦਾ ਵੀ ਭਰਮ ਹੀ ਹੁੰਦਾ ਹੈ। ਜੋ ਵਾਪਰਿਆ, ਉਸ ਦਾ ਦੁੱਖ ਜਾਂ ਖੁਸ਼ੀ ਹੋਵੇ ਵੀ ਤਾਂ ਵੀ ਇਸ ਨੂੰ ਪਛਤਾਵਾ ਜਾਂ ਗਲਤੀ ਦਾ ਅਹਿਸਾਸ ਤਾਂ ਨਹੀਂ ਕਿਹਾ ਜਾ ਸਕਦਾ। ਇਸ ਕਰਕੇ ਵੇਰਵਿਆਂ ਦਾ ਮਹਿਜ਼ ਵਿਖਿਆਨ, ਬਿਰਤਾਂਤ ਨਹੀਂ ਹੋ ਜਾਂਦਾ, ਫਿਰ ਵੀ ਜਿਸ ਸਾਹਸ ਅਤੇ ਬੇਬਾਕੀ ਨਾਲ ਤੂੰ ਲਿਖਿਆ ਹੈ, ਇਹ ਪੱਤਰਕਾਰੀ ਦੀ ਦ੍ਰਿਸ਼ਟੀ ਤੋਂ ਮੈਨੂੰ ਚੰਗਾ ਲਗਿਆ ਹੈ। ਪੱਤਰਕਾਰੀ, ਜੇ ਸਾਹਿਤਕਾਰੀ ਹੋਣ ਦਾ ਭਰਮ ਪਾਲੇਗੀ ਤਾਂ ਸਾਹਿਤਕਾਰੀ ਦੀ ਸਿਆਸਤ ਤੋਂ ਅਗੇ ਨਹੀਂ ਜਾ ਸਕੇਗੀ।

ਮੇਰਾ ਅਨੁਭਵ ਵੀ ਹੈ ਅਤੇ ਵਿਸ਼ਵਾਸ਼ ਵੀ ਕਿ ਬੰਦਾ ਤਾਂ ਬੰਦਾ ਹੀ ਹੈ ਅਤੇ ਡਿੱਗਣ, ਉਠਣ ਤੇ ਡਿੱਗਣ ਦੇ ਤਾਣੇ-ਬਾਣੇ ਵਿਚ ਉਲਝਿਆ ਰਹਿੰਦਾ ਹੈ। ਜੇ ਬੰਦੇ ਨੂੰ ਮਿਲੇ ਹੋਏ ਅਵਸਰ ਨੂੰ ਵਰਤਣ ਦੀ ਜਾਚ ਆ ਜਾਵੇ ਤਾਂ 'ਭਈ ਪ੍ਰਾਪਤ ਮਾਨੁਖ ਦੇਹੁਰੀਆ...' ਦੀ ਭਾਵਨਾ ਵਿਚ ਸਫਲਤਾ ਦੀ ਆਸ ਵਲ ਤੁਰਿਆ ਰਹਿੰਦਾ ਹੈ। ਜੋ ਮਿਲੇ ਹੋਏ ਅਵਸਰ ਨੂੰ ਵਰਤਣ ਵਾਸਤੇ ਬੰਦਾ ਮੁਹਰਤ ਦਾ ਭਰਮ ਪਾਲਣ ਵਾਲਿਆਂ ਦੇ ਢਹੇ ਚੜ੍ਹ ਜਾਵੇ ਤਾਂ ਜੋ ਕੁਝ ਵਾਪਰਦਾ ਹੈ, ਉਸ ਦੀ ਇਕ ਪਰਤ ਬਾਰੇ ਤੂੰ ਲਿਖ ਹੀ ਦਿੱਤਾ ਹੈ। ਕਿਸੇ ਵੀ ਬੰਦੇ ਦੀ ਪਛਾਣ, ਉਸ ਦੇ ਸਮਕਾਲ ਦੇ ਹਵਾਲੇ ਨਾਲ ਹੀ ਸਥਾਪਤ ਕੀਤੀ ਜਾ ਸਕਦੀ ਹੈ। ਤੇਰਾ ਪੰਜਾਬ-ਸਮਕਾਲ ਅਤੇ ਬਦੇਸ਼ੀ-ਸਮਕਾਲ ਇਹ ਦੱਸਦੇ ਹਨ ਕਿ ਇਕੱਲਿਆਂ ਤੂੰ ਕੁਝ ਵੀ ਕਰ ਸਕਦਾ ਹੈਂ ਅਤੇ ਰਲ ਕੇ ਜੋ ਵੀ ਕਰੇਂਗਾ, ਉਸ ਦੀ ਸਫਲਤਾ ਤੇ ਤੇਰਾ ਕੋਈ ਅਧਿਕਾਰ ਨਹੀਂ ਹੋਵੇਗਾ। ਇਹ ਜੋਤਿਸ਼ ਨਹੀਂ ਹੈ। ਤੇਰੇ ਪੰਜਾਬ-ਸਮਕਾਲ ਦਾ ਉਹ ਵਰਗ, ਜਿਸ ਦਾ ਤੂੰ ਹਿੱਸਾ ਸੀ, ਤੱਥਮੂਲਕ ਸੋਚ ਅਤੇ ਜੜ੍ਹਹੀਣ ਸੁਪਨਿਆਂ ਵਿਚ ਹੜ੍ਹ ਰਿਹਾ ਸੀ। ਇਹ ਮੰਗਦਾ ਸਭ ਕੁਝ ਸੀ ਪਰ ਦੇਂਦਾ ਕੁਝ ਵੀ ਨਹੀਂ ਸੀ। ਇਸ ਦੇ ਧੱਕੇ ਹੋਏ ਜੋ ਤੇਰੇ ਵਾਂਗ ਹਿਜਰਤ ਕਰ ਗਏ, ਉਨ੍ਹਾਂ ਨੇ ਜੋ ਵੀ ਕੀਤਾ, ਉਹ ਉਨ੍ਹਾਂ ਦਾ ਆਪਣਾ ਹੋ ਗਿਆ। ਤੇਰਾ ਦੋਹਰਾ ਸਭਿਆਚਾਰਕ ਅਨੁਭਵ ਲਿਖਤ ਰੂਪ ਵਿਚ ਸਾਹਮਣੇ ਆ ਜਾਣਾ ਚਾਹੀਦਾ ਹੈ। ਲਿਖ ਸਕਣ ਦੀ ਸਮਰਥਾ ਦਾ ਪ੍ਰਗਟਾਵਾ ਹੋ ਗਿਆ ਹੈ। ਲੋੜ ਇਸ ਨੂੰ 'ਕਮਲਿਆਂ ਦੇ ਟੱਬਰ' ਵਜੋਂ ਉਸਾਰਨ ਦੀ ਹੈ। ਇਹ ਇਕ ਸਭਿਆਚਾਰ ਤੋਂ ਦੂਜੇ ਸਭਿਆਚਾਰ ਤੱਕ ਦਾ ਸਫਰ ਵੀ ਹੈ ਅਤੇ ਅੰਨ੍ਹੀ ਸੁਰੰਗ ਦਾ ਅਗਲਾ ਸਿਰਾ ਲਭ ਲੈਣ ਦੀ ਸੁਖਾਵੀਂ ਪ੍ਰਾਪਤੀ ਵੀ ਹੈ। ਤੇਰੀ ਲਿਖਤ ਵਿਚੋਂ ਜਸਪ੍ਰੀਤ ਦਾ ਨਿੱਕਾ ਜਿਹਾ ਹਵਾਲਾ ਸਾਰਿਆਂ ਨਾਲੋਂ ਚੰਗਾ ਲੱਗਾ। ਲਿਖਣਾ ਬੰਦ ਨਾ ਕਰੀਂ ਵਰਨਾ ਮੈਨੂੰ ਲਗੇਗਾ ਕਿ ਤੂੰ ਵੀ ਬਹੁਤ ਸਾਰੇ ਲੋਕਾਂ ਵਾਂਗ ਇਹ ਸੁਪਨਿਆਂ ਨੂੰ ਆਪਣੇ ਅੰਦਰ ਦਫਨ ਕਰਨ ਵਾਲਿਆਂ ਮਜਬੂਰੀਆਂ ਹੰਢਾਉਣ ਵਾਲੇ ਰਾਹ ਪੈ ਗਿਆਂ ਹੈਂ? ਜਸਪ੍ਰੀਤ ਵਾਸਤੇ ਇਕ ਲੰਬੀ ਚਿੱਠੀ ਮੇਰੇ ਅੰਦਰ ਅੰਗੜਾਈਆਂ ਲੈਂਦੀ ਹੈ, ਪਰ ਲਗਦਾ ਹੈ ਇਸ ਨੇ ਦਫਨ ਹੀ ਹੋ ਜਾਣਾ ਹੈ। ਸਾਰਿਆਂ ਨੂੰ ਫਤਿਹ।

**-ਬਲਕਾਰ ਸਿੰਘ (ਪ੍ਰੋ.), ਪਟਿਆਲਾ**

# ਦਿੱਲੀ ਦੀ ਸਾਹਿਤਕ ਦੁਨੀਆਂ ਦਾ ਸਰਪ੍ਰਸਤ ਸੀ ਇੰਦਰ ਗੁਜਰਾਲ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਇੰਦਰ ਕੁਮਾਰ ਗੁਜਰਾਲ ਦੇ ਅਕਾਲ ਚਲਾਣੇ ਨਾਲ ਸਾਡੀ ਨਵੀਂ ਦਿੱਲੀ ਵਾਲੀ ਪੰਜਾਬੀ ਸਾਹਿਤ ਸਭਾ ਦੇ ਨਵੇਂ ਯੁਗ ਦਾ ਅੰਤ ਹੋ ਗਿਆ ਹੈ। 1943 ਵਿਚ ਗਿਆਨੀ ਹਰੀ ਸਿੰਘ ਤੇ ਕੁਲਦੀਪ ਸਿੰਘ ਦੀ ਸਥਾਪਤ ਕੀਤੀ ਪੰਜਾਬੀ ਸਾਹਿਤ ਸਭਾ ਨੇ ਗੁਜਰਾਲ ਜੀ ਦੀ ਸਰਪ੍ਰਸਤੀ ਹੇਠ ਭਾਪਾ ਪ੍ਰੀਤਮ ਸਿੰਘ ਤੇ ਕਰਤਾਰ ਸਿੰਘ ਦੁੱਗਲ ਦੇ ਉਦਮ ਨਾਲ ਨਵਾਂ ਜਨਮ ਲਿਆ ਸੀ। ਇਸ ਨੂੰ ਸਾਹਿਤਕ ਸੇਧ ਦੇਣ ਵਾਲਾ ਕਰਤਾਰ ਸਿੰਘ ਦੁੱਗਲ ਸੀ ਤੇ ਪ੍ਰਬੰਧਕੀ ਢਾਂਚੇ ਨੂੰ ਨਵਿਆਉਣ ਤੇ ਮਾਲੀ ਵਸੀਲੇ ਜੁਟਾਉਣ ਵਾਲਾ ਭਾਪਾ ਪ੍ਰੀਤਮ ਸਿੰਘ। ਸਭਾ ਦੇ ਕੰਮ ਕਾਜ ਲਈ ਉਸਾਰੇ ਗਏ ਆਲੀਸ਼ਾਨ ਪੰਜਾਬੀ ਭਵਨ ਦਾ 1990 ਵਿਚ ਨੀਂਹ ਪੱਥਰ ਵੀ ਸ੍ਰੀ ਗੁਜਰਾਲ ਨੇ ਰੱਖਿਆ। ਉਨ੍ਹਾਂ ਦੀ ਸਰਪ੍ਰਸਤੀ ਹੇਠ ਸਭਾ ਨੇ ਬਹੁਤ ਵਧੀਆ ਮਹਿਫਲਾਂ ਤੇ ਸਾਹਿਤਕ ਮਿਲਣੀਆਂ ਕਰਨ ਤੋਂ ਬਿਨਾਂ ਦੋ ਸੌ ਤੋਂ ਵਧ ਦਿਹਾਤੀ ਲਾਇਬ੍ਰੇਰੀਆਂ ਤੇ ਇਕ ਦਰਜਨ ਫੈਲੋਸ਼ਿਪਾਂ ਪ੍ਰਦਾਨ ਕੀਤੀਆਂ ਤੇ ਸਾਹਿਤਕ ਰਸਾਲਾ 'ਸਮਕਾਲੀ ਸਾਹਿਤ' ਜਾਰੀ ਰਖਿਆ। ਹੁਣ ਇੱਕ ਇੱਕ ਕਰਕੇ ਸਾਰੇ ਹੀ ਤੁਰ ਗਏ ਹਨ ਜਿਨ੍ਹਾਂ ਦੇ ਵਿੱਢੇ ਕੰਮਾਂ ਨੂੰ ਅੱਗੇ ਲੈ ਜਾਣਾ ਸਾਡੇ ਮੋਢਿਆਂ ਉਤੇ ਆ ਪਿਆ ਹੈ।

ਭਾਰਤ ਦੇ ਹੁਣ ਤੱਕ ਦੇ ਪ੍ਰਧਾਨ ਮੰਤਰੀਆਂ ਵਿਚੋਂ ਇੰਦਰ ਕੁਮਾਰ ਗੁਜਰਾਲ ਇੱਕੋ ਇੱਕ ਹਸਤੀ ਸੀ ਜਿਸ ਨੂੰ ਮੈਂ ਨੇੜੇ ਤੋਂ ਦੇਖਿਆ ਤੇ ਜਾਣਿਆ ਹੈ। ਨਵਯੁੱਗ ਫਾਰਮ ਮਹਿਰੌਲੀ ਵਿਖੇ ਰਚਾਏ ਇੱਕ ਚੋਣਵੇਂ ਇੱਕਠ ਵਿਚ ਮੈਨੂੰ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਪੰਜਾਬੀ ਆਥਰਜ਼ ਐਂਡ ਆਰਟਿਸਟ ਵਲੋਂ ਸਥਾਪਤ ਇਆਪਾ ਐਵਾਰਡ ਦੇਣ ਵਾਲਾ ਵੀ ਉਹੀਓ ਸੀ। ਸਾਹਿਤ, ਕਲਾ, ਸਿਆਸਤ ਤੇ ਸਾਇੰਸ ਦੇ ਕਿਸੇ ਵੀ ਵਿਸ਼ੇ ਨੂੰ ਸਰਲ ਤੇ ਪ੍ਰਭਾਵੀ ਬਣਾ ਕੇ ਪੇਸ਼ ਕਰਨਾ ਉਸ ਦਾ ਖਾਸਾ ਸੀ। ਉਹ ਗਿਆਨਵਾਨ, ਬੁੱਧੀਮਾਨ ਤੇ ਸਾਊ ਸਿਆਸਤਦਾਨ ਸੀ ਜਿਸ ਨੇ ਸੂਚਨਾ ਤੇ ਪ੍ਰਸਾਰਣ ਜਾਂ ਵਿਦੇਸ਼ ਮੰਤਰਾਲੇ ਉਤੇ ਹੀ ਆਪਣੀ ਛਾਪ ਨਹੀਂ ਛੱਡੀ ਪਲਾਨਿੰਗ ਕਮਿਸ਼ਨ ਦੀ ਵਾਗਡੋਰ ਸੰਭਾਲਣ ਸਮੇਂ ਦੇਸ਼ ਦੀਆਂ ਯੋਜਨਾਵਾਂ ਨੂੰ ਨਵੀਆਂ ਸੇਧਾਂ ਦਿੱਤੀਆਂ। ਪਾਕਿਸਤਾਨ ਨਾਲ ਭਾਰਤ ਦੇ ਰਾਜਨੀਤਕ ਸਬੰਧ ਸੁਧਾਰਨ ਲਈ ਕੀਤੀ ਗਈ ਉਸ ਦੀ ਪਹਿਲਕਦਮੀ ਸਦਾ ਹੀ ਚੇਤੇ ਰਹੇਗੀ।



**ਇੰਦਰ ਕੁਮਾਰ ਗੁਜਰਾਲ (ਐਨ ਖੱਬੇ) ਕਰਤਾਰ ਸਿੰਘ ਦੁੱਗਲ ਤੇ ਹੋਰਨਾਂ ਨਾਲ**

ਪੰਜਾਬ ਆਪਣੇ ਇਸ ਸਪੂਤ ਵਲੋਂ ਪੰਜਾਬ ਦੇ ਕਾਲੇ ਦੌਰ ਵਿਚ ਚੁੱਕੇ ਗਏ ਕਰਜ਼ੇ ਦੀ ਮੁਆਫੀ ਵਿਚ ਪਾਏ ਯੋਗਦਾਨ ਲਈ ਸਦਾ ਰਿਣੀ ਰਹੇਗਾ। ਭਰਾ ਸਤੀਸ਼ ਗੁਜਰਾਲ ਵਲੋਂ ਕਲਾ ਕੌਸ਼ਲਤਾ ਅਤੇ ਪਤਨੀ ਸ਼ੀਲਾ ਗੁਜਰਾਲ ਵਲੋਂ ਕਾਵਿ ਖੇਤਰ ਵਿਚ ਪਾਏ ਯੋਗਦਾਨ ਦੇ ਪ੍ਰਚਾਰ ਤੇ ਪਾਸਾਰ ਦਾ ਸਿਹਰਾ ਵੀ ਉਸ ਦੇ ਸਿਰ ਬੱਝਦਾ ਹੈ।

ਜਿੱਥੇ ਪੰਜਾਬੀ ਸਾਹਿਤ ਸਭਾ ਉਸ ਦੀ ਮਿੱਠੀ ਤੇ ਮਿਲਾਪੜੀ ਸ਼ਖਸੀਅਤ ਤੋਂ ਪ੍ਰੇਰਨਾ ਲੈਂਦੀ ਰਹੀ ਹੈ ਭਾਰਤੀ ਰਾਜਨੀਤਕ ਕੂਟਨੀਤੀ ਉਸ ਦੀ ਸਦਾ ਰਿਣੀ ਰਹੇਗੀ। ਪੰਜਾਬ ਤਾਂ ਕੀ ਪੂਰੇ ਦੇਸ਼ ਵਿਚ ਲੰਮੀ ਉਮਰ ਭੋਗ ਕੇ ਪੂਰੇ ਸੱਤ ਦਹਾਕੇ ਭਾਰਤ ਦੀ ਸਿਆਸਤ ਵਿਚ ਸਰਗਰਮ ਰਹਿਣ ਵਾਲਾ ਉਹੀਓ ਸੀ ਜਿਸ ਦੀ ਛਾਪ ਸਾਰੇ ਖੇਤਰਾਂ ਉਤੇ ਭੁੱਲਣ ਵਾਲੀ ਨਹੀਂ। ਜਿੱਥੋਂ ਤੱਕ ਪੰਜਾਬ ਦੀ ਮੀਡੀਆ ਰਾਜਧਾਨੀ ਜਲੰਧਰ ਦਾ ਸਬੰਧ ਹੈ, ਸ੍ਰੀ ਗੁਜਰਾਲ ਨੇ ਸੂਚਨਾ ਤੇ ਸੰਚਾਰ ਮੰਤਰੀ ਹੁੰਦਿਆਂ ਦੂਰਦਰਸ਼ਨ ਕੇਂਦਰ ਦੀ ਸਥਾਪਨਾ ਕੀਤੀ ਤੇ ਪ੍ਰਧਾਨ ਮੰਤਰੀ ਬਣਨ ਸਮੇਂ ਸਾਇੰਸ ਤੇ ਚਿਕਿਤਸਾ ਸੰਸਥਾਵਾਂ ਅਤੇ ਓਵਰ ਬਰਿਜਾਂ ਦੀ ਉਸਾਰੀ ਲਈ ਕੇਂਦਰੀ ਬਜਟ ਵਿਚੋਂ ਖੁਲ੍ਹੇ ਗੱਫੇ ਦਿੱਤੇ। ਉਸ ਨੇ ਇਥੋਂ ਦੀਆਂ ਪ੍ਰਮੁੱਖ ਪੱਤਰਕਾਰੀ ਤੇ ਮੀਡੀਆ ਹਸਤੀਆਂ ਨੂੰ ਰੱਜਵਾਂ ਪਿਆਰ ਤੇ ਮਾਣ ਦਿੱਤਾ। ਮੈਨੂੰ ਵੀ ਇਹ ਪਿਆਰ ਜਲੰਧਰ ਦੇ ਰਸਤੇ ਹੀ ਮਿਲਦਾ ਆਇਆ ਹੈ। ਸ੍ਰੀ ਗੁਜਰਾਲ ਨੂੰ ਰਹਿੰਦੀ ਦੁਨੀਆਂ ਤੱਕ ਰਾਜਨੀਤੀ, ਸਭਿਆਚਾਰ ਤੇ ਚਿੰਤਨ ਦੀ ਤ੍ਰਿਵੈਣੀ ਵਜੋਂ ਜਾਣਿਆ ਜਾਵੇਗਾ।

**ਅਫਜ਼ਲ ਤੌਸੀਫ ਦਾ ਜੱਦੀ ਪਿੰਡ ਸਿੰਬਲੀ**

ਲਾਹੌਰ ਦੀ ਵਸਨੀਕ ਉਰਦੂ ਅਤੇ ਪੰਜਾਬੀ ਦੀ ਅਦੀਬ ਅਫਜ਼ਲ ਤੌਸੀਫ ਦਾ ਜੱਦੀ ਪਿੰਡ ਹੁਸ਼ਿਆਰਪੁਰ ਜ਼ਿਲ੍ਹੇ ਦਾ ਪਿੰਡ ਸਿੰਬਲੀ ਹੈ। ਜਦੋਂ 2007 ਵਿਚ ਸਿੰਬਲੀ ਦੇ ਡੈਨਮਾਰਕ ਨਿਵਾਸੀ ਸਵਰਨ ਸਿੰਘ ਪਰਵਾਨਾ ਨੇ ਉਸ ਨੂੰ ਬਾਬਾ ਬੁਲ੍ਹੇ ਸ਼ਾਹ ਸਨਮਾਨ ਦੇਣ ਲਈ ਆਪਣੇ ਪਿੰਡ ਸੱਦਿਆ ਤਾਂ ਪਿੰਡ ਵਾਲਿਆਂ ਦਾ ਪਿਆਰ ਵੇਖ ਉਸ ਦਾ ਖੁਸ਼ੀ ਵਿਚ ਰੋਣ ਨਿਕਲ ਗਿਆ। ਦੇਸ਼ ਵੰਡ ਸਮੇਂ ਮਾਂ ਪਿਉ ਜਾਇਆਂ ਵਰਗੇ ਮੁਸਲਮਾਨ ਭਰਾਵਾਂ ਦੇ ਕਤਲਾਂ ਅਤੇ ਆਪਣੇ ਤੋਂ ਵੱਡੀਆਂ ਭੈਣਾਂ-ਭਰਜਾਈਆਂ ਵਲੋਂ ਪੱਤ ਬਚਾਉਣ ਲਈ ਪਿੰਡ ਦੇ ਖੂਹ ਵਿਚ ਮਾਰੀਆਂ ਛਾਲਾਂ ਦੇ ਪਿਛੋਕੜ ਕਾਰਨ। ਤੌਸੀਫ ਦਾ ਕਹਿਣਾ ਹੈ,

'ਮੈਨੂੰ ਆਪਣੀ ਸੱਜਰੀ ਪੰਜਾਬ ਫੇਰੀ ਸਮੇਂ ਪਰਵਾਨਾ ਦੇ ਘਰ ਰਹਿਣ ਦਾ ਅਵਸਰ ਮਿਲਿਆ ਜਿੱਥੇ ਕਵਿਤਾ ਨੂੰ ਪਿਆਰ ਕਰਨ ਵਾਲਾ ਪਿਆਰਾ ਸਿੰਘ ਪੰਛੀ ਵੀ ਮਿਲਿਆ ਤੇ ਪਰਵਾਨਾ ਦਾ ਬੇਟਾ ਸੁੱਖੀ ਵੀ। ਅਣਵੰਡੇ ਪੰਜਾਬ ਦੇ ਪੰਜ ਲੰਬਰਦਾਰੀਆਂ ਵਾਲੇ ਇਸ ਪਿੰਡ ਨੂੰ ਇਸ ਦੇ ਬਣਦੇ ਹੱਕ ਵੀ ਨਹੀਂ ਮਿਲ ਰਹੇ। ਨਵਾਂਸ਼ਹਿਰ ਤੋਂ ਕਲਾਮ ਅਤੇ ਚੁਹੜਪੁਰ ਰਾਹੀਂ ਪਿੰਡ ਨੂੰ ਜਾਣ ਵਾਲੀ ਸੜਕ ਦੀ ਹਾਲਤ ਮਾੜੀ ਹੈ ਤੇ ਹੁਸ਼ਿਆਰਪੁਰ-ਚੰਡੀਗੜ੍ਹ ਮਾਰਗ ਨੂੰ ਮਿਲਾਉਣ ਵਾਲਾ ਨਿੱਕਾ ਜਿਹਾ ਟੋਟਾ ਵੀ ਖਸਤਾ ਹਾਲਤ ਵਿਚ ਹੈ। ਦੇਸ਼ ਵੰਡ ਸਮੇਂ ਲੋਅਰ ਮਿਡਲ ਦੀ ਪਦਵੀ ਪ੍ਰਾਪਤ ਕਰ ਚੁੱਕਾ ਪਿੰਡ ਦਾ ਸਕੂਲ ਅੱਧੀ ਸਦੀ ਦੇ ਲੰਮੇ ਸਮੇਂ ਵਿਚ ਕੇਵਲ ਦਸਵੀਂ ਤੱਕ ਦਾ ਹੋਇਆ ਹੈ। ਇਸ ਨੂੰ ਹਾਇਰ ਸੈਕੰਡਰੀ ਕਰਨ ਦੀ ਮੰਗ ਵੀ ਉਸੇ ਤਰ੍ਹਾਂ ਠੁਕਰਾ ਦਿੱਤੀ ਜਾਂਦੀ ਹੈ ਜਿਵੇਂ ਕੰਢੀ ਖੇਤਰ ਨਾਲ ਮਿਲਾਏ ਜਾਣ ਦੀ ਮੰਗ।'

ਅਫਜ਼ਲ ਤੌਸੀਫ ਤਾਂ ਆਪਣੀ ਫੇਰੀ ਸਮੇਂ ਪਿੰਡ ਦੀਆਂ ਹੱਟੀਆਂ, ਭੱਠੀਆਂ ਨੂੰ ਯਾਦ ਕਰਕੇ ਸਬਰ ਦਾ ਘੁੱਟ ਭਰ ਬੈਠੀ ਸੀ। ਤਿੰਨ ਦਹਾਕੇ ਡੈਨਮਾਰਕ ਦੀ ਹਵਾ ਖਾ ਕੇ ਪਰਤੇ ਪਰਵਾਨਾ ਤੇ ਸੁੱਖੀ ਦੀ ਲੋਚਾ ਦੇਖਣ ਵਾਲੀ ਹੈ। ਪਰਵਾਨਾ ਤੋਂ ਇਹ ਵੀ ਪਤਾ ਲੱਗਿਆ ਕਿ ਪਿਛਲੇ ਕੁਝ ਸਮੇਂ ਤੋਂ ਅਫਜ਼ਲ ਤੌਸੀਫ ਕਾਫੀ ਢਿੱਲੀ ਰਹਿੰਦੀ ਹੈ। ਪਿੰਡ ਵਾਲੇ ਚਾਹੁੰਦੇ ਹਨ ਕਿ ਪਿੰਡ ਦੀ ਵਿਦਿਆ ਪ੍ਰਣਾਲੀ ਤੇ ਸੜਕਾਂ ਦੀ ਮੁਰੰਮਤ ਦੀ ਚੰਗੀ ਖਬਰ ਦੇ ਕੇ ਅਫਜ਼ਲ ਨੂੰ ਹੌਸਲਾ ਦੇਣ ਪਰ ਸਰਕਾਰੀ ਅਧਿਕਾਰੀ ਕੋਈ ਪੱਲਾ ਨਹੀਂ ਫੜਾ ਰਹੇ। ਮੈਨੂੰ ਭੁਲੇ ਸਮਿਆਂ ਦੇ ਇਸ ਵੱਡੇ ਪਿੰਡ ਦੀ ਸੱਜਰੀ ਫੇਰੀ ਨੇ ਉਦਾਸ ਕੀਤਾ ਹੈ।

**ਅੰਤਿਕਾ:** ਸੁਰਿੰਦਰਜੀਤ ਕੌਰ

ਚੁੱਪ ਰਹਿ ਕੇ ਬੋਲਣਾ ਸਿੱਖ ਜਾਏਂਗਾ
ਪਰਬਤਾਂ ਦੀ ਚੁੱਪ ਨੂੰ ਅਪਨਾ ਕੇ ਵੇਖ।
ਸਾਰੇ ਦੀਵੇ ਸਾਥ ਤੇਰਾ ਦੇਣਗੇ
ਚਾਨਣਾਂ ਦਾ ਗੀਤ ਕੋਈ ਗਾ ਕੇ ਵੇਖ।

## ਤੱਕਣ ਤੱਕ ਤੇ ਸਹੀ!

ਰਾਤ ਵੀ ਸੂਰਜ ਅੰਬਰੀਂ,
ਨਿੱਤ ਬਾਲ ਧਰੇ।
ਸਾਰੇ ਦਾ ਸਾਰਾ ਚਾਨਣ,
ਵੇਹੜੇ ਆਣ ਵੜੇ।
ਤੱਕਣ ਤੱਕ ਤੇ ਸਹੀ!

ਪਰਭਾਤ ਪਰੀ ਸੰਗ ਸਖੀਆਂ,
ਨਾਚ ਕਲੋਲ ਕਰੇ।
ਨਿੱਤ ਨਵੇਂ ਸੁਪਨ-ਸੁਨੇਹੇ,
ਉਸ ਪੌਣ ਭਰੇ।
ਤੱਕਣ ਤੱਕ ਤੇ ਸਹੀ!

ਰਾਹ ਦੂਰ ਮੰਜ਼ਲ ਦੇ,
ਬਿਰਖ-ਬੂਟਿਆਂ ਭਰੇ।
ਧਰਿ ਬੰਨੀਂ ਚਿਰਾਂ ਤੋਂ,
ਰਹਿਣਾ ਅਡੋਲ ਖੜੇ।
ਤੱਕਣ ਤੱਕ ਤੇ ਸਹੀ!

ਪੰਧ ਸਮੇਟੇ ਲੰਮੜੇ ਪੌਣਾਂ,
ਬਾਗ਼ੀਂ 'ਤੇ ਬੂਰ ਵਰ੍ਹੇ।
ਅਜਬ ਸੁਗੰਧੀਆਂ ਘੁੱਟ ਕਲਾਵੇ,
ਉਹ ਨੂਰੋ-ਨੂਰ ਵਰ੍ਹੇ।
ਉਹ ਨੂਰੋ-ਨੂਰ ਵਰ੍ਹੇ।

**-ਬੇਅੰਤ ਕੌਰ, ਲੈਕਚਰਾਰ**

# 'ਮਾਰੇ ਤੋਸਕੀ ਕੇ'

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958

ਭਾਰਤੀ ਭਾਸ਼ਾਵਾਂ ਦੇ ਸ਼ਬਦਾਂ ਦੀ ਜਨਮ-ਪੱਤਰੀ ਤਿਆਰ ਕਰਨ ਲਈ ਕੁਝ ਸ਼ਬਦ-ਪ੍ਰੇਮੀਆਂ ਨੇ ਗੂਗਲ ਦੀ ਸਹੂਲਤ ਵਰਤਦਿਆਂ ਇਕ ਸਮੂਹ ਬਣਾਇਆ ਹੈ ਜਿਥੇ ਸ਼ਬਦਾਂ ਬਾਰੇ ਅਨੇਕਪੱਖੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਸ਼ਿਵ ਸੈਨਾ ਦੇ ਸਰਵੇ-ਸਰਵਾ ਬਾਲ ਠਾਕਰੇ ਦੇ ਦਿਲ ਦੀ ਧੜਕਣ ਬੰਦ ਹੋਣ ਤੋਂ ਚੰਦ ਇਕ ਦਿਨ ਪਹਿਲਾਂ ਇਸ ਸਮੂਹ ਦੇ ਇਕ ਮੈਂਬਰ ਨੇ ਸਵਾਲ ਕੀਤਾ-"ਮੈਂ ਗੱਡੀ ਵਿਚ ਬੈਠਿਆਂ 'ਤੋਸਕੀ' ਸ਼ਬਦ ਉਨ੍ਹਾਂ ਦਿਨਾਂ ਵਿਚ ਸੁਣਿਆ ਜਦ ਉੜਦੀ ਉੜਦੀ ਖਬਰ ਆਈ ਸੀ ਕਿ ਬਾਲ ਠਾਕਰੇ ਨਹੀਂ ਰਹੇ ਪਰ ਬਾਅਦ ਵਿਚ ਇਹ ਖਬਰ ਅਫਵਾਹ ਸਾਬਿਤ ਹੋਈ। ਖਬਰਾਂ ਆਉਣ ਲੱਗੀਆਂ ਕਿ ਠਾਕਰੇ ਸਾਹਿਬ ਠੀਕ ਹੋ ਰਹੇ ਹਨ। ਇਸ ਤੋਂ ਅਗਲੇ ਦਿਨ ਹੀ ਇਕ ਬੰਦੇ ਦੇ ਮੂੰਹ ਤੋਂ ਗੱਡੀ ਵਿਚ ਸੁਣਿਆ, 'ਅਜੇ ਜੀਵਤ ਹਨ ਠਾਕਰੇ ਸਾਹਿਬ, ਲੇਕਿਨ ਮਾਰੇ ਤੋਸਕੀ ਕੇ ਇਹ ਲੋਕ ਦੁਕਾਨਾਂ ਬੰਦ ਕਰਵਾ ਦੇਣਗੇ'। ਗੱਡੀ ਮੁਸਾਫਿਰ ਹਿੰਦੀ ਭਾਸ਼ਾਈ ਸੀ। ਪ੍ਰਸ਼ਨਕਰਤਾ ਨੇ ਸਮੂਹ ਅੱਗੇ ਸਵਾਲ ਕੀਤਾ, "'ਤੋਸਕੀ' ਸ਼ਬਦ ਕੀ ਹੈ? ਇਸ ਦੇ ਸਮਾਨਅਰਥਕ ਸ਼ਬਦ ਕੀ ਹੋ ਸਕਦੇ ਹਨ?" ਸਾਰੇ ਮੈਂਬਰਾਂ ਦੇ ਮੂੰਹਾਂ ਵਿਚ ਉਂਗਲੀਆਂ ਪੈ ਗਈਆਂ, ਮੈਂ ਖੁਦ ਅਵਾਕ ਸਾਂ। ਠਾਕਰੇ ਸਾਹਿਬ ਦੇ ਪ੍ਰਾਣ ਤਿਆਗਣ ਪਿਛੋਂ ਜੋ ਹੋਇਆ ਸਭ ਨੇ ਪੜ੍ਹ, ਸੁਣ, ਦੇਖ ਲਿਆ ਹੈ ਪਰ ਜੋ ਦੁਰਗਤ ਥਾਨੇ ਵਾਸੀ ਦੋ ਮੁਟਿਆਰਾਂ ਦੀ ਹੋਈ, ਉਹ ਸ਼ਾਇਦ ਇਸ ਸ਼ਬਦ ਦੇ ਅਰਥਾਂ ਨੂੰ ਉਜਾਗਰ ਕਰ ਸਕੇ। ਤੇ ਮੈਂ ਸੋਚਦਾ ਹਾਂ, ਜੇ ਕੁਝ ਸ਼ਿਵ ਸੈਨਿਕ ਉਸ ਸਮੇਂ ਉਸ ਗੱਡੀ ਵਿਚ ਬੈਠੇ ਹੁੰਦੇ ਤਾਂ ਜ਼ਰੂਰ ਤੋਸਕੀ ਬੋਲਣ ਵਾਲੇ ਮੁਸਾਫਰ ਦੀ ਉਨ੍ਹਾਂ ਕੁੜੀਆਂ ਵਾਂਗ ਐਸੀ ਕੀ ਤੈਸੀ ਹੁੰਦੀ।

ਪਹਿਲਾਂ ਠਾਕਰੇ ਸਾਹਿਬ ਬਾਰੇ ਕੁਝ ਹੋ ਜਾਏ। ਉਨ੍ਹਾਂ ਦੇ ਪਿਤਾ ਕੇਸ਼ਵ ਠਾਕਰੇ 1885 ਵਿਚ ਪੈਦਾ ਹੋਏ। ਮਰਹੱਟਿਆਂ ਦੇ ਰਾਜ ਸਮੇਂ ਉਨ੍ਹਾਂ ਦਾ ਇਕ ਵਡੇਰਾ ਧੋਦਪ ਕਿਲੇ ਦਾ ਕਿਲੇਦਾਰ ਸੀ, ਇਸ ਲਈ ਉਸ ਦਾ ਉਪਨਾਮ "ਧੋਦਪਕਰ" ਹੋਇਆ। ਉਸ ਦਾ ਦਾਦਾ ਪਾਨਵੇਲ ਵਿਚ ਜਾ ਵਸਿਆ, ਇਸ ਲਈ ਉਸ ਨੇ ਆਪਣੇ ਨਾਂ ਸੀਤਾਰਾਮ ਪਿੱਛੇ "ਪਾਨਵੇਲਕਰ" ਲਾ ਲਿਆ। ਇਥੇ ਇਹ ਜਾਣਕਾਰੀ ਦੇ ਦੇਵਾਂ ਕਿ ਮਰਹੱਟੇ ਆਪਣੇ ਨਿਵਾਸ ਸਥਾਨ ਦੇ ਨਾਂ ਅੱਗੇ 'ਕਰ' ਪਿਛੇਤਰ ਲਾ ਕੇ ਆਪਣਾ ਉਪਨਾਮ ਬਣਾ ਲੈਂਦੇ ਹਨ। ਮਿਸਾਲ ਵਜੋਂ ਲਤਾ ਮੰਗੇਸ਼ਕਰ ਦਾ ਜੱਦੀ ਕਸਬਾ ਮੰਗੇਸ਼ੀ ਸੀ; ਸੁਨੀਲ ਗਾਵਸਕਰ ਗਾਵਸ ਦਾ ਰਹਿਣ ਵਾਲਾ ਹੈ ਪਰ ਸੀਤਾਰਾਮ ਨੇ ਆਪਣੇ ਪੁੱਤਰ ਕੇਸ਼ਵ (ਬਾਲ ਠਾਕਰੇ ਦੇ ਪਿਤਾ) ਦੇ ਨਾਂ ਪਿੱਛੇ ਪਰਿਵਾਰਕ ਗੋਤ "ਠਾਕਰੇ" ਹੀ ਰੱਖਿਆ। ਠਾਕਰੇ ਕੈਸਥ (ਕੈਥ) ਜਾਤੀ ਦੇ ਲੋਕਾਂ ਦਾ ਉਪਨਾਮ ਹੁੰਦਾ ਹੈ ਜਿਸਨੂੰ ਅੰਗਰੇਜ਼ੀ ਵਿਚ Thakre ਲਿਖਿਆ ਜਾਂਦਾ ਹੈ। ਦਿਲਚਸਪ ਗੱਲ ਹੈ ਕਿ ਬਾਲ ਠਾਕਰੇ ਆਪਣੇ ਉਪਨਾਮ ਨੂੰ ਅੰਗਰੇਜ਼ੀ ਦੇ ਸ਼ਬਦਜੋੜ Thackray ਨਾਲ ਚਲਾਉਂਦਾ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਬਾਲ ਠਾਕਰੇ ਦੇ ਪਿਤਾ ਕੇਸ਼ਵ ਅੰਗਰੇਜ਼ੀ ਨਾਵਲ ਦਾ ਮੂੰਹ ਮੱਥਾ ਸੰਵਾਰਨ ਵਾਲੇ ਲੇਖਕ ਵਿਲੀਅਮ ਮੇਕਪੀਸ ਥੈਕਰੇ ਦਾ ਪ੍ਰਸ਼ੰਸਕ ਸੀ ਜਿਸ ਦਾ ਜਨਮ 1811 ਵਿਚ ਭਾਰਤ ਵਿਚ ਹੋਇਆ ਤੇ ਜਿਸ ਦੇ ਪਿਤਾ ਕਲਕੱਤੇ ਵਿਚ ਈਸਟ ਇੰਡੀਆ ਕੰਪਨੀ ਰਾਜ ਦੇ ਵੱਡੇ ਅਫਸਰ ਸਨ। ਨਾਵਲਕਾਰ ਥੈਕਰੇ ਦਾ ਪ੍ਰਸ਼ੰਸਕ ਹੋਣ ਕਰ ਕੇ ਕੇਸ਼ਵ ਨੇ ਆਪਣੇ ਨਾਂ ਦੇ ਅੰਗਰੇਜ਼ੀ ਵਾਲੇ ਸ਼ਬਦਜੋੜ Thackray ਅਪਣਾ ਲਏ ਹਾਲਾਂ ਕਿ ਇਸ ਦਾ ਉਚਾਰਨ ਥੈਕਰੇ ਦੀ ਥਾਂ ਠਾਕਰੇ ਹੀ ਹੁੰਦਾ ਰਿਹਾ। ਇਹੀ ਰੀਤੀ ਅੱਗੋਂ ਬਾਲ ਠਾਕਰੇ ਤੇ ਹੋਰ ਸੰਤਾਨ ਨੇ ਕਾਇਮ ਰੱਖੀ।



'ਮਹਾਰਾਸ਼ਟਰ ਭੂਮੀ-ਪੁੱਤਰਾਂ ਲਈ' ਦਾ ਨਾਹਰਾ ਦੇ ਕੇ ਬਾਲ ਠਾਕਰੇ ਨੇ ਜੋ ਰਾਜਸੀ ਰੋਟੀਆਂ ਸੇਕੀਆਂ ਹਨ, ਉਸ ਨਾਲ ਭਾਰਤ ਦੇ ਸਮਾਜਕ ਰਾਜਸੀ ਜੀਵਨ ਵਿਚ ਬਹੁਤ ਵਿਖੰਡਨਕਾਰੀ ਰੁਝਾਨ ਪੈਦਾ ਹੋਏ ਹਨ। ਬਾਲ ਠਾਕਰੇ ਦੀ ਪਾਰਟੀ ਸ਼ਿਵ ਸੈਨਾ ਨੇ 1960-70 ਵਿਚਕਾਰ ਮਹਾਰਾਸ਼ਟਰ ਵਿਚ ਦੱਖਣੀ ਭਾਰਤੀਆਂ ਦੇ ਜਾਨ ਮਾਲ ਨੂੰ ਰੱਜ ਕੇ ਨੁਕਸਾਨ ਪਹੁੰਚਾਇਆ। ਫਿਰ ਬਿਹਾਰੀ ਤੇ ਯੂ.ਪੀ. ਦੇ ਭਈਆ ਕਹੇ ਜਾਂਦੇ ਸਾਧਾਰਨ ਕਾਰੋਬਾਰ ਕਰਨ ਵਾਲੇ ਲੋਕਾਂ ਉਤੇ ਘੁਸਪੈਠੀਏ ਕਹਿ ਕੇ ਹਮਲੇ ਕੀਤੇ ਅਤੇ ਮਹਾਰਾਸ਼ਟਰ ਤੋਂ ਭਜਾਉਣ ਦੀ ਕੋਸ਼ਿਸ਼ ਕੀਤੀ। ਮੁਸਲਮਾਨਾਂ ਦੇ ਖਿਲਾਫ ਤਾਂ ਇਹ ਪਾਰਟੀ ਹਰ ਨਿੱਕੀ ਮੋਟੀ ਗੱਲ 'ਤੇ ਲਗਾਤਾਰ ਜ਼ਹਿਰ ਉਗਲਦੀ ਰਹਿੰਦੀ ਹੈ। ਅਜਿਹੀ ਸੰਕੀਰਨ ਤੇ ਫੁੱਟ-ਪਾਊ ਸੋਚ ਮਹਾਰਾਸ਼ਟਰ ਦੇ ਬਹੁਤੇ ਲੋਕਾਂ ਵਿਚ ਲੰਮੇ ਸਮੇਂ ਤੋਂ ਘਰ ਕਰ ਗਈ ਹੈ। ਬਹੁਲਵਾਦੀ ਖਾਸੀਅਤ ਵਾਲੇ ਅਜੋਕੇ ਜ਼ਮਾਨੇ ਵਿਚ ਕਿਸੇ ਇਕੋ ਧਰਮ, ਜਾਤੀ, ਨਸਲ ਆਦਿ ਦੇ ਰਾਜ ਦਾ ਸੁਪਨਾ ਲੈਣਾ ਇਕ ਪੁੱਠੀ ਮਤ ਵਾਲੀ ਗੱਲ ਹੈ। ਆਪਣੇ ਆਪ ਨੂੰ ਰਾਸ਼ਟਰਵਾਦੀ ਕਹਾਉਂਦੀਆਂ ਦੇਸ਼ ਦੀਆਂ ਦੋ ਮੁੱਖ ਪਾਰਟੀਆਂ, ਕਾਂਗਰਸ ਤੇ ਬੀ.ਜੇ.ਪੀ. ਇਸ ਤਰ੍ਹਾਂ ਦੀ ਫਿਰਕਾਪ੍ਰਸਤੀ ਨੂੰ ਪੱਠੇ ਪਾ ਕੇ ਆਪਣੇ ਬੇੜੇ ਪਾਰ ਕਰਾਉਂਦੀਆਂ ਰਹਿੰਦੀਆਂ ਹਨ। ਕਿੰਨੀ ਸ਼ਰਮ ਦੀ ਗੱਲ ਹੈ ਕਿ ਇਨ੍ਹਾਂ ਪਾਰਟੀਆਂ ਦੇ ਨੇਤਾ, ਉਦਯੋਗਪਤੀ, ਫਿਲਮ ਇੰਡਸਟਰੀ ਦੀਆਂ ਹਸਤੀਆਂ ਤੇ ਹੋਰ ਉਘੇ ਲੋਕ ਇਕ ਦੂਜੇ ਤੋਂ ਵਧ ਚੜ੍ਹ ਕੇ ਦੇਸ਼-ਪਾੜੂ ਬਾਲ ਠਾਕਰੇ ਨੂੰ ਸ਼ਰਧਾਂਜਲੀਆਂ ਭੇਟ ਕਰ ਰਹੇ ਸਨ।

ਬਾਲ ਠਾਕਰੇ ਦੀ ਮੌਤ ਭਾਵੇਂ ਕੁਦਰਤੀ ਹੋਈ ਹੈ, ਫਿਰ ਵੀ ਭੁੜਕੇ ਹੋਏ ਸ਼ਿਵ ਸੈਨਿਕਾਂ ਤੇ ਉਨ੍ਹਾਂ ਦੇ ਪਿਛਲੱਗਾਂ ਨੇ ਜਬਰੀ ਮੰਬਈ ਬੰਦ ਕਰਾ ਦਿੱਤਾ ਜਿਸ ਦੀ ਕਰੋਪੀ ਦਾ ਸ਼ਿਕਾਰ ਹੋਈਆਂ ਦੋ ਨੌਜਵਾਨ ਕੁੜੀਆਂ। ਥਾਨੇ ਵਸਦੀ ਸ਼ਾਹੀਨ ਢਾਡਾ ਨਾਂ ਦੀ 21 ਸਾਲਾ ਲੜਕੀ ਆਪਣੀ ਫੇਸਬੁਕ ਦੀ ਵਾਲ 'ਤੇ ਲਿਖ ਬੈਠੀ, "ਬਣਦੇ ਸਤਿਕਾਰ ਸਹਿਤ ਕਹਿ ਰਹੀ ਹਾਂ, ਹਰ ਰੋਜ਼ ਹਜ਼ਾਰਾਂ ਲੋਕ ਮਰਦੇ ਹਨ ਪਰ ਦੁਨੀਆ ਚਲਦੀ ਰਹਿੰਦੀ ਹੈ। ਐਪਰ ਇਕ ਸਿਆਸਤਦਾਨ ਕੁਦਰਤੀ ਮੌਤੇ ਮਰਿਆ ਹੈ ਤੇ ਹਰ ਕੋਈ ਝੱਲਾ ਹੋਇਆ ਫਿਰਦਾ ਹੈ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਮਜਬੂਰਨ ਹੀ ਲਚਕੀਲੇ ਹਾਂ, ਆਪਣੀ ਮਰਜ਼ੀ ਨਾਲ ਨਹੀਂ। ਕਦੋਂ ਕਿਸੇ ਨੇ ਸ਼ਹੀਦ ਭਗਤ ਸਿੰਘ, ਅਜ਼ਾਦ, ਸੁਖਦੇਵ ਦਾ ਸਨਮਾਨ ਕੀਤਾ ਜਾਂ ਉਨ੍ਹਾਂ ਲਈ ਦੋ ਮਿੰਟ ਦਾ ਮੌਨ ਧਾਰਿਆ ਹਾਲਾਂਕਿ ਇਨ੍ਹਾਂ ਦੀ ਬਦੌਲਤ ਅਸੀਂ ਭਾਰਤੀ ਆਜ਼ਾਦੀ ਨਾਲ ਵਿਚਰ ਰਹੇ ਹਾਂ? ਆਦਰ ਮਾਣ ਕਮਾਇਆ ਜਾਂਦਾ ਹੈ, ਕਿਸੇ ਤੇ ਠੋਸਿਆ ਨਹੀਂ ਜਾਂਦਾ। ਅੱਜ ਮੰਬਈ ਡਰ ਕਰ ਕੇ ਬੰਦ ਹੋਇਆ ਹੈ, ਸ਼ਰਧਾ ਕਾਰਨ ਨਹੀਂ।" ਭੈੜੀ ਹੋਣੀ ਉਡੀਕ ਰਹੀ ਸੀ ਉਸ ਦੀ ਸਹੇਲੀ ਰੇਨੂੰ ਨੂੰ ਜਿਸ ਨੇ ਇਹ ਪੋਸਟ 'ਲਾਈਕ' ਕਰ ਦਿਤੀ। ਪੰਜਾਂ ਮਿੰਟਾਂ ਵਿਚ ਡੇਢ ਦੋ ਸੌ ਸ਼ਿਵ ਸੈਨਿਕ ਕੁੜੀਆਂ ਦੇ ਘਰ ਅੱਗੇ ਆ ਕੇ ਹੱਲਾਗੁੱਲਾ ਕਰਨ ਲੱਗ ਪਏ। ਉਸ ਨੇ ਬਥੇਰੀਆਂ ਮਾਫ਼ੀਆਂ ਮੰਗੀਆਂ, ਤਿੰਨ ਵਾਰੀ ਪਲੀਜ਼ ਪਲੀਜ਼ ਪਲੀਜ਼ ਵੀ ਕਿਹਾ, ਫੇਸਬੁਕ ਤੋਂ ਵੀਹ ਮਿੰਟ ਵਿਚ ਆਪਣੀ ਪੋਸਟ ਇਹ ਕਹਿੰਦੇ ਹੋਏ ਹਟਾ ਲਈ ਕਿ ਉਹ ਬਾਲ ਠਾਕਰੇ ਨੂੰ ਮਹਾਨ ਵਿਅਕਤੀ ਮੰਨਦੀ ਹੈ ਤੇ ਉਸ ਦਾ ਇਰਾਦਾ ਕਿਸੇ ਨੂੰ ਠੇਸ ਪਹੁੰਚਾਉਣਾ ਨਹੀਂ ਸੀ ਪਰ ਸੈਨਿਕ ਨਾ ਟਲੇ। ਸਥਾਨਕਵਾਦ ਅਤੇ ਤੁਅੱਸਬ ਦੀ ਲਗਾਤਾਰ ਖੁਰਾਕ ਖਾਂਦੇ, ਉਸ਼ਟੰਡ ਸ਼ਿਵ ਸੈਨਿਕਾਂ ਨੂੰ ਓਨਾ ਚਿਰ ਸਕੂਨ ਨਹੀਂ ਜਿੰਨਾ ਚਿਰ ਉਹ ਉਧੜਧੂਮੀ ਨਾ ਮਚਾ ਦੇਣ। ਤੇ ਇਹ ਕਹਿਰ ਵਰਤਾਇਆ ਉਨ੍ਹਾਂ ਲੜਕੀ ਦੇ ਡਾਕਟਰ ਚਾਚਾ ਦੇ ਕਲਿਨਿਕ ਦੀ ਭੰਨ ਤੋੜ ਕਰ ਕੇ। ਹੋਰ ਤਾਂ ਹੋਰ ਉਨ੍ਹਾਂ ਦੀ ਸ਼ਿਕਾਇਤ 'ਤੇ ਪੁਲਿਸ ਨੇ ਰਾਤ ਅੱਠ ਵਜੇ ਦੋਹਾਂ ਲੜਕੀਆਂ ਨੂੰ 'ਦੋ ਫਿਰਕੇ ਦੇ ਲੋਕਾਂ ਵਿਚ ਨਫ਼ਰਤ ਫੈਲਾਉਣ' ਦੇ ਦੋਸ਼ ਲਾ ਕੇ ਹਿਰਾਸਤ ਵਿਚ ਲੈ ਲਿਆ। ਬਾਅਦ ਵਿਚ ਦੋ ਵਾਰੀ ਧਾਰਾਵਾਂ ਬਦਲੀਆਂ। ਅਗਲੇ ਦਿਨ ਮੈਜਿਸਟਰੇਟ ਨੇ ਇਹ ਨਹੀਂ ਦੇਖਿਆ ਕਿ ਦੋਸ਼ ਦਾ ਕੋਈ ਆਧਾਰ ਵੀ ਹੈ, ਇਸ ਲਈ ਜ਼ਮਾਨਤ ਲੈ ਕੇ ਹੀ ਕੁੜੀਆਂ ਨੂੰ ਛੱਡਿਆ। ਇਸ ਮਾਮਲੇ ਵਿਚ ਪੁਲੀਸ, ਸਰਕਾਰ, ਸ਼ਿਵ ਸੈਨਿਕਾਂ ਇਥੋਂ ਤੱਕ ਕਿ ਨਿਆਸ਼ਾਲਾ ਨੇ ਕਾਨੂੰਨ ਦੀਆਂ ਅਨੇਕਾਂ ਧੱਜੀਆਂ ਉਡਾਈਆਂ; ਨਿੱਜੀ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੀ ਖਿੱਲੀ ਉਡਾਈ। ਦੋ ਕੁੜੀਆਂ ਨੂੰ ਸਾਧਾਰਨ ਗੱਲ 'ਤੇ ਸਿਰਫ ਸ਼ਿਵ ਸੈਨਿਕਾਂ ਦੇ ਮਨਾਂ ਨੂੰ ਸਕੂਨ ਦੇਣ ਲਈ ਸੰਗੀਨ ਜੁਰਮਾਂ ਤਹਿਤ ਗ੍ਰਿਫਤਾਰ ਕੀਤਾ, ਉਹ ਵੀ ਰਾਤ ਨੂੰ ਹਾਲਾਂਕਿ ਸੁਪਰੀਮ ਕੋਰਟ ਦੀ ਹਦਾਇਤ ਹੈ ਕਿ ਜੁਰਮ ਦੀ ਤਹਿ ਤੱਕ ਜਾਏ ਬਿਨਾ ਰਾਤ ਨੂੰ ਕਿਸੇ ਨੂੰ ਗ੍ਰਿਫਤਾਰ ਨਾ ਕੀਤਾ ਜਾਏ, ਖਾਸ ਤੌਰ 'ਤੇ ਔਰਤਾਂ ਨੂੰ।

ਪਰ ਚਰਚਾ ਵਿਚ ਆਏ ਸ਼ਬਦ 'ਤੋਸਕੀ' ਦੀ ਇਸ ਪ੍ਰਸੰਗ ਵਿਚ ਕੀ ਸਾਰਥਕਤਾ ਹੈ? ਭਾਰਤ ਦੇ ਚੋਟੀ ਦੇ ਨਿਰੁਕਤਕਾਰ ਅਜਿਤ ਵਡਨੇਰਕਰ ਨੇ ਵੀ ਭਾਵੇਂ ਇਹ ਸ਼ਬਦ ਸੁਣਿਆ ਨਹੀਂ ਸੀ ਪਰ ਉਸ ਨੇ ਇਸ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ। ਉਸ ਦੇ ਅਨੁਮਾਨ ਅਨੁਸਾਰ ਇਹ ਫਾਰਸੀ ਤਸਕੀਨ ਦਾ ਰੁਪਾਂਤਰ ਹੋ ਸਕਦਾ ਹੈ। ਤਸਕੀਨ ਵਿਚ ਤਸੱਲੀ, ਦਿਲਾਸਾ ਜਿਹੇ ਭਾਵ ਹਨ ਪਰ ਇਸ ਵਿਚ ਭੁਲਾਵੇ ਦੇ ਅਰਥ ਵੀ ਹਨ, ਯਾਨਿ ਗਲਤ ਫਹਿਮੀ, ਅਸਤਿ ਨੂੰ ਸਤਿ ਮੰਨ ਲੈਣਾ। ਤਸਕੀਂ ਜਾਂ ਤਸਕੀਨ ਤੋਂ ਤੋਸਕੀ ਬਣਿਆ ਹੋ ਸਕਦਾ ਹੈ। ਸੋ, ਗੱਡੀ ਦੇ ਮੁਸਾਫਿਰ ਦਾ ਭਾਵ ਸੀ ਕਿ ਬਾਲ ਠਾਕਰੇ ਨੂੰ ਗਲਤ ਫਹਿਮੀ ਨਾਲ ਮਰ ਗਿਆ ਸਮਝ ਕੇ ਸ਼ਿਵ ਸੈਨਿਕ ਮੁੰਬਈ ਬੰਦ ਕਰਵਾ ਦੇਣਗੇ।

'ਤਸਕੀਨ', ਜਿਸ ਤੋਂ 'ਤੋਸਕੀ' ਬਣੇ ਹੋਣ ਦਾ ਤੁੱਕਾ ਲਾਇਆ ਗਿਆ ਹੈ, ਆਪਣੇ ਤੌਰ 'ਤੇ ਅਰਬੀ ਧਾਤੂ ਤ-ਸ-ਕ਼ ਤੋਂ ਬਣਿਆ ਹੈ ਜਿਸ ਵਿਚ ਸਥਿਤ ਹੋਣ, ਟਿਕਣ, ਰਹਿਣ, ਵਸਣ ਆਦਿ ਦੇ ਭਾਵ ਹਨ। ਮਨ ਸਥਿਰ ਹੋਵੇ ਤਾਂ ਟਿਕ ਟਿਕਾਅ ਹੁੰਦਾ ਹੈ। ਇਸ ਭਾਵ ਤੋਂ ਬਹੁਤ ਜਾਣਿਆ ਜਾਂਦਾ ਸ਼ਬਦ 'ਸਕੂਨ' ਬਣਿਆ ਜਿਸ ਦਾ ਅਰਥ ਟਿਕਾਅ, ਸ਼ਾਂਤੀ, ਚੈਨ ਆਦਿ ਹੈ। ਇਸੇ ਤੋਂ 'ਸ਼ਾਂਤੀ ਭਰਿਆ' ਦੇ ਅਰਥਾਂ ਵਾਲਾ "ਪੁਰਸਕੂਨ" ਬਣਿਆ ਜੋ ਪੰਜਾਬੀ ਵਿਚ ਵੀ ਕਈ ਲੋਕ ਵਰਤਦੇ ਹੈ। ਪੁਰਸਕੂਨ ਵਿਚਲਾ "ਪੁਰ" ਪੰਜਾਬੀ "ਪੂਰਾ" ਅਤੇ ਅੰਗਰੇਜ਼ੀ ਫੁੱਲ (full) ਦਾ ਸੁਜਾਤੀ ਹੈ। ਟਿਕਾਅ ਹੋਵੇ ਤਾਂ ਮਨ ਵਿਚ ਸ਼ੋਰ ਨਹੀਂ ਪੈਂਦਾ, ਇਸ ਲਈ ਇਸ ਧਾਤੂ ਤੋਂ ਬਣੇ ਸ਼ਬਦ 'ਮਸਕੀਨ' ਦਾ ਅਰਥ ਚੁੱਪ ਚਾਪ ਰਹਿਣ ਵਾਲਾ ਬੰਦਾ ਹੈ ਜਿਸ ਦਾ ਅੱਗੇ ਹਲੀਮ, ਅਧੀਨ, ਦੀਨ, ਆਜਿਜ, ਵਿਚਾਰਾ ਦੇ ਅਰਥਾਂ ਵਿਚ ਵਿਕਾਸ ਹੋਇਆ। ਸਾਧੂ ਸੰਤ ਟਿਕੇ ਹੋਏ ਮਨ ਵਾਲੇ ਹੁੰਦੇ ਹਨ, ਇਸ ਲਈ ਮਸਕੀਨ ਦਾ ਅਰਥ ਸਾਧੂ ਸੰਤ ਵੀ ਹੈ: "ਹਮ ਮਸਕੀਨ ਖੁਦਾਈ ਬੰਦੇ ਤੁਮ ਰਾਜਸੁ ਮਨ ਭਾਵੈ"-ਕਬੀਰ। "ਸੁਖੀ ਬਸੈ ਮਸਕੀਨੀਆ ਆਪਿ ਨਿਵਾਰ ਤਲੇ"-ਗੁਰੂ ਅਰਜਨ। ਸ਼ਾਂਤ ਦੇ ਅਰਥਾਂ ਵਾਲਾ ਸਕੀਨਾ ਸ਼ਬਦ ਵੀ ਇਸੇ ਤੋਂ ਨਿਰਮਿਤ ਹੋਇਆ ਹੈ ਜੋ ਮੁਸਲਮਾਨ ਔਰਤਾਂ ਦਾ ਨਾਮ ਹੈ। ਇਕ ਪਾਕਿਸਤਾਨੀ ਲੇਖਕ ਦੇ ਖੂਬਸੂਰਤ ਨਾਵਲ ਦਾ ਨਾਂ "ਸਕੀਨਾ" ਹੈ।

ਮੱਛੀ ਤਾਂ ਪੱਥਰ ਚੱਟ ਕੇ ਮੁੜ ਜਾਂਦੀ ਹੈ ਪਰ ਅਮੋੜ ਸ਼ਿਵ ਸੈਨਿਕ ਅੱਗੇ ਵਧਣਾ ਹੀ ਜਾਣਦੇ ਹਨ। ਜਨਤਕ ਦਬਾਅ ਅਧੀਨ ਕੁੜੀਆਂ ਦੇ ਕੇਸ ਵਿਚ ਦੋਸ਼ੀ ਸਾਬਤ ਹੋਏ ਪੁਲਸੀਆਂ ਨੂੰ ਮੁਅੱਤਲ ਕੀਤਾ ਗਿਆ ਹੈ ਤੇ ਮੈਜਿਸਟਰੇਟ ਦੀ ਬਦਲੀ ਕਰ ਦਿੱਤੀ ਗਈ ਹੈ। ਇਸ ਦੇ ਰੋਸ ਵਜੋਂ ਗੱਲ ਗੱਲ 'ਤੇ ਭੜਕਣ ਤੇ ਭੁੜਕਣ ਵਾਲੇ ਬਾਲ ਠਾਕਰੇ ਦੇ ਵਾਰਿਸਾਂ ਨੇ ਹੋਰ ਬੰਦ ਠੋਕ ਦਿੱਤਾ! ਤੋਸਕੀ, ਤਸਕੀਨ ਜਾਂ ਸਕੂਨ ਦੇ ਮਾਰੇ ਸ਼ਿਵ ਸੈਨਿਕਾਂ ਨੂੰ ਕੋਈ ਨਾ ਕੋਈ ਬਹਾਨਾ ਚਾਹੀਦਾ ਹੈ। ਭਾਰਤ ਦੇ ਕਈ ਹੋਰ ਦਲਾਂ, ਗੁੱਟਾਂ ਆਦਿ ਦੇ ਵੀ ਇਹੀ ਲੱਛਣ ਹਨ ਪਰ ਬਾਲ ਠਾਕਰੇ ਦੇ ਚੇਲੇ ਸਭ ਦਾ ਸਿਰਾ ਹਨ।

# ਅਲਬੇਲੇ ਗਾਇਕ ਅਮਰ ਸਿੰਘ ਮਸਤਾਨਾ ਨੂੰ ਯਾਦ ਕਰਦਿਆਂ...

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ

ਫੋਨ:91-98141-78883

ਗੁਰਦੁਆਰਾ ਸਾਹਿਬ ਵਿਚ ਵੈਰਾਗਮਈ ਕੀਰਤਨ ਚੱਲ ਰਿਹਾ ਸੀ। ਸੰਗਤ ਜੁੜਦੀ ਜਾ ਰਹੀ ਸੀ। ਲੰਗਰ ਛਕਦੇ ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ, 'ਮਾੜਾ ਹੋਇਆ, ਵਿਚਾਰਾ ਇਲਾਜ ਖੁਣੋਂ ਹੀ ਤੁਰ ਗਿਆ, ਸਾਡੀਆਂ ਸਰਕਾਰਾਂ ਦਾ ਤਾਂ ਆਵਾ ਹੀ ਊਤ ਚੁੱਕਿਐ, ਕਿਸੇ ਸੰਸਥਾ ਨੇ ਵੀ ਮਦਦ ਨਹੀਂ ਕੀਤੀ ਵਿਚਾਰੇ ਦੀ, ਇਹ ਉਮਰ ਜਾਣ ਦੀ ਥੋੜ੍ਹੀ ਸੀ ਉਹਦੀ...।' ਗੱਲ ਕੀ, ਜਿੰਨੇ ਮੂੰਹ ਓਨੀਆਂ ਗੱਲਾਂ ਸਨ, ਪਰ ਇੱਕ ਗੱਲ 'ਤੇ ਹਰ ਕੋਈ ਜ਼ੋਰ ਦੇ ਕੇ ਕੁਦਰਤ ਨੂੰ ਉਲਾਂਭਾ ਜਿਹਾ ਦੇਈ ਜਾ ਰਿਹਾ ਸੀ, 'ਮਾੜਾ ਹੋਇਆ, ਹੋਰ ਜਿਊਂ ਸਕਦਾ ਸੀ ਵਿਚਾਰਾ।'

ਇਹ ਸਭ ਗੱਲਾਂ ਮੈਨੂੰ ਅੰਦਰੋਂ ਵੱਢ ਰਹੀਆਂ ਸਨ। ਕੀਰਤਨ ਕਰਨ ਵਾਲਿਆਂ ਨੇੜੇ ਹੀ ਅਮਰ ਸਿੰਘ ਮਸਤਾਨਾ ਦੀ ਫੋਟੋ ਪਈ ਸੀ, ਉਹ ਫੋਟੋ, ਜਿਹੜੀ ਕਿਸੇ ਵੇਲ਼ੇ ਉਸ ਦੀਆ ਕੈਸਿਟਾਂ 'ਤੇ ਛਪੀ ਸੀ। ਫੋਟੋ ਨੇੜੇ ਥੋੜ੍ਹੇ ਕੁ ਗੇਂਦੇ ਦੇ ਫੁੱਲ ਪਏ ਸਨ। ਮੱਥਾ ਟੇਕਣ ਆਏ ਸੱਜਣ ਚੂੰਡੀ ਕੁ ਫੁੱਲ ਮਸਤਾਨੇ ਦੀ ਫੋਟੋ 'ਤੇ ਚੜ੍ਹਾਉਂਦੇ ਤੇ ਪਿੱਛੇ ਜਾ ਕੇ ਬੈਠ ਜਾਂਦੇ।

ਅਰਦਾਸ ਮਗਰੋਂ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਦੇਣ ਦਾ ਸਿਲਸਿਲਾ ਸ਼ੁਰੂ ਹੋਇਆ। ਕਈ ਬੁਲਾਰੇ ਦੁੱਖ ਭਰੇ ਲਹਿਜ਼ੇ 'ਚ ਬੋਲੇ। ਅਮਰ ਸਿੰਘ ਮਸਤਾਨਾ ਦੀ ਜ਼ਿੰਦਗੀ ਦੇ ਘੋਲ, ਉਸ ਦੀ ਗੀਤਕਾਰੀ ਤੇ ਗਾਇਕੀ ਦੇ ਸਫ਼ਰ, ਗ਼ਰੀਬ ਪਰਿਵਾਰ 'ਚ ਪੈਦਾ ਹੋ ਕੇ ਉਸ ਵੱਲੋਂ ਕਲਾ ਖੇਤਰ 'ਚ ਪਾਏ ਯੋਗਦਾਨ ਤੇ ਮੁਸ਼ਕਲਾਂ ਦਾ ਟਾਕਰਾ ਕਰਦਿਆਂ ਤੁਰ ਜਾਣ ਦੀਆਂ ਗੱਲਾਂ ਕਰਦਿਆਂ ਉਹਨੂੰ ਸ਼ਰਧਾਂਜਲੀ ਦਿੱਤੀ। ਦੂਰ-ਦੁਰਾਡਿਓਂ ਨਾ ਪਹੁੰਚ ਸਕਣ ਵਾਲੇ ਸੱਜਣਾਂ ਵਲੋਂ ਸੋਗ ਮਤੇ ਭੇਜੇ ਗਏ ਸਨ ਕਿ ਮਸਤਾਨਾ ਸਦਾ ਅਮਰ ਰਹੇਗਾ ਤੇ ਉਸ ਦਾ ਮਸਤਾਨਾ ਸੁਭਾਅ ਸਦਾ ਸਾਡੇ ਚੇਤੇ ਵਿਚ ਵਸਿਆ ਰਹੇਗਾ।



ਅਮਰ ਸਿੰਘ ਮਸਤਾਨਾ

ਪਰ ਦੁੱਖ ਦੀ ਘੜੀ ਇਸ ਘੜੀ ਵਿਚ ਸ਼ਾਮਲ ਹੋਏ ਬਹੁਤੇ ਸੱਜਣ 'ਹਾਜ਼ਰੀ ਲਵਾਉਣ' ਆਏ ਪ੍ਰਤੀਤ ਹੁੰਦੇ ਸਨ। ਕੋਈ ਇਸ ਗੱਲ ਨੂੰ ਵਿਚਾਰਦਾ ਨਹੀਂ ਦਿਸ ਰਿਹਾ ਸੀ ਕਿ ਜਿਹੜੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਸੀਂ ਹੱਥ ਜੋੜ ਕੇ ਬੈਠੇ ਹਾਂ, ਜਿਸ ਅੱਗੇ ਸਿਰ ਝੁਕਾ ਮੁਰਾਦਾਂ ਮੰਗਦੇ ਹਾਂ, ਉਸ ਵਿਚ ਇਹ ਵੀ ਤਾਂ ਲਿਖਿਆ ਹੋਇਐ ਕਿ ਸਾਨੂੰ ਆਪਣੇ ਇਨ੍ਹਾਂ ਹੀ ਹੱਥਾਂ ਨਾਲ ਗਰੀਬ-ਗੁਰਬਿਆਂ ਦੀ ਮਦਦ ਕਰਨੀ ਚਾਹੀਦੀ ਹੈ, ਵੰਡ ਕੇ ਛਕਣਾ ਚਾਹੀਦੈ...ਅਸੀਂ ਗੁਰੂ ਗ੍ਰੰਥ ਸਾਹਿਬ ਅੱਗੇ ਸਿਰ ਨਿਵਾਉਣ ਵਿਚ ਜਿੰਨਾ ਯਕੀਨ ਰੱਖਦੇ ਹਾਂ, ਓਨਾ ਅਮਲ ਇਸ ਵਿਚਲੀ ਬਾਣੀ 'ਤੇ ਕਿਉਂ ਨਹੀਂ ਕਰਦੇ?

ਪੰਜ-ਚਾਰ ਬੁਲਾਰਿਆਂ ਦੇ ਬੋਲਣ ਮਗਰੋਂ ਸੰਗਤ ਖਿੰਡਣੀ ਸ਼ੁਰੂ ਹੋ ਗਈ। ਸਭ ਨੂੰ ਘਰ ਮੁੜਨ ਦੀ ਕਾਹਲ ਸੀ। ਸਿਰਫ਼ ਪਰਿਵਾਰ ਦੇ ਚੰਦ ਕੁ ਮੈਂਬਰ ਗੁਰਦੁਆਰਾ ਸਾਹਿਬ ਵਿਚ ਖੜ੍ਹੇ ਸਨ। ਬਾਹਰ ਨਿਕਲਦੇ ਬਹੁਤੇ ਲੋਕ ਆਪਣੇ ਕੰਮਾਂ-ਕਾਰਾਂ ਦੀਆਂ ਗੱਲਾਂ ਕਰਨ 'ਚ ਮਸਤ ਹੋ ਗਏ। ਕੋਈ ਕਿਸੇ ਗੱਲ 'ਤੇ ਹੱਸ ਰਿਹਾ ਸੀ, ਕੋਈ ਜਾਣ ਦੀ ਕਾਹਲੀ ਕਰ ਰਿਹਾ ਸੀ।

ਜਾਪ ਰਿਹਾ ਸੀ ਕਿ ਮਸਤਾਨੇ ਨੂੰ ਯਾਦ ਕਰਨ ਲਈ ਹਾਜ਼ਰ ਹੋਣ ਵਾਲਿਆਂ ਕੋਲ ਸਿਰਫ਼ ਏਨਾ ਕੁ ਹੀ ਵਕਤ ਸੀ। ਉਹ ਮਸਤਾਨਾ, ਜਿਹੜਾ ਉਮਰ ਦਾ ਵੱਡਾ ਹਿੱਸਾ ਆਪਣੇ ਰਿਕਸ਼ੇ 'ਤੇ ਲੋਕਾਂ ਦਾ ਭਾਰ ਖਿੱਚ ਕੇ ਪਰਿਵਾਰ ਦਾ ਪੇਟ ਪਾਲਦਾ ਰਿਹਾ, ਜਿਹੜਾ ਕਲਾਕਾਰਾਂ ਦੀ ਬੇਰੁਖੀ ਦਾ ਸ਼ਿਕਾਰ ਗੁੰਮਨਾਮੀ ਵਾਲੀ ਜ਼ਿੰਦਗੀ ਜਿਊਣ ਲਈ ਮਜਬੂਰ ਹੋਇਆ ਤੇ ਜੀਹਦੇ ਇਲਾਜ ਲਈ ਨਾ ਪ੍ਰਸ਼ਾਸ਼ਨ, ਨਾ ਸਰਕਾਰ, ਨਾ ਸਮਾਜ ਸੇਵੀ ਜਥੇਬੰਦੀਆਂ ਤੇ ਨਾ ਕਲਾਕਾਰ ਅੱਗੇ ਆਏ, ਦੀ ਅੰਤਮ ਅਰਦਾਸ ਵਿਚ ਪਰਿਵਾਰ ਨੂੰ 'ਸਾਡੇ ਲਾਇਕ ਕੋਈ ਸੇਵਾ ਹੋਈ ਤਾਂ ਦੱਸਣਾ' ਕਹਿ ਕੇ ਕਿੰਨੇ ਵੱਡੇ ਪੁੰਨ ਦਾ ਕੰਮ ਕਰ ਰਹੇ ਹਾਂ ਸਾਰੇ ਲੋਕ?

ਕੁਝ ਹਫ਼ਤੇ ਪਹਿਲਾਂ ਜਦੋਂ ਅਖ਼ਬਾਰਾਂ 'ਚ ਇਹ ਲਿਖਿਆ ਸੀ ਕਿ ਪੂਰੀ ਜ਼ਿੰਦਗੀ ਗਾਇਕੀ ਤੇ ਗੀਤਕਾਰੀ ਨੂੰ ਸਮਰਪਤ ਰਹਿਣ ਵਾਲਾ ਮਸਤਾਨਾ, ਜੀਹਨੇ ਕਿਸੇ ਵੇਲ਼ੇ 'ਮੇਰੇ ਦਿਲ ਦਾ ਖਿਡੌਣਾ ਨਾਲ ਲੈ ਜਾ, ਕਦੇ ਕਦੇ ਖੇਡ ਲਿਆ ਕਰੀਂ', 'ਦਿਲਾਂ ਦੇ ਐਕਸੀਡੈਂਟ ਬੁਰੇ' ਸਮੇਤ ਦੋ ਸੌ ਦੇ ਕਰੀਬ ਗੀਤ ਵੱਖ-ਵੱਖ ਕਲਾਕਾਰਾਂ ਨੂੰ ਆਪਣੀ ਆਵਾਜ਼ ਵਿਚ ਗਾਉਣ ਲਈ ਦਿੱਤੇ ਤੇ ਜਿਸ ਨੇ ਦੋ ਕੈਸਿਟਾਂ 'ਕਾਕਾ ਕਰੇ ਪਾਪਾ..ਪਾਪਾ' ਤੇ 'ਤੁਸੀਂ ਲੱਖਾਂ ਵਿਚੋਂ ਸੋਹਣੇ' ਆਪਣੀ ਆਵਾਜ਼ 'ਚ ਸਰੋਤਿਆਂ ਦੀ ਝੋਲੀ ਪਾਈਆਂ, ਆਖਰੀ ਵੇਲ਼ੇ ਅਧਰੰਗ ਦੇ ਦੌਰੇ ਦਾ ਭੰਨਿਆ ਮੰਜੇ ਨਾਲ ਜੁੜਿਆ ਬੈਠੈ, ਇਲਾਜ ਲਈ ਉਸ ਕੋਲ ਏਨੇ ਪੈਸੇ ਵੀ ਨਹੀਂ ਕਿ ਉਹ ਸਰਕਾਰੀ ਹਸਪਤਾਲ ਜਾ ਸਕੇ, ਕੋਟਕਪੂਰੇ ਸਥਿਤ ਉਸ ਦਾ ਤੰਗ ਜਿਹਾ ਘਰ ਉਸ ਦੀ ਦਰਦ ਕਹਾਣੀ ਬਾਰੇ ਸੌ-ਸੌ ਗੱਲਾਂ ਬਿਆਨ ਕਰਦੈ, ਤਾਂ ਬੜੇ ਸੱਜਣਾਂ ਦੇ ਫੋਨ ਆਏ ਕਿ ਅਸੀਂ ਉਹਦੀ ਮਦਦ ਕਰਨੀ ਚਾਹੁੰਦੇ ਹਾਂ ਪਰ ਕਰਨੀ ਕੀਹਨੇ ਸੀ। ਬਸ ਏਨੇ ਨਾਲ ਸਾਰਦੇ ਗਏ, 'ਮਾੜਾ ਹੋਇਆ...ਜਦੋਂ ਇੰਡੀਆ ਆਏ ਤਾਂ ਮਿਲ ਕੇ ਜਾਵਾਂਗੇ' ਤੇ ਹੁਣ ਜਦੋਂ ਮਸਤਾਨਾ ਰਿਹਾ ਹੀ ਨਹੀਂ ਤਾਂ ਉਹ ਆਉਣ ਜਾਂ ਨਾ, ਇਹਦੇ ਨਾਲ ਭਲਾ ਕੀ ਫ਼ਰਕ ਪੈਣ ਲੱਗੈ।

ਇਹ ਪਹਿਲੀ ਵਾਰ ਤਾਂ ਨਹੀਂ ਹੋਇਆ, ਜਦੋਂ ਕੋਈ ਕਲਾਕਾਰ ਇਲਾਜ ਲਈ ਤੜਫ਼ਦਾ ਜਹਾਨੋਂ ਚਲਾ ਗਿਆ ਹੋਵੇ। ਅਸੀਂ ਤਾਂ ਪਹਿਲਾਂ ਹੀ ਲਿਖਿਆ ਸੀ ਕਿ ਮਗਰੋਂ 'ਮਾੜਾ ਹੋਇਆ' ਤੇ 'ਸਰਕਾਰਾਂ ਨੂੰ ਕੁਝ ਸੋਚਣਾ ਚਾਹੀਦਾ' ਕਹਿਣ ਨਾਲੋਂ ਫ਼ਨਕਾਰਾਂ ਦੀ ਸਾਰ ਸਾਨੂੰ ਆਪ ਲੈਣੀ ਚਾਹੀਦੀ ਹੈ। ਕਲਾਕਾਰ ਨੂੰ ਸੁਣ ਕੇ ਜਿਹੜੇ ਹੱਥਾਂ ਨਾਲ ਅਸੀਂ ਤਾੜੀਆਂ ਮਾਰਦੇ ਨਹੀਂ ਥੱਕਦੇ, ਉਨ੍ਹਾਂ ਹੱਥਾਂ ਨੂੰ ਕਦੇ ਮਾੜੇ ਵੇਲ਼ੇ ਦੇ ਸ਼ਿਕਾਰ ਲੋਕਾਂ ਦੀ ਮਦਦ ਲਈ ਵੀ ਵਰਤ ਲਿਆ ਕਰੀਏ।

ਮਸਤਾਨੇ ਦੇ ਭੋਗ ਵਾਲੇ ਦਿਨ ਇੱਕ ਸੱਜਣ ਨਾਲ ਗੱਲ ਕੀਤੀ ਕਿ ਆਪਣੇ ਵੇਲ਼ੇ ਦੇ ਪ੍ਰਸਿੱਧ ਗਾਇਕ ਜੋਗਿੰਦਰ ਸਿੰਘ ਮਤਵਾਲਾ ਦਾ ਕੀ ਹਾਲ ਏ? ਤਾਂ ਪਤਾ ਲੱਗਾ ਕਿ ਉਹ ਵੀ ਪਹਿਲੀ ਜੂਨ ਵਾਲੇ ਦਿਨ ਬਿਮਾਰੀ ਨਾਲ ਜੂਝਦਾ ਤੁਰਦਾ ਬਣਿਆ।

(ਅਗਲੇ ਸਫੇ 'ਤੇ ਜਾਰੀ)

# ਲੱਚਰ ਗਾਇਕੀ ਅਤੇ ਸਭਿਆਚਾਰਕ ਪ੍ਰਦੂਸ਼ਣ

ਮਾਂ-ਬੋਲੀ ਪੰਜਾਬੀ ਦੀ ਸੇਵਾ ਸਵਰਨ ਸਿੰਘ ਟਹਿਣਾ ਵਰਗੇ ਲੇਖਕ ਕਰ ਰਹੇ ਹਨ ਜਿਨ੍ਹਾਂ ਨੂੰ ਪੰਜਾਬੀ ਗਾਇਕੀ ਦੇ ਨਿਘਰ ਰਹੇ ਮਿਆਰ ਦਾ ਇਹ ਫ਼ਿਕਰ ਰਹਿੰਦਾ ਹੈ ਕਿ ਗਾਇਕੀ ਦੇ ਨਾਂ 'ਤੇ ਪੰਜਾਬੀਆਂ ਨੂੰ ਕਿੰਨਾ ਗੰਦ ਪਰੋਸ ਕੇ ਦਿੱਤਾ ਜਾ ਰਿਹਾ ਹੈ, ਨਾ ਕਿ ਉਹ ਗਾਇਕ ਜਾਂ ਗੀਤ ਲਿਖਣ ਵਾਲੇ ਜਿਹੜੇ ਗੀਤਾਂ ਦੇ ਰੂਪ ਵਿਚ ਗੰਦ ਪਰੋਸ ਕੇ ਬਿਮਾਰ ਮਾਨਸਿਕਤਾ ਨੂੰ ਜਨਮ ਦੇ ਰਹੇ ਹਨ।



ਸਿਤਮ ਦੀ ਗੱਲ ਇਹ ਹੈ ਕਿ ਆਪਣੇ-ਆਪ ਨੂੰ ਅਣਖੀ ਕਹਾਉਣ ਵਾਲੇ ਪੰਜਾਬੀ ਇਸ ਪਰੋਸੇ ਹੋਏ 'ਗੰਦ' ਨੂੰ ਬੜੇ ਅਰਾਮ ਅਤੇ ਟੌਹਰ ਨਾਲ ਛਕ ਰਹੇ

**ਡਾ. ਗੁਰਨਾਮ ਕੌਰ, ਕੈਨੇਡਾ**

ਹਨ। ਹਮੇਸ਼ਾ ਵਾਂਗ ਸਵਰਨ ਸਿੰਘ ਟਹਿਣਾ ਦਾ 24 ਨਵੰਬਰ ਦੇ 'ਪੰਜਾਬ ਟਾਈਮਜ਼' ਵਿਚ ਛਪਿਆ ਲੇਖ "ਸਭ ਤੁਹਾਡੀ ਬੇਗੈਰਤੀ ਦਾ ਸਿੱਟਾ ਏ ਮਹਾਨ ਪੰਜਾਬੀਓ" ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਸਭ ਤੋਂ ਪਹਿਲਾਂ ਤਾਂ ਮੈਂ ਸਵਰਨ ਸਿੰਘ ਨੂੰ ਇਹ ਕਹਿਣਾ ਚਾਹਾਂਗੀ ਕਿ ਉਨ੍ਹਾਂ ਨੇ ਇਸ 'ਗੰਦ' ਦੇ ਖਿਲਾਫ ਲਿਖਣ ਦੀ ਜੋ ਮੁਹਿੰਮ ਵਿੱਢੀ ਹੈ, ਇਸ ਨੂੰ ਜਾਰੀ ਰੱਖਣਾ ਚਾਹੀਦਾ ਹੈ ਕਿਉਂਕਿ ਸੱਚ ਜੇ ਵੇਲੇ ਸਿਰ ਨਾ ਕਿਹਾ ਜਾਵੇ ਤਾਂ ਉਸ ਦਾ ਕੋਈ ਫਾਇਦਾ ਨਹੀਂ ਹੁੰਦਾ। ਗੁਰੂ ਨਾਨਕ ਨੇ ਫਰਮਾਇਆ ਹੈ-ਸਚੁ ਸੁਣਾਇਸੀ ਸਚ ਕੀ ਬੇਲਾ॥ ਬੇਸ਼ੱਕ ਕੁੱਝ ਲੋਕ ਇਹ ਸਮਝਦੇ ਹਨ, ਜਿਵੇਂ ਉਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ 'ਇਨ੍ਹਾਂ ਕੰਜਰਾਂ ਨੇ ਨਹੀਂ ਸੁਧਰਨਾ' ਪਰ ਜਿਵੇਂ ਕਿਹਾ ਜਾਂਦਾ ਹੈ, "ਕੁੱਕੜਾਂ ਨੇ ਵਾਂਗ ਦੇਵਣੀ, ਕੋਈ ਜਾਗੇ ਜਾਂ ਨਾ ਜਾਗੇ"। ਇਸ ਲਈ ਬਤੌਰ ਲੇਖਕ ਆਪਣਾ ਕੰਮ ਜਾਰੀ ਰੱਖਣਾ ਚਾਹੀਦਾ ਹੈ। ਇਹ ਆਪਣੇ-ਆਪ ਨੂੰ ਪੰਜਾਬੀ ਮਾਂ-ਬੋਲੀ ਦੇ ਕਲਾਕਾਰ ਕਹਾਉਣ ਵਾਲੇ ਬੰਦੇ ਅਤੇ ਬੰਦੀਆਂ ਆਪਣੇ ਗੀਤਾਂ ਰਾਹੀਂ ਜਿੰਨੀ ਪੰਜਾਬੀ ਮਾਂ-ਬੋਲੀ ਦੀ ਦੁਰਗਤ ਕਰ ਰਹੇ ਹਨ, ਓਨੀ ਸ਼ਾਇਦ ਹਿੰਦੁਸਤਾਨ ਦੀ ਕਿਸੇ ਵੀ ਹੋਰ ਭਾਸ਼ਾ ਦੀ ਨਾ ਹੋ ਰਹੀ ਹੋਵੇ। ਪੰਜਾਬੀ ਸਮਾਜ ਅਤੇ ਪੰਜਾਬੀ ਸਭਿਆਚਾਰ ਤੇ ਜਿੰਨੀਆਂ ਦਿਸ਼ਾਵਾਂ ਤੋਂ ਇਹ ਹਮਲਾ ਕਰ ਰਹੇ ਹਨ, ਉਹ ਉਸ ਟਿੱਡੀ-ਦਲ ਦੇ ਹਮਲੇ ਵਰਗਾ ਹੈ ਜੋ ਸਾਰੀ ਫ਼ਸਲ ਨੂੰ ਚੱਟ ਜਾਂਦਾ ਹੈ। ਇਸ ਦੇ ਨਤੀਜੇ ਅੱਖਾਂ ਦੇ ਸਾਹਮਣੇ ਹਨ।

ਕੋਈ ਵੀ ਸਮਾਜ ਉਦੋਂ ਤੱਕ ਅਧਿਆਤਮਕ, ਸਮਾਜਕ, ਆਰਥਿਕ ਅਤੇ ਸਭਿਆਚਾਰਕ ਖੇਤਰ ਵਿਚ ਤਰੱਕੀ ਨਹੀਂ ਕਰ ਸਕਦਾ ਜਦੋਂ ਤੱਕ ਉਸ ਦੇ ਲੋਕ ਸੁਸਿੱਖਿਅਤ ਨਾ ਹੋਣ। ਇਸ ਤੱਥ ਦਾ ਅੰਦਾਜ਼ਾ ਗੁਰੂ ਸਾਹਿਬਾਨ ਨੂੰ ਭਲੀ-ਭਾਂਤ ਸੀ। ਇਸ ਪਾਸੇ ਕਦਮ ਚੁੱਕਦਿਆਂ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿੱਖੇ ਬੱਚਿਆਂ ਅਤੇ ਨੌਜੁਆਨਾਂ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਅਤੇ ਗੁਰਮੁਖੀ ਲਿੱਪੀ ਵਿਚ ਕਾਇਦੇ ਲਿਖਣ-ਲਿਖਾਉਣ ਦਾ ਕਾਰਜ ਅਰੰਭ ਕੀਤਾ। ਵਿੱਦਿਆ ਪ੍ਰਾਪਤ ਕਰਨਾ ਕਿਸੇ ਵੀ ਇਨਸਾਨ ਦਾ ਮੁੱਢਲਾ ਹੱਕ ਹੈ। ਇਨ੍ਹਾਂ ਗਾਇਕ ਕਹੇ ਜਾਣ ਵਾਲਿਆਂ ਅਤੇ ਗੀਤ ਲਿਖਣ ਵਾਲਿਆਂ ਨੇ ਸਭ ਤੋਂ ਵੱਡਾ ਹਮਲਾ ਸਾਡੇ ਵਿੱਦਿਅਕ ਅਦਾਰਿਆਂ ਤੇ ਕੀਤਾ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਤਸਵੀਰ ਇਹ ਇਸ ਤਰ੍ਹਾਂ ਪੇਸ਼ ਕਰਦੇ ਹਨ ਜਿਵੇਂ ਇਹ ਸਿੱਖਿਆ ਦੇਣ, ਵਿੱਦਿਆ ਪ੍ਰਾਪਤੀ ਦੇ ਕੇਂਦਰ ਨਾ ਹੋ ਕੇ ਸਿਰਫ ਅਵਾਰਾ-ਗਰਦੀ ਕਰਨ ਅਤੇ ਇਸ਼ਕ ਲੜਾਉਣ ਦੇ ਅੱਡੇ ਹੋਣ, ਜਿਵੇਂ ਵਿਦਿਆਰਥੀਆ ਦਾ ਕੰਮ ਇੱਥੇ ਪੜ੍ਹਨ ਜਾਣਾ ਨਾ ਹੋ ਕੇ, ਕੁੜੀਆਂ ਦੇ ਮਗਰ ਗੇੜੀਆਂ ਲਾਉਣਾ ਹੀ ਹੋਵੇ। ਵਿੱਦਿਅਕ ਕੇਂਦਰਾਂ ਦੀ ਇਸ ਕਿਸਮ ਦੀ ਤਸਵੀਰ ਪੇਸ਼ ਕਰਨ ਦਾ ਦੂਰ-ਪ੍ਰਭਾਵ ਲੜਕੇ ਅਤੇ ਲੜਕੀਆਂ ਦੋਹਾਂ ਵਰਗਾਂ ਦੀ ਵਿੱਦਿਆ ਪ੍ਰਾਪਤੀ ਤੇ ਪੈਂਦਾ ਹੈ। ਲੜਕੀਆਂ ਤੇ ਇਸ ਦਾ ਪਹਿਲਾ ਬੁਰਾ ਅਸਰ ਇਹ ਹੈ ਕਿ ਸਾਡੇ ਸਮਾਜ ਵਿਚ, ਖਾਸ ਕਰ ਕੇ ਪਿੰਡਾਂ ਵਿਚ, ਪਹਿਲਾਂ ਹੀ ਲੜਕੀਆਂ ਦੀ ਵਿੱਦਿਆ ਪ੍ਰਾਪਤੀ ਵੱਲ ਬਹੁਤਾ ਉਤਸ਼ਾਹ ਨਹੀਂ ਹੈ। ਜੇ ਕੋਈ ਹੀਆ ਕਰਦਾ ਵੀ ਹੈ ਤਾਂ ਇਨ੍ਹਾਂ ਗਾਉਣ ਵਾਲੇ ਅਤੇ ਗਾਉਣ ਵਾਲੀਆਂ (ਗਾਉਣ ਵਾਲੀਆਂ ਵੀ ਬਰਾਬਰ ਦੀਆਂ ਦੋਸ਼ੀ ਹਨ ਕਿਉਂਕਿ ਹਰ ਕੋਈ ਮਰਹੂਮ ਨਰਿੰਦਰ ਬੀਬਾ ਜਾਂ ਸੁਰਿੰਦਰ ਕੌਰ ਦੇ ਪੱਧਰ ਦੀ ਨਹੀਂ ਹੈ) ਦੇ ਗੀਤਾਂ ਨੂੰ ਸੁਣ ਕੇ ਮਾਂ-ਬਾਪ ਦਾ ਹੌਸਲਾ ਪਸਤ ਹੋ ਜਾਂਦਾ ਹੈ ਕਿ ਕੁੜੀਆਂ ਨੂੰ ਅਜਿਹੀ ਥਾਂ ਕਿਉਂ ਭੇਜਣਾ ਹੈ ਜਿਥੇ ਉਨ੍ਹਾਂ ਨੇ ਪੜ੍ਹਾਈ ਕਰਨ ਦੀ ਥਾਂ ਇਸ਼ਕ ਦੇ ਚੱਕਰ ਵਿਚ ਪੈ ਕੇ ਮਾਂ-ਬਾਪ ਦਾ ਨਾਮ ਬੱਦੂ ਕਰਨਾ ਹੈ। ਦੂਜਾ ਮੰਦਾ ਅਸਰ ਉਨ੍ਹਾਂ ਦੀ ਸੁਰੱਖਿਆ 'ਤੇ ਵੀ ਪੈਂਦਾ ਹੈ (ਸ਼ਰੁਤੀ ਕਾਂਡ ਸਭ ਦੇ ਸਾਹਮਣੇ ਹੈ)। ਬੱਸਾਂ ਵਿਚ ਆਮ ਅਜਿਹੇ ਭੱਦੇ ਗੀਤ ਵੱਜਦੇ ਹਨ। ਇਥੇ ਇੱਕ ਉਦਾਹਰਨ ਪੰਜਾਬੀ ਯੂਨੀਵਰਸਿਟੀ ਤੋਂ ਸ਼ਹਿਰ ਤੱਕ ਪੀਲੇ ਰੰਗ ਦੀਆਂ ਪ੍ਰਾਈਵੇਟ ਚੱਲਣ ਵਾਲੀਆਂ ਬੱਸਾਂ ਦੀ ਲਈ ਜਾ ਸਕਦੀ ਹੈ ਜਿਨ੍ਹਾਂ ਵਿਚ ਆਮ ਹੀ ਅਜਿਹੇ ਉਕਸਾਊ ਗੀਤ ਵੱਜਦੇ ਹਨ। ਇਨ੍ਹਾਂ ਬੱਸਾਂ ਵਿਚ ਹਰ ਵਰਗ ਦੇ ਵਿਦਿਆਰਥੀ ਜਿਵੇਂ ਸ਼ਹਿਰ ਤੋਂ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਤੋਂ ਸ਼ਹਿਰ ਜਾਣ ਵਾਲੇ ਪੋਸਟ-ਗਰੇਜੂਏਟ ਲੜਕੇ-ਲੜਕੀਆਂ, ਅਰਬਨ ਅਸਟੇਟ ਅਤੇ ਆਸ-ਪਾਸ ਦੇ ਖੇਤਰਾਂ ਤੋਂ ਸ਼ਹਿਰ ਦੇ ਕਾਲਜਾਂ ਵਿਚ ਜਾਣ ਵਾਲੇ ਅੰਡਰ-ਗਰੇਜੂਏਟ ਲੜਕੇ-ਲੜਕੀਆਂ ਅਤੇ ਇਨ੍ਹਾਂ ਹੀ ਖੇਤਰਾਂ ਵਿਚੋਂ ਸਕੂਲ ਜਾਣ ਵਾਲੇ ਬੱਚੇ-ਬੱਚੀਆਂ ਆਮ ਹੀ ਸਫ਼ਰ ਕਰਦੇ ਹਨ। ਇਹ ਵਰਤਾਰਾ ਹਰ ਸ਼ਹਿਰ ਵਿਚ ਵਾਪਰ ਰਿਹਾ ਹੈ। ਇਨ੍ਹਾਂ ਵਿਦਿਆਰਥੀਆਂ ਦੀ ਮਾਨਸਿਕਤਾ ਤੇ ਇਨ੍ਹਾਂ ਗੀਤਾਂ ਦਾ ਕੀ ਅਸਰ ਪੈਂਦਾ ਹੈ? ਕਦੀ ਕਿਸੇ ਨੇ ਨਹੀਂ ਸੋਚਿਆ ਅਤੇ ਨਾ ਹੀ ਬੰਦ ਕਰਾਉਣ ਦੀ ਕੋਸ਼ਿਸ਼ ਕੀਤੀ ਹੈ। ਸਾਡੀ ਸਰਕਾਰ ਨੂੰ ਕਦੇ



ਇਸ ਗੱਲ ਦਾ ਧਿਆਨ ਨਹੀਂ ਆਇਆ ਕਿ ਬੱਸਾਂ ਵਿਚ ਗੀਤਾਂ ਦੇ ਸ਼ੋਰ-ਸ਼ਰਾਬੇ ਨਾਲ ਮਾਨਸਿਕ ਗੰਧਲੇ-ਪਣ ਦੇ ਨਾਲ ਨਾਲ ਕੰਨਾਂ ਦੀ ਸੁਣਨ-ਸ਼ਕਤੀ ਵੀ ਪ੍ਰਦੂਸ਼ਤ ਹੁੰਦੀ ਹੈ। ਇਸ ਕਿਸਮ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕਾਨੂੰਨ ਬਣਾ ਕੇ ਪੁਲਿਸ ਚਲਾਣ ਕਿਉਂ ਨਹੀਂ ਕੱਟਦੀ? ਇਸ ਦਾ ਅਸਰ ਲੜਕਿਆਂ ਦੀ ਪੜ੍ਹਾਈ 'ਤੇ ਵੀ ਪੈ ਰਿਹਾ ਹੈ। ਪੰਜਾਬੀ ਮੁੰਡੇ ਸਮਝਦੇ ਹਨ ਕਿ ਵਿੱਦਿਅਕ ਅਦਾਰੇ ਐਸ਼ ਦਾ ਕੇਂਦਰ ਹਨ ਜਿੱਥੇ ਉਹ ਮੋਟਰ-ਸਾਈਕਲ ਅਤੇ ਗੱਡੀਆਂ ਉਤੇ ਦੋਸਤਾਂ ਨਾਲ ਗੇੜੀਆਂ ਲਾਉਣ ਜਾਂਦੇ ਹਨ। ਇਸ ਅਸਰ ਕਾਰਨ ਉਨ੍ਹਾਂ ਦਾ ਪੜ੍ਹਾਈ ਦਾ ਨੁਕਸਾਨ ਤਾਂ ਹੁੰਦਾ ਹੀ ਹੁੰਦਾ ਹੈ, ਇਸ ਦੇ ਨਾਲ ਹੀ ਉਹ ਘਰਦਿਆਂ ਨੂੰ ਰੀਸੋ-ਰੀਸ ਮੋਟਰ ਸਾਈਕਲ ਅਤੇ ਗੱਡੀਆਂ ਖਰੀਦ ਕੇ ਦੇਣ ਲਈ ਵੀ ਮਜਬੂਰ ਕਰਦੇ ਹਨ। ਅੱਜ ਭਾਰਤ ਵਿਚ ਵੀ ਅਤੇ ਅਮਰੀਕਾ ਵਿਚ ਵੀ ਦੇਖਿਆ ਜਾ ਸਕਦਾ ਹੈ ਕਿ ਆਈ.ਟੀ. ਸੈਕਟਰ ਅਤੇ ਹੋਰ ਖੇਤਰਾਂ ਵਿਚ ਆਉਣ ਵਾਲੇ ਨੌਜੁਆਨਾਂ ਵਿਚ ਪੰਜਾਬੀਆਂ ਨਾਲੋਂ ਦੱਖਣੀ ਭਾਰਤ ਦੇ ਵਿਦਿਆਰਥੀ ਕਿਤੇ ਅੱਗੇ ਹਨ। ਇਸ ਦੀ ਵਜ੍ਹਾ ਇਨ੍ਹਾਂ ਗਾਉਣ ਵਾਲਿਆਂ ਦੀ ਵੀ ਮਿਹਰਬਾਨੀ ਹੈ। ਇਹ ਲੱਚਰ ਗਾਇਕੀ ਸਾਡੇ ਸਮਾਜਿਕ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਵੀ ਪਲੀਤ ਕਰ ਰਹੀ ਹੈ। ਪੇਂਡੂ ਸਮਾਜ ਵਿਚ ਖਾਸ ਕਰ ਕੇ ਜਾਤ-ਪਾਤ ਤੋਂ ਉਤੋਂ ਉਠ ਕੇ ਸਭ ਤਾਏ-ਚਾਚੇ, ਵੀਰ ਵਰਗੇ ਰਿਸ਼ਤਿਆਂ ਵਿਚ ਜੁੜੇ ਹੁੰਦੇ ਹਨ ਪਰ ਇਹ ਗਾਉਣ ਵਾਲੇ ਇਨ੍ਹਾਂ ਸਾਰੇ ਰਿਸ਼ਤਿਆਂ ਤੇ ਚਿੱਕੜ ਪਾ ਰਹੇ ਹਨ। ਪੰਜਾਬ ਵਿਚ ਹਰ ਸੁਚੇਤ ਵਰਗ ਲੜਕੀਆਂ ਦੀ ਭਰੂਣ-ਹੱਤਿਆ ਲਈ ਚਿੰਤਤ ਹੈ ਪਰ ਇਨ੍ਹਾਂ ਦੇ ਗੀਤ ਸੁਣ ਕੇ ਕਿਹੜਾ ਮਾਂ-ਬਾਪ ਕੁੜੀ ਪੈਦਾ ਕਰਨਾ ਚਾਹੇਗਾ?

ਇਹ ਲੱਚਰ ਗਾਇਕ ਔਰਤ ਨੂੰ ਵਸਤੂ ਬਣਾ ਕੇ ਪੇਸ਼ ਕਰ ਰਹੇ ਹਨ ਜਿਸ ਨੂੰ ਇਨ੍ਹਾਂ ਅਨੁਸਾਰ ਜਿਵੇਂ ਜੀਅ ਚਾਹੇ ਵਰਤਿਆ ਜਾ ਸਕਦਾ ਹੈ। ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਨੇ ਆਪ ਵੀ ਔਰਤ ਤੋਂ ਜਨਮ ਲਿਆ ਹੈ ਅਤੇ ਉਨ੍ਹਾਂ ਦੀਆਂ ਭੈਣਾਂ ਵੀ ਔਰਤਾਂ ਹਨ। ਅਜਿਹੇ ਗੀਤ ਗਾਉਣ ਵਾਲੀਆਂ ਗਾਇਕਾਵਾਂ ਨੂੰ ਤਾਂ ਆਪਣੇ ਆਪ ਤੇ ਵੈਸੇ ਹੀ ਲਾਹਣਤ ਪਾ ਲੈਣੀ ਚਾਹੀਦੀ ਹੈ ਕਿਉਂਕਿ ਉਹ ਤਾਂ ਔਰਤ ਕਹਾਉਣ ਦੀਆਂ ਵੀ ਹੱਕਦਾਰ ਨਹੀਂ ਹਨ।

ਪੰਜਾਬ ਅੱਜ ਨਸ਼ਿਆਂ ਦੀ ਮਾਰ ਹੇਠ ਹੈ। ਸਮਾਜ-ਸੇਵੀ ਸੰਸਥਾਵਾਂ ਅਤੇ ਮਾਪੇ ਚਿੰਤਤ ਹਨ ਕਿ ਪੰਜਾਬ ਜੋ ਗੁਰੂਆਂ, ਪੀਰਾਂ ਦੀ ਧਰਤੀ ਹੈ, ਉਥੇ ਅੱਜ ਨਸ਼ਿਆਂ ਦਾ ਛੇਵਾਂ ਦਰਿਆ ਵੱਗ ਰਿਹਾ ਹੈ। ਇਸ ਦਰਿਆ ਨੂੰ ਵਗਾਉਣ ਵਿਚ ਜਿਥੇ ਸਰਕਾਰ ਅਤੇ ਪ੍ਰਸ਼ਾਸਨ ਦੀ ਨਾ-ਅਹਿਲੀਅਤ ਕੰਮ ਕਰ ਰਹੀ ਹੈ, ਉਥੇ ਗਾਉਣ ਵਾਲੀ ਜੁੰਡਲੀ ਦਾ ਵੀ ਬਹੁਤ ਵੱਡਾ ਹੱਥ ਹੈ, ਖਾਸ ਕਰ ਕੇ ਸ਼ਰਾਬ ਨੂੰ ਪਰਮੋਟ ਕਰਨ ਵਿਚ। ਕੋਈ ਵਿਰਲਾ ਗਾਇਕ ਹੋਵੇਗਾ ਜਿਸ ਨੇ ਆਪਣੇ ਗੀਤਾਂ ਵਿਚ ਸ਼ਰਾਬ ਨੂੰ ਵਧਾ-ਚੜ੍ਹਾ ਕੇ ਪੇਸ਼ ਨਾ ਕੀਤਾ ਹੋਵੇ, ਭਾਵੇਂ 'ਘਰ ਦੀ ਕੱਢੀ' ਦੇ ਰੂਪ ਵਿਚ ਜਾਂ ਕਿਸੇ ਹੋਰ ਢੰਗ ਨਾਲ। ਵੀਡੀਓਜ਼ ਵਿਚ ਵਿਦਿਆਰਥੀਆਂ ਨੂੰ ਪੜ੍ਹਨ ਦੀ ਥਾਂ ਤੇ ਮਿੱਤਰਾਂ-ਦੋਸਤਾਂ ਨਾਲ ਬੋਤਲਾਂ 'ਤੇ ਸ਼ਰਾਬਾਂ ਪੀਂਦੇ ਦਿਖਾਇਆ ਜਾਂਦਾ ਹੈ। ਕੋਈ ਵੇਲਾ ਸੀ ਕਿ ਪੰਜਾਬ ਵਿਚ ਸ਼ਰਾਬ ਲੋਹੜੀ-ਦੀਵਾਲੀ ਜਾਂ ਮੁੰਡੇ ਦੇ ਵਿਆਹ ਵੇਲੇ ਹੀ ਪੀਤੀ-ਪਿਲਾਈ ਜਾਂਦੀ ਸੀ ਪਰ ਹੁਣ ਪੰਜਾਬੀ ਸ਼ਰਾਬ ਪੀਂਦੇ ਨਹੀਂ, ਇਸ ਵਿਚ ਨਹਾਉਂਦੇ ਹਨ। ਪੰਜਾਬੀ ਸਭਿਆਚਾਰ ਨੂੰ ਜਿਸ ਤਰ੍ਹਾਂ ਵੀਡੀਓਜ਼ ਵਿਚ ਪੇਸ਼ ਕੀਤਾ ਜਾਂਦਾ ਹੈ, ਉਸ ਦਾ ਤਾਂ ਰੱਬ ਹੀ ਰਾਖਾ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਸੁਹਜ ਨਾਮ ਦੀ ਵਸਤੂ ਦਾ ਪੰਜਾਬੀਆਂ ਨੂੰ ਕੋਈ ਇਲਮ ਨਾ ਹੋਵੇ ਅਤੇ ਉਨ੍ਹਾਂ ਨੂੰ ਤਲਵਾਰਾਂ, ਗੰਡਾਸੇ ਅਤੇ ਬੰਦੂਕਾਂ ਲੈ ਕੇ ਲੜਨ ਤੋਂ ਬਿਨਾਂ ਹੋਰ ਕੋਈ ਸਾਰਥਕ ਕੰਮ ਕਰਨਾ ਹੀ ਨਹੀਂ ਆਉਂਦਾ। ਇਹ ਹਥਿਆਰ ਕਿਸੇ ਲੋਕ-ਭਲਾਈ ਲਈ ਜਾਂ ਸਮਾਜ ਦੇ ਦੁਸ਼ਮਣਾਂ ਦੇ ਖਿਲਾਫ ਨਹੀਂ ਚੱਲਦੇ। ਇਹ ਕੁੜੀਆਂ ਦੇ ਇਸ਼ਕ ਲਈ, ਫੋਕੀ ਹੈਂਕੜ ਅਤੇ ਨਜਾਇਜ਼ ਕਬਜ਼ਿਆਂ ਲਈ ਚੱਲਦੇ ਹਨ। ਪੰਜਾਬੀ ਸਭਿਆਚਾਰ ਦੇ ਨਾਂ 'ਤੇ ਗੀਤਾਂ ਦੀਆਂ ਪੇਸ਼ ਕੀਤੀਆਂ ਜਾਂਦੀਆਂ ਵੀਡੀਓ ਵਿਚ ਦੋ ਦੋ ਗਿੱਠ ਦੇ ਕੱਪੜੇ ਪੁਆ ਕੇ ਕੁੜੀਆਂ ਤੋਂ ਭੱਦੇ ਨਾਚ ਕਰਾਏ ਜਾਂਦੇ ਹਨ ਜਿਨ੍ਹਾਂ ਦਾ ਪੰਜਾਬੀ ਸਭਿਆਚਾਰ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੁੰਦਾ।

## ਅਜੋਕੀ ਗੱਲ

ਗੱਲ 'ਨੰਨ੍ਹੀ ਛਾਂ ਨੂੰ ਬਚਾਉਣ' ਵਾਲੀ ਸਰਕਾਰ ਦੀ ਕੀਤੀ ਹੈ। 'ਨੰਨੀ ਛਾਂ' ਸਰਕਾਰੀ ਗਰਾਂਟਾਂ ਅਤੇ ਸ਼ੁਹਰਤ ਪ੍ਰਾਪਤ ਕਰਨ ਦਾ ਇੱਕ ਜ਼ਰੀਆ ਹੈ। ਸਰਕਾਰ ਲੱਚਰ ਗਾਇਕੀ ਨੂੰ ਰੋਕਣ ਲਈ ਕਿਉਂ ਕੋਈ ਕਦਮ ਚੁੱਕੇਗੀ? ਉਸ ਲਈ ਸਮਾਜ ਵਿਚ ਇਹ ਸਭ ਕੁੱਝ ਵਾਪਰਨਾ ਰਾਜਨੀਤਕ ਤੌਰ 'ਤੇ ਲਾਹੇਵੰਦਾ ਹੈ। ਨਾ ਸਿਰਫ ਇਹ ਕਿ ਮੰਤਰੀਆਂ ਦੀਆਂ ਰੈਲੀਆਂ ਵਿਚ ਗਾਇਕ ਨਹੀਂ ਪਹੁੰਚਣਗੇ, ਬਲਕਿ ਲੋਕ ਸਰਕਾਰ ਦੀਆਂ ਖੁਨਾਮੀਆਂ ਵੱਲ ਅੱਖਾਂ ਵੀ ਮੀਟੀ ਰੱਖਣਗੇ। ਅਜਿਹੇ ਮਾੜੇ ਗੀਤ ਨਾ ਸਿਰਫ ਸਭਿਆਚਾਰਕ ਪ੍ਰਦੂਸ਼ਣ ਅਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਦੇ ਹਨ ਸਗੋਂ ਉਹ ਆਪ ਇੱਕ ਕਿਸਮ ਦਾ ਮਿੱਠਾ ਨਸ਼ਾ ਹਨ ਜੋ ਲੋਕਾਂ ਨੂੰ ਸਰਕਾਰ ਦੀਆਂ ਊਣਤਾਈਆਂ ਅਤੇ ਵਧੀਕੀਆਂ ਵੱਲੋਂ ਅਵੇਸਲਾ ਕਰੀ ਰੱਖਦੇ ਹਨ, ਸਰਕਾਰ ਨੂੰ ਆਪਣੀ ਮਨ-ਮਰਜ਼ੀ ਕਰਨ ਦੀ ਖੁੱਲ੍ਹ ਦਿੰਦੇ ਹਨ। ਲੋਕ ਜਿੰਨੇ ਜਾਗ੍ਰਤ ਹੋਣਗੇ, ਉਨੇ ਹੀ ਉਹ ਸਰਕਾਰ ਦੇ ਨੁਕਸਾਂ ਵੱਲ ਧਿਆਨ ਦੇਣਗੇ। ਨੌਜੁਆਨ ਪੀੜ੍ਹੀ ਨੇ ਇਨਕਲਾਬੀ ਤਬਦੀਲੀਆਂ ਲਿਆਉਣ ਵੱਲ ਜੁਝਣਾ ਹੁੰਦਾ ਹੈ, ਕਿਉਂਕਿ ਉਸ ਵਿਚ ਜੋਸ਼ ਹੁੰਦਾ ਹੈ। ਜਦੋਂ ਉਨ੍ਹਾਂ ਦੇ ਜੋਸ਼ ਨੂੰ ਇਸ ਕਿਸਮ ਦੇ ਨਸ਼ੇ ਵਿਚ ਡੋਬ ਦਿੱਤਾ ਜਾਵੇ ਤਾਂ ਉਹ ਸਮਾਜਕ ਅਤੇ ਸਰਕਾਰੀ ਖੁਨਾਮੀਆਂ ਵੱਲੋਂ ਸੁੱਤੇ ਰਹਿਣਗੇ। ਕਿਸੇ ਵੀ ਕੌਮ ਦਾ ਬੇੜਾ ਗਰਕ ਕਰਨਾ ਹੋਵੇ ਤਾਂ ਉਸ ਨੂੰ ਕਿਸੇ ਨਾ ਕਿਸੇ ਕਿਸਮ ਦੇ ਨਸ਼ੇ ਵਿਚ ਲਾ ਦਿੱਤਾ ਜਾਂਦਾ ਹੈ। ਪੰਜਾਬੀ ਕੌਮ ਨਾਲ ਵੀ ਇਹ ਵਾਪਰ ਰਿਹਾ ਹੈ, ਇਨ੍ਹਾਂ ਦੇ ਜੋਸ਼ ਲੱਚਰ ਗਾਇਕੀ ਰਾਹੀਂ ਨੂੰ ਉਲਟ ਦਿਸ਼ਾ ਵੱਲ ਮੋੜ ਕੇ। ਅਸਲ ਵਿਚ ਇਸ ਖਪਤਵਾਦੀ ਯੁੱਗ ਵਿਚ ਹਰ ਚੀਜ਼ ਵਿਕਾਊ ਹੋ ਗਈ ਹੈ। ਧਰਮ ਵੀ ਵਪਾਰ ਬਣ ਗਿਆ ਹੈ। ਗੁਰੂ ਨਾਨਕ ਨੇ ਸਿੱਖ ਧਰਮ ਦੀ ਨੀਂਹ ਸਮਾਜ ਦੇ ਅਧਿਆਤਮਕ ਉਥਾਨ, ਸਮਾਜਕ ਨਿਆਂ ਅਤੇ ਬਰਾਬਰੀ ਲਈ ਰੱਖੀ ਸੀ ਪਰ ਅੱਜ ਸਮਾਜ ਵਿਚ ਕਿੱਥੇ ਕੀ ਹੋ ਰਿਹਾ ਹੈ, ਧਰਮ ਦੇ ਠੇਕੇਦਾਰਾਂ ਨੂੰ ਕੋਈ ਫਿਕਰ ਨਹੀਂ। ਉਹ ਵੀ ਧਰਮ ਨੂੰ ਵਸਤੂ ਬਣਾ ਕੇ ਵੇਚਣ ਤੇ ਲੱਗੇ ਹੋਏ ਹਨ। ਕੁਰਸੀ ਤੇ ਕਾਬਜ਼ ਹੋਣਾ ਅਤੇ ਬਣੇ ਰਹਿਣਾ ਹੀ ਹੁਣ ਹਰ ਇੱਕ ਦਾ ਧਰਮ ਬਣ ਗਿਆ ਹੈ।

ਭਾਰਤ ਦੇ ਹੋਰ ਖੇਤਰਾਂ ਵਾਂਗ ਪੰਜਾਬ ਦੀ ਵੀ ਸੰਗੀਤ ਦੀ ਬੜੀ ਅਮੀਰ ਪ੍ਰੰਪਰਾ ਹੈ। ਸੂਫੀ ਗਾਇਕੀ ਦਾ ਜਨਮ ਇਸੇ ਮਿੱਟੀ ਵਿਚ ਹੋਇਆ ਜਿਸ ਵਿਚ ਰੱਬ ਦੇ ਇਸ਼ਕ ਦੀ ਗੱਲ ਕੀਤੀ ਜਾਂਦੀ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਾਗਾਂ ਵਿਚ ਹੈ। ਅਚਾਰੀਆ ਰਜਨੀਸ਼ ਦੇ ਸ਼ਬਦਾਂ ਵਿਚ ਗੁਰੂ ਨਾਨਕ ਨੇ ਰੱਬ ਨੂੰ ਗਾ ਕੇ ਪਾਇਆ। ਸਿਹਤਮੰਦ ਸੰਗੀਤ ਪ੍ਰੰਪਰਾ ਦਾ ਅਸਰ ਸਮਾਜ 'ਤੇ ਵੀ ਸਿਹਤਮੰਦ ਪੈਂਦਾ ਹੈ। ਸੰਗੀਤਮਈ ਬਾਣੀ ਸੁਣ ਕੇ ਭੂਮੀਏ ਚੋਰ ਅਤੇ ਸੱਜਣ ਠੱਗ ਵਰਗੇ ਰੱਬ ਦੇ ਭਗਤ ਬਣ ਜਾਂਦੇ ਹਨ ਪਰ ਲੱਚਰ ਗੀਤ-ਸੰਗੀਤ ਸਮਾਜ ਨੂੰ ਵੀ ਬਿਮਾਰ ਕਰਦਾ ਹੈ। ਬਿਮਾਰ ਸਮਾਜ ਵਿਚ ਬਿਮਾਰੀ ਦੇ ਜ਼ਰਮ ਫੈਲਾਉਣ ਵਾਲਾ ਵੀ ਕੋਈ ਕਿਵੇਂ ਤੰਦਰੁਸਤ ਰਹੇਗਾ? ਕੱਲ੍ਹ ਨੂੰ ਇਨ੍ਹਾਂ ਗਾਉਣ ਵਾਲਿਆਂ ਦੇ ਬੱਚੇ-ਬੱਚੀਆਂ ਨੇ ਵੀ ਇਸੇ ਸਮਾਜ ਵਿਚ ਪਲਣਾ ਅਤੇ ਪਰਵਾਨ ਚੜ੍ਹਨਾ ਹੈ। ਬਾਹਰਲੇ ਮੁਲਕਾਂ ਵਿਚ ਬੈਠੇ ਅਜਿਹੇ ਗਾਇਕਾਂ ਨੂੰ ਸਪਾਂਸਰ ਕਰਨ ਵਾਲੇ ਵੀ ਕਸੂਰਵਾਰ ਹਨ। ਟੋਰਾਂਟੋ (ਕੈਨੇਡਾ) 'ਚ ਪੀਫਾ ਐਵਾਰਡਾਂ ਤੋਂ ਪਹਿਲਾਂ ਲੋਕ ਜਾਗ੍ਰਤੀ ਮੰਚ (ਕੈਨੇਡਾ) ਇਸ ਦੇ ਸਪਾਂਸਰ ਨੂੰ ਮਿਲਿਆ ਸੀ ਕਿ ਹਨੀ ਸਿੰਘ ਅਤੇ ਦਲਜੀਤ ਦੁਸਾਂਝ ਵਰਗਿਆਂ ਨੂੰ ਨਾ ਬੁਲਾਇਆ ਜਾਵੇ ਜਿਹੜੇ ਸਮਾਜ ਵਿਚ ਗੰਦ ਪਾ ਰਹੇ ਹਨ ਪਰ ਸਪਾਂਸਰਜ਼ ਨੇ ਗੱਲ ਨਹੀਂ ਮੰਨੀ ਕਿਉਂਕਿ ਸਭ ਦਾ ਇੱਕੋ ਇੱਕ ਮਕਸਦ ਪੈਸਾ ਕਮਾਉਣਾ ਹੈ, ਬੱਸ ਪੈਸਾ।

## ਗਾਇਕ ਅਮਰ ਸਿੰਘ ਮਸਤਾਨਾ

ਕੇਹਾ ਫ਼ਨਕਾਰ ਸੀ ਉਹ? ਜਦੋਂ ਵੀ ਮਿਲਦਾ ਅਕਾਲੀ ਦਲ ਨਾਲ ਨੇਤਤਾ ਦੀਆਂ ਗੱਲਾਂ 'ਚ ਖੁੱਭ ਜਾਂਦਾ। ਆਖਦਾ, 'ਵੱਡੇ ਬਾਦਲ ਸਾਹਿਬ ਨੂੰ ਦੋ ਵਾਰ ਨੇੜਿਓਂ ਮਿਲਿਆਂ...ਜੇਲ੍ਹ ਵੀ ਕੱਟੀ ਐ ਮੈਂ ਪਾਰਟੀ ਲਈ...ਇੱਕ ਵਾਰ ਉਨ੍ਹਾਂ ਮਦਦ ਵੀ ਕੀਤੀ ਸੀ?' ਕਿੰਨੇ ਖ਼ੂਬਸੂਰਤ ਗੀਤ ਗਾਏ ਸੀ ਉਹਨੇ? ਧਾਰਮਿਕ ਗਾਇਕੀ ਵਿਚ ਕੇਹੇ ਮੀਲ ਪੱਥਰ ਸਾਬਤ ਕੀਤੇ ਸਨ? ਪਰ ਚੂਲਾ ਟੁੱਟਣ ਤੋਂ ਬਾਅਦ ਇਲਾਜ ਨਾ ਕਰਾ ਸਕਿਆ ਤੇ ਆਖ਼ਰ ਤੁਰਦਾ ਬਣਿਆ।

ਹੁਣ ਜਦੋਂ ਉਹਦੇ ਘਰ ਗਿਆ ਤਾਂ ਹਾਲ ਦੇਖ ਕੇ ਰੋਣ ਨਿਕਲ ਆਇਆ? ਚਾਰ ਪੁੱਤ, ਚਾਰੇ ਮਜ਼ਦੂਰੀ ਵਾਲੇ, ਘਰ ਵਿਚ ਕੋਈ ਅਜਿਹੀ ਚੀਜ਼ ਨਹੀਂ, ਜਿਹੜੀ ਪਰਿਵਾਰ ਦੀ ਮੁੱਢਲੀ ਜ਼ਰੂਰਤ ਨਾਲ ਜੁੜੀ ਹੋਵੇ।

ਕੋਟਕਪੂਰੇ ਦਾ ਹੀ ਫ਼ਨਕਾਰ ਮਦਨ ਲਾਲ ਰਾਹੀ ਵੀ ਮਸਤਾਨੇ ਤੇ ਮਤਵਾਲੇ ਵਾਂਗ ਗੁੰਮਨਾਮੀ ਦੀ ਜ਼ਿੰਦਗੀ ਹੰਢਾਉਂਦਾ ਏਸੇ ਵਰ੍ਹੇ ਤੁਰ ਗਿਆ। ਪੰਜਾਬੀ ਫ਼ਿਲਮਾਂ ਨੂੰ ਵੱਡੀ ਦੇਣ ਦੇਣ ਵਾਲਾ ਤੇ ਖਲਨਾਇਕੀ ਰੋਲ ਵਿਚ ਬਹਿ ਜਾ-ਬਹਿ ਜਾ ਕਰਾਉਣ ਵਾਲੇ ਰਾਹੀ ਦਾ ਪਤਾ ਹੀ ਨਾ ਲੱਗਿਆ ਕਿ ਉਹ ਵਿਚਾਰਾ ਤੁਰ ਕਿਹੜੇ ਵੇਲੇ ਗਿਐ।

ਹੈਰਾਨੀ ਹੁੰਦੀ ਹੈ, ਲੋਕਾਂ ਦੇ ਚੇਤਿਆਂ 'ਤੇ। ਗੱਲਾਂ ਕਰਨ ਵੇਲੇ ਕਿਵੇਂ ਅਸਮਾਨ ਨੂੰ ਟਾਕੀਆਂ ਲਾਉਂਦੇ ਨੇ, ਕਲਾ ਦੇ ਕਿੰਨੇ ਸੱਚੇ ਆਸ਼ਕ ਬਣ-ਬਣ ਦਿਖਾਉਂਦੇ ਨੇ, ਪਰ ਅੰਦਰੋਂ ਸਾਰੇ ਆਪਣੇ ਤੱਕ ਹੀ ਸੀਮਤ ਨੇ। ਆਖਦੇ ਨੇ, 'ਸਰਕਾਰਾਂ ਇਉਂ ਕਰਨ, ਜਥੇਬੰਦੀਆਂ ਇਉਂ ਕਰਨ...ਇਨ੍ਹਾਂ ਕਲਾਕਾਰਾਂ ਨੇ ਜਵਾਨੀ ਵੇਲੇ ਸਾਂਭਿਆ ਕੁਝ ਨਹੀਂ, ਤਾਂ ਇਹ ਹਾਲ ਹੋਇਐ ਇਨ੍ਹਾਂ ਦਾ।' ਇਨ੍ਹਾਂ ਨੂੰ ਕੌਣ ਸਮਝਾਵੇ ਕਿ ਕਿਹੜਾ ਚਾਹੁੰਦੈ ਆਪਣੇ ਘਰ ਨੂੰ ਪੱਟਾਂ, ਇਹ ਸਰਕਾਰਾਂ ਜਾਂ ਸੰਸਥਾਵਾਂ ਦੀਆਂ ਜ਼ਿੰਮੇਵਾਰੀਆਂ ਗਿਣਾਉਂਦੇ ਨੇ, ਜਦੋਂ ਇਹ ਖੁਦ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ 'ਚ ਚਮਕਦੇ ਪੱਥਰ ਲਵਾਉਂਦੇ ਨੇ, ਉਦੋਂ ਇਨ੍ਹਾਂ ਨੂੰ ਕਿਹੜੀ ਸਰਕਾਰ ਨੇ ਸੁਨੇਹਾ ਭੇਜਿਆ ਹੁੰਦੈ।

ਅਮਰ ਸਿੰਘ ਮਸਤਾਨੇ ਦੇ ਭੋਗ ਵਾਲੇ ਦਿਨ ਗੁਰਦੁਆਰਾ ਸਾਹਿਬ ਮੂਹਰੇ ਉਹਦੇ ਪੁੱਤ ਹਰਪਾਲ ਦੇ, ਭੋਗ 'ਚ ਸ਼ਾਮਲ ਹੋਣ ਆਏ ਲੋਕਾਂ ਦੇ ਸਵਾਗਤ 'ਚ ਜੁੜੇ ਹੱਥ ਕਿੰਨਾ ਕੁਝ ਬਿਆਨ ਕਰਦੇ ਸਨ। ਉਹ ਵਿਚਾਰਾ ਸੋਚਦਾ ਹੋਵੇਗਾ ਕਿ ਏਥੇ ਆਉਣ ਵਾਲੇ ਸਾਰੇ ਸੱਜਣ ਉਹਦੇ ਪਿਤਾ ਦੀ ਕਲਾ ਦੇ ਅਸਲ ਕਦਰਦਾਨ ਨੇ, ਪਰ ਉਹਨੂੰ ਕੌਣ ਸਮਝਾਵੇ ਕਿ ਜੇ ਇਹ ਸੱਚੀਂ ਉਹਦੀ ਕਲਾ ਦੇ ਆਸ਼ਕ ਹੁੰਦੇ ਤਾਂ ਉਹਨੂੰ ਬਚਾਉਣ ਲਈ ਤਿਲ-ਫੁੱਲ ਜੇਬੋਂ ਕੱਢਦੇ, ਉਹਨੂੰ ਹਸਪਤਾਲ ਲਿਜਾਂਦੇ, ਘਰ ਆ ਕੇ ਉਹਦਾ ਹਾਲ-ਚਾਲ ਪੁੱਛਦੇ। ਪਰ ਇੰਜ ਕਿਸੇ ਨੇ ਨਾ ਕੀਤਾ, ਕਿਉਂਕਿ ਏਨੀ ਵਿਹਲ ਹੀ ਕੀਹਦੇ ਕੋਲ ਹੈ?

ਇਹ ਸਭ ਲਿਖਣ ਵੇਲੇ ਮਸਤਾਨੇ ਦੀ ਕਲਮ ਦਾ ਸਿਰਜਿਆ ਇੱਕ ਗੀਤ ਵਾਰ-ਵਾਰ ਦਿਮਾਗ 'ਚ ਘੁੰਮ ਰਿਹੈ, ਜਿਸ ਦਾ ਆਖਰੀ ਅੰਤਰਾ ਹੈ,

ਕਈ ਗੱਭਰੂ ਕੋਟਕਪੂਰੇ ਦੇ,  
ਗਏ ਤੋੜ ਸਮਾਜ ਜੰਜ਼ੀਰਾਂ ਨੂੰ।  
ਪਾ ਲਾਹਨਤਾਂ ਦਾਜ ਦਹੇਜਾਂ 'ਤੇ,  
ਖੇੜਿਆਂ ਤੋਂ ਬਚਾ ਗਏ ਹੀਰਾਂ ਨੂੰ।  
ਉਹ ਸੁੱਖ ਦੁਨੀਆਂ ਤੋਂ ਲੈ ਲੈਂਦਾ,  
ਇਸ ਗੱਲ ਨੂੰ ਅਪਨਾਉਂਦਾ ਏ,  
ਦੁਨੀਆਂ ਦੀ ਦਰਦ ਕਹਾਣੀ ਨੂੰ,  
ਕਲਾਕਾਰ ਜਦੋਂ ਕੋਈ ਗਾਉਂਦਾ ਏ,  
ਕਦੇ ਗਾਉਂਦਾ-ਗਾਉਂਦਾ ਹੱਸ ਪੈਂਦਾ,  
ਕਦੇ ਹੱਸਦਿਆਂ ਤਾਈਂ ਰੁਆਉਂਦਾ ਏ।

## ਕਾਵਿ-ਜਗਤ

### ਸੁਪਨਾ

ਰਾਤੀਂ ਮੈਨੂੰ ਇਕ ਸੁਪਨਾ ਆਇਆ,  
ਰੱਬ ਨੇ ਮੈਨੂੰ ਆਪ ਜਗਾਇਆ।  
ਸੱਚੇ ਸਾਥੀ ਨਾਲ ਮਿਲਾਇਆ,  
ਫੜ ਕੇ ਉਹਦੇ ਕੋਲ ਬਿਠਾਇਆ।

ਮੇਰੇ ਵੱਲ ਵੇਖ ਉਹ ਮੁਸਕਰਾਇਆ,  
ਆਪਣੇ ਹੱਥੀਂ ਮੇਰੇ ਵਾਲਾਂ ਨੂੰ ਸਹਿਲਾਇਆ।  
ਮਿੱਠੇ ਬੋਲਾਂ ਨਾਲ ਸੁੱਤੀ ਨੂੰ ਜਗਾਇਆ,  
ਜਦ ਉਹਨੇ ਘੁੱਟ ਸੀਨੇ ਲਾਇਆ,  
ਮੈਂ ਰੱਜ ਰੱਜ ਨੀਰ ਵਹਾਇਆ,  
ਉਹਨੂੰ ਦਿਲ ਦਾ ਦਰਦ ਸੁਣਾਇਆ।

ਮੈਨੂੰ ਹਉਕੇ ਲੈਂਦੀ ਨੂੰ ਸਮਝਾਇਆ,  
ਸੋਹਣੀਆਂ ਗੱਲਾਂ ਕਰ ਬੜਾ ਹਸਾਇਆ।  
ਦੇਖ ਕੇ ਉਹਦੇ ਮੁੱਖ ਦਾ ਨੂਰ,  
ਮੇਰਾ ਅੰਗ ਅੰਗ ਗਿਆ ਨਸ਼ਿਆਇਆ।  
ਕਹਿੰਦਾ-ਤੈਨੂੰ ਖ਼ੁਸ਼ੀਆਂ ਦੇਣ ਹਾਂ ਆਇਆ,  
ਨਾ ਮੈਨੂੰ ਸਮਝੀਂ ਕਦੇ ਪਰਾਇਆ।  
ਫਿਰ ਉਸ ਮੈਥੋਂ ਹੱਥ ਛੁਡਾਇਆ,  
ਛੱਡ ਗਿਆ ਯਾਦਾਂ ਦਾ ਸਰਮਾਇਆ,  
ਰਾਤੀਂ ਮੈਨੂੰ ਇਕ ਸੁਪਨਾ ਆਇਆ।

---

### ਮਾਹੀ ਦੇ ਰਾਹ

ਉਠ ਚੱਲ ਤੁਰ ਪੈੜ੍ਹ ਪਛਾਣੀਏ।  
ਜਿੰਦੇ! ਰਾਹ ਮਾਹੀ ਦੇ ਜਾਣੀਏ!  
ਪੁਰਜਾ-ਪੁਰਜਾ ਹੋਏ ਕਿ ਸ਼ਾਹ।  
ਕੋਈ ਦੇਖ ਸਕੇ ਬੇ-ਪਰਵਾਹ।  
ਕੌਣ ਬਾਬੇ! ਉਹ ਨਲੂਏ ਸਰਦਾਰ।  
ਦਿੱਲੀ ਕਿਵੇਂ ਹੋਇਆ ਵਸ ਤੋਂ ਬਾਹਰ।  
ਆਪ ਪੁੱਟੀ ਜੜ੍ਹ ਬੂਟੇ ਕਾਹੀਂ।  
ਓ! ਸਰਬੰਸ ਵਾਰ ਦਿੱਤਾ ਮਾਹੀਂ।  
ਪਾੜਿਆ ਬੇ-ਦਾਵਾ ਮਹਾਂ ਸਿੰਘ ਹੋਏ।  
ਫੇਰ ਸਿਰ-ਧਰ ਗੋਦ ਰਹਿਆ ਸੋਏ।  
ਇਹ ਤੱਤੀ ਤਵੀ ਦਾ ਸੱਚ।  
ਤੇਜ਼ ਧਾਰ ਖੰਡੇ 'ਤੇ ਰਹਿਆ ਨੱਚ।  
ਉਠ ਚੱਲ ਤੁਰ ਪੈੜ੍ਹ ਪਛਾਣੀਏ।  
ਆਪਾਂ! ਰਾਹ ਮਾਹੀ ਦੇ ਜਾਣੀਏ!

-ਰਾਜਪ੍ਰੀਤ ਕੌਰ

ਕਹਾਣੀ

# ਕਾਲਾ ਇਲਮ

*ਰਣਜੀਤ ਰਾਹੀ ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ, ਸੰਤੋਖ ਸਿੰਘ ਧੀਰ ਆਦਿ ਪਹਿਲੀ ਪੀੜ੍ਹੀ ਦੇ ਕਹਾਣੀਕਾਰਾਂ ਤੋਂ ਅਗਲੀ ਪੀੜ੍ਹੀ ਦਾ ਕਹਾਣੀਕਾਰ ਹੈ। ਉਸ ਦੀਆਂ ਬਹੁਤੀਆਂ ਕਹਾਣੀਆਂ ਵਿਚ ਪੰਜਾਬ ਦੇ ਪੇਂਡੂ ਜੀਵਨ ਦੀ ਝਲਕ ਮਿਲਦੀ ਹੈ। ਪਿੰਡਾਂ ਦੇ ਕਿਸਾਨੀ ਜੀਵਨ ਦੀਆਂ ਭਾਈਚਾਰਕ ਤੰਦਾਂ ਉਹ ਆਪਣੀ ਕਹਾਣੀ ਵਿਚ ਫੋਲਦਾ ਹੈ ਕਿ ਕਿਵੇਂ ਸ਼ਰੀਕੇਬਾਜ਼ੀ ਪਰਿਵਾਰਾਂ ਵਿਚ ਵਿਰੋਧ ਤੇ ਨਿਰਾਸ਼ਾ ਦੇ ਬੀਜ ਬੀਜ ਦਿੰਦੀ ਹੈ। ਉਸ ਦੀ ਇਹ ਕਹਾਣੀ ਵੀ ਪਿੰਡਾਂ ਦੇ ਜੀਵਨ ਦੀ ਗੱਲ ਕਰਦੀ ਹੈ। -ਸੰਪਾਦਕ*

### ਰਣਜੀਤ ਰਾਹੀ

ਹੁਣ ਜਾਂ ਤਾਂ ਉਹ ਲੈਂਪ ਦੇ ਸਿਗਰਟ ਦੇ ਲੰਬੇ-ਲੰਬੇ ਕਸ਼ ਖਿੱਚਦਾ ਜਾਂ ਮੋਰ ਛਾਪ ਜਰਦੇ ਦੀ ਫੱਕੀ ਬੁੱਲ੍ਹਾਂ ਹੇਠ ਰੱਖ ਖੇਤਾਂ ਵਿਚ ਨਿਕਲ ਜਾਂਦਾ। ਮੌਸਮ ਸ਼ਾਂਤ ਹੁੰਦਾ, ਭਾਵੇਂ ਝੱਖੜ ਝੁੱਲ ਰਹੇ ਹੁੰਦੇ, ਉਸ ਦਾ ਅੰਦਰਲਾ ਹਮੇਸ਼ਾ ਬੇਚੈਨ ਰਹਿੰਦਾ। ਨਾ ਕਿਸੇ ਚੜ੍ਹਦੀ ਦੀ, ਨਾ ਲਹਿੰਦੀ ਦੀ। ਬਸ ਆਪਣੇ ਆਪ ਵਿਚ ਹੀ ਉਲਝਿਆ ਉਹ ਸਿਗਰਟਾਂ ਫੂਕੀ ਜਾਂਦਾ, ਜਰਦਾ ਥੁੱਕੀ ਜਾਂਦਾ।

ਉਸ ਨਾਲ ਵੀ ਹੱਥ ਦੀਆਂ ਲੀਕਾਂ ਨੇ ਅਜੀਬ ਖੇਡ ਖੇਡੀ ਸੀ। ਵਾਰ-ਵਾਰ ਉਹ ਅਸਮਾਨੀਂ ਉਡਿਆ ਅਤੇ ਵਾਰ-ਵਾਰ ਪਤਾਲੀਂ ਧਸਿਆ। ਤੇ ਇਸ ਉੱਡਣ ਤੇ ਧਸਣ ਦੀ ਪ੍ਰਕਿਰਿਆ ਨੇ ਹੁਣ ਉਸ ਨੂੰ ਧਰਤੀ 'ਤੇ ਹੀ ਰਹਿਣ ਲਈ ਮਜਬੂਰ ਕਰ ਦਿੱਤਾ ਸੀ। ਉਥੇ, ਜਿਥੇ ਉਸ ਜਿਹੇ ਕਰੋੜਾਂ ਲੋਕ ਜਿਊਣ ਦਾ ਭਰਮ ਲੈ ਕੇ ਲਾਸ਼ਾਂ ਚੁੱਕੀ ਫਿਰਦੇ ਹਨ।

ਜੀਤੋ ਉਸ ਦੀ ਭਰਜਾਈ, ਦੋ ਜੁਆਕਾਂ ਦੀ ਮਾਂ, ਹੁਣ ਦਾਨੀ ਤੀਵੀਂ ਬਣੀ ਘਰ ਬੈਠੀ ਰਹਿੰਦੀ ਹੈ। ਉਸ ਦੀ ਰੋਟੀ ਜਦੋਂ ਨਿਆਣੇ ਸਕੂਲੋਂ ਵਿਹਲੇ ਹੁੰਦੇ, ਉਨ੍ਹਾਂ ਹੱਥ ਘੱਲ ਦੇਂਦੀ, ਉਹ ਸੋਚਦੀ 'ਜਦ ਘਰ ਵਿਚ ਨਿਆਣੇ-ਨਿੱਕੇ ਇਹ ਕੰਮ ਕਰਨ ਜੋਗੇ ਨੇ, ਮੈਂ ਕਿਉਂ ਏਸ ਨਖੱਟੂ ਦਾ ਭੱਤਾ ਢੋਂਦੀ ਫਿਰਾਂ।' ਅੰਤਾਂ ਦਾ ਕਾਮਾ ਤੇ ਸਿਰੜੀ ਹੀਰਾ ਅਸਲ ਵਿਚ ਨਖੱਟੂ ਨਹੀਂ ਸੀ। ਹਾਂ! ਉਹ ਅਮਲੀ ਜ਼ਰੂਰ ਹੋ ਗਿਆ ਸੀ। ਉਸ ਦੁਆਲੇ ਉਸ ਦੀਆਂ ਚਿੰਤਾਵਾਂ ਦਾ ਪਹਾੜ ਜ਼ਰੂਰ ਸੀ। ਨਸ਼ੇ ਇਸ ਪਹਾੜ ਨੂੰ ਪਾਰ ਕਰਨ ਵਿਚ ਸਹਾਈ ਭਾਵੇਂ ਨਹੀਂ ਹੋ ਸਕਦੇ ਪਰ ਜਿਥੇ ਉਹ ਸੀ, ਉਥੇ ਖੜ੍ਹੇ ਰਹਿਣ ਲਈ ਹੁਣ ਇਹ ਨਸ਼ੇ ਇੰਜ ਆਸਰਾ ਦੇਣ ਲੱਗੇ ਪਏ ਸਨ ਜਿਵੇਂ ਲੰਗੜੇ ਆਦਮੀ ਨੂੰ ਬੈਸਾਖੀਆਂ।

ਮਾਂ ਇਕੋ-ਇਕ ਜੀਅ ਸੀ ਜੋ ਉਸ ਦੀ ਹਮਦਰਦ ਸੀ। ਹੀਰਾ ਹੁਣ ਨਾਂ ਦਾ ਹੀ ਹੀਰਾ ਸੀ। ਉਸ ਦੀ ਚਮਕ ਕਿੱਧਰੇ ਗੁਆਚ ਗਈ। ਜਾਂ ਉਸ ਵਿਚ ਕਦੇ ਚਮਕ ਹੋਈ ਹੀ ਨਹੀਂ ਸੀ। ਉਹ ਖੇਤ ਦੀ ਵੱਟ 'ਤੇ ਬੈਠਾ ਸਿਗਰਟ ਦੇ ਧੂੰਏਂ ਵਿਚ ਉਲਝਿਆ ਰੋਟੀ ਉਡੀਕਦਾ ਰਹਿੰਦਾ। ਨਿਆਣੇ ਰੋਟੀ ਲਿਆਉਂਦੇ। ਰੋਟੀ ਪਾਸੇ ਰੱਖ, ਉਹ ਛੋਟੇ ਮੁੰਡੇ ਨੂੰ ਬੁੱਕਲ ਵਿਚ ਲੈ ਲੈਂਦਾ। ਚੁੰਮਦਾ ਚੱਟਦਾ, ਪੁਚਕਾਰਦਾ, ਵੱਡਾ ਤਾਂ ਰੋਟੀ ਫੜਾ ਕੇ ਖਿਸਕਣ ਦੀ ਕਰਦਾ। ਛੋਟਾ ਮੁੰਡਾ ਉਸ ਜਿਹਾ ਸਿੱਧੜ ਤੇ ਵੱਡਾ ਮਾਂ-ਪਿਓ ਜਿਹਾ ਚੁਸਤ-ਚਲਾਕ। ਛੋਟੇ ਨੂੰ ਬੁੱਕਲ ਵਿਚ ਲੈ ਕੇ ਉਸ ਨੂੰ ਰੋਟੀ ਭੁੱਲ ਜਾਂਦੀ, 'ਭੋਲਿਆ, ਕਹਿ ਤਾਂ ਭਲਾ ਬਾਪੂ।' ਭੋਲਾ ਬਾਪੂ ਆਖ ਦਿੰਦਾ ਤੇ ਹੀਰਾ ਉਸ ਨੂੰ ਹੋਰ ਜ਼ੋਰ ਨਾਲ ਘੁੱਟ ਲੈਂਦਾ। ਉਸ ਦੇ ਸਾਹਮਣੇ ਉਸ ਦੇ ਕਹਿਣ 'ਤੇ ਤਾਂ ਉਹ ਉਸ ਨੂੰ ਬਾਪੂ ਆਖ ਦਿੰਦਾ ਪਰ ਉਹ ਆਪਣੇ ਤਾਏ ਨੂੰ ਹਮੇਸ਼ਾ ਲਈ ਬਾਪੂ ਕਹਿਣ ਦੀ ਆਦਤ ਨਾ ਪਾ ਸਕਿਆ। ਇਕੇਰਾਂ ਵੱਡੇ ਨੇ ਇਸ ਗੱਲ ਦੀ ਸੂਹ ਮਾਂ ਨੂੰ ਦੇ ਦਿੱਤੀ। ਫਿਰ ਕੀ ਸੀ, ਛੋਟੇ ਦਾ ਖੇਤ ਆਉਣਾ-ਜਾਣਾ ਮੁੱਕ ਗਿਆ ਜਿਵੇਂ ਹੀਰੇ ਦੀ ਜਿਊਂਦੇ ਰਹਿਣ ਦੀ ਬਚਦੀ ਆਸ ਵੀ ਮੁੱਕ ਗਈ। ਜੇ ਕਦੇ-ਕਦਾਈਂ ਹੀਰਾ ਘਰ ਗੇੜਾ ਮਾਰਦਾ ਤਾਂ ਜੀਤੋ ਉਸ 'ਤੇ ਪਹਿਰਾ ਰੱਖਦੀ, ਕਿ ਕਿਤੇ ਛੋਟੇ ਨੂੰ ਹੋਰ ਪੱਟੀ ਈ ਨਾ ਪੜ੍ਹਾ ਦੇਵੇ। ਉਹ ਛੋਟੇ ਨੂੰ ਪਿਆਰ ਕਰਨ ਲਈ ਤਰਸ ਜਾਂਦਾ। ਉਹ ਉਸ ਦੀ ਤੋਤਲੀ ਜ਼ਬਾਨੋਂ ਇਕ ਸ਼ਬਦ ਸੁਣਨ ਨੂੰ ਤਰਸ ਜਾਂਦਾ ਪਰ ਇਹ ਉਸ ਦਾ ਦਰਦ ਉਸ ਦਾ ਹੀ ਸੀ।

ਉਹ ਖੇਤ ਦੀ ਵੱਟ 'ਤੇ ਬੈਠਾ ਰੋਟੀ ਉਡੀਕ ਰਿਹਾ ਸੀ। ਉਸ ਨੂੰ ਅੰਤਾਂ ਦੀ ਭੁੱਖ ਲੱਗੀ ਹੋਈ ਸੀ। ਉਡੀਕ ਵਿਚ ਉਹ ਸਿਗਰਟ 'ਤੇ ਸਿਗਰਟ ਫੂਕੀ ਜਾ ਰਿਹਾ ਸੀ। ਤਦੇ ਉਸ ਨੂੰ ਆਪਣੇ ਮੱਥੇ ਉਤੇ ਪਸੀਨੇ ਦੀ ਮੋਟੀ ਤਹਿ ਮਹਿਸੂਸ ਹੋਈ। ਸਿਰ ਤੋਂ ਸਾਫ਼ਾ ਲਾਹ ਉਸ ਮੂੰਹ ਪੂੰਝਿਆ, ਤੇ ਸਾਫ਼ੇ ਦੀ ਮੈਲ ਉਸ ਦੀਆਂ ਅੱਖਾਂ ਵਿਚ ਉਤਰ ਗਈ, 'ਹੁਣ ਤਾਂ ਇਸ ਨੂੰ ਧੁਆ ਈ ਲਵਾਂ, ਖਾਸੀ ਮੈਲੀ ਹੋ ਗੀ' ਪਰ ਤਦੇ ਉਸ ਨੂੰ ਸੋਚ ਆਈ, ਲੈ ਅੱਗੇ ਜਿੱਦੇਂ ਕੁੜਤਾ ਜੀਤੋ ਨੂੰ ਧੋਣ ਲਈ ਦਿੱਤਾ ਸੀ ਤਾਂ ਜਵਾਬ ਮਿਲਿਆ ਸੀ, ਪਈ ਤੂੰ ਕਿਹੜਾ ਮੁਕਲਾਵਾ ਲੈਣ ਜਾਣਾ। ਵੱਟ 'ਤੇ ਬੈਠਿਆਂ-ਬੈਠਿਆਂ ਹੀਰੇ ਦਾ ਜੀਅ ਹੋਰੂੰ ਜਿਹਾ ਹੋਣ ਲੱਗਾ, ਆਹ ਠੀਕ ਈ ਕਹਿੰਦੀ ਤੀ, ਮੈਂ ਕਿਹੜਾ ਮੁਕਲਾਵਾ ਲੈਣ ਜਾਣਾ। ਐਥੇ ਈ ਮਿੱਟੀ ਵਿਚ ਘੁਲਣੈਂ। ਤੇ ਉਸ ਸਾਫ਼ਾ ਮੁੜ ਸਿਰ 'ਤੇ ਲਪੇਟ ਲਿਆ ਪਰ ਮੁਕਲਾਵੇ ਦੀ ਸੋਚ ਉਸ ਨੂੰ ਕਈ ਵਰ੍ਹੇ ਪਿੱਛੇ ਲੈ ਗਈ ਜਿੱਥੇ ਉਸ ਦੇ ਇਤਿਹਾਸ ਦੇ ਕਈ ਵਰਕੇ ਖਿੱਲਰੇ ਪਏ ਸਨ। ਉਹ ਇਕ-ਇਕ ਕਰਕੇ ਇਨ੍ਹਾਂ ਵਰਕਿਆਂ ਨੂੰ ਇਕੱਠੇ ਕਰਨ ਲੱਗਾ ਪਰ ਛੇਤੀ ਹੀ ਸਿਰ ਛੰਡ ਕੇ ਬੈਠ ਗਿਆ। ਲੈ ਇਹ ਕਿਹੜੀ ਸੁੱਚੇ ਸੂਰਮੇ ਦੀ ਗਾਥਾ ਪਈ ਸਾਂਭ-ਸਾਂਭ ਰੱਖਾਂ, ਪਏ ਢੱਠੇ ਖੂਹ ਵਿਚ। ਜਿੱਥੇ ਸਾਲੀ ਜੈਦਾਤ ਗਈ। ਤੇ ਉਹ ਨਿਸੱਤਾ ਜਿਹਾ ਹੋ ਇਕ ਪਾਸੇ ਨੂੰ ਉਠ ਤੁਰਿਆ ਤੇ ਆਪੇ ਜੋੜਿਆ ਇਕ ਛੰਦ ਗੁਣਗੁਣਾਉਣ ਲੱਗਿਆ। ਅੰਤਲੀ ਤੁਕ ਨੇ ਉਸ ਦੀਆਂ ਅੱਖਾਂ ਦੇ ਨੱਕੇ ਤੋੜ ਦਿੱਤੇ ਤੇ ਉਸ ਨੂੰ ਆਪਣੀਆਂ ਭਰੀਆਂ ਅੱਖਾਂ ਤੋਂ ਉਨ੍ਹਾਂ ਅੱਖਾਂ ਦੀ ਯਾਦ ਆਈ ਜਿਨ੍ਹਾਂ ਨੂੰ ਵੇਖ ਉਸ ਉਨ੍ਹਾਂ ਵਿਚ ਕੁਝ ਆਪਣਾਪਨ ਮਹਿਸੂਸ ਕੀਤਾ ਸੀ ਤੇ ਉਨ੍ਹਾਂ ਅੱਖਾਂ ਵਿਚ ਉਸ ਆਪਾ ਵੀ ਗੁਆ ਦਿੱਤਾ ਸੀ ਤੇ ਉਸ ਨੂੰ ਪਿਆਰੀਆਂ ਜਾਪਦੀਆਂ ਅੱਖਾਂ ਅਸਲ ਵਿਚ ਪਿਆਰੀਆਂ ਨਹੀਂ ਸਨ, ਜਿਵੇਂ ਸਾਹਿਬਾਂ ਨੇ ਮਿਰਜ਼ੇ ਦਾ ਤਰਕਸ਼ ਜੰਡ 'ਤੇ ਟੰਗ ਦਿੱਤਾ ਸੀ ਤਿਵੇਂ ਹੀ ਉਸ ਦਾ ਤਰਕਸ਼ ਪਟਵਾਰੀ ਦੇ ਬੋਝੇ ਵਿਚ ਜਾ ਪਿਆ ਸੀ। ਉਸ ਨੂੰ ਇਸ ਵਰਤਾਰੇ ਦਾ ਪਤਾ ਤੱਕ ਵੀ ਨਹੀਂ ਸੀ ਲੱਗਾ। ਉਹ ਮਿਰਜ਼ੇ ਵਾਂਗ ਡੂੰਘੀ ਨੀਂਦ ਸੌਂ ਗਿਆ ਸੀ। ਜਦੋਂ ਅੱਖ ਖੁੱਲ੍ਹੀ, ਨਾ ਸਾਹਿਬਾਂ ਨਾ ਤੀਰ ਅਤੇ ਨਾ ਤਰਕਸ਼। ਛਾਤੀ ਜ਼ਖਮਾਂ ਨਾਲ ਵਿੰਨ੍ਹੀ ਹੋਈ ਸੀ।

ਸੱਚਮੁੱਚ ਹੀ ਨਾ ਉਸ ਨੂੰ ਪੈਲੀ 'ਰਾਸ ਆਈ' ਤੇ ਨਾ ਗੋਰੀ ਰੰਨ ਹੀ ਨਸੀਬ ਹੋਈ ਸੀ ਪਰ ਉਸ ਅਜੇ ਵੀ ਉਸ ਦੇ ਮਿੱਠੇ ਬੋਲਾਂ ਦੀ ਆਸ ਨਹੀਂ ਸੀ ਛੱਡੀ। ਉਹ ਅੱਜੇ ਵੀ ਉਸ ਦੇ ਖੇਖਣ ਮੂਹਰੇ ਮਰ ਮਿਟਣ ਲਈ ਤਿਆਰ ਸੀ। ਉਹ ਸੋਚਦਾ 'ਐਵੇਂ ਬਾਪੂ ਨੇ ਮੇਰਾ ਨੌਂ ਹੀਰਾ ਰੱਖ ਦਿੱਤਾ। ਮੇਰਾ ਨੌਂ ਤਾਂ ਬੀਹ ਬਿਸਵੇ ਠੀਕਰ ਚਾਹੀਦਾ ਸੀ। ਜੇ ਬਹੁਤਾ ਕਰਦਾ ਬੂਟਾ, ਮੋਦਨ ਜਾਂ ਛਿੱਤਰ ਈ ਰੱਖ ਦਿੰਦਾ। ਹੋਰ ਕੀ ਸਹੁਰੀ ਰੋਟੀ ਤਾਂ ਦੋ ਡੰਗ ਮਸਾਂ ਮਿਲਦੀ ਆ। ਨੌਂ ਦੇ ਹੀਰੇ ਨੂੰ ਕੀ ਕੰਧ 'ਤੇ ਸਜਾ ਕੇ ਰੱਖਣੈਂ।'

ਉਸ ਅਨੁਸਾਰ ਉਸ ਦਾ ਇਤਿਹਾਸ ਸੁੱਚੇ ਸੂਰਮੇ ਦੀ ਗਾਥਾ ਨਹੀਂ ਸੀ। ਇਕ ਠੀਕਰ ਦੀ ਹੱਡ ਬੀਤੀ ਸੀ, ਤੇ ਠੀਕਰ ਦੀ ਹੱਡ ਬੀਤੀ ਕੌਣ ਗਾਉਂਦਾ ਹੈ? ਪਰ ਫਿਰ ਵੀ ਉਸ ਦੀ ਹੋਂਦ ਪਿੱਛੇ ਇਕ ਇਤਿਹਾਸ ਤਾਂ ਸੀ ਹੀ, ਤੇ ਉਹ ਵੀ ਜਦੋਂ ਕਦੇ ਪਿੱਛੇ ਮੁੜ ਕੇ ਵੇਖਦਾ ਬੀਤੇ ਦੀ ਦੁਨੀਆਂ ਉਸ ਦੁਆਲੇ ਮੁੜ ਵਸ ਜਾਂਦੀ, ਜਿਵੇਂ ਦਰਿਆ ਦੀ ਖੁਰੀ ਹੋਈ ਢਿੱਗ ਦੀ ਢਿੱਗ ਹੀ ਉੱਪਰ ਆ ਡਿੱਗੇ।

ਉਦੋਂ ਬਾਪੂ ਜੀਂਦਾ ਸੀ। ਉਹ ਸਿੱਧਾ-ਸਾਧਾ ਤੇ ਭਲਾਮਾਣਸ ਜੱਟ, ਸਾਰੀ ਉਮਰ ਮਿੱਟੀ ਵਿਚ ਮਿੱਟੀ ਹੋਣ ਮਗਰੋਂ ਵੀ ਚੱਜ ਦੇ ਦੋ ਖਣ ਨਹੀਂ ਸੀ ਉਸਾਰ ਸਕਿਆ। ਉਸ ਦੀਆਂ ਦੋ ਭੈਣਾਂ ਤੇ ਇਕ ਭਾਈ ਸੀ। ਜਵਾਨੀ ਵਿਚ ਬੇ-ਫਿਕਰੀ ਨੀਂਦੇ ਸੌਣ ਤੋਂ ਪਹਿਲਾਂ ਹੀ ਉਹ ਫਿਕਰਾਂ ਦੇ ਜਗਰਾਤੇ ਕੱਟਣ ਲੱਗਿਆ ਸੀ। ਪਿਓ ਨਾਲ ਖੇਤੀ ਕਰਾਉਂਦਾ ਰਿਹਾ। ਉਸ ਦੇ ਬੀਤਣ ਮਗਰੋਂ ਸਾਰੀ ਕਬੀਲਦਾਰੀ ਨਜਿੱਠ ਭੈਣਾਂ ਵਿਆਹੀਆਂ। ਭਾਈ ਨੂੰ ਪਿਓ ਜਿਹੀ ਛਾਂ ਕੀਤੀ। ਭੈਣਾਂ ਦੇ ਵਿਆਹਾਂ ਦੇ ਕਰਜ਼ੇ ਨਹੀਂ ਸਨ ਨਿੱਬੜੇ ਕਿ ਉਸ ਦੀ ਆਪਣੀ ਕਬੀਲਦਾਰੀ ਪਹਾੜ ਬਣ ਗਈ। ਪਹਿਲਾਂ ਦੋ ਕੁੜੀਆਂ ਹੋਈਆਂ ਤੇ ਮਰ ਗਈਆਂ। ਫਿਰ ਹੀਰਾ ਜੰਮਿਆ। ਤੀਵੀਂ ਦੇ ਇਲਾਜ ਲਈ ਉਹ ਪੀਰ ਫਕੀਰਾਂ ਦੇ ਚੌਂਕੀਆਂ ਭਰਦਾ ਰਿਹਾ। ਪਾਂਡਿਆਂ-ਸਿਆਣਿਆਂ ਦੇ ਢਿੱਡੀਂ ਆਪਣੀ ਦਸਾਂ ਨਹੁੰਆਂ ਦੀ ਕਮਾਈ ਪਾਉਂਦਾ ਰਿਹਾ ਪਰ ਫਿਰ ਵੀ ਉਹ ਕਦੇ ਡੋਲਿਆ ਨਹੀਂ। ਉਹ ਦਿਲ ਦਾ ਬਾਦਸ਼ਾਹ ਸੀ। ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਰਹਿੰਦਾ। ਜਦੋਂ ਹੀਰੇ ਨੂੰ ਸਕੂਲ ਪਾਉਣ ਗਿਆ। ਮਾਸਟਰ ਨਾਲ ਗੱਲੀਂ ਲੱਗ ਪਿਆ, 'ਮਾਹਟਰਾ ਮੇਰੇ ਪੁੱਤ ਨੂੰ ਏਹੋ ਜਿਹਾ ਸਬਕ ਪੜ੍ਹਾ ਪਈ ਸਿੱਧਾ ਲਫਟੈਣ ਬਣੇ। ਇਹ ਮੇਰਾ ਹੀਰਾ ਈ ਹੀਰਾ। ਊਂ ਤਾਂ ਮੈਂ ਵੀ ਪਿਓ ਦਾ ਚੰਦ ਸਿਹੁੰ ਸੀ ਪਰ ਸਹੁਰੀ ਮੇਰੀ ਤਾਂ ਸਾਰੀ ਉਮਰ ਮੱਸਿਆ ਈ ਨੀ ਮੁੱਕੀ। ਚਲੋ ਖ਼ੇਰ। ਇਹ ਜੇ ਸੱਚੀਂ-ਮੁੱਚੀ ਦਾ ਹੀਰਾ ਬਣਜੇ, ਆਪੇ ਅਗਲਿਆਂ ਆਖਣੈਂ ਹੀਰਾ ਸਿਹੁੰ ਵਲਦ ਚੰਦ ਸਿਹੁੰ ਘਨੌਰੀ ਆਲੇ। ਹੈਂ ਕਿ ਨਾ...'

ਆਥਣ-ਸਵੇਰ ਉਹ ਹੀਰੇ ਨੂੰ ਬੁੱਕਲ ਵਿਚ ਲੈ ਕੇ ਪੁੱਛਦਾ, 'ਹੀਰੇ ਪੁੱਤ ਕੈ ਪੜ੍ਹੇਂਗਾ ਫੇਰ।' ਉਦੋਂ ਤਾਂ ਹੀਰਾ ਵੀ ਦੋਹੇਂ ਬਾਹਾਂ ਫੈਲਾਅ ਕੇ ਆਖ ਦੇਂਦਾ 'ਐਨੀਆਂ' ਤੇ ਬਾਪੂ ਉਸ ਨੂੰ ਜੱਫੀ ਵਿਚ ਘੁੱਟ ਲੈਂਦਾ ਪਰ ਇਹ ਪੁੱਛ-ਦੱਸ ਕੁਝ ਕੁ ਵਰ੍ਹੇ ਹੀ ਰਹੀ। ਅਜੇ ਉਸ ਹੀਰੇ ਨੂੰ ਪੰਜਵੀਂ ਦੀਆਂ ਪੂਰੀਆਂ ਕਿਤਾਬਾਂ ਵੀ ਨਹੀਂ ਸਨ ਲਿਆ ਕੇ ਦਿੱਤੀਆਂ ਕਿ ਅੱਖਾਂ ਮੀਟ ਗਿਆ। ਉਦੋਂ ਹੀਰੇ ਨੂੰ ਸਮਝ ਨਹੀਂ ਆਈ ਸੀ। ਕੁਝ ਦੇਰ ਪਿੱਛੋਂ ਜਦੋਂ ਉਸ ਵੇਖਿਆ ਕਿ ਰਾਤ ਵੇਲੇ ਬਾਪੂ ਦੇ ਮੰਜੇ ਉਤੇ ਚਾਚਾ ਬਿਸ਼ਨਾ ਸੌਣ ਲੱਗਿਆ ਸੀ ਤਾਂ ਉਸ ਨੂੰ ਬਾਪੂ ਰਹਿ-ਰਹਿ ਕੇ ਚੇਤੇ ਆਉਂਦਾ ਤੇ ਉਸ ਨੂੰ ਇਹ ਸਮਝਣ ਵਿਚ ਕਾਫੀ ਦੇਰ ਲੱਗੀ ਕਿ ਉਸ ਦੀ ਬੇਬੇ ਦਾ ਹੱਥ ਹੁਣ ਚਾਚੇ ਬਿਸ਼ਨੇ ਦੇ ਹਵਾਲੇ ਸੀ। ਉਹ ਹੁਣ ਹੀਰੇ ਦਾ ਬਾਪੂ ਸੀ। ਉਹੋ ਸਾਰੇ ਖਰਚ ਦਾ ਜ਼ਿੰਮੇਵਾਰ।

ਕੁਝ ਦੇਰ ਉਹ ਉਦਾਸੀ ਤੋਂ ਖਹਿੜਾ ਨਾ ਛੁਡਾ ਸਕਿਆ। ਫਿਰ ਹੌਲੀ-ਹੌਲੀ ਪੜ੍ਹਾਈ, ਖੇਡਾਂ ਤੇ ਉਸ ਨੂੰ ਪਏ ਭਲਵਾਨੀ ਦੇ ਸ਼ੌਕ ਨੇ ਇਹ ਉਦਾਸੀ ਘਟਾ ਜ਼ਰੂਰ ਦਿੱਤੀ। ਹੱਦੋਂ ਵੱਧ ਰੁਝਾਨ, ਖੇਡਾਂ ਤੇ ਭਲਵਾਨੀ ਵਿਚ ਹੋਣ ਕਰਕੇ ਉਸ ਦਾ ਪੜ੍ਹਾਈ ਵਾਲਾ ਪਾਸਾ ਸਾਫ਼ ਹੁੰਦਾ ਗਿਆ ਤੇ ਅੱਠਵੀਂ ਵਿਚੋਂ ਉਹ ਤਿੰਨ ਵਾਰ ਫੇਲ੍ਹ ਹੋਇਆ। ਫਿਰ ਚਾਚੇ ਦਾ ਨਾਦਰਸ਼ਾਹੀ ਹੁਕਮ ਮਿਲਿਆ, 'ਪੜ੍ਹਨਾ ਉਸ ਦੇ ਵੱਸ ਦਾ ਰੋਗ ਨੀ। ਬੰਦਾ ਬਣ ਕੇ ਖੇਤੀ ਕਰੇ।' ਪੜ੍ਹਾਈ ਛੁੱਟ ਗਈ। ਖੇਤੋਂ ਵਿਹਲ ਮਿਲਦੀ ਤਾਂ ਖੇਡਾਂ ਰਹਿੰਦੀਆਂ, ਭਲਵਾਨੀ ਰਹਿੰਦੀ। ਉਹ ਵੀ ਛੁੱਟ ਗਈ।

ਹੁਣ ਤਾਂ ਜਦੋਂ ਕਦੇ ਬੀਤੇ ਦਿਨਾਂ ਦੀ ਯਾਦ ਉਸ ਨੂੰ ਆ ਘੇਰਦੀ, ਉਹ ਰੋ ਪੈਂਦਾ। ਗੋਡਿਆਂ ਵਿਚ ਸਿਰ ਦੇ ਕੇ ਡੁਸਕਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਰੋਂਦਾ ਦੁੱਖ ਹੌਲਾ ਕਰ ਲੈਂਦਾ ਤੇ ਫੇਰ ਕਿਸੇ ਹੋਰ ਕੰਮ ਲੱਗ ਜਾਂਦਾ। ਸਕੂਲ ਵੱਲੋਂ ਜ਼ੋਨ ਦੇ ਟੂਰਨਾਮੈਂਟ ਵਿਚ ਉਹ ਘੁਲਣ ਗਿਆ ਸੀ। ਟੂਰਨਾਮੈਂਟ ਧੂਰੀ ਹੋਏ ਸਨ, ਤੇ ਬਾਪੂ ਦੇ ਜਿਉਂਦਿਆਂ ਹੀ ਉਹ ਧੂਰੀ ਮੰਗਿਆ ਗਿਆ ਸੀ। ਇਕ ਦੋਂਹ ਯਾਰਾਂ-ਬੇਲੀਆਂ ਦੇ ਕਹੇ-ਕਹਾਏ ਉਹ ਆਪਣੇ ਸਹੁਰੇ ਘਰ ਅੱਗੋਂ ਲੰਘਿਆਂ ਤਾਂ ਅਚਾਨਕ ਉਸ ਦੀ ਮੰਗੇਤਰ ਬੂਹੇ ਵਿਚ ਖੜ੍ਹੋਤੀ ਮਿਲ ਪਈ। ਹੀਰੇ ਨੇ ਤਾਂ ਇਕ ਵਿਆਹ ਦੇ ਮੌਕੇ ਪਹਿਲਾਂ ਹੀ ਵੇਖੀ ਹੋਈ ਸੀ, ਹੁਣ ਜਦੋਂ ਕੁੜੀ ਨੇ ਉਸ ਨੂੰ ਵੇਖਿਆ ਤਾਂ ਸ਼ਰਮ ਵਿਚ ਨੀਲੀ ਹੋ ਅੰਦਰ ਦੁਬਕ ਗਈ। ਉਸ ਪਿੱਛੋਂ ਉਹ ਧੂਰੀ ਜਾਣ ਦੇ ਬਹਾਨੇ ਲੱਭਦਾ ਰਹਿੰਦਾ।

ਧੂਰੀ ਖੇਡਣ ਗਿਆ, ਉਹ ਜ਼ੋਨ ਵਿਚੋਂ ਭਲਵਾਨੀ ਜਿੱਤ ਕੇ ਮੁੜਿਆ ਸੀ ਤੇ ਘਰ ਆ ਕੇ ਬਾਪੂ ਦੀ ਫੋਟੋ ਮੂਹਰੇ ਖੜ੍ਹ ਉਸ ਅੱਖੀਂ ਭਰ ਲਈਆਂ ਸਨ, 'ਬਾਪੂ ਹੁਣ ਤਾਂ ਦੇਖ, ਸੱਚਮੁੱਚ ਦਾ ਹੀਰਾ ਬਣ ਗਿਆ ਨਾ। ਦੇਖ ਲੈ ਜ਼ਿਲ੍ਹੇ ਦਾ ਵੱਡਾ ਅਫ਼ਸਰ ਅਨਾਮ ਦੇ ਕੇ ਗਿਆ। ਚਲ ਜੇ ਅਜੇ ਵੀ ਕਸਰ ਆ ਤਾਂ ਅਗਲੀ ਗੇਲ ਸਈ ਜਦੋਂ ਜ਼ਿਲ੍ਹੇ ਵਿਚੋਂ ਜਿੱਤ ਕੇ ਮੁੜਿਆ। ਅੱਛਾ।'

ਪਰ ਉੱਥੇ ਨਾ ਤਾਂ ਉਸ ਦੀ ਵਡਿਆਈ ਵਿਚ ਉੱਚਾ ਉੱਡਣ ਵਾਲਾ ਚੰਦ ਸਿਹੁੰ ਸੀ ਤੇ ਨਾ ਹੀ ਉਸ ਨੂੰ ਲਫਟੈਣ ਬਣਿਆ ਦੇਖਣ ਵਾਲਾ ਬਾਪੂ। ਹੀਰੇ ਦੀਆਂ ਅੱਖਾਂ ਭਰ ਆਈਆਂ। ਘਰ ਵਿਚ ਬੇਬੇ ਹੀ ਸੀ ਜੋ ਉਸ ਦੀਆਂ ਵਡਿਆਈਆਂ ਨੈਣਾਂ ਦੇਵੀ ਦੇ ਪਤਾਸਿਆਂ ਵਾਂਗ ਵੰਡਦੀ ਫਿਰਦੀ।

ਪਹਿਲੇ ਦਿਨੋਂ ਹੀ ਹੀਰੇ ਨੇ ਹੀਰਾ ਬਣਨ ਦੀ ਕੋਸ਼ਿਸ਼ ਜਾਰੀ ਰੱਖੀ ਸੀ ਪਰ ਹਰ ਵਾਰੀ ਉਹ ਠੀਕਰ ਹੀ ਹੋ ਨਿੱਬੜਿਆ। ਹੁਣ ਉਹ ਪੂਰੀ ਲਗਨ ਨਾਲ ਖੇਤੀ ਵਿਚ ਲੱਗਾ ਹੋਇਆ ਸੀ ਕਿ ਸ਼ੈਤ ਇੰਜ ਹੀ ਉਸ ਦੀ ਕਿਸਮਤ ਚਮਕ ਪਵੇ। ਹੁਣ ਉਸ ਦਾ ਧੂਰੀ ਜਾਣਾ-ਆਉਣਾ ਬੰਦ ਹੋ ਗਿਆ ਸੀ ਕਿਉਂਕਿ ਅਜਿਹੇ ਉਪਰਲੇ ਕੰਮ ਚਾਚਾ ਬਿਸ਼ਨਾ ਆਪ ਹੀ ਕਰਦਾ ਸੀ। ਸ਼ੁਰੂ ਤੋਂ ਹੀ ਉਸ ਵੇਖਿਆ ਸੀ, ਤੇ ਸ਼ਰੀਕਾਂ ਕੋਲੋਂ ਵੀ ਸੁਣਿਆ ਸੀ ਕਿ ਉਸ ਦਾ ਚਾਚਾ ਤਾਂ ਨਿਰਾ ਪੈਸੇ ਦਾ ਪੁੱਤ ਸੀ। ਉਸ ਨੂੰ ਉਸ ਦੀ ਰਤਾ ਪ੍ਰਵਾਹ ਨਹੀਂ ਸੀ। ਉਸ ਦਾ ਕੁਝ ਤਾਂ ਹੀ ਬਣ ਸਕੇਗਾ ਜੇ ਉਹ ਚਾਚੇ ਬਿਸ਼ਨੇ ਨੂੰ ਪੈਸਿਆਂ ਵਿਚ ਖੜ੍ਹਾ ਦੇਵੇ ਤੇ ਹੀਰੇ ਨੇ ਖੇਤੀ ਵਿਚ ਹੱਡ-ਭੰਨਵੀਂ ਮਿਹਨਤ ਕਰਨੀ ਕਿ ਸ਼ਾਇਦ ਇੰਜ ਘਰ ਵਿਚ ਖੁਸ਼ੀ ਹੋਵੇ। ਰੰਗ-ਤਮਾਸ਼ੇ ਹੋਣ ਪਰ ਵਿਆਹ ਤਾਂ ਇਕ ਪਾਸੇ ਰਿਹਾ ਉਸ ਨੇ ਚਾਚੇ ਦੇ ਮੱਥੇ 'ਤੇ ਜਦੋਂ ਕਦੇ ਵੀ ਦੇਖਿਆ ਤਿਊੜੀ ਹੀ ਵੇਖੀ। ਉਹ ਹੀਰੇ ਨੂੰ ਹਰ ਵੇਲੇ ਖਿਝਦਾ ਰਹਿੰਦਾ। ਵੱਢੂੰ-ਖਾਊਂ ਕਰਦਾ ਰਹਿੰਦਾ। ਫਿਰ ਵੀ ਹੀਰਾ ਕੋਹਲੂ ਦੇ ਬੈਲ ਵਾਂਗ ਚੱਕਰ ਕੱਟਦਾ ਰਿਹਾ। ਕਿਸੇ ਨੂੰ ਉਸ ਦੀ ਪ੍ਰਵਾਹ ਨਹੀਂ ਸੀ। ਕਿਸੇ ਨੂੰ ਚਿੰਤਾ ਨਹੀਂ ਸੀ।

ਇਸ ਮਾਹੌਲ ਵਿਚ ਜੇ ਬੇਬੇ ਦਾ ਆਸਰਾ ਨਾ ਹੁੰਦਾ ਤਾਂ ਸ਼ਾਇਦ ਉਹ ਕਿੱਦੇਂ ਦਾ ਮਰ-ਮੁੱਕ ਗਿਆ ਹੁੰਦਾ। ਚਾਚਾ ਬਿਸ਼ਨਾ ਆਪਣੇ ਨਿਆਣਿਆਂ ਨੂੰ ਸੌ-ਸੌ ਲਾਡ ਕਰਦਾ। ਹਰ ਵਰ੍ਹੇ ਸਕੂਲ ਦੀਆਂ ਵਰਦੀਆਂ, ਕਾਪੀਆਂ-ਕਿਤਾਬਾਂ, ਖੇਡਣ ਲਈ ਨਿੱਕ-ਸੁੱਕ ਲਿਆ ਕੇ ਦੇਂਦਾ ਪਰ ਉਸ ਦੇ ਗਲ ਵਿਚ ਪਾਇਆ ਖੱਦਰ ਦਾ ਚਾਰਖਾਨੇ ਦਾ ਕੁੜਤਾ ਜਦੋਂ ਮੈਲ ਨਾਲ ਆਪਣੇ ਖਾਨੇ ਵੀ ਲੁਕੋ ਹਟਦਾ ਤਾਂ ਉਸ ਨੂੰ ਸਾਬਣ ਨਸੀਬ ਹੁੰਦਾ। ਬੇਬੇ ਉਸ ਦੀ ਅਜਿਹੀ ਹਾਲਤ ਵੇਖ ਕੇ ਖਿਝਦੀ ਤੇ ਵੇਲੇ-ਕੁਵੇਲੇ ਉਸ ਨੂੰ ਪਿਆਰ ਨਾਲ ਰੋਟੀ ਖਵਾਉਂਦੀ। ਉੱਜਲ ਭਰ ਕੇ ਮੱਖਣ ਦਿੰਦੀ। ਕਦੇ-ਕਦੇ ਖਰਚ-ਵਰਚ ਲਈ ਰੁਪਈਆ-ਧੇਲੀ ਵੀ ਉਸ ਦੇ ਹੱਥ ਧਰ ਦੇਂਦੀ। ਤੇ ਇੰਜ ਸਮੇਂ-ਸਮੇਂ ਮਾਂ ਵੱਲੋਂ ਦਿੱਤੇ ਰੁਪਏ ਪੰਜਾਹਾਂ ਨੂੰ ਟੱਪ ਗਏ ਤਾਂ ਹੀਰੇ ਦਾ ਦਿਲ ਉਡੂੰ-ਉਡੂੰ ਕਰਨ ਲੱਗਾ ਤੇ ਉਹ ਘਰੋਂ ਮੇਲੇ ਵਿਚ ਭੱਜ ਗਿਆ। ਘਰ ਨਹੀਂ ਪਰਤਿਆ। ਬੇਬੇ ਨੇ ਰੋ-ਰੋ ਕੇ ਅੱਖਾਂ ਗਾਲ ਲਈਆਂ। ਚਾਚੇ ਕਿਹਾ, 'ਵਿਚੋਂ ਚੰਗਾ ਹੋਇਆ। ਅੱਧ ਦਾ ਮਾਲਕ ਸੀ। ਨਾ ਹੋਊ ਨਾ ਅੱਧ ਵੰਡਾਊ।' ਹੀਰਾ ਘਰੋਂ ਜਾ ਕੇ ਬਰਨਾਲੇ ਆਪਣੇ ਇਕ ਜਮਾਤੀ ਕੋਲ ਦੋ ਦਿਨ ਠਹਿਰਿਆ। ਫਿਰ ਉਸੇ ਜਮਾਤੀ ਦੀ ਮਦਦ ਨਾਲ ਕਲਕੱਤੇ ਉਸ ਦੇ ਚਾਚੇ ਕੋਲ ਚਲਾ ਗਿਆ ਤੇ ਉੱਥੇ ਕਲੀਨਰੀ ਕਰਨ ਲੱਗਾ।



ਪੰਜ ਵਰ੍ਹੇ ਉਸ ਦੱਬ ਕੇ ਕਮਾਇਆ ਤੇ ਸੰਜਮ ਦਾ ਖਰਚਿਆ। ਤਿੰਨ-ਚਾਰ ਹਜ਼ਾਰ ਰੁਪਿਆ ਜੋੜ ਲਿਆ ਏਨੇ ਵਰ੍ਹੇ ਉਹ ਆਪਣੀ ਮੰਗੇਤਰ ਦੀ ਯਾਦ ਨੂੰ ਨਹੀਂ ਸੀ ਭੁੱਲ ਸਕਿਆ। ਉਸ ਦੇ ਯਾਰ-ਬੇਲੀ ਵਿਆਹ ਕਰਵਾ ਕੇ ਮੁੜ-ਮੁੜ ਆਉਂਦੇ ਤੇ ਤਿੰਨ ਹਜ਼ਾਰ ਰੁਪਏ ਦੇ ਨਸ਼ੇ ਨੇ ਉਸ ਨੂੰ ਵੀ ਪਿੰਡ ਵੱਲ ਮੁਹਾਰਾਂ ਮੋੜਨ ਲਈ ਉਕਸਾਇਆ। ਤਿੰਨ ਹਜ਼ਾਰ ਰੁਪਈਆ ਬੋਝੇ ਪਾ ਇਕ ਦਿਨ ਉਸ ਪੰਜਾਬ ਦੀ ਗੱਡੀ ਫੜ ਲਈ। ਉਸ ਕਿਆਸਿਆ ਸੀ ਕਿ ਪਿੰਡ ਵਾਲੇ ਲੰਮੀ ਔੜ ਮਗਰੋਂ ਅਚਨਚੇਤ ਵਰ੍ਹੇ ਮੀਂਹ ਵਾਂਗ ਉਸ ਦਾ ਆਦਰ-ਭਾਉ ਕਰਨਗੇ ਪਰ ਉਸ ਵੇਖਿਆ ਕਿ ਸਭ ਦੇ ਮੱਥੇ ਘਰੂਟੇ ਗਏ ਸਨ। ਇਕ ਬੇਬੇ ਦੀ ਜਿਸ ਨੂੰ ਆਪਣੀ ਢਿੱਡ ਦੀ ਆਂਤ ਮੁੜ ਲੱਭ ਪੈਣ ਦੀ ਖੁਸ਼ੀ ਸੀ। ਹੋਰ ਜੀਆਂ ਵਾਂਗ ਉਸ ਨੂੰ ਜ਼ਮੀਨ ਦੇ ਕਿਆਰਿਆਂ ਵਿਚ ਵਟਣ ਦਾ ਸੰਸਾ ਨਹੀਂ ਸੀ। ਉਸ ਨੂੰ ਕਿਸੇ ਹਿੱਸੇ ਦੀ ਲਾਲਸਾ ਨਹੀਂ ਸੀ।

ਹੀਰਾ ਅਜੇ ਘਰ ਜਾ ਕੇ ਬੈਠਾ ਹੀ ਸੀ। ਬੇਬੇ ਨਾਲ ਸੁੱਖ-ਸਾਂਦ ਦੀ ਗੱਲ ਕਰ ਹੀ ਰਿਹਾ ਸੀ। ਅਜੇ ਉਸ ਠੰਢੇ ਪਾਣੀ ਦਾ ਗਲਾਸ ਵੀ ਨਹੀਂ ਸੀ ਪੀਤਾ ਕਿ ਇਕ ਪਾਸੇ ਓਟੇ ਪਿੱਛੋਂ ਘੁੰਡ ਵਿਚ ਤੁਥ-ਮੁਥ ਇਕ ਤ੍ਰੀਮਤ ਆਈ ਤੇ ਉਸ ਦੇ ਪੈਰੀਂ ਹੱਥ ਲਾ ਕੇ ਪਰਤ ਗਈ। ਅੰਤਾਂ ਦੀ ਅਚੰਭਿਤ ਅਵਸਥਾ ਵਿਚ ਉਹ ਉਸ ਦਾ ਸਿਰ ਪਲੋਸਣਾ ਵੀ ਭੁੱਲ ਗਿਆ। ਉਸ ਬੇਬੇ ਵੱਲ ਇੰਜ ਝਾਕਿਆ ਜਿਵੇਂ ਪੁੱਛ ਰਿਹਾ ਹੋਵੇ 'ਕੌਣ ਐ।'

ਬੇਬੇ ਨੇ ਉਸ ਦੀ ਹੈਰਾਨੀ ਭਾਂਪ ਲਈ ਸੀ। ਉਹ ਬੋਲੀ, 'ਆਪਣੇ ਧੀਰੇ ਦੀ ਬਹੂ ਆ, ਪੁੱਤ। ਮਹੀਨਾ ਹੋਇਆ ਵਿਆਹੀ ਆ। ਪੁੱਤ ਜੇ ਤੂੰ ਕਲਕੱਤੇ ਈ ਤੀਗਾ ਤਾਂ ਕੋਈ ਚਿੱਠੀ-ਪੱਤਰੀ ਈ ਪਾਉਂਦਾ ਰਹਿੰਦਾ। ਕੀ ਦੱਸਾਂ, ਪੁੱਤ ਧੂਰੀ ਆਲੇ ਤਾਂ ਬਹੁਤਾ ਹੀ ਕਹਿਣ ਲੱਗ ਪਏ, ਅਖੇ ਅਹੀ ਕੁੜੀ ਠਾਲਣੀ ਆ। ਫੇਰ ਪੁੱਤ ਕੀ ਕਰਦੇ। ਤੇਰਾ ਚਾਚਾ ਫੇਰ ਕਹਿਣ ਲੱਗਾ ਪਈ ਵੱਡੇ ਦਾ ਤਾਂ ਕੋਈ ਸੁਰ-ਪਤਾ ਨਹੀਂ, ਤੁਹੀਂ ਛੋਟੇ ਨੂੰ ਈ ਕਰ ਦਿਓ।'

'ਧੂਰੀ ਆਲੇ ਸੁਣ ਕੇ ਹੀਰੇ ਦੇ ਕੰਨੀਂ ਸਿੱਕਾ ਢਲ ਗਿਆ। ਉਸ ਸੋਚਿਆ ਕਿ ਉਹ ਐਵੇਂ ਹੀ ਕਲਕੱਤਿਓਂ ਆਪਣੇ ਹੀਰਾ ਹੋਣ ਦਾ ਭਰਮ ਲੈ ਕੇ ਮੁੜਿਆ ਸੀ। ਦੋ-ਚਾਰ ਹਜ਼ਾਰ ਨਾਲ ਕੋਈ ਹੀਰਾ ਤਾਂ ਨਹੀਂ ਬਣ ਜਾਂਦਾ। ਨਾਲੇ ਜਿਸ ਦੇ ਕਰਮ ਧੁਰੋਂ ਈ ਠੀਕਰ ਹੋਣ ਉਹ ਲੱਖ ਚਮਕ ਪਵੇ, ਉਹ ਹੀਰਾ ਨਹੀਂ ਬਣ ਜਾਂਦਾ।'

ਉਹਨੂੰ ਕੁਝ ਵੀ ਨਹੀਂ ਸੀ ਸੁੱਝ ਰਿਹਾ ਕਿ ਉਹ ਕੀ ਕਰੇ, ਕੀ ਕਹੇ! ਅਚਾਨਕ ਉਸ ਦੀ ਨਜ਼ਰ ਫਿਰ ਓਟੇ ਵੱਲ ਸਰਕੀ। ਉਸ ਨੂੰ ਜਾਪਿਆ ਜਿਵੇਂ ਉੱਥੇ ਬੈਠੀ ਧੀਰੇ ਦੀ ਬਹੂ ਰੋ ਰਹੀ ਸੀ। ਹਉਕੇ ਲੈ ਰਹੀ ਸੀ।

'ਚੱਲ ਤਾਂ ਕੀ ਹੋਇਆ ਬੇਬੇ, ਉਹ ਵੀ ਤਾਂ ਮੇਰਾ ਭਾਈ ਐ' ਤਕਦੀਰ ਆਪੋ-ਆਪਣੀ' ਗੱਲ ਤਾਂ ਬੇਬੇ ਮੱਥੇ ਦੀ ਲਿਖੀ 'ਤੇ ਨਿੱਬੜਦੀ ਆ। ਗਾਂਹ ਤੂੰ ਆਪ ਸਿਆਣੀ ਆਂ।' ਬੇਬੇ ਨੂੰ ਜਵਾਬ ਦੇ ਹੀਰੇ ਨੇ ਇਕ ਵਾਰੀ ਚੌਂਕੇ ਵਿਚ ਸਿਸਕੀਆਂ ਦੀ ਆਵਾਜ਼ ਫੇਰ ਸੁਣੀ। ਹੁਣ ਉਸ ਦਾ ਓਥੇ ਹੋਰ ਬੈਠੇ ਰਹਿਣਾ ਅਸੰਭਵ ਹੋ ਗਿਆ। ਅੱਖਾਂ ਵਾਰ-ਵਾਰ ਓਟੇ ਵੱਲ ਸਰਕ ਰਹੀਆਂ ਸਨ। ਕੰਨ ਵਾਰ-ਵਾਰ ਸਿਸਕੀਆਂ ਦੀ ਆਵਾਜ਼ ਸੁਣ ਰਹੇ ਸਨ।

'ਬੇਬੇ ਮੈਂ ਹੁਣੇ ਆਇਆ,' ਆਖ ਉਹ ਬਾਹਰ ਨੂੰ ਹੋ ਤੁਰਿਆ ਤੇ ਹਨੇਰੇ ਪਏ ਘਰ ਪਰਤਿਆ।

ਦੋ ਮਹੀਨੇ ਦੀ ਛੁੱਟੀ ਲੈ ਕੇ ਆਇਆ ਹੀਰਾ ਹਫ਼ਤੇ ਮਗਰੋਂ ਹੀ ਕਲਕੱਤੇ ਲਈ ਤਿਆਰ ਹੋ ਗਿਆ।

'ਲੈ ਪੁੱਤ, ਇਹ ਕੀ ਗੱਲ ਹੋਈ। ਅੱਗੇ ਈ ਜੁਗੜਿਆਂ ਮਗਰੋਂ ਮੁੜਿਐਂ। ਹੁਣ ਨੀ ਮੈਂ ਜਾਣ ਦਿੰਦੀ। ਥੋਡੀ ਘਰ ਦੀ ਖੇਤੀ। ਤਿੰਨੇ ਭਾਈ ਰਲ ਕੇ ਖੇਤੀ

ਕਰੋ, ਚਾਹੇ ਵਰ੍ਹੇ ਵਿਚ ਨਵਾਂ ਟਰੱਕ ਖਰੀਦ ਲਿਓ।' ਬੇਬੇ ਨੇ ਉਸ ਦੇ ਪੈਰ ਬੰਨ੍ਹ ਦਿੱਤੇ। ਉਸ ਦੀ ਜ਼ਿਦ ਮੂਹਰੇ ਹੀਰੇ ਨੂੰ ਝੁਕਣਾ ਪਿਆ।

ਪੂਰਾ ਵਰ੍ਹਾ ਉਹ ਖੇਤੀ ਵਿਚ ਬਿਨਾਂ ਕਿਸੇ ਸੁਆਰਥ ਦੇ ਲੱਗਾ ਰਿਹਾ ਮਿੱਟੀ ਨਾਲ ਮਿੱਟੀ, ਤਾਰਿਆਂ ਦੀ ਛਾਵੇਂ ਨਿਕਲ ਜਾਂਦਾ ਤੇ ਤਾਰਿਆਂ ਦੀ ਛਾਵੇਂ ਘਰ ਪਰਤਦਾ। ਉਂਜ ਜੀਤੋ ਦਾ ਉਸ ਨੂੰ ਬੜਾ ਮੋਹ ਆਉਂਦਾ। ਉਸ ਦਾ ਕਿਸੇ ਹੋਰ ਗੱਲੋਂ ਲਿਆ ਹਉਕਾ ਵੀ ਉਸ ਨੂੰ ਇਉਂ ਜਾਪਦਾ ਜਿਵੇਂ ਕਹਿੰਦੀ ਹੋਵੇ, 'ਚੰਦਰਿਆ ਮੰਗ ਤਾਂ ਤੇਰੀ ਓ ਸਾਂ। ਕੀ ਕਰਾਂ, ਮਾਪਿਆਂ ਤੇਰੇ ਭਾਈ ਦੇ ਗਲ ਨਰੜ ਦਿੱਤੀ।' ਹੀਰੇ ਦਾ ਰੁੱਗ ਭਰਿਆ ਜਾਂਦਾ। ਕਦੇ-ਕਦੇ ਉਸ ਦਾ ਚਿੱਤ ਕਰਦਾ ਕਿ ਜੀਤੋ ਨੂੰ ਹਨੇਰੇ-ਸਵੇਰੇ ਬਾਹੋਂ ਫੜ ਕੇ ਮੰਜੇ 'ਤੇ ਬਹਾ ਲਵੇ। ਤੇ ਫੇਰ ਦਿਲ ਦੀਆਂ ਸਾਰੀਆਂ ਗੱਲਾਂ ਉਸ ਮੂਹਰੇ ਢੇਰ ਕਰ ਦੇਵੇ, ਪਰ ਜੇ ਕਿਸੇ ਵੇਖ ਲਿਆ, ਇਸ ਡਰੋਂ ਉਸ ਦੇ ਹੱਥ ਬੇਜਾਨ ਹੋ ਜਾਂਦੇ। ਜ਼ਬਾਨ ਠਾਕੀ ਜਾਂਦੀ।

ਉਸ ਨੂੰ ਆਇਆਂ ਵਰ੍ਹਾ ਹੀ ਬੀਤਿਆ ਸੀ ਕਿ ਜੀਤੋ ਦੇ ਮੁੰਡਾ ਜੰਮਿਆ। ਬਾਕੀ ਜੀਆਂ ਵਾਂਗ ਉਸ ਵੀ ਖੁਸ਼ੀ ਵਿਚ ਦਾਰੂ ਪੀਤੀ। ਮੁੰਡੇ ਨੂੰ ਦਸ ਰੁਪਈਏ ਸ਼ਗਨ ਦਿੱਤਾ ਪਰ ਜਦੋਂ ਮੁੰਡੇ ਨੂੰ ਸ਼ਗਨ ਦੇ ਕੇ ਬੂਹਿਓਂ ਬਾਹਰ ਹੋਇਆ ਤਾਂ ਉਸ ਦਾ ਅੰਦਰਲਾ ਅੜੀਅਲ ਹਿੱਸਾ ਫੇਰ ਜਾਗ ਪਿਆ,

ਖੂਹ ਵਿਚ ਪੈਗੀ ਸਾਲੀ ਖਾਨਦਾਨੀ, ਮੈਂ ਵਿਆਹਿਆ ਹੁੰਦਾ, ਹੁਣ ਨੂੰ ਮੇਰੇ ਵੀ ਜੁਆਕ ਹੁੰਦਾ। ਕਰ ਦਿਆਂ ਸ਼ਰੀਕਾਂ ਦੇ ਕਾਣੇ, ਚੜ੍ਹਾ ਦਿਆਂ ਟਿੱਬਿਆਂ 'ਤੇ ਪਾਣੀ। ਹੈ ਕਿ ਨਾ ਹੀਰਾ ਸਿਆਂ। ਗਾਂਹ ਨੂੰ ਆਪ ਸਿਆਣੇ... ਤੇ ਉਸ ਅਲਮਾਰੀ ਵਿਚ ਪਈ ਬੋਤਲ ਵਿਚ ਬਚਦੀ ਸ਼ਰਾਬ ਸੁੱਕੀ ਹੀ ਮੂੰਹ ਨੂੰ ਲਾ ਲਈ ਤੇ ਬੇਸੁਰਤ ਜਿਹਾ ਹੋ ਮੰਜੇ ਵਿਚ ਜਾ ਡਿੱਗਿਆ।

ਇਕ ਦਿਨ ਉਹ ਬੇਬੇ ਕੋਲ ਬੈਠਾ ਫਿਸ ਪਿਆ ਤੇ ਬੇਬੇ ਦੀਆਂ ਅੱਖਾਂ ਵੀ ਵਹਿਣ ਲੱਗ ਪਈਆਂ ਪਰ ਉਹ ਜੇਰਾ ਕਰ ਕੇ ਬੋਲੀ, 'ਕੋਈ ਨਾ ਪੁੱਤ। ਮੈਂ ਕਹਿੰਨੀ ਆਂ ਤੇਰੇ ਚਾਚੇ ਨੂੰ। ਕਰੂ ਕੋਈ ਹੀਲਾ ਆਪੇ। ਤੂੰ ਕਿਹੜਾ ਹਲੇ ਬੁੜ੍ਹਾ ਹੋ ਗਿਐਂ।'

ਪਰ ਬੇਬੇ ਦੇ ਕਹਿਣ ਨੂੰ ਕੌਣ ਸੁਣਦਾ ਸੀ। ਦੂਜਾ ਵਰ੍ਹਾ ਵੀ ਚੁੱਪ-ਚਾਪ ਬੀਤ ਗਿਆ। ਜੇ ਕੋਈ ਰਿਸ਼ਤਾ ਆਉਂਦਾ ਵੀ ਤਾਂ ਚਾਚਾ ਖੇਤੋਂ ਹੀ ਵਾਪਸ ਕਰ ਦਿੰਦਾ ਤੇ ਘਰ ਆ ਕੇ ਉਨ੍ਹਾਂ ਦੀ ਬਦਖੋਈਆਂ ਕਰਨ ਲੱਗ ਪੈਂਦਾ, 'ਲੈ ਭਲਾ ਬੰਤੀਏ, ਅਹੀਂ ਕਹਿੰਦੇ-ਕਹਾਉਂਦੇ ਗਰੇਆਲ, ਤੇ ਉਹ ਨੰਗ ਜੱਟ। ਕੁੜੀ ਕੱਲੀ। ਨਾ ਕੋਈ ਭੈਣ ਨਾ ਭਾਈ। ਬੁੜ੍ਹਾ ਅੱਖਾਂ ਮੀਚ ਜੂ ਤਾਂ ਹੀਰਾ ਸਿਹੁੰ ਕੀਹਦੇ ਕੋਲ ਆਊ-ਜਾਊ...ਸਾਨੂੰ ਤਾਂ ਮਖ਼ ਟੱਬਰਦਾਰ ਚਾਹੀਦੇ ਆ।'

ਹੀਰਾ ਹੁਣ ਥੱਕ ਗਿਆ ਸੀ। ਉਸ ਦੋ ਵਰ੍ਹੇ ਬਿਨਾਂ ਮੀਂਹ-ਹਨੇਰੀ ਦੇਖੇ ਕੰਮ ਕੀਤਾ ਸੀ। ਹੁਣ ਉਸ ਕੋਲੋਂ ਹੋਰ ਕੁਝ ਨਹੀਂ ਸੀ ਹੁੰਦਾ। ਉਸ ਰਾਤ ਨੂੰ ਜਲਦੀ ਸੌਣਾ ਤੇ ਸਵੇਰੇ ਦੇਰ ਨਾਲ ਜਾਗਣਾ ਸ਼ੁਰੂ ਕਰ ਦਿੱਤਾ। ਨਾਹੁੰਦਾ-ਧੋਂਦਾ। ਧੋਤੇ ਕੱਪੜੇ ਪਾ, ਪਰ੍ਹੇ ਵਿਚ ਸ਼ਰੀਕਾਂ ਦੇ ਬੋਲ ਕੰਨਾਂ ਰਾਹੀਂ ਅੰਦਰ ਸੁੱਟਦਾ ਰਹਿੰਦਾ। ਆਥਣੇ ਦਾਰੂ ਪੀ ਕੇ ਘਰ ਆਉਂਦਾ। ਰੋਟੀ ਦੀ ਬੁਰਕੀ ਖਾਂਦਾ ਤੇ ਮੰਜੇ ਵਿਚ ਡਿੱਗ ਪੈਂਦਾ। ਕੁਝ ਦਿਨ ਚੁੱਪ ਰਹੀ। ਫਿਰ ਕੰਨਾਂ ਵਿਚ ਫੂਕਾਂ ਵੱਜਣ ਲੱਗੀਆਂ। ਹੀਰੇ ਦੀ ਪਿੱਠ ਪਿੱਛੇ ਮੁੱਕੇ ਵੱਟੇ ਜਾਣ ਲੱਗੇ। ਇਕ ਦਿਨ ਧੀਰਾ ਬੇਬੇ ਕੋਲ ਬੈਠਾ ਕਹਿਣ ਲੱਗਾ, 'ਬੇਬੇ ਜੱਟ ਦਾ ਕਰਮ ਐ, ਕੰਮ ਕਰੇ। ਵਿਹਲਾ ਬੈਠ ਕੇ ਰਾਜਿਆਂ ਦੇ ਵੀ ਖਜ਼ਾਨੇ ਖਾਲੀ ਹੋ ਜਾਂਦੇ ਆ। ਅਹੀਂ ਕਦੇ ਦਿਨ ਨਹੀਂ ਦੇਖਿਆ, ਕਦੇ ਰਾਤ ਨੀ ਦੇਖੀ।' ਬੇਬੇ ਉਸ ਦੀ ਸੁਣ ਦੁਚਿੱਤੀ ਵਿਚ ਪੈ ਗਈ, ਕੀ ਕਰੇ, ਕੀ ਨਾ ਕਰੇ। ਹੀਰੇ ਨੂੰ ਕਿਵੇਂ ਸਮਝਾਵੇ। ਧੀਰੇ ਨੂੰ ਕਿਵੇਂ ਸਮਝਾਵੇ। ਦੋਹਾਂ ਵਿਚੋਂ ਕਿਸ ਦਾ ਪੱਖ ਲਵੇ? ਅੰਤ ਉਸ ਹੀਰੇ ਨੂੰ ਸਮਝਾਉਣ ਦੀ ਸੋਚੀ। ਤੇ ਆਥਣੇ ਉਸ ਲਾਗੇ ਜਾ ਬੈਠੀ। ਉਸ ਹੀਰੇ ਨੂੰ ਸਿਆਣਾ ਬਣਨ ਦੀ ਸਲਾਹ ਦਿੱਤੀ ਪਰ ਹੀਰਾ ਕਦੋਂ ਸਮਝਣ ਵਾਲਾ ਸੀ। ਉਹ ਬੋਲਿਆ, 'ਬੇਬੇ ਮੈਂ ਤਾਂ ਹੁਣ ਇਵੇਂ ਹੀ ਰਹਿਣੈਂ। ਕਰੇ ਜਿਹਦੀ ਕਬੀਲਦਾਰੀ ਆ...ਮੇਰਾ ਕੀ ਆ ਦੋ ਰੋਟੀਆਂ ਈ ਖਾਣੀਆਂ।'

'ਨਾ ਪੁੱਤ ਐਂ ਨੀ ਆਖੀਦਾ। ਉਹ ਵੀ ਤੇਰਾ ਭਾਈ ਆ। ਪਿਓ ਦੇ ਹੋਏ ਕਿ ਚਾਚੇ ਦੇ, ਮਾਂ ਤਾਂ ਇਕ ਆ। ਰੱਬ ਦੇ ਵਾਸਤੇ ਤੁਸੀਂ ਭਾਈ-ਭਾਈ ਦਿਲਾਂ ਵਿਚ ਅੱਗ ਨਾ ਬੀਜੋ। ਸਿਆਣੇ ਬਣੋ।'

'ਬੇਬੇ ਬੜਾ ਸਿਆਣਾ ਬਣ ਕੇ ਦੇਖ ਲਿਆ। ਹੁਣ ਨੀ ਹੋਰ ਸਬਰ ਹੁੰਦਾ। ਜੇ ਕੋਈ ਰਿਸ਼ਤੇ ਆਲਾ ਆਉਂਦਾ, ਬਾਹਰੋਂ ਹੀ ਮੋੜ ਦਿੰਦੇ ਆ। ਜ਼ਮੀਨ ਮੇਰੀ ਨਹੀਂ ਦਿੰਦੇ।'

'ਨਾ ਪੁੱਤ ਸਭ ਕੁਸ਼ ਹੋ ਜੂ...ਵਿਆਹ ਵੀ ਹੋ ਜੂ। ਮੈਂ ਤੇਰੇ ਨਾਨਕੀ ਸੁਨੇਹਾ ਭੇਜਦੀ ਆਂ। ਵਿਆਹ ਦਾ ਕੀ ਆ, ਪਰ ਚੰਦਰਿਆ ਤੇਰੇ ਕਰਮ ਈ ਪਤਾ ਨੀ ਕਹੇ ਜੇ ਆ।'

ਬੇਬੇ ਨੇ ਆਪਣੇ ਵੱਲੋਂ ਹੀਰੇ ਨੂੰ ਵਿਆਹ ਦਾ ਯਕੀਨ ਦਿਵਾਇਆ। ਰਾਤ ਉਸ ਬਿਸ਼ਨੇ ਕੋਲ ਹੀਰੇ ਦੇ ਵਿਆਹ ਦੀ ਗੱਲ ਕੀਤੀ ਤਾਂ ਉਹ ਅੱਗੋਂ ਬੇਹੇ ਕੜਾਹ ਆਂਗੂੰ ਪਿਆ, 'ਆਹ ਮੂੰਹ ਤੇ ਮਸਰਾਂ ਦੀ ਦਾਲ। ਵਿਆਹ ਹੁੰਦੇ ਆ ਕਾਮਿਆਂ ਦੇ। ਵਿਹਲੇ ਟੱਟੂਆਂ ਦੇ ਨੀ। ਇਹ ਤਾਂ ਲਫਟੈਣਾਂ ਆਂਗੂ ਧੋਤੇ ਕੱਪੜੇ ਪਾਈ ਫਿਰਦਾ ਰਹਿੰਦੈ।'

ਹੀਰੇ ਨੂੰ ਜਿਵੇਂ ਸੱਤੀਂ ਕੱਪੜੀ ਅੱਗ ਲੱਗ ਗਈ। ਉਹ ਉਨ੍ਹਾਂ ਬੈਠਿਆਂ ਦੇ ਕੋਲ ਆ ਖੜ੍ਹਾ ਹੋਇਆ, 'ਚਾਚਾ ਬੇਬੇ ਨੂੰ ਕਾਹਨੂੰ ਔਖਾ ਹੁੰਨੈਂ। ਦੱਸ ਮੈਂ ਕੀ ਮਾੜੀ ਗੱਲ ਕੀਤੀ ਆ। ਦੋ ਵਰ੍ਹੇ ਮੈਂ ਕਦੇ ਅਰਾਮ ਕਰ ਕੇ ਵੇਖਿਆ? ਤੁਹੀਂ ਕਿਹੜੀ ਸ਼ਾਬਾਸ਼ੇ ਦੇ'ਤੀ। ਤੇ ਹੁਣ, ਹੁਣ ਮੈਂ ਅਰਾਮ ਕਰਨ 'ਤੇ ਆਇਆਂ, ਹੁਣ ਬੁਰਾ ਲਗਦਾਂ।'

'ਆਹੋ ਭਾਈ ਏਥੇ ਤਾਂ ਕੰਮ ਕਰਨਾ ਈ ਪਊ...ਨਹੀਂ ਤਾਂ ਰਸਤਾ ਨਾਪ। ਆਹੋ, ਸੁਣਿਆ,' ਚਾਚੇ ਨੇ ਸੌ ਦੀ ਇਕ ਸੁਣਾ ਕੇ ਖੇਸੀ ਦੀ ਬੁੱਕਲ ਹੋਰ ਕੱਸ ਲਈ ਤੇ ਬਾਹਰ ਨੂੰ ਉੱਠ ਤੁਰਿਆ। ਉਸ ਨੂੰ ਜਾਂਦੇ ਨੂੰ ਹੀਰੇ ਦੇ ਫੈਸਲਾਕੁਨ ਬੋਲ ਸੁਣੇ।

'ਅੱਛਾ ਜੇ ਇਹ ਗੱਲ ਆ ਤਾਂ ਹੁਣ ਮੈਂ ਉਈਂ ਨੀ ਜਾਂਦਾ। ਐਥੇ ਈ ਰਹੂੰ। ਨਾਲੇ ਹੁਣ ਸੁਣ ਲੈ...ਕੱਲ੍ਹ ਨੂੰ ਰੇਤੇ ਆਲੇ ਖੂਹ ਕੰਨੀ ਬੋਹਲ ਨੂੰ ਕੁਸ਼ ਸੋਚ ਵਿਚਾਰ ਕੇ ਹੱਥ ਲਾਇਉ। ਬਾਪੂ ਕਹਿੰਦਾ ਹੁੰਦਾ ਤੀ ਰੇਤੇ ਆਲੇ ਖੂਹ ਕੰਨੀ ਦੀ ਅੱਧੀ ਜ਼ਮੀਨ ਸਾਡੀ ਆ। ਮੈਂ ਹੁਣ ਤਕ ਚੁੱਪ ਰਿਹਾ ਪਰ ਹੁਣ ਹੋਰ ਨਹੀਂ ਚੁੱਪ ਰਹਿ ਹੁੰਦਾ...ਗਾਂਹ ਤੂੰ ਆਪ ਸਿਆਣੈਂ।'

ਤੇ ਉਹ ਬੈਠਕ ਵਿਚ ਗਿਆ। ਅਲਮਾਰੀ ਵਿਚੋਂ ਬੋਤਲ ਕੱਢੀ। ਇਕ ਪੈਗ ਪਾਇਆ ਤੇ ਬਿਨਾਂ ਪਾਣੀ ਅੰਦਰ ਸੁੱਟ ਲਈ।

ਤੜਕੇ ਉਸ ਨਾ ਚਾਹ ਪੀਤੀ, ਨਾ ਰੋਟੀ ਖਾਧੀ। ਬੈਠਕ ਵਿਚ ਕੰਧ ਨਾਲ ਲਟਕੀ ਦਸਵੇਂ ਪਾਤਸ਼ਾਹ ਦੀ ਤਸਵੀਰ ਮੂਹਰੇ ਹੱਥ ਬੰਨ੍ਹ ਖਲੋਤਾ, 'ਸਤਿਗੁਰੋ, ਮੈਨੂੰ ਬਲ ਦਿਓ। ਮੈਂ ਚੱਲਿਆਂ ਮੁਸਲਿਆਂ ਨੂੰ ਸੋਧਣ। ਨਹੱਕ ਮੇਰੀ ਭੂਮੀ ਸਾਂਭਣ ਵਾਲੇ ਸੱਚਿਓ ਪਾਤਸ਼ਾਹੋ ਮੁਸਲੇ ਈ ਹੋਏ। ਮੈਂ ਆਪਣਾ ਹੱਕ ਲੈਣ ਚੱਲਿਆਂ। ਮੈਨੂੰ ਬਲ ਦਿਓ ਸਤਿਗੁਰੋ। ਜੇ ਮੈਂ ਮੁੜਾਂ ਤਾਂ ਸੱਚਮੁੱਚ ਹੀਰਾ ਬਣ ਕੇ ਮੁੜਾਂ। ਨਹੀਂ ਤਾਂ ਪਾਤਸ਼ਾਹਾਂ ਦੇ ਪਾਤਸ਼ਾਹ, ਤੁਸੀਂ ਆਪ ਸਿਆਣੇ ਓ।' ਅਰਦਾਸ ਸੋਧ ਕੇ ਉਸ ਕੰਧ ਨਾਲੋਂ ਕਿਰਪਾਨ ਲਾਹੀ ਤੇ ਖੇਤਾਂ ਵਿਚ ਜਾ ਬੈਠਾ।

'ਲਾਓ ਬੋਹਲ ਨੂੰ ਹੱਥ। ਕਿਹੜੇ ਦੀ ਹਿੰਮਤ ਆ।' ਉਸ ਨੇ ਬੋਹਲ ਦੁਆਲੇ ਕਾਰ ਖਿੱਚ ਦਿੱਤੀ। ਦਿਨ ਚੜ੍ਹਦੇ ਤਕ ਚਾਚਾ ਬਿਸ਼ਨਾ ਪੰਚਾਇਤ ਸਮੇਤ ਉਸ ਵੱਲ ਆਉਂਦਾ ਨਜ਼ਰੀਂ ਪਿਆ। 'ਆ ਗੇ ਮੁਗਲ। ਹੁਣ ਨਾ ਜਾਣ ਬਚ ਕੇ। ਹੁਣ ਨਾ ਮੇਰੀ ਕਣਕ ਦੀ ਪੱਤ ਲੁੱਟਣ।' ਤੇ ਉਸ ਨੇ ਮਿਆਨ ਵਿਚੋਂ ਕਿਰਪਾਨ ਧੂਹ ਲਈ ਅਤੇ ਉਨ੍ਹਾਂ ਵੱਲ ਤੁਰ ਪਿਆ। ਕੁਝ ਕਦਮ ਹੀ ਗਿਆ ਹੋਵੇਗਾ ਕਿ ਅਚਾਨਕ ਰੁਕ ਗਿਆ, 'ਓਏ ਹੀਰੇ ਦਿਆ ਬੱਚਿਆ। ਓਏ ਝੁਡੂਆ, ਨਿਹੱਥੇ ਮੁਗਲਾਂ 'ਤੇ ਸਿਰੀ ਸਾਹਿਬ ਚੁੱਕੇਂਗਾ, ਓਏ। ਲਾਹਨਤ ਐ ਤੇਰੇ ਜਿਊਣ 'ਤੇ। ਤੂੰ ਕਾਹਦਾ ਸਿਆਣਾ ਹੋਇਓਂ ਭਲਾ।' ਉਸ ਕਿਰਪਾਨ ਫੇਰ ਮਿਆਨ ਨੂੰ ਸੌਂਪ ਦਿੱਤੀ ਅਤੇ ਵੱਟ 'ਤੇ ਜਾ ਖਲੋਤਾ।

'ਤਕੜੈਂ ਬਾਈ ਹੀਰਾ ਸਿਆਂ।' ਸਰਪੰਚ ਨੇ ਉਸ ਕੋਲ ਪੁੱਜ ਕੇ ਬੀਬੀ ਦਾਹੜੀ ਨੂੰ ਪਲੋਸਿਆ।

'ਆਹੋ ਸਰਪੰਚਾ। ਤਕੜਾ ਈ ਐਂ। ਉਂ ਤੂੰ ਆਪ ਸਿਆਣੈਂ।' ਹੀਰੇ ਨੇ ਬੇ-ਪ੍ਰਵਾਹੀ ਨਾਲ ਉੱਤਰ ਮੋੜਿਆ ਤੇ ਵਾਰੋ-ਵਾਰੀ ਉਸ ਦੇ ਪਿੱਛੇ ਖੜੋਤੇ ਪਿੰਡ ਦੇ ਮੋਹਤਬਰਾਂ ਦੇ ਚਿਹਰੇ ਘੂਰੇ।

'ਓ ਭਾਈ ਹੀਰਾ ਸਿਹਾਂ, ਤੂੰ ਪੰਚੈਤ ਕੋਲ ਗੱਲ ਕਰਦੋਂ। ਜੇ ਕੋਈ ਥੋਡਾ ਗੁੱਸਾ ਗਿਲਾ ਸੀ। ਘਰ ਦੀ ਘਰ ਵਿਚ ਨਬੇੜ ਲੈਂਦੇ ਤਾਂ ਬਹੁਤਾ ਹੀ ਚੰਗਾ ਹੁੰਦਾ। ਐਵੇਂ ਪਿੰਡ ਨੂੰ ਤਮਾਸ਼ਾ ਦਿਖਾਉਣ ਨਾਲੋਂ। ਹੈਂ ਕਿ ਨਾ।' ਸਰਪੰਚ ਨਰਮਾਈ ਨਾਲ ਬੋਲਿਆ ਅਤੇ ਹੁੰਗਾਰੇ ਲਈ ਪਹਿਲਾਂ ਉਸ ਵੱਲ ਤੇ ਫੇਰ ਆਪਣੇ ਬਰਾਬਰ ਖੜੋਤੇ ਮੋਹਤਬਰਾਂ ਵੱਲ ਝਾਕਿਆ।

'ਆਹੋ ਜੀ ਘਰ ਵਿਚ ਨਿੱਬੜ ਜਾਵੇ ਓਹੀ ਜ਼ੀ ਕੋਈ ਚੀਜ਼ ਨਹੀਂ।' ਮੋਹਤਬਰਾਂ ਵਿਚੋਂ ਹੁੰਗਾਰਾ ਮਿਲਿਆ ਪਰ ਹੀਰੇ ਨੂੰ ਇਹ ਗੱਲ ਮੇਚ ਨਾ ਆਈ।

'ਠੀਕ ਏ ਸਰਪੰਚਾ, ਜੇ ਤੁਹੀਂ ਘਰ ਵਿਚ ਨਬੇੜਨ ਦੀ ਗੱਲ ਕਰਦੇ ਓ ਤਾਂ ਜਾਓ, ਅਸੀਂ ਚਾਹੇ ਨਿਬੇੜੀਏ ਚਾਹੇ ਛੱਡੀਏ। ਐਵੇਂ ਬਿਗਾਨੀ ਕੰਧ ਦੀਆਂ ਵਿਰਲਾਂ 'ਚੋਂ ਝਾਕਣ ਦੀ ਥੋਨੂੰ ਕੋਈ ਲੋੜ ਨੀ। ਗਾਂਹ ਤੁਸੀਂ ਸਮਝਦਾਰ ਓ-ਸਿਆਣੇ ਓ।'

'ਉਂ ਤੇਰੀ ਗੱਲ ਸੋਲਾਂ ਆਨੇ ਠੀਕ ਆ ਪਰ ਤੁਹੀਂ ਕੋਈ ਕਾਰਾ ਕਰ ਦਿਓ, ਅਗਲਿਆਂ ਸਾਨੂੰ ਈ ਪੁੱਛਣੈਂ...ਸੋ ਭਲਾ ਇਹੋ ਐ, ਪਈ ਰਲ-ਮਿਲ ਕੇ ਬੈਠੋ। ਪੰਚੈਤ ਨੂੰ ਦੱਸੋ ਤੇ ਫੈਸਲਾ ਕਰ ਲਉ...।'

'ਜੇ ਥੋਨੂੰ ਐਨਾ ਹੀ ਹੇਜ ਆ ਤਾਂ ਦਿਵਾਓ ਮੇਰਾ ਹਿੱਸਾ। ਮੈਂ ਅੱਧ ਦਾ ਮਾਲਕ...ਮੈਂ ਹੀਰਾ ਸਿਹੁੰ ਵਲਦ ਚੰਦ ਸਿਹੁੰ ਪਰ ਗੱਲ ਸੁਣੋ। ਉਂ ਜੇ ਮੈਂ ਠੀਕਰ ਸਿਹੁੰ ਵਲਦ ਚੰਦ ਸਿਹੁੰ ਵੀ ਹੁੰਦਾ, ਹਿੱਸਾ ਮੈਂ ਫੇਰ ਵੀ ਲੈ ਲੈਣਾ ਸੀ।'

ਉਸ ਨੂੰ ਇਕ ਪਾਸਾ ਕਰਨ ਦੀ ਧਾਰੀ ਬੈਠਾ ਵੇਖ ਸਰਪੰਚ ਨੇ ਹੋਰ ਵੀ ਨਰਮਾਈ ਨਾਲ ਪੇਸ਼ ਆਉਂਦਿਆਂ ਉਸ ਦਾ ਮੋਢਾ ਥਾਪੜਿਆ, 'ਹੀਰਾ ਸਿਹਾਂ, ਮੈਨੂੰ ਪਿੰਡ ਦੇ ਲੋਕਾਂ ਨੇ ਇਨਸਾਫ਼ ਦੀ ਕੁਰਸੀ 'ਤੇ ਬਿਠਾਇਐ। ਚੱਲ ਧਰਮਸਾਲੇ। ਉੱਥੇ ਪੰਚੈਤ ਬੈਠੂ। ਤੇਰਾ ਹੱਕ ਤੈਨੂੰ ਨਾ ਮਿਲੇ, ਤਾਂ ਸਰਪੰਚੀ ਛੱਡ ਦਊਂ...ਉਂ ਇਕ ਗੱਲ ਆ। ਫੈਸਲਾ ਜੋ ਪੰਚਾਂ ਨੇ ਕਰ'ਤਾ, ਦੋਹਾਂ ਧਿਰਾਂ ਨੂੰ ਮੰਨਣਾ ਪਊ। ਕਿਉਂ ਬਈ ਬਿਸ਼ਨ ਸਿਆਂ?' ਹੀਰੇ ਵੱਲੋਂ ਮੂੰਹ ਭੁਆ ਕੇ ਉਸ ਨੇ ਬਿਸ਼ਨੇ ਨਾਲ ਵੀ ਨਜ਼ਰ ਸਾਂਝੀ ਕੀਤੀ।

'ਮਖ਼ ਸਿਰ ਮੱਥੇ ਜੀ। ਪੰਚਾਂ ਦਾ ਕਿਹਾ। ਜਿਵੇਂ ਕਹੋ...ਮੈਂ ਤਾਂ ਸਾਰੀ ਜ਼ਮੀਨ ਇਹਨੂੰ ਸਾਂਭਣ ਨੂੰ ਤਿਆਰ ਆਂ ਜੇ ਸੱਚੀ ਪੁੱਛੋਂ, ਪਰ ਮੈਂ ਕਹਿਨਾਂ ਇਸ ਦਾ ਕੁਸ ਬਣ ਜੇ। ਅਜੇ ਇਹ ਨਿਆਣੈ।' ਬਿਸ਼ਨ ਸਿੰਘ ਘਗਿਆਈ ਆਵਾਜ਼ ਵਿਚ ਬੋਲਿਆ। ਉਸ ਵੇਲੇ ਉਸ ਦੀ ਅਧੀਨਗੀ 'ਤੇ ਰੱਬ ਵੀ ਸ਼ੱਕ ਕਰਦਾ ਤਾਂ ਝੂਠਾ ਹੁੰਦਾ।

ਇਨਸਾਫ਼ ਦੇ ਲਾਰੇ ਦਾ ਠੰਢਾ ਪਾਣੀ ਹੀਰੇ ਅੰਦਰਲੀ ਅੱਗ ਨੂੰ ਠੰਢਾ-ਠਾਰ ਕਰ ਗਿਆ। ਉਹ ਅਸਲੋਂ ਨਿਤਾਣਾ ਹੋ ਮੋਹਤਬਰਾਂ ਦੇ ਪਿੱਛੇ ਲੱਗ ਤੁਰਿਆ, 'ਚੰਗਾ ਚੱਲੋ, ਜੋ ਹੋਊ ਦੇਖੀ ਜਾਊ। ਉਂ ਕਹਿੰਦੇ ਆ ਪੰਚਾਂ ਵਿਚ ਪ੍ਰਮੇਸ਼ਰ ਹੁੰਦਾ, ਪਰ ਜੇ ਨਾ ਹੋਵੇ। ਫੇਰ ਗਾਂਹ ਤੂੰ ਆਪ ਸਿਆਣੈਂ।' ਹੀਰਾ ਅੰਦਰੇ-ਅੰਦਰ ਆਪਣੇ ਪੰਚਾਇਤ ਦੇ ਕਹੇ ਲੱਗਣ ਦੇ ਠੀਕ ਜਾਂ ਗਲਤ ਹੋਣ ਦੀ ਪੁਣ-ਛਾਣ ਕਰ ਰਿਹਾ ਸੀ।

ਪੰਚਾਇਤ ਸਾਹਮਣੇ ਬਿਸ਼ਨੇ ਨੇ ਮੰਨਿਆ ਕਿ ਉਹ ਉਸ ਨੂੰ ਆਪਣੇ ਪੁੱਤਰਾਂ ਬਰਾਬਰ ਸਮਝਦਾ ਰਹੇਗਾ। ਛੇਤੀ ਤੋਂ ਛੇਤੀ ਉਸ ਦਾ ਵਿਆਹ ਕਰੇਗਾ। ਮਰਨ ਤੋਂ ਪਹਿਲਾਂ-ਪਹਿਲਾਂ ਦੂਜੇ ਭਾਈਆਂ ਬਰਾਬਰ ਹੀਰੇ ਨੂੰ ਹਿੱਸਾ ਦੇਵੇਗਾ। ਇਸ ਤੋਂ ਬਿਨਾਂ ਉਸ ਨੂੰ ਜੇਬ ਖਰਚ ਲਈ ਪੰਜਾਹ ਰੁਪਈਏ ਮਹੀਨਾ ਬੱਝਵਾਂ ਦੇਵੇਗਾ, ਤੇ ਜੇ ਉਸ ਨੂੰ ਇਸ ਤੋਂ ਵੱਧ ਵੀ ਕਦੇ ਚਾਹੀਦੇ ਹੋਣ ਗਰਜ ਪੂਰੀ ਕਰੇਗਾ।

ਗੱਲ ਠੰਢੀ ਪੈ ਗਈ। ਇਕ ਵਰ੍ਹਾ ਹੋਰ ਬੀਤ ਗਿਆ।

ਸ਼ਰੀਕਾਂ ਦੇ ਨਿੱਤ ਦੀ ਸੀਖਤ ਨੇ ਧੁਖਦੀ ਪਾਥੀ ਵਿਚ ਫੇਰ ਭਾਂਬੜ ਬਾਲ ਦਿੱਤੇ। ਖਰਚਾ ਭਾਵੇਂ ਉਸ ਨੂੰ ਬਰਾਬਰ ਮਿਲਦਾ ਰਿਹਾ ਸੀ ਪਰ ਵਿਆਹ ਵੱਲੋਂ ਚਾਚੇ ਦੀ ਚੁੱਪ ਹੀਰੇ ਨੂੰ ਮੁੜ-ਮੁੜ ਤਿੱਖਾ ਕਰਦੀ ਰਹੀ। ਇਕ ਵਾਰ ਜਦੋਂ ਕਲੇਰਾਂ ਤੋਂ ਉਸ ਨੂੰ ਦੇਖਣ ਆਏ ਵੀ ਚਾਚੇ ਨੇ ਖੇਤੋਂ ਹੀ ਮੋੜ ਦਿੱਤੇ ਤਾਂ ਹੀਰੇ ਦਾ ਅੜੀਅਲ ਹਿੱਸਾ ਫੇਰ ਜਾਗ ਪਿਆ। ਇਕ ਦਿਨ ਆਥਣੇ ਉਸ ਨੇ ਦਾਰੂ ਵਿਚ ਗੁੱਟ ਹੋ ਕੇ ਚਾਚੇ ਨੂੰ ਖੂਬ ਗਾਲ੍ਹਾਂ ਕੱਢੀਆਂ। ਉਸ ਦੇ ਮੂਹਰੇ ਜੁਆਬ ਦੇਣ 'ਤੇ ਹੱਥੋਪਾਈ ਵੀ ਹੋ ਪਿਆ। ਬੇਬੇ ਨੇ ਬਥੇਰੇ ਉਸ ਦੇ ਤਰਲੇ ਲਏ ਪਰ ਉਸ ਪੱਥਰ 'ਤੇ ਪਾਣੀ ਦੀ ਬੂੰਦ ਨਾ ਟਿਕੀ। ਅੰਤ ਧੀਰੇ ਦੀ ਬਹੂ ਜੀਤੋ ਨੇ ਉਸ ਦੇ ਪੈਰੀਂ ਪੈ ਕੇ ਗੱਲ ਨਿਬੇੜੀ ਤੇ ਕਰਾਰ ਕੀਤਾ ਕਿ ਉਸ ਦੇ ਵਿਆਹ ਦਾ ਬੰਦੋਬਸਤ ਮਹੀਨੇ ਦੇ ਵਿਚ-ਵਿਚ ਕਰ ਦੇਵੇਗੀ।

ਉਸ ਰਾਤ ਧੀਰਾ ਤੇ ਜੀਤੋ ਦੇਰ ਤਕ ਗੱਲਾਂ ਕਰਦੇ ਰਹੇ।

ਸਵੇਰੇ ਉੱਠਿਆ ਤਾਂ ਹੀਰਾ ਰਾਤ ਦੀ ਹੋਈ ਬੀਤੀ ਦੇ ਪਛਤਾਵੇ ਵਜੋਂ ਬਿਨਾਂ ਕੁਝ ਖਾਧੇ-ਪੀਤੇ ਹੀ ਖੇਤ ਨੂੰ ਤੁਰ ਗਿਆ। ਬੇਬੇ ਖੇਤ ਉਹਨੂੰ ਰੋਟੀ ਦੇ ਕੇ ਆਈ ਤੇ ਕਿੰਨਾ ਹੀ ਚਿਰ ਸਮਝਾਉਂਦੀ ਵੀ ਰਹੀ। ਆਥਣੇ ਫੇਰ ਜਦੋਂ ਹੀਰਾ ਪਰਤਿਆ, ਉਸ ਦੀ ਪੀਤੀ ਹੋਈ ਸੀ। ਅੱਧ-ਪਚੱਧੀ ਰੋਟੀ ਖਾਧੀ ਤੇ ਮੰਜੇ 'ਤੇ ਡਿੱਗ ਪਿਆ।

ਅੱਧੀ ਕੁ ਰਾਤ ਉਸ ਨੂੰ ਮਹਿਸੂਸ ਹੋਇਆ ਜਿਵੇਂ ਕੋਈ ਉਸ ਦੇ ਮੰਜੇ ਦੀ ਬਾਹੀ 'ਤੇ ਆ ਕੇ ਬੈਠਾ ਹੋਵੇ। ਫਿਰ ਉਸ ਦੀ ਛਾਤੀ 'ਤੇ ਪੋਲਾ ਜਿਹਾ ਸਪਰਸ਼ ਹੋਇਆ। ਹੀਰਾ ਤ੍ਰਭਕ ਕੇ ਉੱਠ ਬੈਠਾ, 'ਕੌਣ?' ਘਬਰਾਈ ਆਵਾਜ਼ ਵਿਚ ਉਹ ਬੋਲਿਆ। ਉਸ ਵੇਖਿਆ ਕਿ ਉਸ ਦੇ ਮੰਜੇ ਦੀ ਬਾਹੀ 'ਤੇ ਇਕ ਕਾਲਾ ਅਕਾਰ ਬੈਠਾ ਹੋਇਆ ਸੀ। ਹੀਰਾ ਡਰ ਗਿਆ ਤੇ ਹੋਰ ਪਿਛਾਂਹ ਨੂੰ ਸਰਕਦਾ ਬੋਲਿਆ, 'ਮੈਂ ਪੁੱਛਦਾਂ ਕੌਣ ਐ?'

ਪਰਛਾਵਾਂ ਉਸ ਦੇ ਹੋਰ ਨੇੜੇ ਹੋ ਗਿਆ, 'ਔਖਾ ਕਿਉਂ ਹੁੰਨੈਂ, ਤਾਰੇ ਦੇ ਤਾਇਆ। ਮੈਂ ਆਂ ਜੀਤੋ...ਤੇਰੀ ਜੀਤੋ।'

'ਮੇਰੀ ਜੀਤੋ' ਹੀਰੇ ਦੇ ਰੌਂਗਟੇ ਖੜ੍ਹੇ ਹੋ ਗਏ ਪਰ ਲੋਕ-ਲੱਜ ਨੇ ਉਸ ਦੇ ਮੂੰਹ 'ਤੇ ਸਿਆਣਪ ਦਾ ਮੁਲੰਮਾ ਫੇਰ ਦਿੱਤਾ।

'ਨਾ ਬੀਬਾ। ਤੂੰ ਐਹ ਵੇਲੇ ਕਾਹਤੋਂ ਆਈ ਐਂ। ਕੋਈ ਦੇਖੂ ਤਾਂ ਐਵੇਂ ਖੰਭ ਦੀ ਡਾਰ ਬਣਜੂ...'' ਹੀਰੇ ਨੇ ਉਸ ਕੋਲੋਂ ਪਰ੍ਹਾਂ ਹੋ ਕੇ ਬੈਠਦਿਆਂ ਕਿਹਾ।

'ਕੋਈ ਨੀ ਦੇਖਦਾ ਤਾਰੇ ਦੇ ਤਾਇਆ। ਘਾਬਰਨ ਦੀ ਲੋੜ ਨੀ। ਸਭ ਸੁੱਤੇ ਪਏ ਐ। ਤੇਰਾ ਭਾਈ ਵੀ। ਉਹਨੂੰ ਤਾਂ ਚੰਦਰੇ ਨੂੰ ਸੌਂ ਕੇ ਊਂਈ ਸੁਰਤ ਨੀਂ ਰਹਿੰਦੀ। ਬੇਬੇ ਤੇ ਬਾਪੂ ਪਰ੍ਹਾਂ ਕੋਠੜੀ ਵਿਚ ਬਾਰ ਅੜਾਈ ਪਏ ਆ। ਨਾਲੇ ਇਨ੍ਹਾਂ ਦੇਖਦਿਆਂ ਤੋਂ ਕਦ ਕੁ ਤਕ ਡਰਦੀ ਰਹੂੰ। ਨਾਲੇ ਚੰਦਰਿਆ ਮੰਗ ਤਾਂ ਤੇਰੀ ਓ ਸਾਂ' ਜੀਤੋ ਫੇਰ ਉਸ ਨਾਲ ਖਹਿ ਕੇ ਬੈਠ ਗਈ।

'ਹੁਣ ਤਕ ਸਾਊ ਓ ਬਣੀ ਰਹੀ ਆਂ। ਤੂੰ ਬੀ ਤਾਂ ਜੱਗੋਂ ਬਾਹਰੀ ਕੀਤੀ। ਲੋਕਾਂ ਦੇ ਪੁੱਤ ਕਿਹੜਾ ਦੇਸ-ਪ੍ਰਦੇਸ ਨੀ ਜਾਂਦੇ। ਕੋਈ ਚਿੱਠੀ ਪੱਤਰੀ ਦਾ ਵੀ ਮੁੱਲ ਹੁੰਦਾ। ਮੈਂ ਤਾਂ ਮਾਪਿਆਂ ਜਿੱਥੇ ਨਰੜ ਦਿੱਤੀ, ਉੱਥੇ ਹੀ ਰਹਿਣਾ ਓ ਤੀ। ਤੇ ਤੇਰੇ ਮੂੰਹ ਦੀ ਬਰਕਤ ਓ ਜਾਂਦੀ ਰਹੀ। ਚੰਦਰਿਆ ਕੁਸ਼ ਤਾਂ ਆਵਦਾ ਸੋਚ। ਨਾ ਖਾਣ ਦੀ ਨਾ ਪਹਿਨਣ ਦੀ। ਕੁਸ਼ ਉਨ੍ਹਾਂ ਗੂੰਗੀਆਂ ਮਿਲਣੀਆਂ ਦੀ ਓ ਲਾਜ ਰੱਖਦੋਂ। ਜੇ ਭੈੜਿਆ ਫੇਰ ਵੀ ਮੈਂ ਬੁਰੀ ਲਗਦੀ ਆਂ ਤਾਂ ਆਹ ਲੈ। ਘੁੱਟ ਦੇ...' ਜੀਤੋ ਨੇ ਉਸ ਦਾ ਹੱਥ ਫੜ ਕੇ ਆਪਣੀ ਗਰਦਨ 'ਤੇ ਰੱਖ ਦਿੱਤਾ।

ਹੀਰਾ ਪਿਘਲ ਗਿਆ। ਹੁਣ ਨਾ ਉਸ ਦੀਆਂ ਅੱਖਾਂ ਵਿਚ ਗੁੱਸਾ ਸੀ, ਨਾ ਘਬਰਾਹਟ। ਹੁਣ ਤਾਂ ਉਹ ਅੰਤਾਂ ਦਾ ਖੁਸ਼ ਸੀ। ਵਰ੍ਹਿਆਂ ਤੋਂ ਓਪਰੇ ਸਾਹ ਉਸ ਵਿਚ ਇਕ-ਮਿਕ ਹੋ ਗਏ ਸਨ। ਉਸ ਨੇ ਉਹ ਸਾਹ ਬੁੱਕਲ ਵਿਚ ਸਾਂਭ ਲਏ ਸਨ ਤੇ ਅੰਦਰ ਉਤਾਰ ਲਏ ਸਨ।

ਇੰਜ ਰਾਤ-ਬਰਾਤੇ ਉਨ੍ਹਾਂ ਦਾ ਮੇਲ ਆਮ ਹੋਣ ਲੱਗਿਆ। ਹੀਰੇ ਨੂੰ ਮੁੜ ਆਪਣੀ ਚਮਕ 'ਤੇ ਰਸ਼ਕ ਹੋਣ ਲੱਗਾ। 'ਚਲੋ ਵਿਆਹੀ ਨਹੀਂ ਤਾਂ ਕੀ ਹੋਇਆ। ਤਨੋਂ-ਮਨੋਂ ਤਾਂ ਉਹ ਮੇਰੀ ਓ ਐ। ਹੈ ਕਿ ਨਾ ਹੀਰਿਆ, ਗਾਂਹ ਤੂੰ ਆਪ ਸਿਆਣੈ।'

ਤੇ ਹੀਰੇ ਨੇ ਵਿਆਹ ਕਰਾਉਣਾ ਤਾਂ ਇਕ ਪਾਸੇ ਰਿਹਾ, ਇਸ ਬਾਰੇ ਸੋਚਣਾ ਹੀ ਛੱਡ ਦਿੱਤਾ।

ਭਤੀਜੇ ਦੇ ਗੁੱਸੇ ਨੂੰ ਜਿਵੇਂ-ਕਿਵੇਂ ਬਿਸ਼ਨਾ ਸਹਾਰ ਹੀ ਲੈਂਦਾ ਪਰ ਉਹ ਇੰਜ ਹੱਥੋਪਾਈ 'ਤੇ ਉਤਰ ਆਵੇਗਾ, ਇਸ ਦਾ ਉਸ ਨੂੰ ਕਦੇ ਚਿੱਤ-ਚੇਤਾ ਵੀ ਨਹੀਂ ਸੀ ਤੇ ਉਸ ਦੀ ਇਸ ਹਰਕਤ ਨੇ ਬਿਸ਼ਨੇ ਨੂੰ ਮੰਜੇ ਨਾਲ ਜੋੜ ਦਿੱਤਾ। ਬਲੱਡ ਪ੍ਰੈਸ਼ਰ ਦਾ ਤਾਂ ਉਹ ਪਹਿਲਾਂ ਹੀ ਮਰੀਜ਼ ਸੀ ਤੇ ਹੁਣ ਤਾਂ ਦੌਰੇ 'ਤੇ ਦੌਰੇ ਪੈਣ ਲੱਗ ਗਏ। ਧੀਰਾ ਤੇ ਹੀਰਾ ਖੇਤੀ ਵਿਚ ਰੁੱਝੇ ਰਹਿੰਦੇ। ਛੋਟਾ ਦਸਵੀਂ ਦੇ ਇਮਤਿਹਾਨ ਦੇ ਕੇ ਵਿਹਲਾ ਸੀ। ਉਸ ਜ਼ਿੰਮੇ ਬਿਸ਼ਨੇ ਦੀ ਦੇਖ-ਭਾਲ ਸੀ। ਡਾਕਟਰ ਤੋਂ ਦਵਾਈ-ਬੂਟੀ ਉਹੋ ਲਿਆਉਂਦਾ ਤੇ ਬਿਸ਼ਨੇ ਨੂੰ ਜਦੋਂ ਉਸ ਦਾ ਚਿੱਤ ਉਦਾਸ ਹੁੰਦਾ ਸੁਖਮਨੀ ਦਾ ਪਾਠ ਵੀ ਉਹੋ ਸੁਣਾਉਂਦਾ। ਪਾਠ ਸੁਣਨ ਨਾਲ ਉਸ ਦੇ ਮਨੋਂ ਦੂਈ ਦਵੈਤ ਨਿਕਲਦੀ ਗਈ ਜਾਂ ਸ਼ਾਇਦ ਇਕ ਦਮ ਸਿਰ ਪਈ ਬਿਮਾਰੀ ਨੇ ਉਸ ਨੂੰ ਆਪਣੇ ਕੀਤੇ ਕੁਕਰਮਾਂ ਪ੍ਰਤੀ ਪਛਤਾਵਾ ਕਰਨ ਲਈ ਪ੍ਰੇਰਿਆ। ਹੁਣ ਉਸ ਨੂੰ ਆਪਣਾ-ਆਪ ਬਹੁਤ ਕਸੂਰਵਾਰ ਜਾਪਦਾ। ਉਹ ਸੋਚਦਾ 'ਮੈਂ ਸਾਰੀ ਉਮਰ ਹੀਰੇ ਨਾਲ ਦੁਸ਼ਮਣਾਂ ਵਾਲਾ ਵਰਤਾਅ ਕੀਤੈ। ਕੁਸ਼ ਵੀ ਹੋਵੇ ਹੈ ਤਾਂ ਮੇਰੇ ਭਾਈ ਦੀ ਅੰਸ। ਇਸ ਬਚਾਰੇ ਨਾਲ ਅਨਿਆਂ ਹੁੰਦਾ ਰਿਹੈ, ਤੇ ਹੁਣ ਚੰਗਾ ਇਹੀ ਹੋਊ ਪਈ ਮਰਨ ਤੋਂ ਪਹਿਲਾਂ ਅੱਧੀ ਜ਼ਮੀਨ ਇਹਨੂੰ ਸੰਭਾਲ ਦਿਆਂ। ਆਪੇ ਰੱਬ ਇਹਦੀ ਸੁਣੂ। ਕੋਈ ਤੁਰਦਾ-ਫਿਰਦਾ ਸਾਕ ਵੀ ਹੋ ਜੂ।'

ਤੇ ਉਸ ਇਕ ਵਾਰ ਨਹੀਂ, ਕਈ ਵਾਰ ਹੀਰੇ ਨਾਲ ਵਸੀਅਤ ਦੀ ਗੱਲ ਕੀਤੀ। ਰੇਤ ਆਲੇ ਖੂਹ ਲਾਗਲੀ ਜ਼ਮੀਨ ਜੋ ਉਸ ਦੇ ਘਰੋਂ ਭੱਜਣ ਵੇਲੇ, ਉਸ ਨੇ ਆਪਣੇ ਨਾਂ ਹੀ ਕਰਵਾ ਲਈ ਸੀ, ਉਹ ਹੁਣ ਵਸੀਅਤ ਕਰਕੇ ਹੀਰੇ ਨੂੰ ਸੰਭਾਲ ਦੇਣਾ ਚਾਹੁੰਦਾ ਸੀ। ਜਦੋਂ ਵੀ ਚਾਚੇ ਨੇ ਇਹ ਹਿੱਸੇ ਦੀ ਗੱਲ ਕੀਤੀ, ਉਦੋਂ ਹੀ ਹੀਰੇ ਨੇ ਉਸ ਦੇ ਹੱਥ ਫੜ ਲਏ, ਮੂੰਹ ਬੰਦ ਕਰ ਦਿੱਤਾ, 'ਚਾਚਾ ਬਾਰ-ਬਾਰ ਉਹੀ ਗੱਲ ਕਰਕੇ ਮੈਨੂੰ ਕਿਉਂ ਕੱਚਾ ਕਰਦੈਂ। ਮੈਂ ਐਵੇਂ ਸ਼ਰੀਕਾਂ ਦੀ ਸਿੱਖਤ ਵਿਚ ਆ ਕੇ ਤੈਨੂੰ ਉੱਚਾ ਬੋਲ ਬੈਠਾ। ਮੈਂ ਨੀ ਕੋਈ ਹਿੱਸਾ-ਹੁੱਸਾ ਲੈਣਾ। ਤੂੰ ਆਵਦੀ ਸਿਹਤ ਦਾ ਧਿਆਨ ਕਰ।'

ਤੇ ਚਾਚਾ ਆਪਣੇ ਮਨੋਂ ਹੀਰੇ ਨਾਲ ਕੀਤੀ ਦਵੈਤ ਦਾ ਝੋਰਾ ਨਾਲ ਲੈ ਕੇ ਇਕ ਦਿਨ ਅਜਿਹਾ ਸੁੱਤਾ ਕਿ ਮੁੜ ਨਾ ਉੱਠਿਆ, ਤੇ ਹਿੱਸੇ ਦੀ ਗੱਲ ਵੀ ਉਹਦੇ ਨਾਲ ਹੀ ਮੁੱਕ ਗਈ।

ਮਕਾਣਾਂ ਤੋਂ ਵਿਹਲਾ ਹੋ ਕੇ ਹੀਰਾ ਫਿਰ ਖੇਤੀ ਵਿਚ ਜੁਟ ਗਿਆ। ਪੰਚੈਤ ਦੇ ਫੈਸਲੇ ਪਿੱਛੋਂ ਪਰਨਾਲੇ ਵਿਚੋਂ ਚਿੱਕੜ ਵਰ੍ਹਨੋਂ ਹਟ ਗਿਆ ਸੀ ਪਰ ਪੰਚਾਂ ਦੇ ਕਹੇ ਨੂੰ ਸਿਰ-ਮੱਥੇ ਮੰਨਣ ਵਾਲਾ ਬੀਤ ਗਿਆ ਸੀ। ਜਿੰਨਾ ਚਿਰ ਉਹ ਜਿਊਂਦਾ ਰਿਹਾ ਸੀ, ਉਸ ਚਿੱਕੜ ਨੂੰ ਮੋਂਦਾ ਲਾਈ ਰੱਖਿਆ ਸੀ, ਤੇ ਹੁਣ ਫਿਰ ਪਰਨਾਲਿਓਂ ਚਿੱਕੜ ਵਹਿਣ ਲੱਗ ਪਿਆ।

ਇਕ ਦਿਨ ਇਕੱਲੀ ਵੇਖ ਉਸ ਨੇ ਜੀਤੋ ਨੂੰ ਬਾਹੋਂ ਫੜ ਲਿਆ। ਉਹ ਅੱਗੋਂ ਝਈ ਲੈ ਕੇ ਪਈ, 'ਕਮਲਾ ਹੋ ਗਿਐਂ ਤਾਰੇ ਦੇ ਤਾਇਆ। ਸ਼ਰਮ ਕਰ ਕੁਸ਼। ਛੱਡ, ਕਿਸੇ ਦੇਖ ਲਿਆ ਤਾਂ ਘਰੋਂ ਕੱਢ ਦੂ ਤੇਰਾ ਭਾਈ।' ਉਸ ਦੇ ਹੱਥੋਂ ਵੀਣੀ ਛੁਡਾਉਂਦੀ ਜੀਤੋ ਬੋਲੀ।

ਜੀਤੋ ਦੇ ਰੌਲਾ ਪਾ ਦੇਣ ਦੀ ਧਮਕੀ ਨੇ ਹੀਰੇ ਦੀ ਪਕੜ ਢਿੱਲੀ ਕਰ ਦਿੱਤੀ ਤੇ ਬਿਨਾਂ ਕੁਝ ਬੋਲੇ ਹੀਰਾ ਬੂਹਿਓਂ ਬਾਹਰ ਨਿਕਲ ਗਿਆ। ਉਦਣ ਉਹ ਖੇਤ ਵੀ ਨਾ ਗਿਆ। ਠੇਕੇ ਬੈਠਾ ਪੀਂਦਾ ਰਿਹਾ। ਕਿੰਨੇ ਹੀ ਦਿਨ ਉਸ ਨੂੰ ਰੋਟੀ ਚੰਗੀ ਨਾ ਲੱਗੀ।

ਪਰ ਇਹ ਵਰਤਾਅ ਸਿਰਫ਼ ਜੀਤੋ ਦਾ ਹੀ ਨਹੀਂ, ਧੀਰੇ ਨੇ ਵੀ ਹੁਣ ਉਸ ਨਾਲ ਗੱਲ-ਗੱਲ 'ਤੇ ਔਖਾ ਹੋਣਾ ਸ਼ੁਰੂ ਕਰ ਦਿੱਤਾ ਸੀ। ਕਿਸੇ ਤੋਂ ਕੀ ਲੈਣਾ ਹੈ, ਕੀ ਦੇਣਾ ਹੈ, ਕਿਹੜਾ ਸੀਰੀ ਰੱਖਣਾ ਤੇ ਕਿਹੜੇ ਨੂੰ ਜੁਆਬ ਦੇਣਾ, ਹੀਰੇ ਦੀ ਕੋਈ ਸਲਾਹ ਨਾ ਲਈ ਜਾਂਦੀ। ਧੀਰੇ ਤੋਂ ਛੋਟਾ ਬੀਰਾ ਸ਼ਹਿਰ ਵਿਚ ਕਾਲਜ ਵਿਚ ਪੜ੍ਹਨੇ ਪਾ ਦਿੱਤਾ। ਹੀਰੇ ਦੇ ਹੁੰਦਿਆਂ ਹੋਰ ਸੀਰੀ ਰੱਖਣ ਦੀ ਲੋੜ ਨਹੀਂ ਸੀ। ਧੀਰਾ ਪੋਚਵੀਂ ਪੱਗ ਬੰਨ੍ਹ ਕੇ ਸ਼ਹਿਰ ਤੁਰਿਆ ਰਹਿੰਦਾ ਤੇ ਹੀਰਾ ਮਿੱਟੀ ਵਿਚ ਲਿੱਬੜਿਆ ਕੱਚੀ ਮਿੱਟੀ ਦੇ ਘਰ ਬਣਾਉਂਦਾ ਰਹਿੰਦਾ। ਭਰਾਵਾਂ ਲਈ ਜ਼ਮੀਨ ਵਿਚੋਂ ਸੋਨਾ ਉਗਾਉਂਦਾ ਤੇ ਰੁੱਖੀ-ਸੁੱਕੀ ਖਾ ਕੇ ਸੌਂ ਰਹਿੰਦਾ।

ਇਹ ਗੱਲ ਨਹੀਂ ਸੀ ਕਿ ਹੀਰਾ ਸਭ ਕੁਝ ਚੁੱਪ-ਚਾਪ ਜਰਦਾ ਰਿਹਾ। ਜੀਤੋ ਦੀ ਉਸ ਵੱਲ ਪਿੱਠ ਹੋ ਗਈ। ਭਰਾਵਾਂ ਨੇ ਉਸ ਵੱਲ ਕਦੇ ਮੂੰਹ ਨਹੀਂ ਸੀ ਕੀਤਾ, ਪਰ ਸ਼ਰੀਕਾਂ ਸਦਾ ਉਸ ਵੱਲ ਮੂੰਹ ਕਰੀ ਰੱਖਿਆ। ਉਸ ਦੇ ਮਿੱਤਰਾਂ-ਮਿਲਾਪੀਆਂ ਉਸ ਨੂੰ ਉਸ ਦੇ ਹੱਥ ਦੀਆਂ ਲੀਕਾਂ ਦੀ ਇਬਾਰਤ ਪੜ੍ਹ ਕੇ ਦੱਸੀ। ਹਮਦਰਦਾਂ ਨੇ ਉਸ ਨਾਲ ਮੁੱਢ ਤੋਂ ਹੀ ਹੁੰਦੀ ਬੇ-ਇਨਸਾਫ਼ੀ ਵਿਚ ਠੰਢੇ ਸਾਹ ਭਰੇ।

ਮਾਂ ਨੇ ਅੰਗਲੀਆਂ-ਸੰਗਲੀਆਂ ਵਿਚ ਸੁਨੇਹੇ ਭੇਜ ਦਿੱਤੇ ਕਿ ਹੀਰੇ ਨੂੰ ਕੋਈ ਰਿਸ਼ਤਾ ਕਰਾਉਣ। ਹੁਣ ਤਾਂ ਬੇਬੇ ਨੇ ਇੱਥੋਂ ਤਕ ਵੀ ਆਖ ਦਿੱਤਾ ਕਿ ਭਾਵੇਂ ਰਤੀ ਕੋਈ ਕੱਜ ਵਾਲੀ ਵੀ ਹੋਵੇ, ਭਾਵੇਂ ਗ਼ਰੀਬ ਮਾਪਿਆਂ ਦੀ ਧੀ ਵੀ ਹੋਵੇ। ਸੋ ਹੀਰੇ ਦੇ ਹਵਾ ਵਿਚ ਉੱਡਣ ਦੇ ਦਿਨ ਇਕ ਵਾਰ ਫੇਰ ਪਰਤ ਆਏ। ਉਸ ਨੇ ਜੀਤੋ ਦੇ ਉਸ ਦਿਨ ਦੇ ਵਰਤਾਅ ਨੂੰ ਦਿਲ 'ਤੇ ਲਾ ਲਿਆ ਸੀ ਤੇ ਬੇਬੇ ਨੂੰ ਇਹ ਵੀ ਆਖ ਦਿੱਤਾ ਸੀ ਕਿ ਜੇ ਉਸ ਦਾ ਵਿਆਹ ਉਂਜ ਨਹੀਂ ਹੁੰਦਾ ਤਾਂ ਉਹ ਕੋਈ ਮੁੱਲ ਦੀ ਤੀਵੀਂ ਲਿਆ ਕੇ ਭਰਾ-ਭਰਜਾਈ ਦੀ ਹਿੱਕ 'ਤੇ ਵੱਸੇਗਾ।

ਪਰ ਬੇਬੇ ਦੇ ਸਹਿਚਾਰ ਨਾਲ ਉਸ ਦੀ ਸ਼ਰੀਕੇ ਵਿਚੋਂ ਜਠਾਣੀ ਨੇ ਇਕ ਥਾਂ ਤੋਂ ਰਿਸ਼ਤੇ ਦੀ ਗੱਲ ਤੋਰ ਦਿੱਤੀ। ਕੁੜੀ ਵਾਲੇ ਭਾਵੇਂ ਗਰੀਬ ਸਨ ਪਰ ਰਿਸ਼ਤਾ ਪੁੰਨ ਦਾ ਸੀ। ਇਸੇ ਗੱਲੋਂ ਬੇਬੇ ਖੁਸ਼ ਸੀ। ਰਿਸ਼ਤਾ ਪੱਕਾ ਹੋ ਗਿਆ। ਕੁੜੀ ਵਾਲੇ ਠਾਕਾ ਦੇ ਗਏ ਤੇ ਵਿਆਹ ਹਾੜ੍ਹੀ ਦੀ ਫਸਲ ਸਮੇਟ ਕੇ ਕਰਨ ਦਾ ਫੈਸਲਾ ਹੋ ਗਿਆ।

ਠਾਕੇ ਤੋਂ ਮਗਰੋਂ ਹੀਰਾ ਹੋਰ ਵੀ ਲਗਨ ਤੇ ਮਿਹਨਤ ਨਾਲ ਖੇਤੀ ਵਿਚ ਰੁੱਝ ਗਿਆ। ਕਦੇ-ਕਦੇ ਉਸ ਨੂੰ ਉਸ ਦਿਨ ਦੇ ਜੀਤੋ ਦੇ ਵਰਤਾਅ ਦਾ ਚੇਤਾ ਆਉਂਦਾ ਤੇ ਨਫ਼ਰਤ ਨਾਲ ਥੁੱਕਦਾ ਤੇ ਕਿਆਸਦਾ, 'ਕਿਵੇਂ ਉਦਣ ਆਖਦੀ ਤੀ ਪਈ ਰੋਟੀ ਖਾ, ਤੇ ਤੁਰਦਾ ਹੋ। ਮੈਂ ਐਨੀ ਛੇਤੀ ਤੁਰ ਜਾਂ। ਭਰਿਆ-ਭਰਾਇਆ ਘਰ ਛੱਡ ਕੇ। ਬਸਾਊਂ ਹੁਣ ਤੇਰੀ ਹਿੱਕ 'ਤੇ।'

ਜਿੱਦਣ ਦਾ ਰਿਸ਼ਤਾ ਪੱਕਾ ਹੋਇਆ ਸੀ, ਧੀਰੇ ਨੂੰ ਨੀਂਦ ਨਹੀਂ ਸੀ ਪਈ। ਜੀਤੋ ਵੀ ਤਾਰੇ ਗਿਣ-ਗਿਣ ਕੇ ਰਾਤ ਕੱਟਦੀ ਰਹੀ ਸੀ। ਗੱਲ ਕੀ ਦੋਵੇਂ ਜੀਅ ਇਸ ਹਨੇਰੇ ਨੂੰ ਪਾੜ ਕੇ ਆਪਣੀ ਔਲਾਦ ਵਾਸਤੇ ਚਾਨਣ ਲਈ ਪਲ-ਪਲ ਟੁੱਟ ਰਹੇ ਸਨ, ਪਲ-ਪਲ ਮਰ ਰਹੇ ਸਨ।

ਕਈ ਦਿਨਾਂ ਦੀ ਮਗਜ਼ ਖਪਾਈ ਮਗਰੋਂ ਧੀਰੇ ਨੇ ਜੀਤੋ ਨੂੰ ਰਾਜ਼ੀ ਕਰ ਲਿਆ। ਤੇ ਜੀਤੋ ਨੂੰ ਉਹ ਦਿਨ ਯਾਦ ਆਏ ਜਦੋਂ ਉਸ ਨੇ ਹੀਰੇ ਨੂੰ ਇਸੇ ਭਰਮ ਨਾਲ ਹਵਾ ਵਿਚ ਉੱਡਦਾ ਕਰ ਦਿੱਤਾ ਸੀ। ਉਸ ਨੇ ਵਿਆਹ ਬਾਰੇ ਵੀ ਸੋਚਣਾ ਛੱਡ ਦਿੱਤਾ ਸੀ ਪਰ ਹੁਣ ਫਿਰ ਉਹ ਧਰਤੀ 'ਤੇ ਉੱਤਰ ਆਇਆ ਸੀ, 'ਨਹੀਂ ਹੀਰਾ ਧਰਤੀ 'ਤੇ ਨਹੀਂ। ਹਵਾ ਵਿਚ ਉੱਡੂ। ਮੇਰੇ ਪੁੱਤ ਦੀ ਭੋਂ ਕਿਆਰਿਆਂ ਵਿਚ ਕਿਉਂ ਵਟੇ। ਮੇਰਾ ਕੀ ਘਸਜੂ। ਨਾਲੇ ਕਿਹੜਾ ਬਗਾਨੈ...ਸਕਾ ਜੇਠ।' ਉਸ ਅੰਦਰ ਸਵੈ-ਮਾਣ ਜਾਗਿਆ ਤੇ ਦੂਜੇ ਦਿਨ ਉਸ ਨੇ ਦੇਸੀ ਘਿਓ ਵਿਚ ਲੱਥ-ਪੱਥ ਪਰੌਂਠੇ ਪੋਣੇ ਵਿਚ ਲਪੇਟੇ, ਅੱਧਰਿੜਕੇ ਦਾ ਡੋਲੂ ਭਰਿਆ ਤੇ ਲੈ ਤੁਰੀ ਜੇਠ ਦਾ ਭੱਤਾ-ਕਾਮੇ ਜੇਠ ਦਾ।


ਫਿਰ ਕੀ ਸੀ। ਅੰਨ੍ਹੇ ਨੂੰ ਦੋ ਅੱਖਾਂ ਦੀ ਲੋੜ ਸੀ। ਹੀਰਾ ਲੱਗਿਆ ਹਵਾ ਵਿਚ ਉੱਡਣ। ਤੇ ਜੀਤੋ

*(ਬਾਕੀ ਸਫਾ 37 ਉਤੇ)*

# ਸਆਦਤ ਹਸਨ ਮੰਟੋ

## ਅੰਮ੍ਰਿਤਸਰ ਤੋਂ ਲਾਹੌਰ ਤੱਕ

*ਰਾਜਿੰਦਰ ਸਿੰਘ ਚੀਮਾ ਬੜੇ ਮਸ਼ਹੂਰ ਐਡਵੋਕੇਟ ਹਨ। ਉਹ ਪੰਜਾਬ ਦੇ ਐਡਵੋਕੇਟ ਜਨਰਲ ਵੀ ਰਹੇ ਹਨ, ਪਰ ਉਹ ਚੰਗੀਆਂ ਸਾਹਿਤਕ ਲਿਖਤਾਂ ਦੇ ਵੀ ਬੜੇ ਸ਼ੈਦਾਈ ਹਨ। ਸੰਸਾਰ ਦਾ ਉਮਦਾ ਸਾਹਿਤ ਉਨ੍ਹਾਂ ਬੜੀ ਨੀਝ ਨਾਲ ਪੜ੍ਹਿਆ ਹੈ। ਸਾਹਿਤ ਬਾਰੇ ਉਹ ਕਦੇ-ਕਦਾਈਂ ਹੀ ਲਿਖਦੇ ਹਨ। ਉਰਦੂ ਦੇ ਮਿਸਾਲੀ ਅਫਸਾਨਾਨਿਗਾਰ ਸਆਦਤ ਹਸਨ ਮੰਟੋ (11 ਮਈ 1912-18 ਜਨਵਰੀ 1955) ਦੀ ਜਨਮ ਸ਼ਤਾਬਦੀ ਮੌਕੇ ਉਨ੍ਹਾਂ ਮੰਟੋ ਬਾਰੇ ਇਹ ਲੇਖ 'ਸਆਦਤ ਹਸਨ ਮੰਟੋ: ਅੰਮ੍ਰਿਤਸਰ ਤੋਂ ਲਾਹੌਰ ਤੱਕ' ਲਿਖਿਆ ਹੈ ਜੋ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇੱਥੇ ਛਾਪ ਰਹੇ ਹਾਂ। ਇਹ ਲੇਖ ਮੰਟੋ ਅਤੇ ਉਸ ਦੇ ਰਚੇ ਸਾਹਿਤ ਬਾਰੇ ਪਾਠਕ ਦੀ ਤੜਫ ਹੋਰ ਵਧਾਉਂਦਾ ਹੈ। -ਸੰਪਾਦਕ*





**ਰਾਜਿੰਦਰ ਸਿੰਘ ਚੀਮਾ**

11 ਮਈ 2012 ਮੰਟੋ ਦੀ ਜਨਮ ਸ਼ਤਾਬਦੀ ਦਾ ਦਿਨ ਸੀ। ਉਸ ਤੋਂ ਕੁਝ ਪਹਿਲਾਂ 'ਦੈਨਿਕ ਭਾਸਕਰ' ਦੀ ਸ਼ਾਹਿਦਾ ਅਤੇ ਨਾਮਵਰ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਨੇ ਮੰਟੋ ਫਾਊਂਡੇਸ਼ਨ ਦੀ ਸਥਾਪਤੀ ਲਈ ਉਪਰਾਲਾ ਕੀਤਾ। ਮੈਨੂੰ ਮਿਲੇ ਤਾਂ ਮੈਂ ਆਖਿਆ ਪਤਾ ਨਹੀਂ ਇੰਨੇ ਘੱਟ ਸਮੇਂ ਵਿਚ ਕੋਈ ਪ੍ਰੋਗਰਾਮ ਸਿਰਜਿਆ ਜਾ ਸਕੇਗਾ ਜਾਂ ਨਹੀਂ। ਸੰਧੂ ਸਾਹਿਬ ਆਖਣ ਲੱਗੇ-ਮੇਰਾ ਤਜਰਬਾ ਤਾਂ ਦੱਸਦੈ, ਸ਼ੁਰੂ ਕਰ ਲਈਏ ਤਾਂ ਕੰਮ ਹੋ ਹੀ ਜਾਂਦੈ। ਖੈਰ, ਬੁਨਿਆਦ ਰੱਖੀ ਗਈ ਤੇ ਤਿਆਰੀ ਸ਼ੁਰੂ ਹੋ ਗਈ। ਫਾਊਂਡੇਸ਼ਨ ਬਾਰੀਕ ਅਤੇ ਕੁਝ ਠੋਸ ਪ੍ਰੋਗਰਾਮਾਂ ਦਾ ਸਾਧਨ ਬਣਨ ਵਿਚ ਸਫ਼ਲ ਹੋਈ। ਹਰੀਸ਼ ਜੈਨ ਨੇ ਮੰਟੋ ਦੀਆਂ ਚੋਣਵੀਆਂ ਰਚਨਾਵਾਂ ਨੂੰ ਦੋ ਜਿਲਦਾਂ ਵਿਚ ਛਾਪਣ ਦਾ ਨਿਰਣਾ ਕਰ ਲਿਆ। ਮੈਨੂੰ ਆਦੇਸ਼ ਹੋਇਆ ਕਿ ਪਹਿਲੀ ਜਿਲਦ ਦਾ ਸੰਪਾਦਨ ਮੈਂ ਕਰ ਦਿਆਂ। ਮੇਰੀ ਹੈਸੀਅਤ ਸਾਹਿਤ ਅਤੇ ਮੰਟੋ ਦੇ ਇਕ ਪਾਠਕ ਤੋਂ ਵੱਧ ਕੁਝ ਹੈ ਨਹੀਂ, ਪਰ ਇਹ ਸੋਚ ਕੇ ਕਿ ਪਾਠਕ ਦੇ ਆਖਰ ਕੁਝ ਫਰਜ਼ ਅਤੇ ਅਧਿਕਾਰ ਹੋਣੇ ਚਾਹੀਦੇ ਨੇ, ਮੈਂ ਝਿਜਕਦਿਆਂ-ਝਿਜਕਦਿਆਂ ਹਾਂ ਕਰ ਦਿੱਤੀ। ਪਾਕਿਸਤਾਨ ਆਪਣੇ ਨੌਜਵਾਨ ਦੋਸਤ ਸੁਹੇਲ ਸਾਜਿਦ ਨੂੰ ਮੰਟੋ ਦੀਆਂ ਤਮਾਮ ਰਚਨਾਵਾਂ ਭਿਜਵਾਣ ਲਈ ਬੇਨਤੀ ਕੀਤੀ। ਇਸ ਦੌਰਾਨ ਰਾਜਕਮਲ ਵਾਲਿਆਂ ਵੱਲੋਂ ਹਿੰਦੀ ਵਿਚ ਛਾਪੀਆਂ ਗਈਆਂ ਪੰਜ ਜਿਲਦਾਂ ਨੂੰ ਮੈਂ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ। ਸੰਧੂ ਹੋਰਾਂ ਨਾਲ ਮੰਟੋ ਬਾਰੇ ਚਰਚਾ ਹੁੰਦੀ ਸੀ। ਉਨ੍ਹਾਂ ਨੇ ਹੁਕਮ ਜਾਰੀ ਕੀਤਾ ਕਿ ਆਪਣੀ ਮੰਟੋ ਬਾਰੇ ਜਾਣ ਪਛਾਣ ਤਿਆਰ ਕਰ ਦੇ। ਖੈਰ, ਮੰਟੋ ਫਾਊਂਡੇਸ਼ਨ ਅਤੇ ਮੰਟੋ ਸ਼ਤਾਬਦੀ ਦੇ ਮੁੱਢ ਵਿਚ ਮੰਟੋ ਨੂੰ ਦੁਬਾਰਾ ਪੜ੍ਹਨ ਤੇ ਮਾਨਣ ਦਾ ਸਬੱਬ ਬਣ ਗਿਆ। ਹੈਰਾਨੀ ਹੋਈ ਕਿ ਮੰਟੋ ਅਜੇ ਵੀ ਸੱਜਰਾ ਤੇ ਪ੍ਰਸੰਗਕ ਹੈ। ਉਸ ਦੀ ਮੌਲਿਕਤਾ ਹਾਲੇ ਵੀ ਧੜਕਦੀ ਹੈ। ਉਹ ਆਪਣੇ ਨਾਲ ਦੇ ਕੱਦਾਵਰ ਨਾਵਾਂ ਵਿਚ ਅਨੋਖਾ ਤੇ ਇਕੱਲਾ ਨਜ਼ਰ ਆਉਂਦਾ ਹੈ। ਕੀ ਕਾਰਨ ਹੈ ਕਿ ਉਹ ਆਪਣੇ ਨਾਮਵਰ ਸਮਕਾਲੀਆਂ ਤੋਂ ਇਸ ਤਰ੍ਹਾਂ ਵੱਖਰਾ ਖੜ੍ਹਾ ਸਾਫ ਨਜ਼ਰ ਆਉਂਦਾ ਹੈ?

ਮੰਟੋ ਦਾ ਜੀਵਨ ਕਾਲ (1912-1955) ਨਿਸਚੈ ਹੀ ਵਿਸ਼ਵ ਇਤਿਹਾਸ ਦਾ ਹੋਣੀਆਂ ਭਰਿਆ ਸਮਾਂ ਸੀ। ਦੂਰਗਾਮੀ ਅਤੇ ਜੁਗਗਾਮੀ ਤਬਦੀਲੀਆਂ ਦਾ ਸੂਚਕ। ਇਹ ਸਾਮਰਾਜ ਦੀ ਅਰੂਜ਼ ਵੀ ਸੀ ਤੇ ਪਤਨ ਵੀ। ਅਨੇਕ ਇਨਕਲਾਬ ਇਕੋ ਵੇਲ਼ੇ ਸੁਲ਼ਗ ਰਹੇ ਸਨ, ਉਭਰ ਰਹੇ ਸਨ ਅਤੇ ਇਕ ਇਕ ਕਰ ਕੇ ਆਪਣੀਆਂ ਪਰਤਾਂ ਖੋਲ੍ਹ ਰਹੇ ਸਨ। ਇਹ ਦੋਵੇਂ ਭਿਆਨਕ ਅਤੇ ਨਿਰਦਈ ਵਿਸ਼ਵ ਜੰਗਾਂ ਦਾ ਕਾਲ਼ ਸੀ। ਇਹ ਸਮਾਂ ਵਿਸ਼ਵ ਭਰ ਵਿਚ ਉਸਰ ਰਹੀਆਂ ਸਵਾਧੀਨਤਾ ਦੀਆਂ ਲਹਿਰਾਂ ਦਾ ਸਮਾਂ ਸੀ। ਇਹੋ ਸਮਾਂ ਸੀ ਜਦੋਂ ਵਿਸ਼ਵ ਵਿਆਪੀ ਸਮਾਜਵਾਦੀ ਚੇਤਨਾ ਆਪਣੀ ਗੰਢੜੀ ਖੋਲ੍ਹ ਰਹੀ ਸੀ। ਵਿਆਪਕ ਲੋਕਤੰਤਰਕ ਚੇਤਨਾ ਦਾ ਸੂਰਜ ਉਦੈ ਹੋ ਰਿਹਾ ਸੀ ਜਿਸ ਦੀ ਰੋਸ਼ਨੀ ਤੋਂ ਵਿਸ਼ਵ ਦਾ ਕੋਈ ਕੋਨਾ ਬਚਿਆ ਹੋਇਆ ਨਹੀਂ ਸੀ। ਇਹ ਹੋਣੀਆਂ ਹਿੰਦੁਸਤਾਨ ਵਿਚ ਆਪਣਾ ਜਾਦੂ ਖਲਾਰ ਰਹੀਆਂ ਸਨ। ਆਜ਼ਾਦੀ ਦੀ ਜੰਗ ਵਿਸ਼ਾਲ ਲੋਕ ਲਹਿਰ ਦਾ ਰੂਪ ਧਾਰ ਰਹੀ ਸੀ। ਟਕਰਾਅ ਰਹੇ ਵਿਚਾਰਾਂ ਦੀ ਧਾਰ ਬੜੀ ਤਿੱਖੀ ਸੀ ਅਤੇ ਟਕਰਾਅ ਦੇ ਚੰਗਿਆੜੇ ਫਿਜ਼ਾਵਾਂ ਵਿਚ ਉਡਦੇ ਸਾਫ਼ ਨਜ਼ਰ ਆਉਂਦੇ ਸਨ। ਤੇਜ਼ੀ ਨਾਲ ਜਵਾਨ ਹੋ ਰਹੇ ਜਗਿਆਸੂ ਜ਼ਿਹਨ ਦੇ ਪਲਰਨ ਵਾਸਤੇ ਇਸ ਤੋਂ ਬਿਹਤਰ ਮਾਹੌਲ ਕਿੱਥੋਂ ਮਿਲਣਾ ਸੀ। ਵਿਸ਼ਵਾਸ, ਪਰੰਪਰਾਵਾਂ, ਧਾਰਨਾਵਾਂ, ਰਵਾਇਤੀ ਇਖਲਾਕੀ ਕਦਰਾਂ, ਸਦੀਆਂ ਲੰਮੀਆਂ ਮਾਨਤਾਵਾਂ - ਹਰ ਚੀਜ਼ 'ਤੇ ਨਜ਼ਰਸਾਨੀ ਹੋ ਰਹੀ ਸੀ।

ਇਹ ਸਬੱਬ ਵੀ ਅਹਿਮ ਹੈ ਕਿ ਮੰਟੋ ਦੀ ਮੁੱਢਲੀ ਸੋਚ ਅੰਮ੍ਰਿਤਸਰ ਸ਼ਹਿਰ ਵਿਚ ਪ੍ਰਵਾਨ ਚੜ੍ਹੀ; ਉਹ ਅੰਮ੍ਰਿਤਸਰ ਜੋ ਆਜ਼ਾਦੀ ਲਹਿਰ ਦਾ ਕੇਂਦਰ ਸੀ ਅਤੇ ਜਿੱਥੇ ਜਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ ਵਾਪਰਿਆ ਸੀ। ਮੰਟੋ ਨੂੰ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਸਦੀ ਦੀ ਦਹਿਲੀਜ਼ 'ਤੇ ਖੜ੍ਹੀਆਂ ਜੁਗਗਾਮੀ ਸ਼ਕਤੀਆਂ ਉਸ ਦੇ ਸ਼ਹਿਰ ਦੇ ਬੂਹੇ 'ਤੇ ਚਿਰਾਂ ਤੋਂ ਦਸਤਕ ਦੇ ਚੁੱਕੀਆਂ ਸਨ। ਲਾਹੌਰ, ਬੰਬਈ ਅਤੇ ਦਿੱਲੀ ਜੋ ਉੱਠ ਰਹੇ ਤੂਫਾਨਾਂ ਦੇ ਕੇਂਦਰ-ਬਿੰਦੂ ਸਨ, ਮੰਟੋ ਨੂੰ ਆਵਾਜ਼ ਦੇ ਰਹੇ ਸਨ। ਉਹ ਸਹੀ ਵਕਤ ਸਹੀ ਜਗ੍ਹਾ 'ਤੇ ਪਹੁੰਚ ਵੀ ਰਿਹਾ ਸੀ। ਇਹ ਵੀ ਕਾਬਲੇ ਗ਼ੌਰ ਹੈ ਕਿ ਬੰਬਈ ਕਲਾ ਦੇ ਖੇਤਰ ਵਿਚ ਅੱਜ ਤੱਕ ਦੇ ਸਭ ਦੇ ਵੱਡੇ ਇਨਕਲਾਬ, ਯਾਨੀ ਫਿਲਮਸਾਜ਼ੀ ਦੀ ਰਾਜਧਾਨੀ ਸੀ। ਬੰਬਈ ਮੰਟੋ ਲਈ ਕਈ ਬੇਸ਼ਕੀਮਤੀ ਅਨੁਭਵ ਲਈ ਬੈਠੀ ਸੀ।

ਮੰਟੋ ਆਪਣੀ ਸੋਚ ਅਤੇ ਲੇਖਣ ਵਿਚ ਬੇਬਾਕ ਅਤੇ ਬੇਲਿਹਾਜ਼ ਸੀ। ਉਸ ਦੀ ਚੇਤਨਾ ਵਿਚ ਸਦੀਆਂ ਦੀਆਂ ਪਰੰਪਰਕ ਸੋਚਾਂ ਦੀਆਂ ਨੀਹਾਂ ਹਿਲਾ ਦੇਣ ਵਾਲੀਆਂ ਸ਼ਕਤੀਆਂ ਨੂੰ ਮਹਿਸੂਸ ਕਰਨ ਦੀ ਪ੍ਰਵਿਰਤੀ ਵੀ ਸੀ ਅਤੇ ਸਮਰੱਥਾ ਵੀ। ਸਪਸ਼ਟ ਬਿਆਨੀ ਉਸ ਦੀ ਰਚਨਾਤਮਕਤਾ ਦਾ ਜ਼ਰੂਰੀ ਹਿੱਸਾ ਹੈ। ਉਹ ਲੀਕ ਤੋਂ ਹਟ ਕੇ ਸੋਚਦਾ ਸੀ ਅਤੇ ਡੰਕੇ ਦੀ ਚੋਟ ਨਾਲ ਪਰੰਪਰਕ ਸੋਚ ਨੂੰ ਵੰਗਾਰਨ ਦੀ ਗੁਸਤਾਖੀ ਕਰਦਾ ਸੀ। ਸ਼ਾਇਦ ਇਹੋ ਕਾਰਨ ਹੈ ਕਿ ਆਪਣੀ ਗੱਲ ਆਖਣ ਲਈ ਉਸ ਨੇ ਲੀਕੋਂ ਲੱਥੇ, ਡਾਰੋਂ ਵਿਛੜੇ ਅਤੇ ਵਹਾਅ ਦੇ ਉਲਟ ਜਾਣ ਵਾਲੇ ਨਾਬਰ ਪਾਤਰ ਚੁਣੇ। ਉਹ ਹਾਸ਼ੀਏ 'ਤੇ ਰਹਿਣ ਵਾਲੇ ਤੇ ਜਲਾਵਤਨ ਕੀਤੇ ਗਏ ਇਨਸਾਨ ਦੀ ਰੂਹ ਵਿਚ ਦੂਰ ਤੱਕ ਉੱਤਰ ਗਿਆ। ਉਸ ਨੂੰ ਜੇਬ ਕਤਰਿਆਂ, ਮੁਜਰਮਾਂ ਤੇ ਦਲਾਲਾਂ ਵਿਚ ਇਨਸਾਨੀਅਤ ਨਜ਼ਰ ਆਈ ਅਤੇ ਵੇਸਵਾਵਾਂ ਵਿਚ ਸੁੱਚੀ ਮੁਹੱਬਤ ਅਤੇ ਗਹਿਰੇ ਇਖਲਾਕ ਦੀਆਂ ਚਿਣਗਾਂ। ਆਪਣੇ ਸੱਚ ਨੂੰ ਉਸ ਨੇ ਆਪਣੇ ਅੰਦਾਜ਼ ਵਿਚ ਪੇਸ਼ ਕੀਤਾ। ਮੰਟੋ ਦੀਆਂ ਰਚਨਾਵਾਂ ਵਿਚ ਸਾਨੂੰ ਸਦੀਆਂ ਦਿਆਂ ਬੰਧਨਾਂ ਨੂੰ ਤੋੜਦੀ ਹੋਈ ਆਜ਼ਾਦ ਔਰਤ ਦਾ ਚਿਹਰਾ ਕਿੰਨਾ ਸਾਫ਼ ਵਿਖਾਈ ਦਿੰਦਾ ਏ। ਹੈਰਾਨੀ ਦੀ ਗੱਲ ਹੈ ਕਿ ਇਹ ਆਜ਼ਾਦ ਔਰਤਾਂ ਆਪਣੇ ਆਲ਼ੇ ਦੁਆਲ਼ੇ ਦੇ ਸਾਹ-ਘੁੱਟਵੇਂ ਮਾਹੌਲ ਵਿਚ ਖਲੋ ਕੇ ਆਪਣੀ ਨਾਬਰੀ ਦਾ ਚਮਤਕਾਰ ਵਿਖਾ ਰਹੀਆਂ ਨੇ। ਮੰਟੋ ਦੇ 'ਪਾਗ਼ਲ' ਕਿੰਨੇ ਸਮਝਦਾਰ ਨੇ! ਉਨ੍ਹਾਂ ਦੇ ਮਾਧਿਅਮ ਨਾਲ ਮੰਟੋ ਆਪਣੇ ਮਖਸੂਸ ਵਿਅੰਗਮਈ ਅੰਦਾਜ਼ ਵਿਚ ਆਖ ਰਿਹਾ ਜਾਪਦੈ, 'ਭੜਵਿਓ, ਪਾਗ਼ਲ ਇਹ ਨਹੀਂ, ਪਾਗ਼ਲ ਤਾਂ ਅਸੀਂ ਤੁਸੀਂ ਹਾਂ।' ਮੰਟੋ ਜਦੋਂ ਕਰਾਮਾਤੀ ਜੁਗਤ ਨਾਲ ਸਾਨੂੰ ਆਪਣੇ ਅਸਾਧਾਰਨ ਪਾਤਰਾਂ ਦੀ ਆਤਮਾ ਦੀ ਤਹਿ ਤੱਕ ਲੈ ਜਾਂਦੈ ਤਾਂ ਬੜੀ ਹੈਰਾਨੀ ਹੁੰਦੀ ਹੈ। ਮੰਟੋ ਨੂੰ ਆਪਣੀ ਅੱਧੀ ਅਧੂਰੀ ਰਸਮੀ ਸਿੱਖਿਆ ਦੇ ਬਾਵਜੂਦ ਆਪਣੇ ਪਾਤਰਾਂ ਦੀਆਂ ਮਨੋਵਿਗਿਆਨਕ ਰਮਜ਼ਾਂ ਦੀ ਬੜੀ ਸੂਖਮ ਅਤੇ ਸਾਫ ਪਛਾਣ ਸੀ। ਜਦੋਂ ਅਸ਼ਲੀਲਤਾ ਦੇ ਇਲਜ਼ਾਮ 'ਤੇ ਉਸ ਨੂੰ ਮੁਕੱਦਮੇ ਲੜਨੇ ਪਏ ਤਾਂ ਉੱਘੇ ਮਨੋਵਿਗਿਆਨੀ ਸਫਾਈ ਦੇ ਗਵਾਹ ਵਜੋਂ ਪੇਸ਼ ਹੋਏ। ਹੈਰਾਨੀ ਦੀ ਗੱਲ ਹੈ ਕਿ ਜਦੋਂ ਉਹ ਮਨੋਵਿਗਿਆਨ ਦੇ ਇਨ੍ਹਾਂ ਮਾਹਿਰਾਂ ਨੂੰ ਗਵਾਹ ਰੱਖਦਾ ਸੀ, ਨਾ ਉਹ ਉਨ੍ਹਾਂ ਨੂੰ ਜਾਣਦਾ ਸੀ ਅਤੇ ਨਾ ਉਹ ਉਨ੍ਹਾਂ ਨੂੰ ਮਿਲ ਕੇ ਆਪਣੇ ਹੱਕ ਵਿਚ ਗਵਾਹੀ ਦੇਣ ਲਈ ਇਲਤਿਜਾ ਕਰਦਾ ਸੀ। ਉਹ ਤਾਂ ਬੱਸ ਵਿਵਾਦ ਵਿਚ ਘਿਰੀ ਰਚਨਾ 'ਤੇ ਉਨ੍ਹਾਂ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਰਾਏਜ਼ਨੀ ਕਰਨ ਲਈ ਸੱਦਦਾ ਸੀ, ਯਾਨੀ ਉਸ ਨੂੰ ਆਪਣੇ ਪਾਤਰਾਂ ਦੀ ਨਿੱਗਰ ਹਕੀਕਤ ਅਤੇ ਆਪਣੀ ਮਨੋਵਿਗਿਆਨਕ ਅੰਤਰ-ਦ੍ਰਿਸ਼ਟੀ 'ਤੇ ਪੂਰਾ ਭਰੋਸਾ ਸੀ। ਇਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਜਾਪਦੈ ਕਿ ਮੰਟੋ ਨੇ ਬਚਪਨ ਅਤੇ ਜਵਾਨੀ ਵਿਚਲੀ ਨੋ ਮੈਨਜ਼ ਲੈਂਡ 'ਤੇ ਵਿਚਰਦੇ ਪਾਤਰਾਂ ਬਾਰੇ ਜੋ ਕਹਾਣੀਆਂ ਲਿਖੀਆਂ, ਉਹ ਉਸ ਅਵਸਥਾ ਵਿਚ ਪੱਲਰ ਰਹੀ ਲਿੰਗ-ਚੇਤਨਾ ਦੀ ਨੱਕਾਸ਼ੀ ਦੇ ਸ਼ਾਹਕਾਰ ਹਨ। ਇਨ੍ਹਾਂ ਵਿਚ ਕੁਝ ਕਹਾਣੀਆਂ ਨੇ 'ਫਾਹਾ', 'ਧੂੰਆ' ਅਤੇ 'ਬਲਾਊਜ਼'।



***ਮੰਟੋ ਸੰਤਾਲੀ ਬਾਰੇ ਆਜ਼ਾਦੀ ਸ਼ਬਦ ਦਾ ਕਿਤੇ ਪ੍ਰਯੋਗ ਨਹੀਂ ਕਰਦਾ। ਉਹਦੇ ਲਈ ਇਹ ਘਟਨਾ ਤਕਸੀਮ ਜਾਂ ਬਟਵਾਰਾ ਹੈ। 'ਟੋਭਾ ਟੇਕ ਸਿੰਘ' ਅਤੇ 'ਖੋਲ੍ਹ ਦੋ' ਅੱਜ ਕਲਾਸੀਕਲ ਸ਼ਾਹਕਾਰ ਬਣ ਗਏ ਹਨ। 'ਸਿਆਹ ਹਾਸ਼ੀਏ' ਮੰਟੋ ਦਾ ਕੁੜੱਤਣ ਭਰਿਆ ਵਿਅੰਗਮਈ ਪ੍ਰਤੀਕਰਮ ਹੈ, ਪਰ ਇਨ੍ਹਾਂ ਰਚਨਾਵਾਂ ਤੋਂ ਅੱਗੇ ਹੋ ਕੇ ਮੰਟੋ ਨੂੰ ਪੜ੍ਹੀਏ ਤਾਂ ਬੜੇ ਅਹਿਮ ਪਹਿਲੂ ਉਘੜਦੇ ਹਨ। ਸਬੱਬ ਨਾਲ ਮੰਟੋ ਵੰਡ ਦੌਰਾਨ ਬੰਬਈ ਵਿਚ ਸੀ। ਉਸ ਨੇ ਦਰਿੰਦਗੀ ਨੂੰ ਇਕ ਹੱਦ ਤੱਕ ਅੱਖੀਂ ਵੇਖਿਆ। ਉਸ ਨੇ ਇਸ ਅਮਾਨਵੀ ਹਿੰਸਾ ਨੂੰ ਗਹਿਰਾਈ ਨਾਲ ਵੇਖਣ ਦੀ ਜੁਰਅਤ ਕੀਤੀ। ਇਸ ਸਵਾਲ ਦਾ ਜਵਾਬ ਤਲਾਸ਼ ਕੀਤਾ ਕਿ ਆਦਮੀ ਇੰਜ ਪਾਗ਼ਲ ਤੇ ਵਹਿਸ਼ੀ ਕਿਉਂ ਹੁੰਦੈ? ਆਦਮੀ ਅਤੇ ਦਰਿੰਦਾ ਕਿਵੇਂ ਇਕੋ ਪਿੰਜਰ ਵਿਚ ਵਿਚਰਦੇ ਨੇ।***

ਮੰਟੋ ਦੀਆਂ ਰਚਨਾਵਾਂ ਪੜ੍ਹ ਕੇ ਮਹਿਸੂਸ ਹੁੰਦੈ ਕਿ ਉਸ ਨੂੰ ਸ਼ਾਇਰੀ ਦੀ ਬੜੀ ਸੂਖਮ ਸਮਝ ਸੀ। ਖਾਸ ਕਰ ਕੇ ਬੜੇ ਅਰਥ ਭਰਪੂਰ ਸ਼ਿਅਰਾਂ ਨਾਲ ਉਸ ਦੀਆਂ ਕਈ ਗਲਪ ਰਚਨਾਵਾਂ ਸ਼ੁਰੂ ਹੁੰਦੀਆਂ ਹਨ। ਉਸ ਦੀ ਜ਼ੁਬਾਨ ਵਿਚ ਸ਼ਾਇਰਾਨਾ ਮਿਜ਼ਾਜ ਸਾਫ ਝਲਕਦਾ ਹੈ। ਵੈਸੇ ਵੀ ਉਸ ਯੁੱਗ ਵਿਚ ਅਕਸਰ ਫਨਕਾਰ ਕਵਿਤਾ 'ਤੇ ਹੱਥ ਅਜ਼ਮਾਉਂਦੇ ਸਨ। ਖੈਰ, ਜੇ ਕਿਤੇ ਉਹ ਸ਼ਾਇਰ ਹੁੰਦਾ ਤਾਂ ਅੰਮ੍ਰਿਤਸਰੀ ਉਸ ਦੇ ਨਾਂ ਨਾਲ ਹਮੇਸ਼ਾ ਲਈ ਜੁੜ ਜਾਂਦਾ। ਭਲਾ ਇਹ ਅੰਮ੍ਰਿਤਸਰ ਦੀ ਗੱਲ ਕਿੱਥੇ ਚੱਲ ਪਈ! ਹੋਇਆ ਇਹ ਕਿ ਮੰਟੋ ਨੂੰ ਇਸ ਵਾਰ ਪੜ੍ਹ ਕੇ ਮੈਂ ਇਹ ਸੋਚਣ 'ਤੇ ਮਜਬੂਰ ਹੋਇਆ ਕਿ ਅੰਮ੍ਰਿਤਸਰ ਦੀ ਮਿੱਟੀ ਵਿਚ ਹੀ ਉਹ ਮੰਟੋ ਬਣ ਕੇ ਪ੍ਰਵਾਨ ਚੜ੍ਹਿਆ।

ਅੰਮ੍ਰਿਤਸਰ ਵਿਚ ਮੰਟੋ ਦੀ ਮੁੱਢਲੀ ਜ਼ਿੰਦਗੀ ਗੁਜ਼ਰੀ। ਕਿਤੇ ਨਾ ਕਿਤੇ ਉਹ ਹਮੇਸ਼ਾ ਅੰਮ੍ਰਿਤਸਰ ਨਾਲ ਜੁੜਿਆ ਰਿਹਾ। ਉਸ ਦੀ ਕਹਾਣੀ '1919 ਕੀ ਏਕ ਬਾਤ' ਰੋਲਟ ਐਕਟ ਦੇ ਖਿਲਾਫ ਉੱਠੇ ਸ਼ਕਤੀਸ਼ਾਲੀ ਉਭਾਰ ਦੀ ਦਾਸਤਾਨ ਵੀ ਹੈ ਅਤੇ ਕਿਧਰੇ ਅੰਮ੍ਰਿਤਸਰ ਨਾਲ ਉਹਦੀ ਡੂੰਘੀ ਭਾਵੁਕ ਸਾਂਝ ਦੀ ਪ੍ਰਤੀਕ ਵੀ। ਹਮੇਸ਼ਾ ਵਾਂਗ ਉਸ ਦਾ ਨਾਇਕ ਮੁਹੰਮਦ ਤੁਫੈਲ ਉਰਫ ਥੈਲਾ ਕੰਜਰ ਤਵਾਇਫ ਦੀ ਉਲਾਦ ਹੈ ਅਤੇ ਸ਼ਹਿਰ ਦੇ ਬਦਨਾਮ ਕੋਠੇ ਦਾ ਬਾਸ਼ਿੰਦਾ ਹੈ। ਉਹ ਵਿਗੜਿਆ ਹੋਇਆ ਅਵਾਰਾ ਮੁੰਡਾ ਹੈ। ਇਹ ਸਾਰਾ ਪਿਛੋਕੜ ਉਹਦੀ ਦਲੇਰਾਨਾ ਸ਼ਹਾਦਤ ਨੂੰ ਇਕ ਹੋਰ ਧਰਾਤਲ 'ਤੇ ਲੈ ਜਾਂਦਾ ਹੈ ਅਤੇ ਉਸ ਦੀ ਸੂਰਮਗਤੀ ਚਮਤਕਾਰ ਵਾਂਗ ਪਾਠਕ ਦੇ ਅੰਤਰਮਨ 'ਤੇ ਉਕਰੀ ਜਾਂਦੀ ਹੈ।

ਮੰਟੋ ਦੇ ਰੇਖਾ-ਚਿਤਰਾਂ ਵਿਚ ਉਸ ਦੀ ਆਤਮ ਕਥਾ ਦੀਆਂ ਝਲਕੀਆਂ ਹਨ ਅਤੇ ਉਨ੍ਹਾਂ ਵਿਚ ਉਸ ਦੇ ਅੰਮ੍ਰਿਤਸਰ ਵਿਚ ਗੁਜ਼ਾਰੇ ਦਿਨਾਂ ਦਾ ਚਰਚਾ ਵੀ ਹੈ। ਆਪਣੇ ਸਮਿਆਂ ਦੇ ਥੀਏਟਰ ਦੇ ਸ਼ਹਿਨਸ਼ਾਹ ਆਗਾ ਹਸ਼ਰ ਕਸ਼ਮੀਰੀ ਬਾਰੇ ਲਿਖੇ ਗਏ ਰੇਖਾ-ਚਿੱਤਰ 'ਆਗਾ ਹਸ਼ਰ ਸੇ ਦੋ ਮੁਲਾਕਾਤੇਂ' ਵਿਚ ਉਹ ਆਪਣਾ ਅਤੇ ਆਪਣੇ ਸ਼ਹਿਰ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ:

"ਤਰੀਕਾਂ ਅਤੇ ਸੰਨ ਮੈਨੂੰ ਕਦੇ ਯਾਦ ਕਹੀ ਰਹੇ। ਇਹੋ ਵਜਾਹ ਹੈ ਕਿ ਮਜ਼ਮੂਨ ਲਿਖਦਿਆਂ ਮੈਨੂੰ ਖਾਸੀ ਉਲਝਨ ਹੋ ਰਹੀ ਹੈ। ਰੱਬ ਜਾਣੇ ਕਿਹੜਾ ਸੰਨ ਸੀ ਤੇ ਮੇਰੀ ਉਮਰ ਕਿੰਨੀ ਸੀ, ਪਰ ਸਿਰਫ ਏਨਾ ਯਾਦ ਹੈ ਕਿ ਭਾਰੀ ਮੁਸ਼ਕਿਲਾਂ ਨਾਲ ਐਂਟਰੈਸ ਪਾਸ ਕਰ ਕੇ ਅਤੇ ਐੱਫ.ਏ. ਵਿਚ ਦੋ ਵਾਰੀ ਫੇਲ੍ਹ ਹੋ ਕੇ ਮੇਰੀ ਤਬੀਅਤ ਪੜ੍ਹਾਈ ਤੋਂ ਬਿਲਕੁਲ ਉਚਾਟ ਹੋ ਚੁੱਕੀ ਸੀ। ਪਰ ਜੂਏ ਵਿਚ ਮੇਰੀ ਦਿਲਚਸਪੀ ਦਿਨ-ਬ-ਦਿਨ ਵਧਦੀ ਜਾ ਰਹੀ ਸੀ। ਕਟੜਾ ਜੈਮਲ ਸਿੰਘ ਵਿਚ ਦੀਨੂੰ ਜਾਂ ਫਜ਼ਲੂ ਘੁਮਿਆਰ ਦੀ ਦੁਕਾਨ ਉਪਰ ਇਕ ਬੈਠਕ ਸੀ ਜਿੱਥੇ ਦਿਨ ਰਾਤ ਜੂਆ ਚਲਦਾ ਸੀ। ਫਲੈਸ਼ ਖੇਡੀ ਜਾਂਦੀ ਸੀ। ਪਹਿਲਾਂ-ਪਹਿਲ ਤਾਂ ਇਹ ਖੇਡ ਮੇਰੀ ਸਮਝ ਵਿਚ ਨਾ ਆਈ ਪਰ ਜਦੋਂ ਆ ਗਈ ਤਾਂ ਮੈਂ ਉਸੇ ਜੋਗਾ ਹੋ ਕੇ ਰਹਿ ਗਿਆ। ਰਾਤ ਨੂੰ ਜਿਹੜੀ ਸੌਣ ਦੀ ਥੋੜ੍ਹੀ ਬਹੁਤ ਫੁਰਸਤ ਮਿਲਦੀ ਸੀ, ਉਸ ਦੌਰਾਨ ਵੀ ਸੁਪਨੇ ਰਾਊਂਡ ਅਤੇ ਟਰੇਲਾਂ ਦੇ ਹੀ ਆਉਂਦੇ ਸਨ।

"ਇਕ ਵਰ੍ਹੇ ਬਾਅਦ ਮੈਂ ਜੂਏ ਤੋਂ ਕੁਝ ਕਾਹਲ਼ਾ ਪੈਣ ਲੱਗ ਪਿਆ। ਹੁਣ ਤਬੀਅਤ ਕੋਈ ਹੋਰ ਸ਼ੁਗਲ ਭਾਲ਼ਦੀ ਸੀ। ਪਰ ਕੀ, ਇਹਦੇ ਬਾਰੇ ਕੋਈ ਪਤਾ ਨਹੀਂ ਸੀ। ਇਕ ਦਿਨ ਇਬਰਾਹਿਮ ਜਿਹੜਾ ਅੰਮ੍ਰਿਤਸਰ ਮਿਉਂਸਿਪਲ ਕਮੇਟੀ ਵਿਚ ਟਾਂਗਿਆਂ ਦਾ ਦਰੋਗਾ ਸੀ, ਨੇ ਦੀਨੂੰ ਜਾਂ ਫਜ਼ਲੂ ਘੁਮਿਆਰ ਦੀ ਬੈਠਕ ਵਿਚ ਲਿਜਾ ਆਗਾ ਹਸ਼ਰ ਦਾ ਜ਼ਿਕਰ ਛੇੜ ਕੇ ਦੱਸਿਆ ਕਿ ਉਹ ਅੰਮ੍ਰਿਤਸਰ ਆਏ ਹੋਏ ਨੇ। ਇਹ ਸੁਣ ਕੇ ਮੈਨੂੰ ਸਕੂਲ ਦੇ ਉਹ ਦਿਨ ਯਾਦ ਆ ਗਏ ਜਦੋਂ ਅਸੀਂ ਚਾਰ ਪੇਸ਼ਾਵਰ ਲਫੰਗਿਆਂ ਨੇ ਰਲ਼ ਕੇ ਡਰਾਮਾ ਕਲੱਬ ਖੋਲ੍ਹਿਆ ਸੀ ਅਤੇ ਆਗਾ ਹਸ਼ਰ ਦਾ ਡਰਾਮਾ ਸਟੇਜ ਕਰਨ ਦਾ ਇਰਾਦਾ ਕੀਤਾ ਸੀ। ਉਹ ਕਲੱਬ ਸਿਰਫ ਪੰਦਰਾਂ ਵੀਹ ਦਿਨ ਹੀ ਕਾਇਮ ਰਹੀ ਕਿਉਂਕਿ ਇਕ ਦਿਨ ਵਾਲਿਦ ਸਾਹਿਬ ਨੇ ਹਮਲਾ ਬੋਲ ਕੇ ਹਰਮੋਨੀਅਮ ਤਬਲੇ ਸਭ ਭੰਨ ਤੋੜ ਸੁੱਟੇ ਸਨ ਅਤੇ ਸਾਫ਼ ਸ਼ਬਦਾਂ ਵਿਚ ਫ਼ਰਮਾਇਆ ਸੀ ਕਿ ਇਹ ਵਾਹਿਆਤ ਸ਼ੁਗਲ ਉਨ੍ਹਾਂ ਨੂੰ ਉੱਕਾ ਮਨਜ਼ੂਰ ਨਹੀਂ ਹੈ।

"ਆਗ਼ਾ ਹਸ਼ਰ ਬਾਰੇ ਬੇਸ਼ੁਮਾਰ ਗੱਲਾਂ ਮਸ਼ਹੂਰ ਸਨ। ਇਕ ਤੇ ਉਹ ਕੂਚਾ ਵਕੀਲਾਂ ਵਿਚ ਰਹਿੰਦੇ ਸਨ ਜਿਹੜੀ ਸਾਡੀ ਆਪਣੀ ਗ਼ਲੀ ਸੀ ਜਿਸ ਵਿਚ ਸਾਡਾ ਮਕਾਨ ਸੀ। ਆਗ਼ਾ ਸਾਹਿਬ ਬਹੁਤ ਵੱਡੇ ਆਦਮੀ ਸਨ-ਕਸ਼ਮੀਰੀ ਸਨ ਯਾਨੀ ਮੇਰੇ ਹਮਕੌਮ-ਤੇ ਕਦੇ ਉਹ ਮੇਰੀ ਗ਼ਲੀ ਵਿਚ ਆਪਣੇ ਬਚਪਨ ਦੇ ਦਿਨ ਗੁਜ਼ਾਰ ਚੁੱਕੇ ਸਨ। ਇਨ੍ਹਾਂ ਸਾਰੀਆਂ ਗੱਲਾਂ ਦਾ ਮੇਰੇ 'ਤੇ ਜੋ ਮਨੋਵਿਗਿਆਨਕ ਪ੍ਰਭਾਵ ਪਿਆ ਹੋਵੇਗਾ, ਤੁਸੀਂ ਬਖ਼ੂਬੀ ਸਮਝ ਸਕਦੇ ਹੋ।"

ਮਸ਼ਹੂਰ ਰੂਮਾਨੀ ਉਰਦੂ ਸ਼ਾਇਰ ਅਖਤਰ ਸ਼ੀਰਾਨੀ ਨਾਲ ਚੰਦ ਮੁਲਾਕਾਤਾਂ ਬਾਰੇ ਲਿਖੇ ਸੰਸਮਰਣ ਵਿਚ ਵੀ ਮੰਟੋ ਦੇ ਜਵਾਨ ਵਰ੍ਹਿਆਂ ਦੀ ਬਿੜਕ ਸਾਫ਼ ਸੁਣਾਈ ਦਿੰਦੀ ਏ:

"ਉਨ੍ਹਾਂ ਦਿਨਾਂ ਵਿਚ ਮੇਰੀ ਅਵਾਰਾਗਰਦੀ ਸਿਖਰਾਂ 'ਤੇ ਸੀ। ਬੇਮਕਸਦ ਸਾਰਾ ਦਿਨ ਘੁੰਮਦਾ ਫਿਰਦਾ ਸਾਂ। ਦਿਮਾਗ਼ ਬੇਹੱਦ ਉਖੜਿਆ ਉਖੜਿਆ ਸੀ। ਉਸ ਵਕਤ ਮੈਂ ਮਹਿਸੂਸ ਨਹੀਂ ਕੀਤਾ ਪਰ

ਬਾਅਦ ਵਿਚ ਸਮਝ ਆਇਆ, ਮੇਰੀ ਦਿਮਾਗ਼ੀ ਪ੍ਰੇਸ਼ਾਨੀ ਮੇਰੇ ਲਈ ਕੋਈ ਰਸਤਾ ਤਲਾਸ਼ ਕਰਨ ਲਈ ਬੇਤਾਬ ਸੀ।

"ਜੀਜੇ ਦੇ ਹੋਟਲ ਸ਼ੀਰਾਜ ਵਿਚ ਕਰੀਬਨ ਹਰ ਦਿਨ ਗੱਪਬਾਜ਼ੀ ਦੀ ਮਹਿਫਲ ਜੰਮਦੀ ਸੀ। ਬਾਲਾ, ਅਨਵਰ ਪੇਂਟਰ, ਆਸ਼ਿਕ ਫੋਟੋਗ੍ਰਾਫਰ, ਫਕੀਰ ਹੁਸੈਨ ਸਲੀਸ ਅਤੇ ਇਕ ਸਾਹਿਬ ਜਿਨ੍ਹਾਂ ਦਾ ਮੈਂ ਨਾਂ ਭੁੱਲ ਗਿਆ ਹਾਂ, ਬਾਕਾਇਦਾ ਇਨ੍ਹਾਂ ਮਹਿਫਲਾਂ ਵਿਚ ਸ਼ਰੀਕ ਹੁੰਦੇ ਸਨ। ਹਰ ਕਿਸਮ ਦੇ ਵਿਸ਼ਿਆਂ 'ਤੇ ਬਹਿਸ ਭਖਦੀ ਸੀ। ਬਾਲਾ ਬੜਾ ਖੁਸ਼ ਤਬੀਅਤ ਤੇ ਰੌਣਕੀ ਨੌਜਵਾਨ ਸੀ। ਜਦੋਂ ਉਹ ਗ਼ੈਰ ਹਾਜ਼ਰ ਹੁੰਦਾ ਤਾਂ ਮਹਿਫਲ ਸੁੰਨੀ ਜਿਹੀ ਰਹਿੰਦੀ। ਸ਼ਿਅਰ ਵੀ ਕਹਿੰਦਾ ਸੀ। ਉਹਦਾ ਇਕ ਸ਼ਿਅਰ ਮੈਨੂੰ ਅੱਜ ਤਕ ਯਾਦ ਹੈ:

ਅਸ਼ਕ ਮਿਜ਼ਗਾਂ ਪੇ ਹੈ ਅਟਕ ਸਾ ਗਿਆ
ਨੋਕ ਸੀ ਚੁਭ ਗਈ ਹੈ ਛਾਲੇ ਮੇਂ।
(ਅਸ਼ਕ-ਹੰਝੂ, ਮਿਜ਼ਗਾਂ-ਪਲਕ)

"ਜੀਜੇ ਤੋਂ ਲੈ ਕੇ ਅਨਵਰ ਪੇਂਟਰ ਤੱਕ ਸਾਰੇ ਸੰਗੀਤ ਅਤੇ ਸ਼ਾਇਰੀ ਵਿਚ ਦਿਲਚਸਪੀ ਰੱਖਦੇ ਸਨ। ਉਹ ਸਾਹਿਬ ਜਿਨ੍ਹਾਂ ਦਾ ਨਾਮ ਮੈਂ ਭੁੱਲ ਗਿਆ ਸਾਂ, ਕੈਪਟਨ ਵਹੀਦ ਸਨ। ਨੀਲੀਆਂ ਨੀਲੀਆਂ ਅੱਖਾਂ ਵਾਲੇ, ਲੰਬੇ-ਤੜੰਗੇ ਅਤੇ ਮਜ਼ਬੂਤ ਜੁੱਸੇ ਵਾਲੇ। ਉਨ੍ਹਾਂ ਦਾ ਮਹਿਬੂਬ ਸ਼ੌਕ ਗੋਰਿਆਂ ਨਾਲ ਲੜਨਾ ਸੀ। ਨਤੀਜਤਨ ਕਈ ਗੋਰੇ ਉਨ੍ਹਾਂ ਹੱਥੋਂ ਕੁੱਟ ਖਾ ਚੁੱਕੇ ਸਨ। ਅੰਗਰੇਜ਼ੀ ਬਹੁਤ ਵਧੀਆ ਬੋਲਦੇ ਸਨ। ਤਬਲਾ ਮਾਹਰ ਤਬਲਚੀਆਂ ਵਾਂਗ ਵਜਾਉਂਦੇ ਸਨ।"

ਅੰਮ੍ਰਿਤਸਰ ਵਿਚ ਜਵਾਨੀ ਚੜ੍ਹ ਰਹੇ ਮੰਟੋ ਦਾ ਚਰਚਾ, ਰਫੀਕ ਗ਼ਜ਼ਨਵੀ ਬਾਰੇ ਲਿਖੇ ਗਏ ਰੇਖਾ-ਚਿਤਰ ਵਿਚ ਵੀ ਖੂਬ ਆਉਂਦਾ ਹੈ:

"ਇਹ ਉਹ ਜ਼ਮਾਨਾ ਸੀ ਜਦੋਂ ਮੈਂ ਅਵਾਰਾਗਰਦੀ ਸ਼ੁਰੂ ਕੀਤੀ ਹੋਈ ਸੀ। ਤਬੀਅਤ ਹਰ ਵਕਤ ਉਖੜੀ ਉਖੜੀ ਰਹਿੰਦੀ ਸੀ। ਇਕ ਅਜੀਬ ਕਿਸਮ ਦੀ ਉਥਲ-ਪੁਥਲ ਹਰ ਘੜੀ ਦਿਲ ਅਤੇ ਦਿਮਾਗ਼ ਵਿਚ ਹੁੰਦੀ ਰਹਿੰਦੀ ਸੀ। ਜੀਅ ਚਾਹੁੰਦਾ ਸੀ ਹਰ ਸਾਹਮਣੇ ਆਉਣ ਵਾਲੀ ਚੀਜ਼ ਨੂੰ ਚਖ ਕੇ ਵੇਖਾਂ, ਭਾਵੇਂ ਕਿੰਨੀ ਵੀ ਕੌੜੀ ਕਿਉਂ ਨਾ ਹੋਵੇ। ਤਕੀਆਂ ਵਿਚ ਜਾਂਦਾ ਸਾਂ ਅਤੇ ਕਬਰਿਸਤਾਨਾਂ ਵਿਚ ਘੁੰਮਦਾ ਸਾਂ। ਜਲ੍ਹਿਆਂ ਵਾਲੇ ਬਾਗ਼ ਵਿਚ, ਕਿਸੇ ਛਾਂਦਾਰ ਦਰਖਤ ਹੇਠਾਂ ਬੈਠਾ ਘੰਟਿਆਂ ਬੱਧੀ ਕਿਸੇ ਅਜਿਹੇ ਇਨਕਲਾਬ ਦੇ ਖਵਾਬ ਵੇਖਦਾ ਸਾਂ, ਜਿਹੜਾ ਪਲਕ ਝਪਕਣ ਤੱਕ ਅੰਗਰੇਜ਼ ਹਕੂਮਤ ਦਾ ਤਖਤਾ ਉਲਟ ਦੇਵੇ।...ਮੈਂ ਉਸ ਜ਼ਮਾਨੇ ਵਿਚ ਸ਼ਿਅਰ ਕਹਿਣ ਦੀ ਵੀ ਕੋਸ਼ਿਸ਼ ਕੀਤੀ...ਦੋਸਤਾਂ ਨਾਲ ਰਲ਼ ਕੇ ਚਰਸ ਦੇ ਸਿਗਰਟ ਪੀਤੇ, ਕੋਕੀਨ ਖਾਧੀ, ਸ਼ਰਾਬ ਪੀਤੀ ਪਰ ਜੀਅ ਦੀ ਬੇਚੈਨੀ ਦੂਰ ਨਾ ਹੋਈ।"

ਕਲਾਕਾਰਾਂ ਦੀ ਇਸ ਮੰਡਲੀ ਬਾਰੇ ਉਹ ਅੱਗੇ ਲਿਖਦਾ ਹੈ:

"ਗਿਆਨੀ ਅਰੋੜ ਸਿੰਘ ਦਾ ਚੰਗਾ ਭਲਾ ਕੰਮ ਚੱਲਦਾ ਸੀ ਪਰ ਜਿਸ ਨੂੰ ਆਰਟ ਦਾ ਚਸਕਾ ਪੈ ਜਾਵੇ, ਉਹਦਾ ਰੱਬ ਹੀ ਰਾਖਾ। ਰਾਗ ਦੀ ਦੁਨੀਆਂ ਵਿਚ ਐਸਾ ਗਵਾਚਾ ਕਿ ਦੰਦਸਾਜ਼ੀ ਦੀ ਦੁਕਾਨ, ਸਾਜ਼ੋ-ਸਮਾਨ ਸਮੇਤ ਗ਼ਾਇਬ ਹੋ ਗਈ। ਅਨਵਰ ਪੇਂਟਰ ਦਾ ਦੀਵਾਲ਼ਾ ਨਿਕਲ ਗਿਆ। ਆਸ਼ਿਕ ਫੋਟੋਗ੍ਰਾਫਰ ਦਾ ਵੀ ਇਹੋ ਹਾਲ ਹੋਇਆ, ਯਾਨੀ ਅੰਮ੍ਰਿਤਸਰੋਂ ਐਸਾ ਗ਼ਾਇਬ ਹੋਇਆ ਕਿ ਅਜੇ ਤੱਕ ਲਾਪਤਾ ਹੈ। ਜੀਜੇ ਅਜ਼ੀਜ਼ ਦਾ ਨਾਮੋ ਨਿਸ਼ਾਨ ਤਕ ਬਾਕੀ ਨਾ ਰਿਹਾ। ਹੁਣ ਉਹ ਲਾਹੌਰ ਵਿਚ ਹਿਕਮਤ ਕਰਦਾ ਹੈ। ਸ਼ਾਇਰ ਫਕੀਰ ਹੁਸੈਨ ਸਲੀਸ ਸਾਬਣ ਬਣਾ ਰਿਹਾ ਏ। ਗਿਆਨੀ ਅਰੋੜ ਸਿੰਘ ਕਾਮਯਾਬ ਐਕਟਰ ਬਣਿਆ ਪਰ ਹੁਣ ਸੁਣਦੇ ਹਾਂ ਕਿ ਉਸ ਨੇ ਸੰਸਾਰ ਤੋਂ ਸਨਿਆਸ ਲੈ ਲਿਆ ਹੈ। ਕੈਪਟਨ ਵਹੀਦ ਨੇ ਪੰਜ ਬੱਚਿਆਂ ਦੀ ਮਾਂ ਨਾਲ ਵਿਆਹ ਕਰਵਾ ਲਿਆ-ਅੱਜਕੱਲ੍ਹ ਠੇਕੇਦਾਰੀ ਕਰਦਾ ਏ...ਰਫੀਕ ਗ਼ਜ਼ਨਵੀ ਉਸੇ ਰੰਗ ਵਿਚ ਹੈ ਜਿਹਦੇ ਵਿਚ ਪਹਿਲਾਂ ਸੀ। ਕਰਾਚੀ ਵਿਚ ਰੇਸ ਦੇ ਘੋੜੇ ਦੁੜਾਂਦਾ ਹੈ ਅਤੇ ਫਿਲਮਾਂ ਵਿਚ ਸੰਗੀਤ ਭਰਦਾ ਹੈ।...

ਮੈਨੂੰ ਮੀਧੇ ਮੋਟੇ ਨਾਲ ਸਖਤ ਨਫਰਤ ਸੀ। ਪਹਿਲੀ ਗੱਲ ਤਾਂ ਇਹ ਕਿ ਉਹ ਮੋਟਾ ਅਤੇ ਬੜਾ ਤਾਕਤਵਰ ਸੀ। ਦੂਜਾ ਉਹ ਮੈਨੂੰ ਜ਼ਬਰਦਸਤੀ ਫਲੈਸ਼ ਖੇਡਣ ਲਈ ਆਖਦਾ ਅਤੇ ਪੱਤੇਬਾਜ਼ੀ ਕਰ ਕੇ ਮੇਰੇ ਉੱਤੇ ਅੱਠ ਦਸ ਰੁਪਈਆਂ ਦਾ ਕਰਜ਼ ਚਾੜ੍ਹ ਦੇਂਦਾ। ਫੇਰ ਦੂਜੇ ਤੀਜੇ ਦਿਨ ਮੈਨੂੰ ਕਿਸੇ ਬਾਜ਼ਾਰ ਜਾਂ ਗਲ਼ੀ ਵਿਚ ਘੇਰ ਲੈਂਦਾ ਅਤੇ ਆਪਣਾ ਖੌਫਨਾਕ ਚਾਕੂ ਵਿਖਾ ਕੇ ਆਪਣੇ ਪੈਸੇ ਵਸੂਲ ਕਰ ਲੈਂਦਾ।"

ਇਸ ਪ੍ਰਸੰਗ ਵਿਚ ਪ੍ਰਸਿੱਧ ਖੱਬੇ ਪੱਖੀ ਚਿੰਤਕ ਬਾਰੀ ਬਾਰੇ ਲਿਖੀਆਂ ਯਾਦਾਂ ਉਚੇਚੇ ਧਿਆਨ ਦੀ ਮੰਗ ਕਰਦੀਆਂ ਹਨ। ਬਾਰੀ ਮੰਟੋ ਦਾ ਗ਼ੈਰ ਰਸਮੀ ਉਸਤਾਦ ਸੀ ਜੋ ਸਹੀ ਵਕਤ 'ਤੇ ਉਸ ਦੀ ਜ਼ਿੰਦਗੀ ਵਿਚ ਆਇਆ। ਬਕੌਲ ਮੰਟੋ:

"ਮਰਹੂਮ ਨੂੰ ਮੇਰੇ ਨਾਲ ਬੜੀ ਮੁਹੱਬਤ ਸੀ। ਉਨ੍ਹਾਂ ਨੂੰ ਮੇਰੇ ਉੱਤੇ ਨਾਜ਼ ਸੀ ਪਰ ਉਨ੍ਹਾਂ ਨੇ ਇਸ ਦਾ ਇਜ਼ਹਾਰ ਕਦੀ ਮੇਰੇ ਸਾਹਮਣੇ ਨਹੀਂ ਸੀ ਕੀਤਾ। ਮੈਨੂੰ ਪਤਾ ਨਹੀਂ ਉਨ੍ਹਾਂ ਨੇ ਕਦੇ ਕਿਸੇ ਨੂੰ ਇਸ ਅੰਦਾਜ਼ ਵਿਚ ਆਖਿਆ ਹੋਏ ਕਿ ਮੰਟੋ ਮੇਰਾ ਸਾਜਿਆ ਹੋਇਆ ਹੈ, ਹਾਲਾਂਕਿ ਸਚਾਈ ਇਹੋ ਹੈ ਕਿ ਮੈਨੂੰ ਸਿਰਜਣਾ ਦੇ ਰਾਹ ਪਾਉਣ ਵਾਲੇ ਉਹੋ ਸਨ। ਜੇ ਅੰਮ੍ਰਿਤਸਰ ਵਿਚ ਮੇਰੀ ਉਨ੍ਹਾਂ ਨਾਲ ਮੁਲਾਕਾਤ ਨਾ ਹੋਈ ਹੁੰਦੀ ਤਾਂ ਹੋ ਸਕਦਾ ਸੀ ਮੈਂ ਇਕ ਬੇਪਛਾਣ ਆਦਮੀ ਦੀ ਹੈਸੀਅਤ ਵਿਚ ਮਰ ਖਪ ਗਿਆ ਹੁੰਦਾ ਜਾਂ ਚੋਰੀ ਡਕੈਤੀ ਦੇ ਜੁਰਮ ਵਿਚ ਲੰਮੀ ਸਜ਼ਾ ਕੱਟ ਰਿਹਾ ਹੁੰਦਾ।"

ਕੁਰਤੁਲ ਐਨ ਹੈਦਰ ਦਾ ਮਹਾਂਕਾਵਿਕ ਨਾਵਲ 'ਅੱਗ ਦਾ ਦਰਿਆ' ਇਤਿਹਾਸ ਦੀਆਂ ਕਈ ਸਦੀਆਂ ਦਾ ਸਫਰ ਤੈਅ ਕਰਦਾ ਹੋਇਆ ਜਦੋਂ 1947 ਤਕ ਪਹੁੰਚਦਾ ਹੈ ਤਾਂ ਗੁੰਗਾ ਹੋ ਜਾਂਦਾ ਹੈ। ਪੰਜਾਬੀਆਂ ਲਈ 1947 ਦਾ ਦੁਖਾਂਤ ਯਾਦ ਕੀਤੇ ਜਾ ਸਕਦੇ ਇਤਿਹਾਸ ਦੀ ਸਭ ਤੋਂ ਵੱਡੀ ਮਨੁੱਖੀ ਤ੍ਰਾਸਦੀ ਹੈ। ਚੌਦਾਂ ਜਾਂ ਪੰਦਰਾਂ ਅਗਸਤ 1947 ਲਹੂ ਲਿਬੜੀ ਆਜ਼ਾਦੀ ਦੇ ਜਸ਼ਨ ਸਨ। ਆਜ਼ਾਦੀ ਦੀ ਸੱਜ-ਵਿਆਹੀ ਮੁਟਿਆਰ ਰਸਮਾਂ-ਰੀਤਾਂ ਪੂਰੀਆਂ ਹੋਣ ਤੋਂ ਪਹਿਲਾਂ ਹੀ ਵਿਧਵਾ ਹੋ ਗਈ ਸੀ। ਮੰਟੋ ਸੰਤਾਲੀ ਬਾਰੇ ਆਜ਼ਾਦੀ ਸ਼ਬਦ ਦਾ ਕਿਤੇ ਪ੍ਰਯੋਗ ਨਹੀਂ ਕਰਦਾ। ਉਹਦੇ ਲਈ ਇਹ ਘਟਨਾ ਤਕਸੀਮ ਜਾਂ ਬਟਵਾਰਾ ਹੈ। 'ਟੋਭਾ ਟੇਕ ਸਿੰਘ' ਅਤੇ 'ਖੋਲ੍ਹ ਦੋ' ਅੱਜ ਕਲਾਸੀਕਲ ਸ਼ਾਹਕਾਰ ਬਣ ਗਏ ਹਨ। 'ਸਿਆਹ ਹਾਸ਼ੀਏ' ਮੰਟੋ ਦਾ ਕੁੜੱਤਣ ਭਰਿਆ ਵਿਅੰਗਮਈ ਪ੍ਰਤੀਕਰਮ ਹੈ, ਪਰ ਇਨ੍ਹਾਂ ਰਚਨਾਵਾਂ ਤੋਂ ਅੱਗੇ ਹੋ ਕੇ ਮੰਟੋ ਨੂੰ ਪੜ੍ਹੀਏ ਤਾਂ ਬੜੇ ਅਹਿਮ ਪਹਿਲੂ ਉਘੜਦੇ ਹਨ। ਸਬੱਬ ਨਾਲ ਮੰਟੋ ਵੰਡ ਦੌਰਾਨ ਬੰਬਈ ਵਿਚ ਸੀ। ਉਸ ਨੇ ਦਰਿੰਦਗੀ ਨੂੰ ਇਕ ਹੱਦ ਤੱਕ ਅੱਖੀਂ ਵੇਖਿਆ। ਉਸ ਨੇ ਇਸ ਅਮਾਨਵੀ ਹਿੰਸਾ ਨੂੰ ਗਹਿਰਾਈ ਨਾਲ ਵੇਖਣ ਦੀ ਜੁਰਅਤ ਕੀਤੀ। ਇਸ ਸਵਾਲ ਦਾ ਜਵਾਬ ਤਲਾਸ਼ ਕੀਤਾ ਕਿ ਆਦਮੀ ਇੰਜ ਪਾਗ਼ਲ ਤੇ ਵਹਿਸ਼ੀ ਕਿਉਂ ਹੁੰਦੈ? ਆਦਮੀ ਅਤੇ ਦਰਿੰਦਾ ਕਿਵੇਂ ਇਕੋ ਪਿੰਜਰ ਵਿਚ ਵਿਚਰਦੇ ਨੇ।

ਉਸ ਦੀ ਕਹਾਣੀ 'ਖਿਲਾਵਨ' ਇਸੇ ਦਿਸ਼ਾ ਵਿਚ ਕੀਤੀ ਗਈ ਕੋਸ਼ਿਸ਼ ਹੈ। ਇਹ ਇਕ ਧੋਬੀ ਦੀ ਕਹਾਣੀ ਹੈ ਜਿਸ ਦਾ ਲੇਖਕ ਦੀ ਬੀਵੀ ਨੇ ਗੰਭੀਰ ਹਾਲਤ ਵਿਚ ਇਲਾਜ ਕਰਵਾਇਆ ਸੀ। ਤਕਸੀਮ ਤੋਂ ਬਾਅਦ ਜਦੋਂ ਹਾਲਾਤ ਆਮ ਹੋਣ ਦਾ ਨਾਂ ਨਹੀਂ ਸਨ ਲੈ ਰਹੇ, ਅਖੀਰ ਪਾਕਿਸਤਾਨ ਜਾਣ ਦਾ ਫੈਸਲਾ ਕਰ ਲਿਆ ਗਿਆ। ਕਹਾਣੀ ਸੁਣਾਉਣ ਵਾਲਾ ਭੋਲੇ ਭਾਅ ਧੋਬੀਆਂ ਦੇ ਮੁਹੱਲੇ ਰਾਮ ਖਿਲਾਵਨ ਕੋਲ਼ੋਂ ਆਪਣੇ ਕੱਪੜੇ ਲੈਣ ਚਲਾ ਗਿਆ। ਜਦੋਂ ਉਹਨੇ ਧੋਬੀ ਮੁਹੱਲੇ ਵਾਲਿਆਂ ਨੂੰ ਦੱਸਿਆ ਕਿ ਉਹ ਮੁਸਲਮਾਨ ਹੈ ਤਾਂ-'ਮਾਰ ਡਾਲੋ' 'ਮਾਰ ਡਾਲੋ' ਦੀਆਂ ਆਵਾਜ਼ਾਂ ਬੁਲੰਦ ਹੋਈਆਂ। ਫੇਰ ਇਕ ਦੰਗਈ ਚੀਕਿਆ, 'ਠਹਿਰੋ-ਇਸ ਨੂੰ ਰਾਮ ਖਿਲਾਵਨ ਮਾਰੇਗਾ।'

"ਸ਼ਿਕਾਰ ਨੇ ਪਲਟ ਕੇ ਵੇਖਿਆ। ਰਾਮ ਖਿਲਾਵਨ ਮੋਟਾ ਸਾਰਾ ਡੰਡਾ ਫੜੀ ਬੁੜਬੁੜਾ ਰਿਹਾ ਸੀ। ਉਸ ਨੇ ਸ਼ਿਕਾਰ ਵੱਲ ਵੇਖਿਆ ਅਤੇ ਆਪਣੀ ਭਾਸ਼ਾ ਵਿਚ ਮੁਸਲਮਾਨਾਂ ਨੂੰ ਗਾਲਾਂ ਕੱਢਣ ਲੱਗ ਪਿਆ। ਡੰਡਾ ਸਿਰ ਤੱਕ ਉਭਾਰ ਕੇ ਅਗਾਂਹ ਹੋਇਆ।

ਸ਼ਿਕਾਰ ਨੇ ਪੁਰਜ਼ੋਰ ਆਵਾਜ਼ ਵਿਚ ਆਖਿਆ-ਰਾਮ ਖਿਲਾਵਨ। ਰਾਮ ਖਿਲਾਵਨ ਦਹਾੜਿਆ-ਚੁੱਪ ਕਰ ਉਏ ਰਾਮ ਖਿਲਾਵਨ ਦੇ...ਜਦੋਂ ਹਮਲਾਵਾਰ ਨੇੜੇ ਆਇਆ ਤਾਂ ਸ਼ਿਕਾਰ ਨੇ ਖੁਸ਼ਕ ਗਲ਼ੇ ਨਾਲ ਹੌਲ਼ੀ ਜਿਹੇ ਆਖਿਆ-'ਮੈਨੂੰ ਨਹੀਂ ਪਛਾਣਿਆ ਰਾਮ ਖਿਲਾਵਨ'। ਰਾਮ ਖਿਲਾਵਨ ਨੇ ਵਾਰ ਲਈ ਡੰਡਾ ਉਲਾਰਿਆ। ਉਹਦੀਆਂ ਅੱਖਾਂ ਇਕਦਮ ਸੁੰਗੜੀਆਂ ਫੈਲੀਆਂ ਅਤੇ ਫੇਰ ਮੁਗ਼ਲੀਆ ਡੰਡਾ ਸੁੱਟ ਕੇ ਪੁਕਾਰਿਆ।"

'ਮੁਰਲੀ ਦੀ ਧੁਨ' ਆਪਣੇ ਵਕਤਾਂ ਦੇ ਮਸ਼ਹੂਰ ਹੀਰੋ ਸ਼ਿਆਮ ਦਾ ਰੇਖਾ ਚਿਤਰ ਹੈ। ਰਾਵਲਪਿੰਡੀ ਦਾ ਸ਼ਿਆਮ ਮੰਟੋ ਦਾ ਗੂੜ੍ਹਾ ਯਾਰ ਸੀ। ਇਹ ਉਹ ਦਿਨ ਸਨ ਜਦੋਂ ਮੰਟੋ ਤਕਸੀਮ ਤੋਂ ਬਾਅਦ ਸਖਤ ਕਸ਼ਮਕਸ਼ ਵਿਚ ਬੰਬਈ ਵਿਚ ਰਹਿ ਰਿਹਾ ਸੀ। ਮੰਟੋ ਦੀ ਜ਼ੁਬਾਨੀ ਸੁਣੋ:

"ਅਰਸਾ ਹੋਇਆ ਜਦੋਂ ਤਕਸੀਮ ਦੀ ਖੂਨੀ ਜੰਗ ਜਾਰੀ ਸੀ ਅਤੇ ਹਜ਼ਾਰਾਂ ਇਨਸਾਨ ਦੋਹ ਪਾਸੀਂ ਰੋਜ਼ਾਨਾ ਮਾਰੇ ਜਾ ਰਹੇ ਸਨ। ਸ਼ਿਆਮ ਅਤੇ ਮੈਂ ਰਾਵਲਪਿੰਡੀ ਤੋਂ ਬਚ ਕੇ ਆਏ ਇਕ ਸਿੱਖ ਖਾਨਦਾਨ ਕੋਲ਼ ਬੈਠੇ ਸਾਂ। ਉਸ ਖਾਨਦਾਨ ਦੇ ਜੀਅ ਆਪਣੇ ਤਾਜ਼ਾ ਜ਼ਖ਼ਮਾਂ ਦੀ ਵਿਥਿਆ ਸੁਣਾ ਰਹੇ ਸਨ ਜੋ ਅਤਿ ਦਰਦਨਾਕ ਸੀ। ਸ਼ਿਆਮ ਉਸ ਦੇ ਪ੍ਰਭਾਵ ਤੋਂ ਉਭਰ ਨਾ ਸਕਿਆ। ਜਿਹੜੀ ਹਲਚਲ ਉਸ ਦੇ ਦਿਮਾਗ਼ ਵਿਚ ਚਲ ਰਹੀ ਸੀ, ਮੈਂ ਬਖੂਬੀ ਜਾਣਦਾ ਸਾਂ। ਜਦੋਂ ਅਸੀਂ ਉਥੋਂ ਰੁਖਸਤ ਹੋਏ ਤਾਂ ਮੈਂ ਸ਼ਿਆਮ ਨੂੰ ਆਖਿਆ-'ਮੈਂ ਮੁਸਲਮਾਨ ਹਾਂ...ਕੀ ਤੇਰਾ ਦਿਲ ਨਹੀਂ ਚਾਹੁੰਦਾ ਕਿ ਤੂੰ ਮੈਨੂੰ ਕਤਲ ਕਰ ਦੇਵੇਂ?'

ਸ਼ਿਆਮ ਨੇ ਬੜੀ ਸੰਜੀਦਗੀ ਨਾਲ ਜਵਾਬ ਦਿੱਤਾ: ਇਸ ਵਕਤ ਨਹੀਂ...ਲੇਕਿਨ ਉਸ ਵਕਤ ਜਦੋਂ ਮੈਂ ਮੁਸਲਮਾਨਾਂ ਵੱਲੋਂ ਕੀਤੇ ਗਏ ਜ਼ੁਲਮਾਂ ਦੀ ਦਾਸਤਾਨ ਸੁਣ ਰਿਹਾ ਸਾਂ, ਮੈਂ ਤੈਨੂੰ ਕਤਲ ਕਰ ਸਕਦਾ ਸਾਂ...।

ਸ਼ਿਆਮ ਦੇ ਮੂੰਹੋਂ ਇਹ ਸੁਣ ਕੇ ਮੇਰੇ ਦਿਲ ਨੂੰ ਜ਼ਬਰਦਸਤ ਧੱਕਾ ਲੱਗਾ। ਉਸ ਵਕਤ ਸ਼ਾਇਦ ਮੈਂ ਵੀ ਉਸ ਨੂੰ ਕਤਲ ਕਰ ਸਕਦਾ ਸੀ, ਪਰ ਬਾਅਦ ਵਿਚ ਜਦੋਂ ਮੈਂ ਸੋਚਿਆ ਤਾਂ ਉਸ ਵਕਤ ਅਤੇ ਇਸ ਵਕਤ ਵਿਚ ਜ਼ਮੀਨ ਅਸਮਾਨ ਦਾ ਫਰਕ ਮਹਿਸੂਸ ਕੀਤਾ ਅਤੇ ਤਮਾਮ ਫਸਾਦਾਂ ਦਾ ਮਨੋਵਿਗਿਆਨਕ ਪਿਛੋਕੜ ਮੇਰੀ ਸਮਝ ਵਿਚ ਆ



ਮੰਟੋ ਦੀਆਂ ਧੀਆਂ-ਨਿਗਤ, ਨੁਜ਼ਹਤ ਤੇ ਨੁਸਰਤ

ਗਿਆ ਜਿਸ ਦੇ ਸਦਕਾ ਰੋਜ਼ਾਨਾ ਸੈਂਕੜੇ ਬੇਗੁਨਾਹ ਹਿੰਦੂ ਅਤੇ ਮੁਸਲਮਾਨ ਮੌਤ ਦੇ ਘਾਟ ਉਤਾਰੇ ਜਾ ਰਹੇ ਸਨ।"

ਮੰਟੋ ਬੇਬਾਕ ਵੀ ਸੀ ਅਤੇ ਹਕੀਕਤ ਪਸੰਦ ਵੀ। ਤਕਸੀਮ ਨੇ ਉਸ ਦੇ ਜ਼ਿਹਨ ਨੂੰ ਇਕ ਅਰਸੇ ਤੱਕ ਮੂਕ ਕਰ ਦਿੱਤਾ ਸੀ ਪਰ ਉਸ ਨੇ ਹਨੇਰੀਆਂ ਅਤੇ ਵਿਕਰਾਲ ਬਿਰਤੀਆਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਿਆ ਅਤੇ ਮੌਕਾਪ੍ਰਸਤੀ ਦੇ ਸੁਰ ਵਿਚ ਸੁਰ ਮਿਲਾਉਣ ਤੋਂ ਨਾਬਰ ਰਿਹਾ। ਉਸ ਨੇ ਇਸ ਆਰਜ਼ੀ ਪਾਗਲਪਨ ਦੇ ਦੂਰ ਗਾਮੀ ਨਤੀਜਿਆਂ 'ਤੇ ਵੀ ਨਜ਼ਰ ਮਾਰੀ।

ਉਹ ਜਨਵਰੀ ਉਨੀ ਸੌ ਅਠਤਾਲੀ ਵਿਚ ਲਾਹੌਰ ਆਇਆ ਅਤੇ ਆਪਣਾ ਆਪ ਸਮੇਟਣ ਵਿਚ ਕਈ ਮਹੀਨੇ ਲੱਗ ਗਏ। ਉਹ ਲਿਖਦਾ ਹੈ:

"ਬੰਬਈ ਛੱਡ ਕੇ ਕਰਾਚੀ ਤੋਂ ਹੁੰਦਾ ਹੋਇਆ ਮੈਂ ਸ਼ਾਇਦ ਸੱਤ ਜਾਂ ਅੱਠ ਜਨਵਰੀ 1948 ਨੂੰ ਇਥੇ ਲਾਹੌਰ ਪਹੁੰਚਿਆ। ਤਿੰਨ ਮਹੀਨੇ ਮੇਰੇ ਦਿਮਾਗ਼ ਦੀ ਹਾਲਤ ਅਜੀਬੋ ਗ਼ਰੀਬ ਰਹੀ। ਸਮਝ ਨਹੀਂ ਸੀ ਆਉਂਦਾ ਕਿ ਮੈਂ ਕਿੱਥੇ ਹਾਂ। ਬੰਬਈ ਵਿਚ, ਕਰਾਚੀ ਵਿਚ ਹਾਂ ਆਪਣੇ ਦੋਸਤ ਅਬਾਸ ਦੇ ਘਰ ਜਾਂ ਲਾਹੌਰ ਵਿਚ ਹਾਂ ਜਿੱਥੇ ਕਈ ਰੈਸਟੋਰੈਂਟਾਂ ਵਿਚ ਕਾਇਦੇ ਆਜ਼ਮ ਫੰਡ ਜਮ੍ਹਾਂ ਕਰਨ ਦੇ ਸਿਲਸਿਲੇ ਵਿਚ ਨਾਚ-ਗਾਣੇ ਦੀਆਂ ਮਹਿਫਲਾਂ ਅਕਸਰ ਸਜਾਈਆਂ ਜਾਂਦੀਆਂ ਸਨ।

ਸੋਚਣਾ ਸ਼ੁਰੂ ਕਰ ਦਿੱਤਾ ਕਿ ਹੁਣ ਕੀ ਕੰਮ-ਧੰਧਾ ਕੀਤਾ ਜਾਵੇ। ਪੁੱਛ-ਗਿੱਛ ਕਰ ਕੇ ਪਤਾ ਲੱਗਿਆ ਕਿ ਫਿਲਮੀ ਕਾਰੋਬਾਰ ਤਾਂ ਤਕਰੀਬਨ ਠੱਪ ਹੋ ਚੁੱਕਾ ਸੀ। ਜਿਨ੍ਹਾਂ ਫਿਲਮ ਕੰਪਨੀਆਂ ਦੇ ਬੋਰਡ ਨਜ਼ਰ ਆਉਂਦੇ ਹਨ, ਉਹ ਬਸ ਬੋਰਡਾਂ ਤੱਕ ਹੀ ਸੀਮਤ ਹਨ। ਬੜੀ ਚਿੰਤਾ ਹੋਈ। ਅਲਾਟਮੈਂਟ ਦਾ ਬਾਜ਼ਾਰ ਗਰਮ ਸੀ। ਮੁਹਾਜਰ ਸ਼ਰਨਾਰਥੀ ਅਤੇ ਗ਼ੈਰ ਮੁਹਾਜਰ ਧੜਾ ਧੜ ਆਪਣੇ ਅਸਰ ਰਸੂਖ ਨਾਲ ਕਾਰਖਾਨੇ ਤੇ ਦੁਕਾਨਾਂ ਅਲਾਟ ਕਰਵਾ ਰਹੇ ਸਨ। ਮੈਨੂੰ ਵੀ ਮਸ਼ਵਰਾ ਦਿੱਤਾ ਗਿਆ ਪਰ ਮੈਂ ਉਸ ਲੁੱਟ-ਖਸੁੱਟ ਵਿਚ ਹਿੱਸੇਦਾਰ ਨਾ ਬਣਿਆ।

ਕੋਸ਼ਿਸ਼ ਕਰਨ ਦੇ ਬਾਵਜੂਦ ਹਿੰਦੁਸਤਾਨ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਨੂੰ ਹਿੰਦੋਸਤਾਨ ਤੋਂ ਅਲਹਿਦਾ ਨਾ ਕਰ ਸਕਿਆ। ਵਾਰ ਵਾਰ ਜ਼ਿਹਨ ਵਿਚ ਇਹ ਉਲਝਨ ਪੈਦਾ ਕਰਨ ਵਾਲਾ ਸਵਾਲ ਗੂੰਜਦਾ: ਕੀ ਪਾਕਿਸਤਾਨ ਦਾ ਸਾਹਿਤ ਵੱਖਰਾ ਹੋਵੇਗਾ? ਜੇ ਹੋਵੇਗਾ ਤਾਂ ਕਿਸ ਤਰ੍ਹਾਂ? ਉਹ ਸਭ ਕੁਝ ਜੋ ਤਕਸੀਮ ਤੋਂ ਪਹਿਲਾਂ ਦੇ ਹਿੰਦੁਸਤਾਨ ਵਿਚ ਲਿਖਿਆ ਗਿਆ ਹੈ, ਉਸ ਦਾ ਮਾਲਕ ਕੌਣ ਏ? ਕੀ ਉਸ ਨੂੰ ਤਕਸੀਮ ਕੀਤਾ ਜਾਵੇਗਾ? ਕੀ ਹਿੰਦੁਸਤਾਨੀਆਂ ਤੇ ਪਾਕਿਸਤਾਨੀਆਂ ਦੇ ਬੁਨਿਆਦੀ ਮਸਲੇ ਇਕੋ ਜਿਹੇ ਨਹੀਂ ਹਨ? ਕੀ ਉਸ ਪਾਸੇ ਉਰਦੂ ਉੱਤੇ ਬਿਲਕੁਲ ਬੰਦਿਸ਼ ਲਾ ਦਿੱਤੀ ਜਾਵੇਗੀ? ਇੱਧਰ ਪਾਕਿਸਤਾਨ ਵਿਚ ਉਰਦੂ ਕੀ ਸ਼ਕਲ ਅਖਤਿਆਰ ਕਰੇਗਾ? ਕੀ ਸਾਡੀ ਸਟੇਟ ਮਜ਼ਹਬੀ ਸਟੇਟ ਹੈ? ਸਟੇਟ ਦੇ ਅਸੀਂ ਹਰ ਹਾਲ ਵਿਚ ਵਫਾਦਾਰ ਹੋਵਾਂਗੇ? ਪਰ ਕੀ ਸਾਨੂੰ ਹਕੂਮਤ ਦੀ ਨੁਕਤਾਚੀਨੀ ਦੀ ਇਜਾਜ਼ਤ ਹੋਵੇਗੀ? ਆਜ਼ਾਦ ਹੋ ਕੇ ਇੱਥੋਂ ਦੇ ਹਾਲਾਤ ਫਿਰੰਗੀ ਦੇ ਰਾਜ ਵੇਲੇ ਦੇ ਹਾਲਾਤ ਤੋਂ ਵੱਖਰੇ ਹੋਣਗੇ?

ਆਸ ਪਾਸ ਜਿੱਥੇ ਵੀ ਨਜ਼ਰ ਮਾਰਦਾ ਸਾਂ, ਉਜਾੜਾ ਹੀ ਉਜਾੜਾ ਨਜ਼ਰ ਆਉਂਦਾ ਸੀ। ਕੁਝ ਲੋਕ ਬੇਹੱਦ ਖੁਸ਼ ਸਨ ਕਿਉਂਕਿ ਉਨ੍ਹਾਂ ਕੋਲ਼ ਇਕ ਦਮ ਦੌਲਤ ਆ ਗਈ ਸੀ, ਪਰ ਉਸ ਖੁਸ਼ੀ ਵਿਚ ਵੀ ਫਿਕਰ ਸੀ ਜਿਵੇਂ ਉਹ ਦੌਲਤ ਖਿਲਰ ਕੇ ਹਵਾ ਹੋ ਜਾਣੀ ਹੋਵੇ।

ਅਕਸਰ ਲੋਕ ਗ਼ਮਗੀਨ ਅਤੇ ਫਿਕਰਮੰਦ ਸਨ ਕਿਉਂਕਿ ਲੁੱਟਮਾਰ ਬਰਦਾਸ਼ਤ ਕਰ ਕੇ ਆਏ ਸਨ। ਮੁਹਾਜਰਾਂ ਦੇ ਕੈਂਪ ਵੇਖੇ। ਇੱਥੇ ਤਾਂ ਉਜਾੜਾ ਵੀ ਕੰਨਾਂ ਨੂੰ ਹੱਥ ਲਾ ਲਵੇ। ਕਿਸੇ ਨੇ ਆਖਿਆ ਕਿ ਹੁਣ ਦੇ ਹਾਲਾਤ ਬਿਹਤਰ ਨੇ, ਪਹਿਲਾਂ ਵੇਖਣ ਯੋਗ ਵੀ ਨਹੀਂ ਸਨ। ਮੈਂ ਸੋਚਣ ਲੱਗਿਆ, ਜੇ ਇਹ ਹਾਲਾਤ ਬਿਹਤਰ ਹਨ ਤਾਂ ਮਾੜੇ ਹਾਲਾਤ ਪਤਾ ਨਹੀਂ ਕਿਹੋ ਜਿਹੇ ਹੋਣਗੇ।... ...ਇਕ ਧਾਰਾ ਜ਼ਿੰਦਗੀ ਦੀ ਸੀ ਅਤੇ ਇਕ ਮੌਤ ਦੀ। ਇਨ੍ਹਾਂ ਦੇ ਦਰਮਿਆਨ ਖੁਸ਼ਕੀ ਸੀ...ਵਾਤਾਵਰਣ ਉੱਤੇ ਮੁਰਦਨੀ ਛਾਈ ਹੋਈ ਸੀ। ਜਿਵੇਂ ਗਰਮੀਆਂ ਦੀ ਰੁੱਤ ਵਿਚ ਅਸਮਾਨ 'ਤੇ ਬੇਮਕਸਦ ਉਡਦੀਆਂ ਇੱਲ੍ਹਾਂ ਉਦਾਸ ਹੁੰਦੀਆਂ ਨੇ। ਇਸੇ ਤਰ੍ਹਾਂ 'ਪਾਕਿਸਤਾਨ ਜ਼ਿੰਦਾਬਾਦ' ਅਤੇ 'ਕਾਇਦੇ ਆਜ਼ਮ ਜ਼ਿੰਦਾਬਾਦ' ਦੇ ਨਾਅਰੇ ਵੀ ਉਦਾਸ ਉਦਾਸ ਲਗਦੇ ਸਨ। ਰੇਡੀਓ ਦੀਆਂ ਲਹਿਰਾਂ ਸਵਰਗੀ ਇਕਬਾਲ ਦਾ ਇਕ ਸੁਰਾ ਕਲਾਮ ਦਿਨ ਰਾਤ ਮੋਢਿਆ 'ਤੇ ਚੁੱਕ ਚੁੱਕ ਕੇ ਅੱਕ ਤੇ ਥੱਕ ਗਈਆਂ ਸਨ।"

ਮੰਟੋ ਨੇ ਬਹੁਤ ਸਾਰੇ ਰੇਖਾ-ਚਿੱਤਰ ਲਿਖੇ। ਇਹ ਉਸ ਦੀਆਂ ਆਪਣੀਆਂ ਮੁਲਾਕਾਤਾਂ ਅਤੇ ਯਾਦਾਂ ਦਾ ਸਿਲਸਿਲਾ ਸੀ, ਪਰ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ 'ਤੇ ਲਿਖਿਆ ਗਿਆ ਰੇਖਾ-ਚਿਤਰ 'ਮੇਰੇ ਸਾਹਿਬ' ਜਿਨਾਹ ਸਾਹਿਬ ਦੇ ਇਕ ਸਾਬਕਾ ਮੁਲਾਜ਼ਮ ਮੁਹੰਮਦ ਹਨੀਫ ਆਜ਼ਾਦ ਨਾਲ ਕਈ ਮੁਲਾਕਾਤਾਂ ਵਿਚ ਦਰਜ ਕੀਤੇ ਗਏ ਜਵਾਬਾਂ 'ਤੇ ਆਧਾਰਤ ਸੀ। ਇਹ ਜਿਨਾਹ ਸਾਹਿਬ ਦੀ ਸ਼ਖਸੀਅਤ ਦੇ ਕੁਝ ਅਛੋਹ ਪਹਿਲੂਆਂ 'ਤੇ ਰੋਸ਼ਨੀ ਪਾਉਂਦਾ ਹੈ। ਇਥੇ ਇਸ ਦਾ ਮੁਖ਼ਤਸਰ ਜਿਹਾ ਟੁਕੜਾ ਪੇਸ਼ ਕਰ ਰਿਹਾ ਹਾਂ।

"ਮੈਂ ਆਜ਼ਾਦ ਨੂੰ ਅਚਾਨਕ ਇਕ ਸਵਾਲ ਕੀਤਾ-'ਕੀ ਤੁਸੀਂ ਕਦੇ ਕਾਇਦੇ ਆਜ਼ਮ ਦੇ ਮੂੰਹ ਤੋਂ 'ਆਈ ਐਮ ਸਾਰੀ' ਸੁਣਿਆ ਸੀ?"

ਆਜ਼ਾਦ ਨੇ ਆਪਣੀ ਮੋਟੀ ਤੇ ਸਿਹਤਮੰਦ ਗਰਦਨ ਨਾਂਹ ਵਿਚ ਹਿਲਾਈ, "ਨਹੀਂ...ਕਦੀ ਨਹੀਂ।" ਫੇਰ ਉਹ ਮੁਸਕਰਾਇਆ: "ਜੇ ਕਿਤੇ ਇਤਫਾਕ ਨਾਲ ਕਦੇ 'ਆਈ ਐਮ ਸਾਰੀ' ਉਨ੍ਹਾਂ ਦੇ ਮੂੰਹੋਂ ਨਿਕਲ ਜਾਂਦਾ ਤਾਂ ਮੈਨੂੰ ਯਕੀਨ ਹੈ ਉਹ ਡਿਕਸ਼ਨਰੀ ਵਿਚੋਂ ਇਹ ਲਫਜ਼ ਹਮੇਸ਼ਾ ਲਈ ਮਿਟਾ ਦਿੰਦੇ।" ਮੇਰਾ ਖਿਆਲ ਹੈ, ਆਜ਼ਾਦ ਦੇ ਇਸ ਸਹਿਜ ਸੁਭਾਅ ਬੋਲੇ ਗਏ ਜੁਆਬ ਵਿਚ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਦਾ ਪੂਰਾ ਕਿਰਦਾਰ ਆ ਜਾਂਦੈ।

"ਮੁਹੰਮਦ ਹਨੀਫ਼ ਆਜ਼ਾਦ ਜ਼ਿੰਦਾ ਹੈ ਉਸ ਪਾਕਿਸਤਾਨ ਵਿਚ। ਜੋ ਉਸ ਦੇ ਕਾਇਦੇ ਆਜ਼ਮ ਨੇ ਉਹਨੂੰ ਬਖਸ਼ਿਆ ਹੈ ਅਤੇ ਹੁਣ ਉਨ੍ਹਾਂ ਦੇ ਹੋਣਹਾਰ ਸ਼ਾਗਿਰਦ ਲਿਆਕਤ ਅਲੀ ਖਾਂ ਦੀ ਅਗਵਾਈ ਵਿਚ ਦੁਨੀਆ ਦੇ ਨਕਸ਼ੇ 'ਤੇ ਜੀਂਦੇ ਰਹਿਣ ਦੀ ਜਦੋ ਜਹਿਦ ਕਰ ਰਿਹਾ ਹੈ-ਉਸ ਆਜ਼ਾਦ ਧਰਤੀ ਦੇ ਟੁਕੜੇ 'ਤੇ ਆਜ਼ਾਦ ਪੰਜਾਬ ਆਰਟਸ ਪਿਕਚਰਜ਼ ਦੇ ਦਰਵਾਜ਼ੇ ਦੇ ਬਾਹਰ ਪਾਨ ਵਾਲੇ ਦੀ ਦੁਕਾਨ ਲਾਗੇ ਟੁੱਟੀ ਹੋਈ ਚਾਰਪਾਈ 'ਤੇ ਬੈਠਾ ਆਪਣੇ ਆਕਾ ਦੀ ਉਡੀਕ ਕਰਦਾ ਰਹਿੰਦਾ ਹੈ ਅਤੇ ਹੱਥ ਚੁੱਕ ਉਸ ਚੰਗੇ ਵਕਤ ਲਈ ਦੁਆ ਕਰਦਾ ਹੈ ਜਦੋਂ ਉਸ ਨੂੰ ਵੇਲ਼ੇ ਸਿਰ ਤਨਖਾਹ ਮਿਲ ਜਾਇਆ ਕਰੇ...।"

ਇਹ ਤਾਂ ਲਾਜ਼ਮੀ ਸੀ ਕਿ ਅੰਮ੍ਰਿਤਸਰ ਦੇ ਉਸ ਉਦਾਰਵਾਦੀ ਮਾਹੌਲ ਵਿਚ ਬਚਪਨ ਅਤੇ ਜਵਾਨੀ ਗੁਜ਼ਾਰ ਕੇ, ਦਿੱਲੀ ਅਤੇ ਬੰਬਈ ਦੇ ਖੁੱਲ੍ਹੇ ਅਸਮਾਨਾਂ ਵਿਚ ਤਾਰੀਆਂ ਮਾਰ ਕੇ ਮੰਟੋ ਨੂੰ ਰੂਹਾਨੀ ਗੁਮਸ਼ੁਦਗੀ ਦਾ ਤੀਬਰ ਅਹਿਸਾਸ ਹੁੰਦਾ। ਸ਼ਾਇਦ ਉਹ ਅਜਿਹੇ ਗੁਲਜ਼ਾਰ ਦੀ ਕਲਪਨਾ ਨਹੀਂ ਸੀ ਕਰ ਸਕਦਾ ਜਿੱਥੇ ਸਿਰਫ਼ ਇਕੋ ਰੰਗ ਦੇ ਫੁੱਲਾਂ ਨੂੰ ਖਿੜਨ ਦੀ ਇਜਾਜ਼ਤ ਹੋਵੇ।

***-80, ਸੈਕਟਰ 18 ਏ ਚੰਡੀਗੜ੍ਹ***

# ਕਾਲਾ ਇਲਮ

*(ਸਫਾ 35 ਦੀ ਬਾਕੀ)*

ਨੇ ਮੰਤਰ ਪੜ੍ਹਨਾ ਜਾਰੀ ਰੱਖਿਆ।

ਕਦੇ-ਕਦੇ ਹੀਰਾ ਡਰਿਆ ਮੂੰਹ ਬਣਾ ਕੇ ਉਸ ਨੂੰ ਲੋਕਾਂ ਦੀਆਂ ਗੱਲਾਂ ਵਿਚ ਕੂੰਜਾਂ ਦੇ ਡਾਰਾਂ ਬਣਨ ਦਾ ਡਰ ਦਿੰਦਾ ਤਾਂ ਅੱਗੋਂ ਤਲਖ਼ ਹੋ ਕੇ ਉੱਤਰ ਮੋੜਦੀ, 'ਢਹੇ ਖੂਹ ਵਿਚ ਪੈਣ ਲੋਕ, ਨਾਲੇ ਉਨ੍ਹਾਂ ਦੀਆਂ ਕੂੰਜਾਂ ਤੇ ਡਾਰਾਂ। ਲੋਕ ਬਾਤ ਨਹੀਂ ਪਾਉਂਦੇ ਹੁੰਦੇ-ਆਖੇ ਕਮਾਰੀ ਹੀਰ ਰਾਂਝੇ ਦਾ ਭੱਤਾ ਢੋਂਦੀ ਰਹੀ, ਬਗਾਨੇ ਦਾ। ਤੂੰ ਤੇ ਫੇਰ ਮੇਰਾ ਸਕਾ ਜੇਠ ਐਂ। ਨਾਲੇ ਪਹਿਲੀ ਮੰਗ ਤਾਂ ਤੇਰੀ ਓ ਆਂ, ਲੋਕਾਂ ਤਾਂ ਹੀਰ ਦੀਆਂ ਵੀ ਗੱਲਾਂ ਕੀਤੀਆਂ ਪਰ ਕਿਹੜੀ ਉਹਦੀ ਟੰਗ ਤੋੜ ਲੀ?' ਤੇ ਹੀਰੇ ਦੀਆਂ ਸਿਰੜੀ ਪਰ ਉਦਾਸ ਬੀਆਬਾਨ ਅੱਖਾਂ ਵਿਚ ਚਮਕ ਮੁੜ ਆਉਂਦੀ।

ਕਣਕ ਮੰਡੀ ਵਿਚ ਲਿਜਾਣ ਲਈ ਧੀਰੇ ਨੇ ਸਰਪੰਚ ਦੀ ਟਰਾਲੀ ਮੰਗ ਲਈ ਤੇ ਜੀਤੋ ਦੇ ਕੰਨ ਵਿਚ ਸਾਰੀ ਗੱਲ ਸਮਝਾ ਟਰਾਲੀ ਵਿਚ ਜਾ ਬੈਠਿਆ।

ਉਦਣ ਸਾਰਾ ਦਿਨ ਜੀਤੋ ਆਪਣੇ ਨਵੇਂ ਪੈਂਤੜੇ ਬਾਰੇ ਸੋਚਦੀ ਰਹੀ, ਜਿਸ ਪੈਂਤੜੇ ਤੋਂ ਜੇ ਉਹ ਥਿੜਕ ਜਾਂਦੀ ਤਾਂ ਸਾਰੀ ਕੀਤੀ-ਕਰਾਈ ਖੂਹ ਵਿਚ ਪੈ ਜਾਣੀ ਸੀ।

ਪਹਿਰ ਰਾਤ ਗਈ, ਉਸ ਵਿਹੜੇ ਦੀ ਬੱਤੀ ਬੰਦ ਕੀਤੀ। ਕੋਠੇ 'ਤੇ ਬੇਬੇ ਦੇ ਮੰਜੇ ਕੋਲ ਖੜ੍ਹੇ ਹੋ ਕੇ ਬੇਬੇ ਦੇ ਘੁਰਾੜੇ ਸੁਣ ਕੇ ਤਸੱਲੀ ਕਰ ਲਈ ਕਿ ਉਹ ਸੌਂ ਚੁੱਕੀ ਸੀ। ਚੁਬਾਰੇ ਦੇ ਸਿਖ਼ਰ ਜੇਠ ਦੇ ਮੰਜੇ ਦੀ ਬਾਹੀ 'ਤੇ ਜਾ ਬੈਠੀ। ਹੀਰਾ ਜਿਵੇਂ ਉਸ ਨੂੰ ਉਡੀਕ ਰਿਹਾ ਸੀ। ਉਸ ਨੇ ਜੀਤੋ ਨੂੰ ਬਾਹਾਂ ਵਿਚ ਘੁੱਟ ਲਿਆ। ਜੀਤੋ ਹੱਥ ਨਾਲ ਉਸ ਦੀਆਂ ਬਾਹਾਂ ਦੀ ਪਕੜ ਖੋਲ੍ਹਦਿਆਂ ਪਾਸੇ ਹੋ ਕੇ ਬੈਠ ਗਈ।

'ਤਾਰੇ ਦੇ ਤਾਇਆ, ਛੱਡ ਦੇ ਮੈਨੂੰ। ਤੂੰ ਹੋਰ ਦਸਾਂ ਦਿਨਾਂ ਜਾਂ ਮਹੀਨੇ ਨੂੰ ਵੀ ਛੱਡਣਾ ਈ ਐ। ਹੁਣੇ ਛੱਡ ਦੇ...ਹੁਣ ਤਾਂ ਸੱਚ ਹਾੜ੍ਹੀ ਸਮੇਟੀ ਗਈ। ਕਦੋਂ ਆਉਣਾ ਫੇਰ ਜਠਾਣੀ ਜੀ ਨੇ?' ਉਸ ਦੀ ਆਵਾਜ਼ ਵਿਚ ਅੱਧਾ ਵਿਅੰਗ ਤੇ ਅੱਧੋਂ ਵੱਧ ਸਾੜਾ ਸੀ।

'ਜਦੋਂ ਤੂੰ ਕਹੇਂ। ਆਪਾਂ ਕਿਹੜੇ ਪਾਂਡੇ-ਪੰਡਤਾਂ ਤੋਂ ਦਿਨ ਕਢਾਉਣੈ। ਜਿਵੇਂ ਤੂੰ ਕਹੇਂ ਬਚੋਲੇ ਨੂੰ ਆਖ ਪੱਕਾ ਕਰ ਦਿੰਨੇ ਆਂ।' ਹੀਰੇ ਨੇ ਨਾ ਤਾਂ ਜੀਤੋ ਦੇ ਸਾੜੇ ਨੂੰ ਸਮਝਿਆ ਸੀ, ਨਾ ਵਿਅੰਗ ਨੂੰ।

'ਤੇ ਔਹਦਾ ਕੀ ਬਣੂ?' ਜੀਤੋ ਨੇ ਅੱਖਾਂ-ਅੱਖਾਂ ਵਿਚ ਗੁੱਝਾ ਇਸ਼ਾਰਾ ਕੀਤਾ।

ਤੇ ਰੱਬ ਨੇ ਹੁਣ ਮੇਰੀ ਜੜ ਲਾ 'ਤੀ। ਮੈਂ ਕਾਹਨੂੰ ਐਵੇਂ ਬੁੱਢੇ-ਵਾਰੇ ਨਵੇਂ ਪੰਗੇ ਵਿਚ ਪੈਣੈਂ...ਹੈਂ ਕਿ ਨਾ ਜੀਤ ਕੁਰੇ। ਗਾਂਹ ਤੂੰ ਆਪ ਸਿਆਣੀ ਐਂ।' ਹੀਰੇ ਨੇ ਕਿਹਾ।

ਉਸ ਨੇ ਜੀਤੋ ਦੀ ਪਿੱਠ ਥਾਪੜਦਿਆਂ ਫੈਸਲਾ ਸੁਣਾ ਦਿੱਤਾ। ਫੈਸਲਾ ਭਾਵੇਂ ਜੀਤੋ ਦੇ ਹੱਕ ਵਿਚ ਸੀ ਪਰ ਉਸ ਦਾ ਦਿਲ ਅਜੇ ਵੀ ਬਰਾਬਰ ਧੜਕ ਰਿਹਾ ਸੀ। ਉਸ ਨੂੰ ਆਪਣੀ ਜਿੱਤ 'ਤੇ ਯਕੀਨ ਨਹੀਂ ਸੀ ਆ ਰਿਹਾ। ਉਹ ਹੀਰੇ ਦੇ ਮੂੰਹ ਵੱਲ ਝਾਕੀ, ਉਸ ਵੇਖਿਆ ਚੰਦ ਦੇ ਚਿੱਟੇ ਚਾਨਣ ਵਿਚ ਹੀਰੇ ਦੇ ਮੂੰਹ 'ਤੇ ਭੋਰਾ ਵੀ ਬਣਾਵਟ ਨਹੀਂ ਸੀ। ਉਹ ਖੁਸ਼ੀ ਵਿਚ ਨਾ ਸਮਾਉਂਦੀ ਹੋਈ ਹੀਰੇ ਦੀ ਖੇਸੀ ਵਿਚ ਸਰਕ ਗਈ।

#

# ਸਿਨੇਮਾ, ਸਮਾਜ ਤੇ ਸਿਆਸਤ

ਕਲਾ ਅਤੇ ਸਮਾਜ ਦਾ ਰਿਸ਼ਤਾ ਸੂਖਮ ਤੇ ਬਹੁਪਰਤੀ ਹੈ। ਪ੍ਰਸਿੱਧ ਫ਼ਿਲਮਸਾਜ਼ ਸਤਿਆਜੀਤ ਰੇਅ ਅਨੁਸਾਰ ਸਿਨੇਮਾ ਦੂਜੀਆਂ ਕਲਾਵਾਂ ਜਿਵੇਂ ਕਵਿਤਾ, ਕਹਾਣੀ, ਚਿੱਤਰਕਾਰੀ, ਇਮਾਰਤਸਾਜ਼ੀ ਅਤੇ ਡਰਾਮਾ; ਗੱਲ ਕੀ, ਹਰ ਨਿੱਕੀ-ਵੱਡੀ ਕਲਾ ਦਾ ਖ਼ੂਬਸੂਰਤ ਸੁਮੇਲ ਹੈ। ਸਿਨੇਮਾ ਨੂੰ ਦੂਜੀਆਂ ਸਾਰੀਆਂ ਕਲਾਵਾਂ ਨਾਲੋਂ ਵੱਧ ਸਮਾਜਕ ਮੰਨਦਿਆਂ ਪ੍ਰਸਿੱਧ ਪੱਤਰਕਾਰ ਅਤੇ ਫ਼ਿਲਮਸਾਜ਼ ਕੇ. ਅੱਬਾਸ ਲਿਖਦੇ ਹਨ, "ਚੰਗੇ ਸਿਨੇਮਾ ਵਿਚ, ਹਰ ਚੰਗੀ ਕਲਾ ਵਾਂਗ ਜਿੱਥੇ ਲੋਕਾਂ ਦੀਆਂ ਰੂਹਾਨੀ ਜ਼ਰੂਰਤਾਂ ਪੂਰੀਆਂ ਕਰਨ ਦਾ ਹੁਨਰ ਹੋਵੇ, ਉਥੇ ਉਹ ਲੋਕ-ਮਨ ਦੀਆਂ ਡੂੰਘੀਆਂ ਤਾਂਘਾਂ, ਰੀਝਾਂ, ਰਮਜ਼ਾਂ ਅਤੇ ਵਿਚਾਰਾਂ ਨੂੰ ਪ੍ਰਗਟਾ ਸਕਦਾ ਹੋਵੇ। ਜਨ ਮਾਨਸ ਦੇ ਦੁੱਖ-ਸੁੱਖ, ਸੁਪਨੇ ਅਤੇ ਸੋਚਾਂ ਦਾ ਪ੍ਰਤੀਬਿੰਬ ਹੋਵੇ। ਇਹ ਉਨ੍ਹਾਂ ਨੂੰ ਹਸਾਵੇ, ਰੁਆਵੇ ਪਰ ਸਮੇਂ-ਸਮੇਂ ਤੇ ਸੋਚਣ ਲਈ ਵੀ ਮਜਬੂਰ ਕਰੇ, ਉਨ੍ਹਾਂ ਦੀਆਂ ਕਲਪਨਾਵਾਂ ਵਿਚ ਨਵੇਂ ਰੰਗ ਭਰ ਦੇਵੇ, ਸਮਾਜਕ ਬੇਇਨਸਾਫ਼ੀਆਂ ਖਿਲਾਫ ਰੰਜ਼ ਪੈਦਾ ਕਰੇ, ਜ਼ਿੰਦਗੀ ਦੀ ਪੇਸ਼ਕਾਰੀ ਨੂੰ ਸਮਝਣ ਦਾ ਹੁਨਰ ਦੇਵੇ ਅਤੇ ਸਭ ਤੋਂ ਜ਼ਰੂਰੀ ਹੈ ਕਿ ਦਰਸ਼ਕ ਨੂੰ ਆਪਣੇ ਆਪ ਨੂੰ ਸਮਝਣ ਦਾ ਮੌਕਾ ਦੇ ਸਕੇ।"

ਕਿਸੇ ਵੀ ਦੇਸ਼ ਦੇ ਸੰਚਾਰ-ਸਾਧਨ ਉਸ ਦੇਸ਼ ਦਾ ਇਕ ਇਤਿਹਾਸ ਵੀ ਸਿਰਜਦੇ ਹਨ। ਭਾਰਤੀ ਇਤਿਹਾਸ ਵਿਚ ਆਜ਼ਾਦੀ ਦੇ ਘੋਲ ਸਮੇਂ ਪੈਦਾ ਹੋਈ ਚੇਤਨਾ, ਸਮਰੱਥਾ ਅਤੇ ਇੱਕਮੁੱਠਤਾ ਦੀ ਭਾਵਨਾ ਪੈਦਾ ਕਰਨ ਵਿਚ ਅਖ਼ਬਾਰਾਂ, ਹੱਥ-ਲਿਖਤ ਸੁਨੇਹਿਆਂ ਅਤੇ ਆਗੂਆਂ ਦੁਆਰਾ ਕੀਤੀਆਂ ਤਕਰੀਰਾਂ ਦਾ ਖਾਸ ਹੱਥ ਸੀ। ਕੀ ਸਿਨੇਮਾ ਨੇ ਵੀ ਕਿਸੇ ਢੰਗ ਨਾਲ ਆਜ਼ਾਦੀ ਦੇ ਘੋਲ ਵਿਚ ਆਪਣਾ ਬਣਦਾ ਰੋਲ ਅਦਾ ਕੀਤਾ? ਜਿਥੇ ਭਾਰਤੀ ਸਿਨੇਮਾ ਆਪਣੇ ਦੁਹਰਾਉ, ਫਾਰਮੂਲਾ ਆਧਾਰਿਤ ਕਥਾਨਕ ਅਤੇ ਬਾਜ਼ਾਰੀ ਕਿਸਮ ਦੇ ਮਨੋਰੰਜਨ ਲਈ ਹਮੇਸ਼ਾਂ ਆਲੋਚਨਾ ਦਾ ਸ਼ਿਕਾਰ ਬਣਦਾ ਰਿਹਾ ਹੈ, ਉਥੇ ਆਜ਼ਾਦੀ ਸਮੇਂ ਆਧੁਨਿਕਤਾ ਦੇ ਇਸ ਸੰਦ ਨੂੰ ਵਿਗਿਆਨਕ ਅਤੇ ਦਸਤਾਵੇਜ਼ੀ ਤਰੀਕਿਆਂ ਨਾਲ ਵਰਤਣ ਦੀ ਕੋਸ਼ਿਸ਼ ਵੀ ਕੀਤੀ ਗਈ।

ਬਾਲ ਗੰਗਾਧਰ ਤਿਲਕ ਪਹਿਲੇ ਸਿਆਸੀ ਆਗੂ ਸਨ ਜਿਨ੍ਹਾਂ ਨੇ ਸਿਨੇਮਾ ਨੂੰ ਸਵਦੇਸ਼ੀ ਦੇ ਪ੍ਰਚਾਰ ਲਈ ਵਰਤਣ ਦੀ ਸੰਭਾਵਨਾ ਦੇਖੀ। ਉਹ ਦਾਦਾ ਸਾਹਿਬ ਫ਼ਾਲਕੇ ਦੇ ਕਰੀਬੀ ਸਨ ਅਤੇ 1918 ਵਿਚ ਉਨ੍ਹਾਂ ਫ਼ਾਲਕੇ ਨੂੰ ਹਿੰਦੁਸਤਾਨ ਸਿਨੇਮਾ ਫ਼ਿਲਮ ਕੰਪਨੀ ਬਣਾਉਣ ਦੀ ਸਲਾਹ ਦਿੱਤੀ। ਤਿਲਕ ਹੀ ਪਹਿਲੇ ਭਾਰਤੀ ਪੱਤਰਕਾਰ ਸਨ ਜਿਨ੍ਹਾਂ ਨੇ ਆਪਣੇ ਅਖ਼ਬਾਰ 'ਕੇਸਰੀ' ਵਿਚ ਫ਼ਿਲਮਾਂ ਬਾਰੇ ਲਿਖਣ ਦੀ ਰੀਤ ਪਾਈ। ਇਸ ਤੋਂ ਪ੍ਰੇਰਿਤ ਹੁੰਦਿਆਂ 'ਟਾਈਮਜ਼ ਆਫ਼ ਇੰਡੀਆ' ਅਤੇ 'ਦਾ ਬੰਬੇ ਕਾਰੋਨੀਕਲ' ਨੇ ਵੀ ਫ਼ਿਲਮਾਂ ਸਬੰਧੀ ਲੇਖ ਛਾਪਣੇ ਸ਼ੁਰੂ ਕੀਤੇ। ਦਿਲਚਸਪ ਤੱਥ ਇਹ ਹੈ ਕਿ ਤਿਲਕ ਦੇ ਅੰਤਮ ਸੰਸਕਾਰ ਸਮੇਂ ਫ਼ਿਲਮ ਕੰਪਨੀਆਂ ਨੇ ਆਪਣੇ ਸੀਮਿਤ ਦਾਇਰਿਆਂ ਅਤੇ ਮੁਨਾਫ਼ਿਆਂ ਤੋਂ ਹਟ ਕੇ ਛੋਟੀਆਂ-ਛੋਟੀਆਂ ਫ਼ਿਲਮਾਂ ਬਣਾ ਕੇ ਆਮ ਜਨਤਾ ਲਈ ਮੁਹੱਈਆ ਕਰਵਾਈਆਂ। 1922 ਵਿਚ ਬ੍ਰਿਟਿਸ਼ ਪ੍ਰਸ਼ਾਸਨ ਦੁਆਰਾ ਸਿਨੇਮਾ ਅਤੇ ਮੀਡੀਆ ਉਤੇ ਲਗਾਈ ਜਾਣ ਵਾਲੀ ਸੈਂਸਰਸ਼ਿਪ ਦਾ ਵਿਰੋਧ ਕਰਦਿਆਂ ਲਾਲਾ ਲਾਜਪਤ ਰਾਏ ਨੇ ਇਸ ਨੂੰ ਵਿਚਾਰਾਂ ਦੀ ਆਜ਼ਾਦੀ 'ਤੇ ਹਮਲਾ ਦੱਸਿਆ। ਉਨ੍ਹਾਂ ਅਨੁਸਾਰ ਸਿਨੇਮਾ ਜਿਹੇ ਸ਼ਕਤੀਸ਼ਾਲੀ ਮਾਧਿਅਮ ਨੂੰ ਰਾਜਨੀਤਿਕ ਵਿਚਾਰਾਂ ਲਈ ਵਰਤਿਆ ਜਾਣਾ ਚਾਹੀਦਾ ਹੈ। ਸਿਨੇਮਾ ਵਿਚ ਸਾਹਿਤ, ਕਵਿਤਾ ਅਤੇ ਸੰਗੀਤ ਦੀ ਜੁਗਲਬੰਦੀ ਸ਼ੁਰੂ ਕਰਨ ਦਾ ਸਿਹਰਾ ਜਾਂਦਾ ਹੈ ਰਾਬਿੰਦਰ ਨਾਥ ਟੈਗੋਰ ਨੂੰ। ਉਨ੍ਹਾਂ ਦੀਆਂ ਛੋਟੀਆਂ ਕਹਾਣੀਆਂ ਉਤੇ ਬਣੀਆਂ ਫ਼ਿਲਮਾਂ 'ਮਨਭੰਜਨ' (1923), 'ਬਲੀਦਾਨ' (1927) ਅਤੇ 'ਵਿਚਾਰਕ' (1928) ਨੇ ਸਿਨੇਮਾ ਦੇ ਸੁਹਜ ਅਤੇ ਹੁਨਰ ਨੂੰ ਨਵਾਂ ਮੋੜਾ ਦਿੱਤਾ। ਟੈਗੋਰ ਕੌਮਾਂਤਰੀ ਪੱਧਰ 'ਤੇ ਕਵੀ ਦੇ ਤੌਰ 'ਤੇ ਪ੍ਰਸਿੱਧ ਹਨ, ਇਸ ਲਈ ਉਨ੍ਹਾਂ ਦੇ ਸਿਨੇਮਾ ਨਾਲ ਲਗਾਉ ਨੇ ਹਿੰਦੀ ਸਿਨੇਮਾ ਦੀਆਂ ਕਲਾਤਮਕ ਸੰਭਾਵਨਾਵਾਂ ਅਤੇ ਭਾਰਤ ਦੇ ਕਲਾ-ਇਤਿਹਾਸ ਦੀ ਪਰਦੇ ਤੇ ਪੇਸ਼ਕਾਰੀ ਨੂੰ ਪਹਿਲੀ ਵਾਰ ਦੁਨੀਆਂ ਸਾਹਮਣੇ ਰੱਖਿਆ। ਸ਼ਾਇਦ ਦੁਨੀਆਂ ਲਈ ਭੁੱਖੇ ਨੰਗੇ ਜਾਂ ਨਾਗਿਆਂ, ਸੱਪਾਂ, ਸਾਧੂਆਂ ਦੇ ਦੇਸ਼ ਵਜੋਂ ਭਾਰਤ ਦੀ ਮਿੱਥ ਤੋੜਨ ਦਾ ਇਹ ਪਹਿਲਾ ਯਤਨ ਸੀ।




1939 ਵਿਚ ਬਣੀ ਫ਼ਿਲਮ 'ਅਛੂਤ-ਕੰਨਿਆ' ਨੇ ਕਈ ਸਿਆਸੀ ਆਗੂਆਂ ਨੂੰ ਸਮਾਜ ਵਿਚ ਤਬਦੀਲੀ ਲਿਆਉਣ ਲਈ ਸਿਨੇਮਾ ਦੀ ਵਰਤੋਂ ਬਾਰੇ ਸੁਚੇਤ ਕੀਤਾ। ਸਰੋਜਨੀ ਨਾਇਡੂ ਨੇ ਜਵਾਹਰ ਲਾਲ ਨਹਿਰੂ ਨਾਲ ਇਹ ਫ਼ਿਲਮ ਬੰਬਈ ਦੇ ਰੌਕਸੀ ਥੀਏਟਰ ਵਿਚ ਦੇਖੀ। ਨਹਿਰੂ ਨੂੰ ਭਾਵੇਂ ਉਸ ਦੌਰ ਦੀਆਂ ਫ਼ਿਲਮਾਂ ਦੇ ਮਿਆਰ ਅਤੇ ਕਲਾ-ਪੱਖ ਦੀ ਕਮਜ਼ੋਰੀ ਚੁਭੀ ਪਰ 1952 ਵਿਚ ਬੰਬਈ, ਮਦਰਾਸ, ਕਲਕੱਤਾ ਅਤੇ ਨਵੀਂ ਦਿੱਲੀ ਵਿਚ ਕੌਮਾਂਤਰੀ ਫ਼ਿਲਮ ਸਮਾਰੋਹਾਂ ਰਾਹੀਂ ਉਸ ਨੇ ਸਿਨੇਮਾ ਦੀ ਸਮਰੱਥਾ ਅਤੇ ਸੰਭਾਵਨਾ 'ਤੇ ਮੋਹਰ ਲਗਾ ਦਿੱਤੀ। ਦੱਖਣੀ ਭਾਰਤ ਵਿਚ ਫ਼ਿਲਮ-ਸੱਭਿਆਚਾਰ ਦੂਰ-ਦਰਾਜ ਦੇ ਪਿੰਡਾਂ ਤੱਕ ਪਹੁੰਚਾਉਣ ਦਾ ਕੰਮ ਐਸ. ਸਤਿਆਮੂਰਤੀ ਨੇ ਕੀਤਾ। ਕਿੱਤੇ ਤੋਂ ਵਕੀਲ ਸਤਿਆਮੂਰਤੀ ਦੇ ਨਾਟਕਾਂ ਵਿਚ ਸ਼ੌਂਕ ਨੇ ਉਨ੍ਹਾਂ ਨੂੰ ਕਲਾ ਦੀ ਰਾਜਨੀਤਿਕ ਵਰਤੋਂ ਵੱਲ ਤੋਰਿਆ। ਇੰਡੀਅਨ ਕਾਂਗਰਸ ਪਾਰਟੀ ਦੇ ਪ੍ਰਚਾਰ ਨਾਲ ਜੁੜੇ ਸਤਿਆਮੂਰਤੀ ਦੀਆਂ ਕੋਸ਼ਿਸ਼ਾਂ ਸਦਕਾ ਕੁਝ ਹੀ ਸਾਲਾਂ ਵਿਚ ਮਹਾਤਮਾ ਗਾਂਧੀ ਦਾ ਨਾਮ ਘਰ-ਘਰ ਪਹੁੰਚ ਗਿਆ। ਇਨ੍ਹਾਂ ਤੋਂ ਬਿਨਾਂ ਆਜ਼ਾਦੀ ਦੇ ਘੋਲ ਵਿਚ ਜਿਨ੍ਹਾਂ ਦੀਆਂ ਰਚਨਾਵਾਂ ਨੇ ਭਾਰਤੀ ਸਿਨੇਮਾ ਦੇ ਨਿਆਰੇਪਣ ਅਤੇ ਵਿਦਰੋਹੀ ਸੁਰ ਨੂੰ ਕਾਇਮ ਰੱਖਿਆ, ਉਨ੍ਹਾਂ ਵਿਚੋਂ ਮੁੱਖ ਸਨ, ਬੰਕਿਮ ਚੰਦਰ ਚੈਟਰਜੀ ਜਿਨ੍ਹਾਂ ਦੇ 1882 ਵਿਚ ਲਿਖੇ ਨਾਵਲ 'ਆਨੰਦ ਮੱਠ' ਵਿਚਲੇ ਗੀਤ ਨੂੰ ਬਾਅਦ ਵਿਚ ਰਾਸ਼ਟਰੀ ਗੀਤ ਦਾ ਦਰਜਾ ਮਿਲਿਆ। ਗੀਤ ਦੇ ਬੋਲ ਸਨ 'ਬੰਦੇ ਮਾਤਰਮ' ਅਤੇ ਇਸ ਨਾਵਲ ਨੂੰ ਹਿੰਦੀ ਅਤੇ ਬੰਗਾਲੀ ਦੋਵਾਂ ਭਾਸ਼ਾਵਾਂ ਵਿਚ ਫ਼ਿਲਮਾਇਆ ਗਿਆ। ਦੂਜੇ ਮਹੱਤਵਪੂਰਨ ਕਵੀ ਸਨ ਕਾਜ਼ੀ ਨਜ਼ਰੁਲ ਇਸਲਾਮ ਜਿਨ੍ਹਾਂ ਨੂੰ 'ਵਿਦਰੋਹੀ ਕਵੀ' ਦੇ ਤੌਰ 'ਤੇ ਹੀ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਲਿਖੀ ਲੰਬੀ ਕਵਿਤਾ 'ਵਿਦਰੋਹੀ' ਨੇ ਆਜ਼ਾਦੀ ਦੇ ਘੋਲ ਵਿਚਲੇ ਵਿਰੋਧ ਅਤੇ ਵਿਚਾਰਧਾਰਕ ਜੰਗ ਨੂੰ ਤਿੱਖੀ ਸਾਣ ਚਾੜ੍ਹੀ। ਉੱਘੇ ਕ੍ਰਾਂਤੀਕਾਰੀ ਆਗੂ ਸੁਭਾਸ਼ ਚੰਦਰ ਬੋਸ ਨੇ ਫ਼ਿਲਮਾਂ ਦੀ 'ਇਨਕਲਾਬੀ ਪ੍ਰਚਾਰਕ' ਵਜੋਂ ਭੂਮਿਕਾ ਨੂੰ ਸਵੀਕਾਰਦਿਆਂ ਆਜ਼ਾਦ ਹਿੰਦ ਫੌਜ ਦੀਆਂ ਵੱਖ-ਵੱਖ ਕਾਰਵਾਈਆਂ ਦੀਆਂ ਬਕਾਇਦਾ ਰੀਲਾਂ ਤਿਆਰ ਕਰਵਾ ਕੇ ਰੱਖੀਆਂ। ਇਸ ਸਭ ਦੇ ਬਾਵਜੂਦ ਭਾਰਤੀ ਸਿਨੇਮਾ ਨਾ ਤਾਂ ਆਜ਼ਾਦੀ ਦੇ ਘੋਲ ਦੀ ਵਿਚਾਰਧਾਰਾ ਵਿਚਲੇ ਖਾਸੇ ਨੂੰ ਪ੍ਰਣਾਇਆ ਜਾ ਸਕਿਆ ਅਤੇ ਨਾ ਹੀ ਇਸ ਨੇ ਰਾਜਨੀਤਕ ਸੰਚਾਰ ਅਤੇ ਸੰਵਾਦ ਦੀਆਂ ਪ੍ਰੰਪਰਾਵਾਂ ਨਾਲ ਜੁੜਨ ਦਾ ਕੋਈ ਸਾਰਥਿਕ ਤਰੱਦਦ ਕੀਤਾ। ਇਸ ਦਾ ਵੱਡਾ ਕਾਰਨ ਆਜ਼ਾਦੀ-ਘੋਲ ਵਿਚ ਸਰਗਰਮ ਮੰਨੀ ਜਾਂਦੀ ਅਤੇ ਸੰਭਾਵੀ ਰਾਜ-ਸੱਤਾ ਦੀ ਵਾਰਿਸ ਪਾਰਟੀ ਕਾਂਗਰਸ ਦਾ ਨਜ਼ਰੀਆ ਮੰਨਿਆ ਜਾਂਦਾ ਹੈ। ਕਾਂਗਰਸ ਪਾਰਟੀ ਦੇ ਘੋਲ ਦਾ ਧੁਰਾ ਜ਼ਿਆਦਾਤਰ ਮਹਾਤਮਾ ਗਾਂਧੀ ਦੇ ਵਿਚਾਰਾਂ ਦੇ ਆਸ ਪਾਸ ਘੁੰਮਦਾ ਸੀ ਅਤੇ ਮਹਾਤਮਾ ਗਾਂਧੀ ਸਿਨੇਮਾ ਨੂੰ ਪਾਪ ਵਰਗੀ ਬੁਰਾਈ ਮੰਨਦੇ ਸਨ। ਇਸ ਤੋਂ ਵੀ ਦੋ ਕਦਮ ਅੱਗੇ ਜਾਂਦਿਆਂ ਉਨ੍ਹਾਂ ਕਿਹਾ ਕਿ ਸਿਨੇਮਾ ਜੂਆ ਖੇਡਣ, ਚੋਰੀ ਕਰਨਾ, ਸੱਟਾ ਲਾਉਣ ਵਾਂਗ ਹੀ ਅਜਿਹੀ ਬੁਰਾਈ ਹੈ ਜੋ ਖੇਡਣ/ਦੇਖਣ ਵਾਲੇ ਦਾ ਧਰਮ ਭ੍ਰਿਸ਼ਟ ਕਰ ਦਿੰਦੀ ਹੈ। ਇਸ ਅੜੀਅਲ ਵਤੀਰੇ ਅਤੇ ਅਸਲੀਅਤ ਤੋਂ ਕੋਹਾਂ ਦੂਰ ਉਪਰੋਕਤ ਟਿੱਪਣੀਆਂ ਬਾਰੇ ਖੁਆਜਾ ਅਹਿਮਦ ਅੱਬਾਸ ਨੇ 1939 ਵਿਚ ਮਹਾਤਮਾ ਗਾਂਧੀ ਨੂੰ ਜੋ ਪੱਤਰ ਲਿਖਿਆ, ਉਹ ਅਸਲ ਵਿਚ ਆਧੁਨਿਕਤਾ, ਵਿਗਿਆਨ, ਤਰਕ ਅਤੇ ਸੰਵਾਦ ਦੇ ਵਿਹੜੇ ਵਿਚੋਂ ਪੁਰਾਤਨਪੰਥੀ, ਨਵੀਂ ਤਕਨੀਕ ਦੇ ਵਿਰੋਧੀ ਖੇਮਿਆਂ ਨੂੰ ਹੱਠ ਤਿਆਗਣ ਦੀ ਅਪੀਲ ਵੀ ਸੀ। ਅੱਬਾਸ ਲਿਖਦੇ ਹਨ, "ਜੇ ਇਹ ਟਿੱਪਣੀਆਂ ਕਿਸੇ ਹੋਰ ਬੰਦੇ ਨੇ ਕੀਤੀਆਂ ਹੁੰਦੀਆਂ ਤਾਂ ਉਨ੍ਹਾਂ ਬਾਰੇ ਫਿਕਰ ਕਰਨ ਦਾ ਕੋਈ ਮਤਲਬ ਹੀ ਨਹੀਂ ਸੀ। ਆਖਿਰ ਨੂੰ ਵਿਅਕਤੀਗਤ ਪਸੰਦ-ਨਾ ਪਸੰਦ ਦੀ ਕਦਰ ਕਰਨੀ ਬਣਦੀ ਹੈ। ਮੇਰੇ ਪਿਤਾ ਕਦੇ ਫ਼ਿਲਮਾਂ ਨਹੀਂ ਦੇਖਦੇ, ਬਲਿਕ ਫ਼ਿਲਮਾਂ ਨੂੰ ਉਹ ਪੱਛਮ ਤੋਂ ਲਿਆਂਦੀ ਬੁਰਾਈ ਮੰਨਦੇ ਹਨ। ਮੈਂ ਉਨ੍ਹਾਂ ਦੀ ਰਾਇ ਦੀ ਕਦਰ ਕਰਦਾ ਹਾਂ, ਇਸ ਨਾਲ ਸਹਿਮਤ ਹਰਗਿਜ਼ ਨਹੀਂ ਹੋ ਸਕਦਾ ਪਰ ਤੁਹਾਡਾ ਮੁੱਦਾ ਅਲੱਗ ਹੈ। ਜੋ ਜਗ੍ਹਾ ਤੁਹਾਡੀ ਭਾਰਤ ਵਿਚ, ਬਲਿਕ ਪੂਰੀ ਦੁਨੀਆਂ ਵਿਚ ਹੈ, ਤੁਹਾਡਾ ਕਿਹਾ ਗਿਆ ਛੋਟੇ ਤੋਂ ਛੋਟਾ ਵਿਚਾਰ ਹਜ਼ਾਰਾਂ-ਲੱਖਾਂ ਲਈ ਬਹੁਤ ਮਾਅਨੇ ਰੱਖਦਾ ਹੈ। ਮੈਨੂੰ ਇਸ ਬਾਰੇ ਤਾਂ ਰਤਾ ਵੀ ਸ਼ੱਕ ਨਹੀਂ ਕਿ ਸਿਨੇਮਾ ਬਾਰੇ ਤੁਹਾਡੇ ਵਿਚਾਰ ਪੜ੍ਹ ਕੇ ਜਾਂ ਸੁਣ ਕੇ ਵੱਡੀ ਗਿਣਤੀ ਪੁਰਾਤਨਪੰਥੀਆਂ ਅਤੇ ਪਿਛਾਂਹ ਖਿੱਚੂ ਤਬਕੇ ਦੇ ਸਿਨੇਮਾ ਸਬੰਧੀ ਰੰਜ਼ ਤੇ ਰੋਸ ਨੂੰ ਠੋਸ ਦਲੀਲ ਮਿਲ ਜਾਣੀ ਹੈ ਕਿ 'ਜ਼ਰੂਰ ਸਿਨੇਮਾ ਵਿਚ ਕੋਈ ਖਾਸ ਬੁਰਾਈ ਹੈ ਜਿਸ ਕਰ ਕੇ ਮਹਾਤਮਾ ਜੀ ਇਸ ਨੂੰ ਪਸੰਦ ਨਹੀਂ ਕਰਦੇ'...ਉਹ ਇਹੀ ਸਮਝਣਗੇ ਤੇ ਇੰਦਾਂ ਦੁਨੀਆਂ ਦੀਆਂ ਕੰਮ ਆਉਣ ਵਾਲੀਆਂ ਸਭ ਤੋਂ ਖ਼ੂਬਸੂਰਤ ਤੇ ਉਪਯੋਗੀ ਤਕਨੀਕਾਂ ਵਿਚੋਂ ਇਕ ਸਿਨੇਮਾ ਨੂੰ ਦੁਰਕਾਰ ਦਿੱਤਾ ਜਾਵੇਗਾ ਜਾਂ ਫਿਰ ਉਹ ਉਨ੍ਹਾਂ ਸਮਾਜ ਵਿਰੋਧੀ ਨਿਕੰਮੇ ਲੋਕਾਂ ਦੇ ਹੱਥਾਂ ਵਿਚ ਚਲਾ ਜਾਵੇਗਾ ਜਿਨ੍ਹਾਂ ਵਲੋਂ ਇਸ ਦੀ ਵਰਤੋਂ ਦੇ ਮਾੜੇ ਨਤੀਜੇ ਹੀ ਨਿਕਲ ਸਕਦੇ ਹਨ।"

ਅੱਬਾਸ ਦੀ ਚਿੱਠੀ ਦੇ ਬਾਵਜੂਦ ਗਾਂਧੀ ਨੇ ਆਪਣਾ ਵਤੀਰਾ ਨਹੀਂ ਬਦਲਿਆ ਤੇ ਫਲਸਰੂਪ ਇਸ ਦਾ ਸਿੱਧਾ ਅਸਰ ਅੱਜ ਦੇ ਸਿਨੇਮਾ ਉਤੇ ਵੀ ਦੇਖਿਆ ਜਾ ਸਕਦਾ ਹੈ। ਜਿਥੇ ਰਾਜਨੀਤਕ ਧਿਰਾਂ ਅਤੇ ਵਿਚਾਰਧਾਰਾਵਾਂ ਨੇ ਭਾਰਤੀ ਸਿਨੇਮਾ ਨੂੰ ਮਨੋਰੰਜਨ, ਨੌਟੰਕੀ ਜਾਂ ਮੁਜਰੇ ਤੱਕ ਹੀ ਮਹਿਦੂਦ ਸਮਝਿਆ, ਉਥੇ ਭਾਰਤੀ ਸਿਨੇਮਾ ਵੀ ਰਾਜਨੀਤਕ ਮੁਹਾਜ਼ਾਂ, ਤੱਥਾਂ ਅਤੇ ਤਹਿਰੀਕਾਂ ਤੋਂ ਕਈ ਮੀਲ ਫਾਸਲੇ ਤੇ ਸਸਤੇ ਚਟਕਾਰਿਆਂ ਅਤੇ ਫਾਰਮੂਲਾ ਆਧਾਰਿਤ ਸਫ਼ਲਤਾਵਾਂ ਵਿਚ ਉਲਝਿਆ ਰਿਹਾ। ਨਤੀਜੇ ਵਜੋਂ ਹੁਣ ਤੱਕ ਇਸ ਆਧੁਨਿਕ-ਸੰਦ ਅਤੇ ਤਕਨੀਕ ਨਾਲ ਭਾਰਤੀ ਆਵਾਮ ਦਾ ਰਿਸ਼ਤਾ ਮੁਹੱਬਤ ਤੇ ਨਫ਼ਰਤ ਵਿਚਕਾਰ ਲਟਕਦਾ ਰਿਹਾ ਹੈ।

*-ਕੁਲਦੀਪ ਕੌਰ*


## ਐਸ਼ 'ਬੇਮਿਸਾਲ'

ਪਿਛਲੇ ਕੁਝ ਸਮੇਂ ਤੋਂ ਕਿਆਸ ਲਾਏ ਜਾ ਰਹੇ ਸਨ ਕਿ ਇਕ ਪਿਆਰੀ ਜਿਹੀ ਧੀ ਨੂੰ ਜਨਮ ਦੇਣ ਤੋਂ ਬਾਅਦ ਫਿਲਮਾਂ ਤੋਂ ਦੂਰ ਰਹਿ ਰਹੀ ਐਸ਼ਵਰਿਆ ਹੁਣ ਨਿਰਦੇਸ਼ਕ ਮਣੀਰਤਨਮ ਦੀ ਫਿਲਮ ਨਾਲ ਆਪਣੀ ਫਿਲਮੀ ਪਾਰੀ ਸ਼ੁਰੂ ਕਰੇਗੀ ਪਰ ਹੁਣ ਚਰਚਾ ਹੈ ਕਿ ਐਸ਼ਵਰਿਆ ਮਣੀਰਤਨਮ ਨਾਲ ਨਹੀਂ ਸਗੋਂ ਕਰਨ ਜੌਹਰ ਦੀ ਫਿਲਮ ਨਾਲ ਵਾਪਸੀ ਕਰੇਗੀ। ਐਸ਼ਵਰਿਆ ਦੀ ਆਖਰੀ ਫਿਲਮ ਸੰਜੇ ਲੀਲਾ ਭੰਸਾਲੀ ਵੱਲੋਂ ਨਿਰਦੇਸ਼ਿਤ 'ਗੁਜ਼ਾਰਿਸ਼' ਸੀ। ਫਿਲਹਾਲ ਹੁਣ ਕਰਨ ਜੌਹਰ ਰਿਸ਼ੀਕੇਸ਼ ਮੁਖਰਜੀ ਦੀ ਹਿੱਟ ਫਿਲਮ 'ਬੇਮਿਸਾਲ' ਦਾ ਰੀਮੇਕ ਬਣਾਉਣਾ ਚਾਹੁੰਦਾ ਹੈ ਜਿਸ ਵਿਚ ਉਹ ਬਤੌਰ ਹੀਰੋਇਨ ਐਸ਼ਵਰਿਆ ਨੂੰ ਹੀ ਲੈਣ ਦਾ ਚਾਹਵਾਨ ਹੈ। ਉਂਜ ਅਜੇ ਇਹ ਤੈਅ ਨਹੀਂ ਹੈ ਕਿ ਕਰਨ ਖੁਦ ਇਸ ਫਿਲਮ ਦਾ ਨਿਰਦੇਸ਼ਨ ਕਰੇਗਾ ਜਾਂ ਇਸ ਦੇ ਨਿਰਦੇਸ਼ਨ ਦੀ ਕਮਾਨ ਕਿਸੇ ਹੋਰ ਨੂੰ ਸੌਂਪੇਗਾ ਪਰ ਇਸ ਫਿਲਮ ਨੂੰ ਬਣਾਉਣ ਲਈ ਉਹ ਤਿਆਰ ਹੈ।



## ਵਿਦਿਆ ਬਾਲਨ ਦਾ ਵਿਆਹ

ਅੱਜ ਦੀ ਚਰਚਿਤ ਅਦਾਕਾਰਾ ਵਿਦਿਆ ਬਾਲਨ 14 ਦਸੰਬਰ ਨੂੰ ਸਿਧਾਰਥ ਰਾਏ ਕਪੂਰ ਨਾਲ ਵਿਆਹ ਕਰਵਾ ਰਹੀ ਹੈ। ਵਿਦਿਆ (34 ਸਾਲ) ਸਿਧਾਰਥ (38 ਸਾਲ) ਨੂੰ 2010 'ਚ ਫਿਲਮ 'ਨੋ ਵਨ ਕਿਲਡ ਜੈਸਿਕਾ' ਦੀ ਸ਼ੂਟਿੰਗ ਦੌਰਾਨ ਮਿਲੀ ਸੀ। ਉਨ੍ਹਾਂ ਦੇ ਪਿਆਰ ਬਾਰੇ ਗੱਲਾਂ ਤਾਂ ਚਿਰ ਪਹਿਲਾਂ ਸ਼ੁਰੂ ਹੋ ਗਈਆਂ ਸਨ ਪਰ ਉਨ੍ਹਾਂ ਇਸ ਬਾਰੇ ਕਦੇ ਰਾਜ ਨਹੀਂ ਸੀ ਖੋਲ੍ਹਿਆ। ਅੱਜ-ਕੱਲ੍ਹ ਵਿਦਿਆ ਆਪਣੇ ਵਿਆਹ ਲਈ ਖਰੀਦੋ-ਫਰੋਖ਼ਤ ਵਿਚ ਰੁੱਝੀ ਹੋਈ ਹੈ। ਉਸ ਦੇ ਵਿਆਹ 'ਤੇ ਵਾਹਵਾਹ ਪੰਜਾਬੀ ਰੰਗ ਦੇਖਣ ਨੂੰ ਮਿਲੇਗਾ। ਵਿਦਿਆ ਬਾਲਨ ਨੇ ਏਕਤਾ ਕਪੂਰ ਦੇ ਸੀਰੀਅਲ 'ਹਮ ਪਾਂਚ' ਵਿਚ ਰਾਧਿਕਾ ਦਾ ਕਿਰਦਾਰ ਨਿਭਾਅ ਕੇ ਵਾਹ-ਵਾਹ ਖੱਟੀ ਤਾਂ ਇਸ ਸਮੇਂ ਸੀਰੀਅਲਾਂ ਦੇ ਬਹੁਤ ਸੱਦੇ ਆਏ ਪਰ ਉਸ ਨੇ ਮਨ੍ਹਾ ਕਰ ਦਿੱਤੇ ਕਿਉਂਕਿ ਉਹ ਫਿਲਮਾਂ ਵਿਚ ਕੈਰੀਅਰ ਬਣਾਉਣਾ ਚਾਹੁੰਦੀ ਸੀ। 2003 ਵਿਚ ਵਿਦਿਆ ਨੇ ਬੰਗਾਲੀ ਫਿਲਮ 'ਭਾਲੋ ਠੇਕੋ' ਕੀਤੀ ਜਿਸ ਤੋਂ ਬਾਅਦ ਫਿਲਮ 'ਪਰੀਨੀਤਾ' ਲਈ ਕਈ ਐਵਾਰਡ ਵੀ ਮਿਲੇ। ਇਸੇ ਸਮੇਂ ਉਸ ਨੇ ਦੱਖਣ ਦੀਆਂ ਤਿੰਨ ਫਿਲਮਾਂ ਕੀਤੀਆਂ ਜਿਨ੍ਹਾਂ ਵਿਚੋਂ ਦੋ ਫਿਲਮਾਂ ਬੰਦ ਹੋ ਗਈਆਂ ਜਿਸ ਲਈ ਵਿਦਿਆ ਨੂੰ 'ਅਨ ਲੱਕੀ' ਵੀ ਕੁਝ ਅਖ਼ਬਾਰਾਂ ਵਿਚ ਕਿਹਾ ਗਿਆ ਪਰ 2006 ਵਿਚ ਆਈ ਫਿਲਮ 'ਲਗੇ ਰਹੋ ਮੁੰਨਾ ਭਾਈ' ਨੇ 'ਅਨ ਲੱਕੀ' ਕਹਿਣ ਵਾਲਿਆਂ ਦੇ ਮੂੰਹ ਬੰਦ ਕਰ ਦਿੱਤੇ। ਇਸ ਤਰ੍ਹਾਂ ਉਸ ਨੇ ਆਪਣੀ ਮਿਹਨਤ ਨਾਲ ਤਕਦੀਰ ਦੀਆਂ ਲਕੀਰਾਂ ਬਦਲ ਦਿੱਤੀਆਂ। 'ਗੁਰੂ', 'ਸਲਾਮ-ਏ-ਇਸ਼ਕ', 'ਏਕਲਵਿਆ-ਦਾ ਰਾਇਲ ਗਾਰਡ', 'ਹੇ ਬੇਬੀ', 'ਭੂਲ ਭੁਲੱਈਆ', 'ਓਮ ਸ਼ਾਂਤੀ ਓਮ', 'ਹੱਲਾ ਬੋਲ', 'ਕਿਸਮਤ ਕੁਨੈਕਸ਼ਨ', 'ਪਾ', 'ਇਸ਼ਕੀਆ', 'ਨੋ ਵੰਨ ਕਿਲਡ ਜੈਸਿਕਾ', 'ਥੈਂਕ ਯੂ', 'ਦਮ ਮਾਰੋ ਦਮ', 'ਦਾ ਡਰਟੀ ਪਿਕਚਰ', 'ਕਹਾਨੀ' ਤੇ 'ਫੇਰਾਰੀ ਕੀ ਸਵਾਰੀ' ਉਸ ਦੀਆਂ ਅਹਿਮ ਫਿਲਮਾਂ ਹਨ। 'ਦਾ ਡਰਟੀ ਪਿਕਚਰ' ਨੇ ਹਰ ਥਾਂ 'ਤੇ ਤਹਿਲਕਾ ਮਚਾਇਆ। ਵਿਦਿਆ ਨੇ ਸਭ ਨੂੰ ਹੈਰਾਨ ਕਰ ਦਿੱਤਾ ਕਿ ਉਹ ਅਜਿਹਾ ਅਭਿਨੈ ਵੀ ਕਰ ਸਕਦੀ ਹੈ। ਇਸ ਵੇਲੇ ਵਿਦਿਆ ਬਾਲਨ ਕਈ ਕਮਰਸ਼ੀਅਲ ਐਡ, ਦੱਖਣ ਦੀ ਇਕ ਫਿਲਮ, ਇਕ ਬੰਗਾਲੀ ਫਿਲਮ ਤੇ ਹਿੰਦੀ ਫਿਲਮ 'ਘਨ ਚੱਕਰ', 'ਸ਼ਾਦੀ ਕੇ ਸਾਈਡ ਅਫੈਕਟ' ਵੀ ਕਰ ਰਹੀ ਹੈ। ਵਿਦਿਆ ਫਿਲਮੀ ਦੁਨੀਆ ਦੇ ਨਾਲ-ਨਾਲ ਸਮਾਜ ਭਲਾਈ ਕੰਮਾਂ ਵਿਚ ਵੀ ਲੱਗੀ ਹੈ ਜਿਸ ਲਈ ਔਰਤਾਂ, ਬੱਚੇ ਤੇ ਜਾਨਵਰਾਂ ਦੀ ਭਲਾਈ ਦੀਆਂ ਕਈ ਸੰਸਥਾਵਾਂ ਲਈ ਅਨੇਕਾਂ ਸ਼ੋਅ ਕਰ ਚੁੱਕੀ ਹੈ। ਵਿਦਿਆ ਦਾ ਕਹਿਣਾ ਹੈ ਕਿ ਸਮਾਜ ਦੇ ਕੰਮ ਕਰਕੇ ਦਿਲੋਂ ਖੁਸ਼ੀ ਮਿਲਦੀ ਹੈ।'ਇਸ਼ਕੀਆ' ਤੇ 'ਡਰਟੀ ਪਿਕਚਰ' ਵਰਗੀਆਂ ਬੇਹੱਦ ਬੋਲਡ ਫਿਲਮਾਂ ਵਿਚ ਕੰਮ ਕਰ ਚੁੱਕੀ ਵਿੱਦਿਆ ਬਾਲਨ ਆਪਣੀ ਨਿਜੀ ਜ਼ਿੰਦਗੀ ਵਿਚ ਖੁਦ ਨੂੰ ਗੁੱਡ ਗਰਲ ਮੰਨਦੀ ਹੈ। ਫਿਲਮਾਂ ਅਤੇ ਆਪਣੀ ਜ਼ਿੰਦਗੀ ਵਿਚ ਉਹ ਗੁੱਡ ਗਰਲ ਦੇ ਅਕਸ ਨੂੰ ਕਾਇਮ ਰੱਖਦੀ ਹੈ।




SECURE YOUR HOME & BUSINESS
PARTNER WITH
PIXIM
EVERY PIXEL TELLS A STORY
WDR TECHNOLOGY
Vista
CCTV TECHNOLOGY
Why Vista
HIGH QUALITY PRODUCT WITH 2 YEARS WARRANTY
HIGH BRAND REPUTATION
16 YEARS HISTORY IN CCTV
ADVANCE PRODUCT DESIGN
TRAINED TECHNICAL STAFF
PROFESSIONAL INSTALLATION
High End HD Series
QUALITY & RESOLUTION BUILD BY TECHNOLOGY NOT BY THE PRICE
SPECIAL OFFER 4 CAMERAS WITH 4 CH DVR LED MONITOR INCLUDED $1449 +Tax
SPECIAL OFFER 8 CAMERAS INSTALLATION INCLUDED LED MONITOR INCLUDED $2849 +Tax
SPECIAL OFFER 12 CAMERAS INSTALLATION INCLUDED LED MONITOR INCLUDED $4249 +Tax
24/7 HIGH END SECURITY SOLUTION
WE INSTALL ANYWHERE IN USA
14 YEARS EXPERIENCE IN CCTV BUSINESS
Call Sukhpal 661-586-5080
Email : sales@ezchase.com
Customer Service: 1-800-235-1391


ooraa
ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?
CREDIT CARD
1234 5678 9101 1121
CARDHOLDER
ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
ਆਪਣਾ ਕਰੈਡਿਟ ਬਹਾਲ ਕਰਾਓ
Bankruptcy ਤੋਂ ਬਚੋ !
ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ
Achieve financial peace of mind
Get the fast results
100% confidential
Prevent wages garnishment and bank levies
We work in USA & Canada
Resolve your IRS Tax Debt / Problems
100% SATISFACTION GUARANTEED
ਅੱਜ ਹੀ ਸਾਨੂੰ ਕਾਲ ਕਰੋ
(888) 888-9914
www.ooraa.org


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

## Selling Homes from Gilroy to Sacramento, CA

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 4205 Lunar Way, Union City, CA 94587
2. 5329 Calabria Way, Sacramento CA 95835
3. 3167 San Bernardino Way, Union City, CA 94587
4. 34782 Klondike Dr., Union City, CA 94587
5. 32467 Woodland Dr., Union City, CA 94587
6. 1969 Catalpa Way, Hayward, CA 94545
7. 2952 Remington Way, San Jose, CA 95148
8. 32452 Springwood Dr., Union City, CA 94587
9. 648 Cayuga Dr., San Jose, CA 95123

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.